*Published in Punjabi & English*

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 12, ਅੰਕ-3, ਮਾਰਚ 2022 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

## ਇਸ ਅੰਕ 'ਚ

ਜਨਨੀ ਸੰਸਾਰ ਦੀ, ਮਾਲਕੀ ਹੱਕ ਤੋਂ ਵਿਹੂਣੀ/2

ਮਨੁੱਖੀ ਹੱਕਾਂ ਲਈ ਜਸਟਿਸ ਅਜੀਤ ਸਿੰਘ ਬੈਂਸ ਜੀ ਦੀ ਘਾਲਣਾ/3

ਅਦਿੱਤਿਆਨਾਥ ਦਾ ਦਹਿਸ਼ਤੀ ਰਾਜ/4

ਚਿੰਤਾ ਦੀਆਂ ਲਕੀਰਾਂ ਪੰਜਾਬ ਦੇ ਮੱਥੇ 'ਤੇ /9

ਅੰਤਰਰਾਸ਼ਟਰੀ ਵਿਦਿਆਰਥੀ - ਮੁਸ਼ਕਲਾਂ ਦਰ ਮੁਸ਼ਕਲਾਂ/10

ਕੀ ਵਿਸ਼ਵ ਨੂੰ ਨਿਹੱਕੀਆਂ ਜੰਗਾਂ ਵੱਲ ਧੱਕਣ ਦੀ ਤਿਆਰੀ ਹੋ ਰਹੀ ਹੈ/12

ਲਤਾ ਮੰਗੇਸਕਰ ਦੇ ਫੌਤ ਹੋ ਜਾਣ 'ਤੇ ਕਲਾਕਾਰ ਦੇ ਸਰੋਕਾਰ/13

ਕਲਾਊਡ ਸੀਡਿੰਗ: ਸਾਮਰਾਜੀ ਮਹਾਂਸ਼ਕਤੀਆਂ ਵੱਲੋਂ ਵਾਤਾਵਰਣ ਨਾਲ਼ ਛੇੜਛਾੜ /14

ਸਾਵਰਕਰ ਦੀ ਹਿੰਦੂਵਾਦੀ ਵਿਚਾਰਧਾਰਾ/16

ਕਾਰਪੋਰੇਟ ਗਲਬਾ ਚੋਣ ਮੁੱਦਾ ਕਿਉਂ ਨਾ ਬਣਿਆ ?/21

ਕੌਮੀ ਸਿੱਖਿਆ ਨੀਤੀ-2020 ਦਾ ਵਿਰੋਧ ਕਿਉਂ ? /28

ਇਕ ਅਲੱਗ ਮਿੱਟੀ ਦਾ ਬਣਿਆ ਸੀ - ਕਾ. ਸੁਰਜੀਤ ਕਲੋਆ/36

# ਸਾਮਰਾਜੀ ਖਿੱਚੋਤਾਣ, ਰੂਸ ਵਲੋਂ ਯੂਕਰੇਨ ਦਾ ਘਾਣ

- ਬੂਟਾ ਸਿੰਘ ਨਵਾਂਸ਼ਹਿਰ -

ਯੂਕਰੇਨ ਉੱਪਰ ਰੂਸੀ ਹਮਲੇ ਨੇ ਦੁਨੀਆ ਨੂੰ ਗੰਭੀਰ ਸੰਕਟ ਵਿਚ ਧੱਕ ਦਿੱਤਾ ਹੈ। ਰੂਸ ਅਮਰੀਕਾ ਦੀ ਅਗਵਾਈ ਵਾਲੇ ਨਾਟੋ ਗੁੱਟ ਨੂੰ ਜਦਕਿ ਅਮਰੀਕਾ ਹਮਲੇ ਲਈ ਰੂਸ ਨੂੰ ਜ਼ਿੰਮੇਵਾਰ ਠਹਿਰਾ ਰਿਹਾ ਹੈ। ਦਰਅਸਲ ਇਹ ਸੰਸਾਰ ਮੰਡੀਆਂ ਉੱਪਰ ਚੌਧਰ ਲਈ ਸਾਮਰਾਜੀ ਧਾੜਵੀ ਜੰਗ ਹੈ ਅਤੇ ਇਸ ਲਈ ਸਾਮਰਾਜੀ ਤਾਕਤਾਂ ਦੀ ਮੰਡੀਆਂ ਲਈ ਲਾਲਸਾ ਜ਼ਿੰਮੇਵਾਰ ਹੈ। ਰੂਸ ਅਤੇ ਅਮਰੀਕਾ ਦੋਵੇਂ ਯੂਕਰੇਨ ਉੱਪਰ ਗ਼ਲਬਾ ਪਾਉਣਾ ਚਾਹੁੰਦੇ ਹਨ। 2014 'ਚ ਅਮਰੀਕਾ ਨੇ ਰੂਸ ਦੀ ਕਠਪੁਤਲੀ ਸਰਕਾਰ ਅਤੇ ਉਸ ਦੇ ਰਾਸ਼ਟਰਪਤੀ ਨੂੰ ਸੱਤਾ ਤੋਂ ਪਾਸੇ ਕਰਕੇ ਆਪਣੇ ਪੱਖੀ ਹਕੂਮਤ ਕਾਇਮ ਕਰ ਲਈ ਸੀ। ਉਦੋਂ ਤੋਂ ਯੂਕਰੇਨ ਰੂਸ ਦੇ ਨਿਸ਼ਾਨੇ 'ਤੇ ਸੀ। ਹੁਣ ਰੂਸ ਯੂਕਰੇਨ ਨੂੰ ਨਾਟੋ ਦਾ ਹਿੱਸਾ ਨਾ ਬਣਾਉਣ ਦੇ ਸਮਝੌਤੇ ਦੀ ਉਲੰਘਣਾ ਦੇ ਬਹਾਨੇ ਫ਼ੌਜੀ ਹਮਲੇ ਰਾਹੀਂ ਯੂਕਰੇਨ ਦੀ ਫ਼ੌਜੀ ਤਾਕਤ ਨੂੰ ਕੁਚਲਣਾ ਚਾਹੁੰਦਾ ਹੈ ਅਤੇ ਉੱਥੇ ਮੁੜ ਆਪਣੇ ਪੱਖੀ ਹਕੂਮਤ ਬਣਾਉਣੀ ਚਾਹੁੰਦਾ ਹੈ। ਇਸ ਮਨੋਰਥ ਲਈ ਯੂਕਰੇਨ ਉੱਪਰ ਤਬਾਹੀ ਮਚਾਉਣ ਵਾਲੀ ਜੰਗ ਥੋਪ ਦਿੱਤੀ ਗਈ ਹੈ। ਇਨ੍ਹਾਂ ਤਾਕਤਾਂ ਦੇ ਮਨਸੂਬਿਆਂ ਨੂੰ ਸਮਝਦੇ ਹੋਏ ਜੰਗ ਲਈ ਜ਼ਿੰਮੇਵਾਰ ਤਾਕਤਾਂ ਦੀ ਸਹੀ ਪਛਾਣ ਕਰਨੀ ਜ਼ਰੂਰੀ ਹੈ।

### ਵਿਸ਼ਵ ਸ਼ਾਂਤੀ ਨੂੰ ਖਤਰਾ; ਸੰਸਾਰ ਭਰ ਦੇ ਲੋਕਾਂ ਵਲੋਂ ਜੰਗ ਦਾ ਵਿਰੋਧ




ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਦ ਅਮਰੀਕਨ ਮਹਾਂਸ਼ਕਤੀ ਸੰਸਾਰ ਚੌਧਰੀ ਬਣ ਕੇ ਦੁਨੀਆ ਦੇ ਕਮਜ਼ੋਰ ਮੁਲਕਾਂ ਉੱਪਰ ਸਾਮਰਾਜੀ ਧੌਂਸ ਜਮਾਉਂਦੀ ਆ ਰਹੀ ਸੀ। ਇਕ-ਧਰੁਵੀ ਸੰਸਾਰ ਵਿਚ ਅਮਰੀਕਾ ਦਾ ਗ਼ਲਬਾ ਚੱਲਦਾ ਰਿਹਾ ਪਰ ਰੂਸ ਦੇ ਸਾਮਰਾਜਵਾਦੀ ਤਾਕਤ ਵਜੋਂ ਮੁੜ ਸੰਭਲ ਜਾਣ ਅਤੇ ਮਜ਼ਬੂਤ ਆਰਥਕ ਤਾਕਤ ਚੀਨ ਨਾਲ ਇਸ ਦੀ ਲੋਟੂ ਸਾਂਝ ਨੇ ਆਲਮੀ ਤਾਕਤਾਂ ਦਾ ਸੰਤੁਲਨ ਬਦਲ ਦਿੱਤਾ ਅਤੇ ਰੂਸ ਨੇ ਅਮਰੀਕਾ ਦੀ ਸੰਸਾਰ ਚੌਧਰ ਨੂੰ ਚੁਣੌਤੀ ਦੇਣੀ ਸ਼ੁਰੂ ਕਰ ਦਿੱਤੀ। ਹੁਣ ਅਮਰੀਕਾ ਇਸ ਹਾਲਤ 'ਚ ਨਹੀਂ ਹੈ ਕਿ ਇਕੱਲਾ ਹੀ ਦੁਨੀਆ 'ਚ ਮਨਮਾਨੀਆਂ ਕਰ ਸਕੇ। ਅਮਰੀਕਾ ਅਤੇ ਉਸ ਦੀ ਸਾਮਰਾਜੀ ਸ਼ਰੀਕ ਯੂਰਪੀ ਯੂਨੀਅਨ ਦੇ ਨਾਲ-ਨਾਲ ਹੁਣ ਰੂਸ ਅਤੇ ਚੀਨ ਵੀ ਸੰਸਾਰ ਮੰਡੀਆਂ ਉੱਪਰ ਕਾਬਜ਼ ਹੋਣ ਲਈ ਸਾਮਰਾਜੀ ਭੇੜ ਦੀਆਂ ਮਜ਼ਬੂਤ ਮੁਕਾਬਲੇਬਾਜ਼ ਤਾਕਤਾਂ ਬਣ ਕੇ ਉਸ ਦਾ ਰਾਹ ਰੋਕੀ ਖੜ੍ਹੇ ਹਨ। ਇਹੀ ਵਜ੍ਹਾ ਹੈ ਕਿ ਅਮਰੀਕਾ ਆਪਣੇ ਪਿੱਠੂ ਯੂਕਰੇਨੀ ਹਾਕਮਾਂ ਨੂੰ ਬਚਾਉਣ ਲਈ ਜੰਗ ਵਿਚ ਸਿੱਧਾ ਸ਼ਾਮਲ ਹੋਣ ਤੋਂ ਗੁਰੇਜ਼ ਕਰ ਰਿਹਾ ਹੈ। ਅਮਰੀਕਾ ਆਪਣੇ ਜੋਟੀਦਾਰ ਨਾਟੋ ਦੇ ਮੈਂਬਰ ਮੁਲਕਾਂ ਨੂੰ ਵੀ ਇਸ ਜੰਗ 'ਚ ਸ਼ਾਮਿਲ ਕਰਨ ਦੀ ਉਸ ਪਹਿਲਾਂ ਵਾਲੀ ਹਾਲਤ 'ਚ ਨਹੀਂ ਹੈ ਜਿਵੇਂ ਇਰਾਕ ਉੱਪਰ ਧਾੜਵੀ ਹਮਲੇ ਸਮੇਂ ਇਸ ਨੇ ਉਨ੍ਹਾਂ ਨੂੰ ਆਪਣੇ ਨਾਲ ਰਲ਼ਾ ਲਿਆ ਸੀ।

ਲੋਕਾਂ ਅਤੇ ਸਾਮਰਾਜੀ ਤਾਕਤਾਂ ਦੇ ਜੰਗਾਂ ਨੂੰ ਸਹੀ ਜਾਂ ਗ਼ਲਤ ਠਹਿਰਾਉਣ ਦੇ ਨਜ਼ਰੀਏ ਪੂਰੀ ਤਰ੍ਹਾਂ ਵਿਰੋਧੀ ਹਨ। ਧਾੜਵੀ ਤਾਕਤਾਂ ਲਈ ਹਮਲੇ ਨੂੰ ਸਹੀ ਠਹਿਰਾਉਣ ਦਾ ਪੈਮਾਨਾ ਹਮਲੇ ਦੀ ਪਹਿਲ ਹੈ। ਪਰ ਲੋਕਾਂ ਦੇ ਨਜ਼ਰੀਏ ਤੋਂ ਨਹੱਕੀਆਂ ਜੰਗਾਂ ਦੀ ਕੋਈ ਵਾਜਬੀਅਤ ਨਹੀਂ ਹੈ ਅਤੇ ਇਨ੍ਹਾਂ ਦਾ ਡੱਟ ਕੇ ਵਿਰੋਧ ਕੀਤਾ ਜਾਣਾ ਚਾਹੀਦਾ ਹੈ। ਯੂਕਰੇਨ ਬਾਰੇ ਕੋਈ ਵੀ ਫ਼ੈਸਲਾ ਲੈਣ ਦਾ ਹੱਕ ਨਾ ਖ਼ੁਦ ਨੂੰ ਸੰਸਾਰ ਥਾਣੇਦਾਰ ਸਮਝ ਰਹੇ ਅਮਰੀਕਾ ਨੂੰ ਹੈ, ਨਾ ਯੂਰਪੀ ਯੂਨੀਅਨ ਨੂੰ, ਨਾ ਰੂਸ ਅਤੇ ਚੀਨ ਨੂੰ। ਇਸ ਦਾ ਹੱਕ ਸਿਰਫ਼ ਅਤੇ ਸਿਰਫ਼ ਯੂਕਰੇਨ ਦੇ ਲੋਕਾਂ ਨੂੰ

(ਬਾਕੀ ਸਫ਼ਾ 37 'ਤੇ)

CONGRATULATIONS
TEAM OVER 775 REALTORS
HomeLife Silvercity Realty Inc., Brokerage
905-913-8500
11775 Bramalea Rd # 201, Brampton
GARCHA BROTHERS

Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR MLS urban Real Estate Services Ltd.

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance • Home Insurance • Life Insurance • Critical illness • Disability Insurance • Car Loans • Business Insurance
SAVE UPTO 30%
• ਕਾਰ ਇੰਸ਼ੋਰੈਂਸ • ਹੋਮ ਇੰਸ਼ੋਰੈਂਸ • ਲਾਈਫ ਇੰਸ਼ੋਰੈਂਸ • ਕਰਿਟੀਕਲ ਇਲਨੈਸ ਇੰਸ਼ੋਰੈਂਸ • ਡਿਸਅਬਿਲਿਟੀ ਇੰਸ਼ੋਰੈਂਸ • ਕਾਰ ਲੋਨ • ਬਿਜਨਸ ਇੰਸ਼ੋਰੈਂਸ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3

For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com

Hans Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way Burnaby, B.C. V5J 3H4

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana 416.910.9000
Sandeep Ahuja 416.660.1010

ਰਾਜਿੰਦਰ ਕੌਰ ਚੋਹਕਾ
ਹੁਸ਼ਿਆਰਪੁਰ
91=98725-44738
001-403-285-4208

*8-ਮਾਰਚ ਕੌਮਾਂਤਰੀ ਦਿਵਸ 'ਤੇ*

# ਜਨਨੀ ਸੰਸਾਰ ਦੀ, ਮਾਲਕੀ ਹੱਕ ਤੋਂ ਵਿਹੂਣੀ



ਅੱਜ! ਦੁਨੀਆਂ ਅੰਦਰ 'ਪੂੰਜੀਵਾਦ ਅਤੇ ਸਾਮਰਾਜ' ਦੀ ਲੁੱਟ-ਖਸੁੱਟ ਵਿਰੁੱਧ ਘੋਲ ਅਤੇ ਇਸਤਰੀ ਵਰਗ ਦੀ ਬੰਦ ਖਲਾਸੀ ਲਈ ਘੋਲਾਂ ਦਾ ਸਿੱਧਾ ਸਬੰਧ, ਇਸਤਰੀ ਵਰਗ ਦੀਆਂ ਸਮਾਜਿਕ, ਆਰਥਿਕ ਅਤੇ ਸੱਭਿਆਚਾਰ ਦੀਆਂ ਹਕੀਕੀ ਮੰਗਾਂ ਦੀ ਪ੍ਰਾਪਤੀ ਦੇ ਸੰਘਰਸ਼ਾਂ ਨਾਲ ਬੱਝਿਆ ਹੋਇਆ ਹੈ। ਕਿਉਂਕਿ ਇਨ੍ਹਾਂ ਬਾਰੇ ਸੰਘਰਸ਼ਾਂ ਦਾ ਸੰਬੰਧ ਸਾਮਰਾਜ-ਵਿਰੋਧੀ, ਪੂੰਜੀਵਾਦ ਵਿਰੋਧੀ, ਨਵ-ਉਦਾਰਵਾਦ ਵਿਰੋਧੀ ਲਹਿਰਾਂ, 'ਜੋ ਰੁਜ਼ਗਾਰ ਪ੍ਰਾਪਤੀ, ਸਮਾਜਿਕ-ਆਰਥਿਕ ਸੁਰੱਖਿਅ ਅਤੇ ਜਾਇਦਾਦ ਮਾਲਕੀ ਲਹਿਰਾਂ ਹਨ ਜੋ ਅਗੋਂ ਇਕ ਦੂਸਰੇ ਦੇ ਪੂਰਕ ਹੋਣ ਕਰਕੇ ਆਪਸੀ ਜੁੜਿਆ ਹੋਇਆ ਹੈ। ਇਸ ਲਈ ਇਸਤਰੀਆਂ ਦੀ ਮੁਕਤੀ ਦਾ ਸਵਾਲ ਸਾਮਰਾਜ, ਪੂੰਜੀਵਾਦ ਅਤੇ ਜੰਗ ਵਿਰੋਧੀ ਲਹਿਰਾਂ ਅਤੇ ਆਰਥਿਕ ਆਜ਼ਾਦੀ ਨਾਲ ਬੱਝਾ ਹੋਇਆ ਹੈ। 'ਕੌਮਾਂਤਰੀ ਜਮਹੂਰੀ ਇਸਤਰੀ ਲਹਿਰ', ਜਿਸ ਦਾ ਮੁੱਖ ਧੁਰਾ ਕਿਰਤੀ-ਵਰਗ ਦੀਆਂ ਇਸਤਰੀਆਂ ਹਨ, ਜੋ ਸਾਮਰਾਜ ਵਿਰੋਧੀ ਸ਼ਕਤੀਆਂ ਦੀ ਇਕ ਅਹਿਮ ਟੁਕੜੀ ਹੈ। ਜਿਹੜੀਆਂ ਅਮਨ, ਜਮਹੂਰੀਅਤ ਅਤੇ ਸਮਾਜਵਾਦ ਲਈ ਜੂਝ ਰਹੀਆਂ ਹਨ। ਇਸ ਲਈ ਇਹ ਜਰੂਰੀ ਅਤੇ ਅਹਿਮ ਹੈ, 'ਕਿ ਜੇ ਕਰ ਅਸੀ ਸੰਸਾਰ ਅਮਨ, ਰੁਜ਼ਗਾਰ ਦੀ ਗਰੰਟੀ, ਸਮਾਜਿਕ-ਆਰਥਿਕ ਸੁਰੱਖਿਆ ਅਤੇ ਸਮਾਜਿਕ ਪ੍ਰੀਵਰਤਨ ਚਾਹੁੰਦੇ ਹਾਂ; ਤਾਂ! ਸਾਨੂੰ ਇਸਤਰੀ ਵਰਗ ਦੀ ਏਕਤਾ, ਜਮਹੂਰੀਅਤ, ਆਰਥਿਕ ਆਜ਼ਾਦੀ ਅਤੇ ਮੁਕਤੀ ਲਈ ਉਚੇਚਾ ਧਿਆਨ ਦੇਣਾ ਪਏਗਾ? ਪਰ ਇਸਤਰੀਆਂ ਦੀ ਪੂਰਨ ਮੁਕਤੀ ਅਤੇ ਸਮਾਜਵਾਦ ਦਾ ਉਦੇਸ਼ ਇਕ ਦੂਜੇ ਤੋਂ ਅਟੁੱਟ ਹਨ, ਭਾਵ ਸਾਡਾ ਅੰਤਮ ਟੀਚਾ ਇਸਤਰੀਆਂ ਦੀ ਬੰਦ-ਖ਼ਲਾਸੀ ਦਾ ਹੋਣਾ ਚਾਹੀਦਾ ਹੈ। ਇਸਤਰੀਆਂ ਦੀ ਮੁਕਤੀ ਤੋਂ ਬਿਨ੍ਹਾਂ ਇਹ ਮਨੁੱਖੀ ਸਮਾਜ ਅਧੂਰਾ, ਇਕ ਪਾਸੜ ਅਤੇ ਬਰਬਰਤਾ ਵਾਲਾ ਹੀ ਸਮਝਿਆ ਜਾਵੇਗਾ।"

ਸੰਸਾਰ ਦੀ ਜਨਨੀ ਅਤੇ ਸਾਰੇ ਪ੍ਰੀਵਾਰ ਨੂੰ ਸਾਂਭਣ ਤੇ ਉਸ ਲਈ ਕੰਮ ਕਰਨ ਵਾਲੀ "ਵਿੱਧ-ਮਾਤਾ" ਉਪਰ ਅੱਜ "ਪਿੱਤਰ-ਸਤਾ", ਮਰਦ ਪ੍ਰਧਾਨ ਦੀਆਂ ਸਮਾਜ ਅੰਦਰ ਏਨੀਆਂ ਜੜ੍ਹਾਂ ਡੂੰਘੀਆਂ ਹੋ ਗਈਆਂ ਹਨ, ਕਿ ਪਿਤਾ ਦੀ ਜਾਂ ਪਤੀ ਦੀ ਜਮੀਨ ਜਾਇਦਾਦ (ਵਿਰਾਸਤ) ਪੁੱਤਰਾਂ ਦੇ ਨਾਮ ਹੀ ਹੋਣ ਦੀ ਇਕ ਮੁੱਢ-ਕਦੀਮ ਤੋਂ ਪ੍ਰੰਪਰਾ ਬਣੀ ਹੋਈ ਹੈ। ਭਾਵੇਂ ਕਿਸਾਨੀ ਅੰਦਰ ਜਮੀਨ-ਜਾਇਦਾਦ ਤੇ ਖੇਤੀ ਦਾ ਕੰਮ ਜਿਆਦਾਤਰ ਇਸਤਰੀਆਂ ਹੀ ਸਾਂਭਦੀਆਂ ਹਨ। ਪ੍ਰਤੂੰ ਜਮੀਨ-ਜਾਇਦਾਦ ਦਾ ਵਾਰਸ ਪੁੱਤਰ ਜਾਂ ਭਤੀਜਾ ਕਿਉਂ ਹੋਣਾ ਚਾਹੀਦਾ ਹੈ, ਔਰਤ ਕਿਉਂ ਨਹੀਂ? ਇਸ ਦਾ ਜਵਾਬ ਬਹੁਤ ਸਾਰੇ ਦੇਸ਼ਾਂ ਦੇ ਸੰਵਿਧਾਨ ਅੰਦਰ ਨਹੀਂ ਹੈ? ਭਾਰਤੀ ਸੰਵਿਧਾਨ ਵਿੱਚ ਇਸਤਰੀ-ਮਰਦ ਦੇ ਦਿੱਤੇ ਗਏ ਬਰਬਰ ਦੇ ਦਰਜੇ ਨੂੰ ਅਸਲੀ ਰੂਪ ਦੇਣ ਲਈ ਪਿਤਾ/ਪਤੀ ਤੇ ਸਰਕਾਰਾਂ ਵੀ ਅਜੇ ਤੱਕ ਕਿਉਂ ਨਿਸਫਲ ਰਹੀਆਂ ਹਨ? ਜੇਕਰ ਦੇਖਿਆ ਜਾਵੇ ਇਹ ਫੈਸਲਾ ਅਧੂਰਾ ਹੈ ਅਤੇ ਮਨੁੱਖੀ ਅਧਿਕਾਰ ਲਈ ਸੰਘਰਸ਼ ਹੈ। ਵਿਸ਼ਵ ਮਹਾਂਮਾਰੀ ਕਰੋਨਾ ਦੁਰਾਨ ਇਸ ਨੂੰ ਹੋਰ ਵੀ ਜਟਿਲ ਬਣਾ ਦਿੱਤਾ ਗਿਆ ਹੈ। ਕਰੋਨਾ ਮਹਾਂਮਾਰੀ ਦਾ ਸਭ ਤੋਂ ਵੱਡਾ ਪ੍ਰਕੋਪ ਇਸਤਰੀਆਂ ਦੇ ਰੁਜ਼ਗਾਰ ਤੇ ਵੀ ਪਿਆ ਹੈ। ਇਸ ਦੇ ਕਾਰਨ ਕਰਕੇ ਹੀ ਇਸਤਰੀ ਦੀ ਆਰਥਿਕ ਸਥਿਤੀ ਹਮੇਸ਼ਾਂ ਹੀ ਦੁਨੀਆਂ ਭਰ ਵਿੱਚ ਹਾਸ਼ੀਏ ਤੇ ਰਹੀ ਹੈ।ਇਹ ਪ੍ਰਤਖ-ਪ੍ਰਮਾਣ ਹੈ, 'ਭਾਵੇਂ ਸਰਕਾਰਾਂ ਇਸਤਰੀਆਂ ਦਾ ਸ਼ਸ਼ਕਤੀਕਰਨ ਕਰਨ ਲਈ, "ਬੇਟੀ ਪੜਾਓ, ਦੇਸ਼ ਬਚਾਓ ਜਾਂ ਬੇਟੀ ਬਚਾਓ?" ਦੀਆਂ ਟਾਹਰਾਂ ਮਾਰਨ, "ਪਰ ਇਸਤਰੀ ਵਰਗ ਦੀ ਆਰਥਿਕ ਸਥਿਤੀ ਸੁਧਾਰਿਆਂ ਵਗੈਰ ਉਸ ਦਾ ਸ਼ਸ਼ਤਕਤੀ-ਕਰਨ ਨਹੀਂ ਹੋ ਸਕਦਾ ਹੈ।

ਜਦੋਂ ਕਦੀ ਕਿਸੇ ਵੀ ਖੇਤੀ ਪ੍ਰਧਾਨ ਦੇਸ਼ ਵਿੱਚ ਜਾਂ ਘਰ ਵਿੱਚ ਆਰਥਿਕ ਸੰਕਟ ਪੈਦਾ ਹੁੰਦਾ ਹੈ ਅਤੇ ਸਭ ਤੋਂ ਪਹਿਲਾਂ ਅਸਰ ਇਸਤਰੀ ਦੇ ਰੁਜ਼ਗਾਰ ਖੁੱਸ ਜਾਣਾ ਹੁੰਦਾ ਹੈ, ਭਾਵ ਆਰਥਿਕ ਅਜ਼ਾਦੀ ਦਾ ਖੁਸਣਾ। ਜਮੀਨ ਦਾ ਹੱਕ ਇਸਤਰੀਆਂ ਦੇ ਨਾਂ ਕਰਨ ਲਈ ਦੁਨੀਆਂ ਭਰ ਦੇ ਬਹੁਤੇ ਦੇਸ਼ਾਂ ਵਿੱਚ ਆਰਥਿਕ ਤੌਰ ਤੇ ਉਸ ਨੂੰ ਹੋਰ ਮਜ਼ਬੂਤ ਬਣਾਉਣ ਦਾ ਸਾਧਨ ਮੰਨਿਆ ਗਿਆ ਹੈ। ਅਲਗ-ਅਲਗ ਦੇਸ਼ਾਂ ਵਿੱਚ ਕੀਤੇ ਗਏ ਸਰਵੇਖਣਾਂ ਵਿੱਚ ਇਹ ਪਤਾ ਲਗਿਆ ਹੈ, ਕਿ ਜਿੱਥੇ-ਜਿੱਥੇ ਵੀ ਜਮੀਨ ਦੀ ਮਾਲਕੀ ਦਾ ਅਧਿਕਾਰ ਇਸਤਰੀਆਂ ਦੇ ਹੱਕ 'ਚ ਹੁੰਦਾ ਹੈ; ਉਥੇ ਹੀ ਉਸ ਪ੍ਰੀਵਾਰ ਉਪੱਰ ਵੀ ਇਸਤਰੀ ਦਾ ਪ੍ਰਭਾਵ ਵੱਧਦਾ ਹੈ। ਇਸ ਤਰ੍ਹਾਂ ਇਸਤਰੀਆਂ ਅੰਦਰ ਆਤਮ ਵਿਸ਼ਵਾਸ਼ ਵਿੱਚ ਵੀ ਵਾਧਾ ਦੇਖਿਆ ਜਾ ਸਕਦਾ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਵੀ ਹੈ ਕਿ, ਉਹ ਘਰੇਲੂ ਹਿੰਸਾ ਦੀ ਵੀ ਬਹੁਤ ਹੀ ਘੱਟ ਸ਼ਿਕਾਰ ਹੁੰਦੀ ਹੈ। ਇਹ ਵੀ ਬਿਲਕਲ ਸੱਚਾਈ ਹੈ, 'ਕਿ ਇਸਤਰੀ ਕੋਲ ਜ਼ਮੀਨ ਦੇ ਸਬੰਧੀ ਅਧਿਕਾਰ ਹੋਣ ਨਾਲ, ਉਸ ਦਾ ਪ੍ਰਭਾਵ ਪ੍ਰੀਵਾਰ ਤੇ ਹੀ ਨਹੀਂ ਸਗੋਂ ਤੇ ਸਮਾਜਿਕ ਤੌਰ ਤੇ ਵੀ ਉਹ ਸਤਿਕਾਰੀ ਜਾਂਦੀ ਹੈ।

ਸੰਸਾਰ ਆਰਥਿਕ ਫੋਰਮ "(ਵਰਲਡ ਇਕੌਨਮੀ ਫੋਰਮ) ਦੀ ਤਾਜ਼ਾ ਰਿਪੋਰਟ ਤੋਂ ਪਤਾ ਲੱਗਦਾ ਹੈ, 'ਕਿ ਦੁਨੀਆਂ ਭਰ ਵਿੱਚ ਆਰਥਿਕ ਸਮਾਨਤਾ ਵਿੱਚ ਇਸਤਰੀਆਂ ਦੀ ਗਿਣਤੀ (ਹਿੱਸੇਦਾਰੀ) ਸਿਰਫ 58 ਫੀ-ਸਦ ਹੀ ਹੈ। ਭਾਵ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਆਉਣ ਲਈ ਅੱਜੇ ਤੱਕ ਸਦੀਆਂ ਹੀ ਲੱਗ ਜਾਣਗੀਆਂ।" 156-ਦੇਸ਼ਾਂ ਵਿੱਚ ਹੋਏ ਇਕ ਸਰਵੇਖਣ ਵਿੱਚ ਇਸਤਰੀਆਂ ਦੇ ਆਰਥਿਕ ਸਮਾਨਤਾ ਦੇ ਮਾਮਲ ਵਿੱਚ ਭਾਰਤ ਦਾ 191-ਵਾਂ ਸਥਾਨ ਹੈ। ਭਾਵ! ਇਸਤਰੀਆਂ ਨੂੰ ਆਰਥਿਕ ਅਜ਼ਾਦੀ ਅਤੇ ਚੱਲ ਤੇ ਅਚੱਲ ਜਾਇਦਾਦ ਦਾ ਹੱਕ ਦੇਣ ਦੇ ਮਾਮਲੇ ਵਿੱਚ ਇਕ ਤਰ੍ਹਾਂ ਨਾਲ ਅਸੀਂ ਦੁਨੀਆਂ ਅੰਦਰ ਸਭ ਤੋਂ ਥੱਲੇ ਹਾਂ। ਇਹ ਪ੍ਰਸ਼ਨ ਸਾਡੇ ਸਾਹਮਣੇ ਉੱਭਰ ਕੇ ਆ ਰਿਹਾ ਹੈ, "ਕਿ ਇਸ ਤਰ੍ਹਾਂ ਕਿਉਂ ਹੋ ਰਿਹਾ ਹੈ?" ਸ਼ਹਿਰਾਂ ਤੇ ਪਿੰਡਾਂ ਦੀਆਂ ਇਸਤਰੀਆਂ ਨੂੰ ਜ਼ਮੀਨ/ਜਾਇਦਾਦ ਦਾ ਅਧਿਕਾਰ ਨਾ ਤਾਂ ਪਤੀ ਵਲੋਂ ਅਤੇ ਨਾ ਹੀ ਪਿਤਾ ਵਲੋਂ ਮਿਲਿਆ ਹੈ। ਇਸ ਲਈ ਸਰਕਾਰ ਵਲੋਂ ਵੀ ਇਕ ਕਾਨੂੰਨ ਬਣਾਉਣਾ ਚਾਹੀਦਾ ਹੈ, ਜਿਸ ਵਿੱਚ ਇਸਤਰੀ/ਲੜਕੀ ਨੂੰ ਜ਼ਮੀਨ/ਜਾਇਦਾਦ ਵਿਚੋਂ ਵੀ ਬਰਾਬਰ ਦਾ (ਹਿੱਸਾ) ਅਧਿਕਾਰ ਮਿਲੇ। ਭਾਰਤ ਅੰਦਰ ਸ਼ਰਾਇਤੀ ਧਾਰਨਾ ਤੋੜ ਕੇ ਲੜਕੀ (ਇਸਤਰੀ) ਨੂੰ ਬਰਾਬਰ ਦਾ ਅਧਿਕਾਰ ਦੇਣ ਲਈ ਕਾਨੂੰਨ ਬਣਾਉਣਾ ਚਾਹੀਦਾ ਹੈ।

ਅੱਜ ਵੀ ਮਰਦ ਪ੍ਰਧਾਨ ਸਮਾਜ ਅੰਦਰ ਪਿਤਰ ਸਤਾ ਦੀਆਂ ਜੜ੍ਹਾਂ ਏਨੀਆਂ ਘਰ ਕਰ ਗਈਆਂ ਹਨ, ਕਿ ਉਹ ਅਜੇ ਤੱਕ ਵੀ ਜ਼ਮੀਨ (ਜਾਇਦਾਦ) ਵਿਚੋਂ ਇਸਤਰੀਆਂ ਨੂੰ ਆਪਣਾ (ਹਿੱਸਾ) ਦੇਣ ਲਈ ਤਿਆਰ ਨਹੀ ਹੈ। ਦੂਸਰਾ ਇਸਤਰੀਆਂ ਦੀਆਂ ਮਾਨਸਿਕ ਭਾਵਨਾਵਾਂ ਵੀ ਇਸ ਤਰ੍ਹਾਂ ਨਾਲ ਹੀ ਜੁੜੀਆਂ ਹੁੰਦੀਆਂ ਹਨ, ਜਾਂ ਜੋੜ ਲਈਆਂ ਜਾਂਦੀਆਂ ਹਨ ਕਿ ਉਹ ਜਮੀਨ/ਜਾਇਦਾਦ ਵਿੱਚੋਂ ਆਪ ਹੀ ਅਧਿਕਾਰ ਲੈਣਾ ਛੱਡ ਦਿੰਦੀਆਂ ਹਨ। ਅਸਲ ਵਿੱਚ ਪ੍ਰੀਵਾਰ ਵਲੋਂ ਇਸਤਰੀਆਂ ਨੂੰ ਮੁੱਢ-ਕਦੀਮ ਤੋਂ ਹੀ ਡਰਾਇਆ ਧਮਕਾਇਆ ਜਾਂਦਾ ਹੈ ਕਿ ਜੇਕਰ ਤੂੰ ਜ਼ਮੀਨ ਵਿਚੋਂ ਹਿੱਸਾ ਲੈਣਾ ਹੈ ਤਾਂ ਤੈਨੂੰ ਸਾਡੇ ਨਾਲੋਂ ਪ੍ਰੀਵਾਰਕ ਸਬੰਧ ਤੋੜਨੇ ਪੈਣਗੇ। ਪਿਛਲੇ ਸਮੇਂ ਕਰੋਨਾ ਮਹਾਂਮਾਰੀ ਦੌਰਾਨ ਮਰਦਾਂ ਵਲੋਂ ਨੌਕਰੀ-ਪੇਸ਼ਾ ਕਰਨ ਸਮੇਂ ਸ਼ਹਿਰਾਂ ਵਿੱਚ ਵਸਣ ਕਰਕੇ ਪੂਰੇ ਏਸ਼ੀਆ ਵਿੱਚ ਕਿਸਾਨੀ ਕਿੱਤੇ ਨਾਲ ਜੁੜੀਆਂ ਇਸਤਰੀਆਂ ਦੀ ਗਿਣਤੀ ਵੱਧੀ ਹੈ। ਪਰ! ਫਿਰ ਵੀ ਜਮੀਨ/ਜਾਇਦਾਦ ਦੀ ਮਾਲਕੀ ਉਨ੍ਹਾਂ ਦੇ ਨਾਂ ਨਹੀ ਵਧੀ। ਜਦੋਂ ਲੜਕੀ ਦਾ ਵਿਆਹ ਹੋ ਜਾਂਦਾ ਹੈ, ਤਾਂ ਸੌਹਰਿਆਂ ਵਲੋਂ ਲੜਕੀ ਉਪੱਰ ਪਿਤਾ ਦੀ ਜਾਇਦਾਦ ਵਿਚੋਂ ਹਿੱਸਾ ਲੈਣ ਦਾ ਦਬਾਓ ਪਾਇਆ ਜਾਂਦਾ ਹੈ ਅਤੇ ਇਸ ਦੇ ਵਿਪਰੀਤ ਮਾਪਿਆਂ ਵਲੋਂ ਲੜਕੀ ਤੇ ਇਹ ਦਬਾਓ ਪਾਇਆ ਜਾਂਦਾ ਹੈ; ਕਿ ਉਹ ਆਪਣੇ ਪਿਤਾ ਦੀ ਜਾਇਦਾਦ ਦਾ ਹੱਕ ਛੱਡ ਦੇਵੇ। ਇਨ੍ਹਾਂ ਹਾਲਾਤਾਂ ਅੰਦਰ ਨਾ ਤਾਂ ਉਸ ਦੇ ਸੌਹਰੇ ਉਸ ਨੂੰ ਰੱਖਦੇ ਹਨ ਅਤੇ ਉਹ ਮਾਪਿਆਂ ਵਲੋਂ ਵੀ ਦਬਾਓ ਹੇਠ ਹੀ ਰਹਿੰਦੀ ਹੈ। "ਇਹ ਕਿਹੋ ਜਿਹੀ ਵਿੰਡਵਣਾ ਵਾਲਾ ਇਸਤਰੀਆਂ ਦਾ ਸ਼ਸ਼ਤੀਕਰਨ ਹੋ ਰਿਹਾ ਹੈ ਇਸ ਦੇਸ਼ ਵਿਚ?"

ਜੇਕਰ ਇਨ੍ਹਾਂ ਸਾਰੀਆਂ ਹੀ ਪ੍ਰਸਥਿਤੀਆਂ ਨੂੰ ਘੋਖਿਆ ਜਾਵੇ ਤੇ ਪਿਛਲੀ ਜਨ-ਗਣਨਾ ਤੇ ਅੰਕੜਿਆਂ ਤੇ ਵੀ ਧਿਆਨ ਮਾਰਿਆ ਜਾਵੇ ਤਾਂ ਖੇਤੀ-ਬਾੜੀ ਪ੍ਰਧਾਨ ਭਾਰਤ ਦੇਸ਼ ਦੇ ਵਿੱਚ ਇਸਤਰੀਆਂ ਦੀ ਭਾਗੀਦਾਰੀ ਸਿਰਫ਼ ਇਕ-ਤਿਹਾਈ ਹੀ ਹੈ। ਪ੍ਰਤੂੰ ! ਉਨ੍ਹਾਂ ਦੇ ਨਾਮ ਤੇ ਜ਼ਮੀਨ-ਜਾਇਦਾਦ ਨਾਂ-ਮਾਤਰ ਸਿਰਫ਼ 13-ਫੀ ਸੱਦ ਹੀ ਹੈ। 2017-18 ਦੇ ਇਕ ਸਰਵੇਖਣ ਮੁਤਾਬਿਕ 73.2-ਫੀ-ਸਦ ਪੇਂਡੂ ਇਸਤਰੀਆਂ ਖੇਤੀ ਕੰਮਾਂ (ਧੰਦਿਆਂ) ਨਾਲ ਹੀ ਸਬੰਧਤ ਸਨ। ਪ੍ਰਤੂੰ ਮਾਲਕੀ 'ਚ ਉਨ੍ਹਾਂ ਦਾ ਹਿੱਸਾ ਸਿਰਫ਼ 12.8-ਫੀਸਦ ਹੀ ਸੀ।

ਮਰਦ-ਪ੍ਰਧਾਨ ਸਮਾਜ ਅੰਦਰ ਇਹ ਗੱਲ ਪੱਕੀ ਘਰ ਕਰ ਗਈ ਹੈ, 'ਕਿ ਜਮੀਨ/ਜਾਇਦਾਦ ਮਰਦਾਂ ਦੇ ਨਾਂ ਹੀ ਹੋਣੀ ਚਾਹੀਦੀ ਹੈ। ਜਮੀਨ ਦੇ ਮਾਲਿਕਾਨਾ ਹੱਕ 'ਤੇ ਬਹੁਤ ਸਾਰੇ ਭਿੰਨ-ਭੇਦ (ਅਸਮਨਤਾਵਾਂ) ਵੀ ਕਾਇਮ ਹਨ। ਇਸ ਪੂੰਜੀਵਾਦੀ ਵਿਵਸਥਾ 'ਚ ਖੇਤੀ-ਬਾੜੀ ਧੰਦੇ ਨਾਲ ਜੁੜੀਆਂ ਇਸਤਰੀਆਂ "ਕਿਸਾਨੀ ਦੀ ਪ੍ਰੀਭਾਸ਼ਾ" ਤੋਂ ਹੀ ਅੱਜ ਬਾਹਰ ਹੋ ਜਾਂਦੀਆਂ ਹਨ। ਕੇਂਦਰ ਸਰਕਾਰ ਵਲੋਂ 2007 ਦੀ ਰਾਸ਼ਟਰੀ ਕਿਸਾਨ ਨੀਤੀ, ਜਿਸ ਦਾ ਬਹੁਤ ਹੀ ਪ੍ਰਚਾਰ ਕੀਤੀ ਗਿਆ ਸੀ, ਅਸਲ ਵਿੱਚ ਇਸ ਦੀ ਅਸਲੀਅਤ ਇਸ ਤੋਂ ਉਲੱਟ ਹੈ। ਇਸ ਨੀਤੀ ਮੁਤਾਬਿਕ ਕਿਸਾਨ ਦੀ ਪ੍ਰੀਭਾਸ਼ਾ ਦਾ ਮਤਲਬ ਇਹ ਲਿਆ ਗਿਆ ਸੀ, 'ਕਿ ਜੋ ਵਿਅਕਤੀ

(ਬਾਕੀ ਸਫ਼ਾ 17 'ਤੇ)






SAROKARAN DI AWAZ

Publisher
Pro-People Arts Project
Media Group 29
Mapleview Ave, Brampton
Ontario, CA, L6R 1M2

Managing Director
Devinder Toor, Toronto
416-902-9372
ppapmg@gmail.com

Chief Editor
Harbans Singh
416-817-7142
ppapmg@gmail.com

Editor
Master Bhajan Singh
Calgary (Alberta)
403-455-4220
btarksheel@gmail.com

Editor
Dr. Hardeep Singh Atwal
Cambridge (Ontario)
416-209-6363
deephsingh@gmail.com

Chief advisor
Buta Singh Nawan Shahr
(Punjab)
946-347-4342
atoozed@gmail.com

Literary Advisor
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

Honorary Advisory Board
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211

Graphic Desinger
Baljinder Singh Waraich
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਮਨੁੱਖੀ ਹੱਕਾਂ ਲਈ ਜਸਟਿਸ ਅਜੀਤ ਸਿੰਘ ਬੈਂਸ ਜੀ ਦੀ ਘਾਲਣਾ



ਜਸਵੀਰ ਕੌਰ ਮੰਗੂਵਾਲ
ਵਿਨੀਪੈਗ
204-881-4955

**"ਇਸ ਅਦਾਲਤ 'ਚ ਬੰਦੇ ਬ੍ਰਿਖ ਹੋ ਗਏ ਫੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ"**

ਬਾਬੇ ਨਾਨਕ ਤੋਂ ਬਾਬਰ ਨੂੰ ਜਾਬਰ ਕਹਿਣ ਦੇ ਫਲਸਫੇ ਤੋਂ ਪ੍ਰੇਰਨਾ ਲੈ ਕੇ ਮਨੁੱਖੀ ਹੱਕਾਂ ਹਕੂਕਾਂ ਲਈ ਅਖੀਰ ਤੱਕ ਜੂਝਣ ਵਾਲੇ ਜਸਟਿਸ ਅਜੀਤ ਸਿੰਘ ਬੈਂਸ 11 ਫਰਵਰੀ 2022 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦਾ ਜਨਮ 1922 ਵਿੱਚ ਮਾਤਾ ਅੰਮ੍ਰਿਤ ਕੌਰ ਤੇ ਪਿਤਾ ਬਾਬੂ ਗੁਰਬਖਸ਼ ਸਿੰਘ ਬੈਂਸ ਦੇ ਘਰ ਹੋਇਆ। ਇਹ ਚਾਰ ਭਰਾਵਾਂ ਹਰਮਿੰਦਰ ਬੈਂਸ, ਪ੍ਰੋਫੈਸਰ ਜਸਦੀਪ ਬੈਂਸ, ਹਰਦਿਆਲ ਬੈਂਸ ਤੇ ਤਿੰਨ ਭੈਣਾਂ ਰਣਜੀਤ ਕੌਰ, ਗੁਰਦੇਵ ਕੌਰ ਤੇ ਗੁਰਮੀਤ ਕੌਰ ਵਿੱਚੋਂ ਸਭ ਤੋਂ ਵੱਡੇ ਸਨ। ਉਹਨਾਂ ਐਮ .ਏ. ਅਰਥ ਸ਼ਾਸ਼ਤਰ ਦੀ ਕਰ ਖਾਲਸਾ ਕਾਲਜ ਜਲੰਧਰ ਵਿੱਚ ਪੜ੍ਹਾਉਣ ਲੱਗ ਪਏ। ਉਨ੍ਹਾਂ ਨੇ 1953 ਵਿੱਚ ਨੌਕਰੀ ਛੱਡ ਦਿੱਤੀ ਫਿਰ ਐਲ. ਐਲ. ਬੀ ਲਖਨਊ ਤੋਂ ਕਰ 1961 ਵਿੱਚ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਵਕਾਲਤ ਸ਼ੁਰੂ ਕਰ ਦਿੱਤੀ। ਮਨੁੱਖੀ ਹੱਕਾਂ ਪ੍ਰਤੀ ਜੂਝਣ ਦੀ ਗੁੜਤੀ ਇਨ੍ਹਾਂ ਪਰਿਵਾਰ ਤੋਂ ਲਈ ਇਨ੍ਹਾਂ ਦੇ ਪਿਤਾ ਜੀ ਉੱਘੇ ਕਮਿਉਨਿਸਟ ਆਗੂ ਸਨ। ਪਹਿਲਾਂ ਉਹ ਸੀ. ਪੀ ਆਈ. ਵਿੱਚ ਸਰਗਰਮ ਰਹੇ ਤੇ ਫਿਰ ਸੀ .ਪੀ .ਐਮ. ਦੇ ਜ਼ਿਲ੍ਹਾ ਕਮੇਟੀ ਮੈਂਬਰ ਬਣੇ। ਉਹ ਕਾਮਰੇਡ ਹਰਕ੍ਰਿਸ਼ਨ ਸੁਰਜੀਤ ਦੇ ਨੇੜੇ ਦੇ ਸਾਥੀ ਸਨ। ਇਨ੍ਹਾਂ ਦੇ ਭਰਾ ਹਰਦਿਆਲ ਬੈਸ ਬੀ. ਐਸ. ਸੀ. ਕਰਕੇ 1959 ਵਿੱਚ ਕਨੇਡਾ ਆ ਯੂ. ਬੀ. ਸੀ. ਤੋਂ ਐਮ. ਐਸ. ਸੀ. ਕਰ ਪੀ ਐਚ. ਡੀ ਸ਼ੁਰੂ ਕਰ ਦਿੱਤੀ ਪਰ ਕਮਿਉਨਿਸਟ ਗਤੀਵਿਧੀਆਂ ਕਰਕੇ ਨਾ ਕਰਨ ਦਿੱਤੀ। ਉਹ ਕਨੇਡਾ ਦੀ ਸੀ. ਪੀ .ਸੀ ਐਮ. ਐਲ. ਕਮਿਉਨਿਸਟ ਪਾਰਟੀ ਆਫ ਕਨੇਡਾ ਮਾਰਕਸਵਾਦੀ ਲੈਨਿਨਵਾਦੀ ਦੇ ਫਾਉਂਡਰ ਮੈਂਬਰ ਸਨ। ਜ਼ਿੰਦਾ ਸ਼ਹੀਦ ਕਹੇ ਜਾਂਦੇ ਦਰਸ਼ਨ ਦੁਸਾਂਝ ਦਾ ਕੇਸ ਜਦੋਂ ਇਨ੍ਹਾਂ ਕੋਲ ਆਇਆ ਤਾਂ ਇਨ੍ਹਾਂ ਨੇ ਦਰਸ਼ਨ ਦੁਸਾਂਝ ਨੂੰ ਬਰੀ ਕਰ ਦਿੱਤਾ ਸੀ। 1975 ਵਿੱਚ ਹੋਏ ਪੁਲਿਸ ਮੁਕਾਬਲੇ ਵਿੱਚ ਪੁਲਿਸ ਅਫਸਰ ਮਹਿੰਦਰ ਸਿੰਘ ਮੌੜ ਨੂੰ ਦੋਸ਼ੀ ਦੱਸਿਆ ਸੀ। ਕਾਮਰੇਡ ਦਰਸ਼ਨ ਖੱਟਕੜ ਦੇ ਦੱਸਣ ਮੁਤਾਬਿਕ ਕਾਮਰੇਡ ਹਾਕਮ ਸਿੰਘ ਸਮਾਓ ਦੇ ਏਰੀਏ ਵਿੱਚ ਕੰਮ ਕਰਦੇ ਕਾਮਰੇਡ ਮੱਘਰ ਸਿੰਘ ਕੂਲਰੀਆਂ ਦੇ ਰਿਸ਼ਤੇਦਾਰ ਨੂੰ ਕਤਲ ਕੇਸ ਵਿੱਚ ਸਜ਼ਾ ਹੋ ਗਈ ਸੀ। ਜਦੋਂ ਉਹਨਾਂ ਜਸਟਿਸ ਅਜੀਤ ਸਿੰਘ ਨੂੰ ਮਿਲ ਕੇ ਸਾਰੀ ਕਹਾਣੀ ਦੱਸੀ ਤਾਂ ਉਨ੍ਹਾਂ ਸਜ਼ਾ ਘੱਟ ਕਰਾ ਦਿੱਤੀ। ਹਾਈਕੋਰਟ ਦੇ ਬਹੁਤੇ ਜੱਜਾਂ ਦੇ ਸਮਾਜਿਕ ਜੀਵਨ ਤੇ ਦ੍ਰਿਸ਼ਟੀਕੋਣ ਕਰਕੇ ਸੋਚ ਨਿਜ਼ਾਮ ਪੱਖੀ ਹੁੰਦੀ ਹੈ ਪਰ ਇਨ੍ਹਾਂ ਦਾ ਕਾਮਰੇਡ ਪਰਿਵਾਰ ਹੋਣ ਕਰਕੇ ਤੇ ਬਾਬੇ ਨਾਨਕ ਦੀ ਸਿੱਖੀ ਦੇ ਫਲਸਫੇ ਕਰਕੇ ਪੈਸੇ ਨਾਲ ਕੋਈ ਲੋਭ ਨਹੀਂ ਸੀ। ਇੱਕ ਟੀ. ਵੀ. ਇੰਟਰਵਿਊ ਵਿੱਚ ਆਪਣੇ ਜੀਵਨ ਫਲਸਫੇ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਹੋਈ ਜਾਣ ਬੱਚੇ ਪੜ੍ਹ ਲਿਖ ਜਾਣ ਇੱਕ ਘਰ ਹੋਵੇ ਬਹੁਤਾ ਪੈਸਾ ਕੀ ਕਰਨਾ। ਬਾਬੇ ਨਾਨਕ ਦੀ "ਕਾਜੀ ਹੋ ਗਏ ਰਿਸ਼ਵਤੀ ਵੱਢੀ ਲੈ ਕੇ ਹੱਕ ਦੁਆਏ" ਕਹਿ ਦੁੱਖੀ ਹੋ ਕਹਿੰਦੇ ਸੀ ਹੁਣ ਤਾਂ ਜੱਜਾਂ ਤੇ ਵੀ ਉਂਗਲੀਆਂ ਉੱਠਦੀਆਂ ਹਨ। ਜਸਟਿਸ ਬੈਂਸ ਦੀ ਵਿਲੱਖਣ ਤੇ ਲੋਕ ਪੱਖੀ ਸ਼ਖਸ਼ੀਅਤ ਹੋਣ ਕਰਕੇ ਹਰ ਮਜ਼ਦੂਰ ਤੇ ਮੁਲਾਜ਼ਮ ਜਥੇਬੰਦੀਆਂ ਚਹੁੰਦੀਆਂ ਕਿ ਉਨਾਂ ਦਾ ਕੇਸ ਜਸਟਿਸ ਬੈਂਸ ਦੇ ਬੈਂਚ ਕੋਲ ਹੀ ਆਵੇ। ਉਨ੍ਹਾਂ ਮਾਲਕਾਂ ਤੇ ਨਿਜ਼ਾਮ ਪੱਖੀਆਂ ਦੇ ਉਲਟ ਮਿਹਨਤਕਸ਼ਾਂ ਦੇ ਹੱਕ ਵਿੱਚ ਫੈਸਲੇ ਸੁਣਾਏ ਸਨ। ਉਹ ਖਾਸ ਤੌਰ 'ਤੇ ਮਾਲਕਾਂ ਦੇ



ਮੁਕਾਬਲੇ ਮੁਲਾਜ਼ਮਾਂ ਦੇ ਹਿੱਤਾਂ ਦੀ ਰਾਖੀ ਕਰਨ ਵਾਲੇ ਦੇ ਤੌਰ 'ਤੇ ਜਾਣੇ ਜਾਂਦੇ ਸੀ। 1984 ਵਿੱਚ ਜਦੋਂ ਉਹ ਜੱਜ ਦੇ ਅਹੁਦੇ ਤੋਂ ਰਿਟਾਇਰ ਹੋਏ ਤਾਂ ਉਸ ਸਮੇਂ ਪੰਜਾਬ ਕਾਲੇ ਦੌਰ ਵਿੱਚੋਂ ਗੁਜਰ ਰਿਹਾ ਸੀ। ਸ੍ਰੀ ਹਰਮੰਦਰ ਸਾਹਿਬ ਤੇ ਹਮਲੇ ਤੋਂ ਬਾਅਦ ਪੰਜਾਬ ਦੇ ਲੋਕਾਂ ਵਿੱਚ ਸਟੇਟ ਪ੍ਰਤੀ ਨਫਰਤ ਤੇ ਗੁੱਸਾ ਸੀ ਜਿਸ ਦੇ ਸਿੱਟੇ ਵਜੋ ਖਾਲਸਤਾਨੀ ਲਹਿਰ ਨੂੰ ਬਲ ਮਿਲਿਆ ਪਰ ਸਰਕਾਰ ਦੀ ਦਮਨਕਾਰੀ ਨੀਤੀ ਤਹਿਤ ਬਹੁਤ ਸਾਰੇ ਨਿਰਦੋਸ਼ ਲੋਕਾਂ ਨੂੰ ਵੀ ਝੂਠੇ ਪੁਲਿਸ ਮੁਕਾਬਲੇ ਬਣਾ ਮਾਰਿਆ ਜਾਣ ਲੱਗਾ ਤੇ ਜੇਲਾਂ ਵਿੱਚ ਸੁੱਟਿਆ ਜਾਣ ਲੱਗਾ। ਉਨ੍ਹਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾਂ ਕਰਕੇ ਫਰਜ਼ੀ ਮੁਕਾਬਲਿਆਂ ਦੀ ਜਾਂਚ ਕਰਨ ਲਈ 1985 ਵਿੱਚ ਪੰਜਾਬ ਮਨੁੱਖੀ ਅਧਿਕਾਰ ਆਰਗੇਨਾਈਜ਼ੇਸ਼ਨ ਪੰਜਾਬ ਦੀ ਸਥਾਪਨਾ ਕੀਤੀ। (ਪੀ.ਐਚ.ਆਰ.ਓ.) ਇਹ ਮਨੁੱਖੀ ਅਧਿਕਾਰਾਂ ਦੀ ਪੰਜਾਬ ਦੀ ਪਹਿਲੀ ਜਥੇਬੰਦੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਜਿੰਨਾਂ ਚਿਰ ਅਦਾਲਤ ਵਿੱਚ ਦੋਸ਼ ਸਾਬਿਤ ਨਹੀਂ ਹੋ ਜਾਂਦਾ ਅੱਤਵਾਦੀ ਨਹੀਂ ਕਿਹਾ ਜਾ ਸਕਦਾ। ਪੁਲਿਸ ਵੱਲੋਂ ਨਾਮਜਦ ਕੀਤੇ ਦੋਸ਼ੀ ਨੂੰ ਚੌਵੀ ਘੰਟਿਆਂ ਦੇ ਅੰਦਰ ਜੱਜ ਦੇ ਸਾਹਮਣੇ ਪੇਸ਼ ਕਰਨਾ ਚਾਹੀਦਾ। ਟੀ ਵੀ ਇੰਟਰਵਿਊ ਵਿੱਚ ਉਨ੍ਹਾਂ ਦੱਸਿਆ ਕਿ ਸੁਰਜੀਤ ਸਿੰਘ ਬਰਨਾਲਾ ਮੁੱਖ ਮੰਤਰੀ ਪੰਜਾਬ ਨੇ ਉਨਾਂ ਨੂੰ ਜੇਲ੍ਹਾਂ ਵਿੱਚ ਬੰਦ ਕੈਦੀਆਂ ਦੇ ਕੇਸਾਂ ਦਾ ਰਿਵਿਊ ਕਰਨ ਲਈ ਬੁਲਾਇਆ। ਉਨ੍ਹਾਂ ਨੇ ਸੁਰਜੀਤ ਸਿੰਘ ਬਰਨਾਲਾ ਸਰਕਾਰ ਨੂੰ ਸਾਫ਼ ਸ਼ਬਦਾਂ ਵਿੱਚ ਕਿਹਾ ਸੀ ਕਿ ਉਹ ਕੰਮ ਕਰਨ ਵਿੱਚ ਸਰਕਾਰ ਦੀ ਕੋਈ ਦਖਲ ਅੰਦਾਜ਼ੀ ਨਹੀ ਚਾਹੁੰਦੇ। ਤਿੰਨ ਮੈਂਬਰੀ ਕਮੇਟੀ ਨੇ ਜੇਲ੍ਹਾਂ ਵਿੱਚ ਬੰਦ ਕੈਦੀਆਂ ਦੇ ਕੇਸ ਰਿਵਿਊ ਕਰਕੇ ਕੈਦੀਆਂ ਨੂੰ ਬਾਹਰ ਕੱਢਣਾ ਸੀ। ਉਨ੍ਹਾਂ ਪਾਇਆ ਕਿ ਪੁਲਿਸ ਨੇ 90% ਨਿਰਦੋਸ਼ ਲੋਕਾਂ ਨੂੰ ਜੇਲ੍ਹਾਂ ਵਿੱਚ ਬੰਦ ਕੀਤਾ ਸੀ। ਉਨ੍ਹਾਂ ਅੰਮ੍ਰਿਤਸਰ, ਗੁਰਦਾਸਪੁਰ, ਕਪੂਰਥਲਾ, ਲੁਧਿਆਣਾ, ਜਲੰਧਰ ਆਦਿ ਜਿਲ੍ਹਿਆਂ ਦੇ ਬਹੁਤ ਸਾਰੇ ਸਿੱਖ ਕੈਦੀ ਛੱਡੇ। ਪ੍ਰੈਸ ਕਾਨਫਰੰਸ ਵਿੱਚ ਹਿੰਦ ਸਮਾਚਾਰ ਦੇ ਇੱਕ ਪੱਤਰਕਾਰ ਨੇ ਉਨ੍ਹਾਂ ਤੇ ਸਵਾਲ ਵੀ ਉਠਾਏ ਕਿ ਤੁਸੀਂ ਇੱਕ ਵਾਢਿਓਂ ਛੱਡ ਦਿੱਤੇ ਤਾਂ ਇਨ੍ਹਾਂ ਨੇ ਕਿਹਾ ਉਹ ਸਾਰੇ ਬੇਕਸੂਰ ਸਨ। 1992 ਵਿੱਚ ਜਦੋਂ ਬੇਅੰਤ ਸਿੰਘ ਮੁੱਖ ਮੰਤਰੀ ਹਨ, ਕੇ. ਪੀ. ਐਸ. ਨੇ ਅੱਤਵਾਦ ਖਤਮ ਕਰਨ ਦੇ ਨਾਂ ਤੇ ਮਨੁੱਖੀ ਅਧਿਕਾਰਾਂ ਦਾ ਘਾਣ ਵੀ ਕੀਤਾ। ਜਸਟਿਸ ਅਜੀਤ ਸਿੰਘ ਬੈਂਸ ਮਨੁੱਖੀ ਅਧਿਕਾਰਾਂ ਦੇ ਮੁਦੱਈ ਹੋਣ ਕਰਕੇ ਇਨ੍ਹਾਂ ਦੀ ਜਥੇਬੰਦੀ ਦੇ ਕਾਰਕੁੰਨਾਂ ਪੱਤਰਕਾਰਾਂ ਤੇ ਵਕੀਲਾਂ ਨੂੰ ਪੁਲਿਸ ਤੰਗ ਕਰਦੀ। ਜਗਬਿੰਦਰ ਸਿੰਘ ਵਕੀਲ ਨੂੰ ਕਪੂਰਥਲੇ ਤੋਂ ਅਗਵਾਹ ਕੀਤਾ ਸੀ। ਰਾਮ ਸਿੰਘ ਬਲਿੰਗ ਅਜੀਤ ਅਖਬਾਰ ਦੇ ਪੱਤਰਕਾਰ ਹੋਰ ਅਨੇਕਾਂ ਨੌਜਵਾਨਾਂ ਵਾਂਗ ਪਤਾ ਨਹੀ ਕਿੱਥੇ ਮਾਰ ਕੇ ਖਪਾ ਦਿੱਤੇ। ਅਨੰਦਪੁਰ ਸਾਹਿਬ ਹੋਲੇ ਮੁਹੱਲੇ ਤੇ ਇਨ੍ਹਾਂ ਵੱਲੋਂ ਭਾਸ਼ਣ ਦੇਣ ਦੇ ਕੁਝ ਦਿਨਾਂ ਬਾਅਦ 3 ਅਪ੍ਰੈਲ 1992 ਜਦੋਂ ਇਹ ਗੋਲਫ ਖੇਡ ਕੇ ਆ ਰਹੇ ਸਨ ਪੁਲਿਸ ਨੇ ਗ੍ਰਿਫਤਾਰ ਕਰ ਲਿਆ, ਹੱਥ ਕੜੀਆਂ ਲਾ ਘਰ ਤਲਾਸ਼ੀ ਲਈ ਲਿਆਂਦਾ ਗਿਆ ਤੇ ਪੁਲਿਸ ਨੇ ਟਾਰਚਰ ਕੀਤਾ। 4 ਅਪ੍ਰੈਲ ਨੂੰ ਇਨ੍ਹਾਂ ਦੀ ਕੋਈ ਸੂਹ ਨਾ ਮਿਲੀ 5 ਅਪ੍ਰੈਲ ਨੂੰ ਅਦਾਲਤ ਵਿੱਚ ਵੀ ਹੱਥਕੜੀਆਂ ਨਾਲ ਪੇਸ਼ ਕੀਤਾ। ਬੇਅੰਤ ਸਿੰਘ ਨੇ ਤਾਂ ਪੰਜਾਬ ਵਿਧਾਨ ਸਭਾ ਵਿੱਚ ਵੀ ਕਿਹਾ ਸੀ ਕਿ ਉਹ ਇਨ੍ਹਾਂ ਨੂੰ ਛੱਡਣਗੇ ਨਹੀਂ। ਇਨ੍ਹਾਂ ਨੂੰ ਅੱਤਵਾਦ ਦੇ ਹਮਾਇਤੀ ਦੱਸਿਅ ਗਿਆ। ਇਸ ਗੱਲ ਦਾ ਰੌਲਾ ਦੁਨੀਆਂ ਭਰ ਵਿੱਚ ਪੈ ਗਿਆ ਕਹਿੰਦੇ ਲਗਭਗ 300 ਦੇ ਕਰੀਬ ਟੈਲੀਗ੍ਰਾਫ ਬਦੇਸ਼ਾਂ ਤੋਂ ਆਏ। ਦੁਨੀਆਂ ਭਰ ਵਿੱਚ ਖਬਰ ਫੈਲ ਗਈ। ਮੁਜ਼ਾਹਰੇ ਹੋਏ ਪੰਜਾਬ, ਹਿਮਾਚਲ, ਹਰਿਆਣਾ ਵਿੱਚ ਹੜਤਾਲਾਂ ਹੋਈਆਂ। ਕਾਮਰੇਡ ਹਰਭਜਨ ਚੀਮੇ ਨੇ ਦੱਸਿਆ ਕਿ ਵੈਨਕੂਵਰ ਰਹਿੰਦੇ ਇਨ੍ਹਾਂ ਦੇ ਭਰਾ ਦੀ ਜਥੇਬੰਦੀ ਈ. ਆਈ .ਡੀ. ਸੀ ਨੇ ਵੀ ਵੈਨਕੂਵਰ ਮੁਜ਼ਾਹਰੇ ਕੀਤੇ, ਸਟੇਟਮੈਂਟਾਂ ਕੱਢੀਆਂ, ਪ੍ਰੈਸ ਕਾਨਫਰੰਸ ਕੀਤੀਆਂ, ਪਬਲਿਕ ਪ੍ਰੈਸ਼ਰ ਬਣਾਇਆ। ਸਾਰੇ ਸ਼ਹਿਰਾਂ ਦੀਆਂ ਲੋਕ ਅਵਾਜ਼ ਵਿੱਚ ਐਜੀਟੇਸ਼ਨ ਚਲਾਈ। ਰਿਟਾਇਰ ਹੋਣ ਤੋਂ ਬਾਅਦ ਜਦੋਂ ਉਹ ਕਨੇਡਾ ਆਏ ਤਾਂ ਪੈਸ ਕਾਨਫਰੰਸਾਂ ਰੇਡੀਓ ਗੱਲਬਾਤ ਰਾਹੀਂ ਉਨ੍ਹਾਂ ਸ੍ਰੀ ਹਰਮੰਦਰ ਸਾਹਿਬ ਤੇ ਭਾਰਤ ਦੀ ਮਿਲਟਰੀ ਵਲੋਂ ਹਮਲੇ ਦੀ ਨਿਖੇਧੀ ਕੀਤੀ। ਸ਼੍ਰੀਮਤੀ ਇੰਦਰਾ ਗਾਂਧੀ ਦੀ ਅਲੋਚਨਾ ਕਰਦੇ ਕਹਿੰਦੇ ਕਿ ਪੁਲਿਸ ਆਪ ਹੀ ਫੜ੍ਹਦੀ ਹੈ, ਆਪ ਹੀ ਦੋਸ਼ ਲਾਉਂਦੀ, ਵਕੀਲ ਤੇ ਜੱਜ ਵੀ ਸਰਕਾਰ ਦੇ ਇਸ਼ਾਰਿਆਂ ਤੇ ਕੰਮ ਕਰਦੇ ਹੋਣ ਤਾਂ ਮਨੁੱਖੀ ਹੱਕਾਂ ਦਾ ਘਾਣ ਹੀ ਹੁੰਦਾ ਹੈ। ਜਸਟਿਸ ਅਜੀਤ ਸਿੰਘ ਬੈਂਸ ਨੂੰ ਹੱਥਕੜੀਆਂ ਲਾਉਣ ਵਾਲੇ ਪੁਲਿਸ ਅਫਸਰ ਹਰਪਾਲ ਸਿੰਘ ਨੂੰ ਪੰਜਾਬ ਹਰਿਆਣਾ ਹਾਈਕੋਰਟ ਨੇ 50 ਹਜ਼ਾਰ ਰੁਪਏ ਜੁਰਮਾਨਾ ਕੀਤਾ। ਜੇਲ੍ਹ ਵਿੱਚੋਂ ਬਾਹਰ ਆ ਕੇ ਵੀ ਮਨੁੱਕੀ ਹੱਕਾਂ ਦੀ ਗੱਲ ਕਰਦੇ ਰਹੇ। ਇਸੇ ਤਰ੍ਹਾਂ ਹੀ ਜਸਵੰਤ ਸਿੰਘ ਖਾਲੜਾ ਨੂੰ ਮਨੁੱਖੀ ਹੱਕਾਂ ਦੀ ਗੱਲ ਕਰਨ ਕਰਕੇ ਅਜੀਤ ਸਿੰਘ ਸੰਧੂ ਤੇ ਟੀਮ ਵੱਲੋਂ ਹਜ਼ਾਰਾ ਅਣਪਛਾਤੇ ਨੌਜਵਾਨਾਂ ਦੀਆਂ ਲਾਸ਼ਾਂ ਦੀ ਗੱਲ ਕਰਨ ਕਰਕੇ ਮਾਰ ਕੇ ਖਪਾ ਦਿੱਤਾ ਗਿਆ ਤੇ ਅਜੀਤ ਸਿੰਘ ਸੰਧੂ ਦੀ ਖੁਦਕੁਸ਼ੀ ਸ਼ੋਅ ਕਰ ਦਿੱਤੀ। ਇਨ੍ਹਾਂ ਦੀ ਜਥੇਬੰਦੀ ਨੇ ਜਸਵੰਤ ਸਿੰਘ ਖਾਲੜਾ ਦਾ ਕੇਸ ਸੁਪਰੀਮ ਕੋਰਟ ਤੱਕ ਲੈ ਕੇ ਆਂਦਾ। ਇਨ੍ਹਾਂ ਨੇ "ਸਿੱਖਾਂ ਦੀ ਘੇਰਾ ਬੰਦੀ" ਨਾਂ ਦੀ ਕਿਤਾਬ ਲਿਖੀ।

ਭਾਰਤ ਦੀ ਸਰਕਾਰ ਆਪਣੇ ਆਪ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਲੋਕਤੰਤਰੀ, ਧਰਮ ਨਿਰਪੱਖ ਸਰਕਾਰ ਕਹਿੰਦੀ ਹੈ। ਪਰ ਜਦੋ ਵੀ ਕਿਤੇ ਲੋਕ ਆਪਣੇ ਹੱਕਾਂ ਦੀ ਗੱਲ ਕਰਦੇ ਹਨ ਤਾਂ ਸਰਕਾਰ ਦਬਾਉਣ ਦੀ ਹਰ ਸੰਭਵ ਕੋਸ਼ਿਸ਼ ਕਰਦੀ ਹੈ ਤੇ ਹਰ ਸਟੇਟ ਵਿੱਚ ਦਬਾਉਣ ਦਾ ਵੱਖਰਾ ਤਰਕ ਹੁੰਦਾ ਹੈ। ਭਾਰਤੀ ਸੰਵਿਧਾਨ ਦੀ ਧਾਰਾ 19 ਹਰੇਕ ਵਿਆਕਤੀ ਨੂੰ ਵਿਚਾਰਾਂ ਦੇ ਪ੍ਰਗਟਾਵੇ ਦੀ ਅਜ਼ਾਦੀ ਦਾ ਜਮਹੂਰੀ ਹੱਕ ਦਿੰਦੀ ਹੈ ਪਰ ਕਦੇ ਭੀਮਾਂ ਕੋਰੇ ਗਾਂਉ ਤੇ ਕਦੇ ਪ੍ਰਧਾਨ ਮੰਤਰੀ ਦੀ ਹੱਤਿਆ ਦੀ ਸਾਜ਼ਿਸ਼ ਤਹਿਤ ਸਮਾਜਿਕ ਕਾਰਕੁੰਨ, ਵਕੀਲ, ਪੱਤਰਕਾਰ, ਬੁੱਧੀਜੀਵੀ ਤੇ ਲੇਖਕਾਂ ਨੂੰ ਗ੍ਰਿਫਤਾਰ ਕਰਕੇ ਜੇਲਾਂ ਵਿੱਚ ਡੱਕਿਆ ਜਾ ਰਿਹਾ ਹੈ। ਯੂ .ਏ. ਪੀ. ਏ ਇੱਕ ਅਜਿਹਾ ਬਸਤੀਬਾਦੀ ਕਨੂੰਨ ਹੈ ਜਿੱਥੇ ਸ਼ੱਕ ਦੇ ਅਧਾਰ ਤੇ ਗ੍ਰਿਫਤਾਰ ਕਰਕੇ ਬਿਨਾਂ ਸੁਣਵਾਈ ਦੇ ਅਣਮਿੱਥੇ ਸਮੇਂ ਲਈ ਜੇਲ੍ਹ ਵਿੱਚ ਰੱਖਿਆ ਜਾ ਸਕਦਾ ਹੈ। ਇਸ ਵਿੱਚ ਜ਼ਮਾਨਤ ਮਿਲਣ ਦੀ ਗੁਜਾਇੰਸ਼ ਬੇਹੱਦ ਘੱਟ ਹੁੰਦੀ ਹੈ। ਪਿਛਲੇ ਸਮੇ ਜੇਲ੍ਹ ਵਿੱਚ ਬੰਦ ਸਟੇਨ ਸੁਆਮੀ ਜੀ ਦੀ ਮੌਤ ਵੀ ਹੋਈ ਹੈ। ਪ੍ਰੋਫੈਸਰ ਸਾਂਈ ਬਾਬਾ 90% ਅਪਾਹਿਜ ਹਨ। ਹੋਰ ਵੀ ਬਹੁਤ ਸਾਰੇ ਮਨੁੱਖੀ ਹੱਕਾਂ ਦੀ ਗੱਲ ਕਰਨ ਵਾਲੇ ਲੋਕ ਜੇਲ੍ਹਾਂ ਵਿੱਚ ਬੰਦ ਹਨ। ਭਾਰਤ ਦੀ ਫਾਸ਼ੀਵਾਦੀ ਸਰਕਾਰ ਲਗਾਤਾਰ ਘੱਟ ਗਿਣਤੀਆਂ ਦਲਿਤਾਂ ਤੇ ਮੁਸਲਮਾਨਾਂ ਤੇ ਜ਼ੁਲਮ ਢਾਹ ਰਹੀ ਹੈ। ਜਸਟਿਸ ਅਜੀਤ ਸਿੰਘ ਬੈਂਸ ਮਨੁੱਖਤਾਵਾਦੀ ਸਨ। ਉਨ੍ਹਾਂ ਨੂੰ ਸੱਚੀ ਸ਼ਰਧਾਂਜ਼ਲੀ ਇਹੀ ਹੋਵੇਗੀ ਕਿ ਦੁਨੀਆਂ ਭਰ ਵਿੱਚ ਹੋ ਰਹੇ ਮੁਨੁੱਖੀ ਹੱਕਾਂ ਦੇ ਘਾਣ ਦਾ ਡੱਟ ਕੇ ਵਿਰੋਧ ਕਰੀਏ।

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS,
Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)



ਬੂਟਾ ਸਿੰਘ ਨਵਾਂਸ਼ਹਿਰ
94634-74342

## ਹਿੰਸਾ ਦੇ ਪੁਜਾਰੀ

# ਅਦਿੱਤਿਆਨਾਥ ਦਾ ਦਹਿਸ਼ਤੀ ਰਾਜ

[ਰਾਜਨੀਤਕ ਮਾਮਲਿਆਂ ਦੇ ਉੱਘੇ ਪੱਤਰਕਾਰ ਧੀਰੇਂਦਰ ਕੇ. ਝਾਅ ਦੀ ਇਹ ਰਿਪੋਰਟ ਯੋਗੀ ਅਦਿੱਤਿਆਨਾਥ ਦੇ ਇਕ ਸਾਧਾਰਨ ਨੌਜਵਾਨ ਤੋਂ ਗੋਰਖ਼ਨਾਥ ਮੱਠ ਦਾ ਮਹੰਤ ਬਣਨ ਅਤੇ ਆਖ਼ਿਰਕਾਰ ਭਾਰਤ ਦੀ ਚੋਣ ਸਿਆਸਤ ਵਿਚ ਸਭ ਤੋਂ ਮਹੱਤਵਪੂਰਨ ਸਥਾਨ ਰੱਖਦੇ ਰਾਜ ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ ਬਣ ਕੇ ਹਿੰਦੂਤਵ ਦਾ ਇਕ ਪ੍ਰਮੁੱਖ ਚਿਹਰਾ ਬਣ ਕੇ ਉੱਭਰਨ ਦੇ ਰਾਜਨੀਤਕ ਸਫ਼ਰ ਉੱਪਰ ਝਾਤ ਪਵਾਉਂਦੀ ਹੈ। ਝਾਅ ਮਸ਼ਹੂਰ ਕਿਤਾਬ ਸ਼ੈਡੋ ਆਰਮੀਜ਼: ਫਰਿੰਜ ਆਰਗੇਨਾਈਜੇਸਨ ਐਂਡ ਫੁੱਟ ਸੋਲਜਰਜ਼ ਆਫ ਹਿੰਦੂਤਵ ਦੇ ਲੇਖਕ ਅਤੇ ਅਯੁੱਧਿਆ: ਦ ਡਾਰਕ ਨਾਈਟ ਦੇ ਸਹਿ-ਲੇਖਕ ਹਨ। ਉਨ੍ਹਾਂ ਦੀ ਤਾਜ਼ਾ ਕਿਤਾਬ ਅਸੈਟਿਕ ਗੇਮਜ਼: ਸਾਧੂ, ਅਖਾੜਾਜ਼ ਅਤੇ ਦੀ ਮੇਕਿੰਗ ਆਫ਼ ਹਿੰਦੂ ਵੋਟ ਹੈ ਜੋ ਅਪ੍ਰੈਲ 2019 ਵਿਚ ਛਪੀ ਸੀ। ਕਾਰਵਾਂ ਮੈਗਜ਼ੀਨ ਦੇ ਜਨਵਰੀ 2022 ਅੰਕ ਵਿਚ ਛਪੀ ਇਸ ਮਹੱਤਵਪੂਰਨ ਰਿਪੋਰਟ ਦਾ ਅਨੁਵਾਦ ਪੇਸ਼ ਹੈ। - ਸੰਪਾਦਕ] ਅਨੁਵਾਦ : ਬੂਟਾ ਸਿੰਘ





ਪਰਵੇਜ਼ ਪਰਵਾਜ਼, ਇਕ ਪੱਤਰਕਾਰ ਅਤੇ ਸਮਾਜਿਕ ਕਾਰਕੁਨ, ਗੋਰਖ਼ਪੁਰ ਰੇਲਵੇ ਸਟੇਸਨ ਤੋਂ ਲੰਘ ਰਿਹਾ ਸੀ ਜਦੋਂ ਉਸ ਨੇ ਮਹਾਰਾਣਾ ਪ੍ਰਤਾਪ ਦੀ ਮੂਰਤੀ ਦੇ ਕੋਲ ਇਕ ਵੱਡਾ ਇਕੱਠ ਦੇਖਿਆ। ਇਹ 27 ਜਨਵਰੀ 2007 ਦੀ ਸ਼ਾਮ ਸੀ, ਅਤੇ ਸ਼ਾਮ ਢਲ ਚੁੱਕੀ ਸੀ। ਭਾਰਤੀ ਜਨਤਾ ਪਾਰਟੀ ਦਾ ਗੋਰਖ਼ਪੁਰ ਤੋਂ ਸਾਂਸਦ ਅਦਿੱਤਿਆਨਾਥ, ਭਗਵੇਂ ਬਸਤਰਾਂ ਵਿਚ ਸਜਿਆ, ਇਕੱਠ 'ਚ ਜੋਸ਼ ਭਰਨ ਲਈ ਭੜਕਾਊ ਭਾਸ਼ਣ ਦੇ ਰਿਹਾ ਸੀ। ਪਰਵਾਜ਼ ਨੂੰ ਹਾਲ ਹੀ ਵਿਚ ਮੁਹੱਰਮ ਦੇ ਇਕ ਜਲੂਸ ਦੌਰਾਨ ਝੜਪ ਦੇ ਕਾਰਨ ਸ਼ਹਿਰ ਵਿਚ ਫੈਲੇ ਤਣਾਅ ਬਾਰੇ ਪਤਾ ਸੀ, ਜਿਸ ਵਿਚ ਇਕ ਹਿੰਦੂ ਲੜਕਾ ਜ਼ਖ਼ਮੀ ਹੋ ਗਿਆ ਸੀ ਅਤੇ ਬਾਦ ਵਿਚ ਉਸ ਦੀ ਮੌਤ ਹੋ ਗਈ ਸੀ। "ਭੜਕੇ ਹੋਏ ਮਾਹੌਲ ਨੂੰ ਦੇਖਦਿਆਂ, ਮੈਂ ਖ਼ੁਦ ਨੂੰ ਭੀੜ ਦੇ ਅੰਦਰ ਸੁਰੱਖਿਅਤ ਰੂਪ 'ਚ ਛੁਪਾ ਲਿਆ," ਉਸ ਨੇ ਮੈਨੂੰ ਦੱਸਿਆ। ਭੀੜ ਮੁੱਖ ਤੌਰ 'ਤੇ ਹਿੰਦੂ ਯੁਵਾ ਵਾਹਿਨੀ ਦੇ ਮੈਂਬਰਾਂ ਦੀ ਬਣੀ ਹੋਈ ਸੀ, ਇਸ ਯੁਵਾ ਮਿਲੀਸ਼ੀਆ ਦੀ ਸਥਾਪਨਾ ਅਦਿੱਤਿਆਨਾਥ ਨੇ ਪੰਜ ਸਾਲ ਪਹਿਲਾਂ ਕੀਤੀ ਸੀ। ਵੱਡੇ ਇਕੱਠ ਦੇ ਅੰਦਰ ਨਾਮਾਲੂਮ ਪਰਵਾਜ਼ ਨੇ ਇਕ ਹੱਥ ਵਿਚ ਫੜੇ ਕੈਮਰੇ ਨਾਲ ਭਾਸ਼ਣ ਰਿਕਾਰਡ ਕਰਨਾ ਸ਼ੁਰੂ ਕਰ ਦਿੱਤਾ ਜੋ ਉਹ ਹਮੇਸ਼ਾ ਆਪਣੇ ਨਾਲ ਰੱਖਦਾ ਸੀ।

"ਏਕ ਹਿੰਦੂ ਕੇ ਖ਼ੂਨ ਕੇ ਬਦਲੇ ਆਨੇ ਵਾਲੇ ਸਮੇਂ ਮੇਂ ਹਮ ਪ੍ਰਸ਼ਾਸਨ ਸੇ ਐੱਫ.ਆਈ.ਆਰ. ਦਰਜ ਨਹੀਂ ਕਰਵਾਏਂਗੇ," ਅਦਿੱਤਿਆਨਾਥ ਨੇ ਐਲਾਨ ਕੀਤਾ। "ਬਲਕਿ ਕਮ ਸੇ ਕਮ ਦਸ ਐਸੇ ਲੋਗੋਂ ਕੀ ਹੱਤਿਆ ਉਸ ਸੇ ਕਰਵਾਏਂਗੇ।"

**ਭੀੜ ਤਾੜੀਆਂ ਨਾਲ ਗੂੰਜ ਉੱਠੀ।**

ਜਿਉਂ ਹੀ ਅਦਿੱਤਿਆਨਾਥ ਨੇ ਆਪਣਾ ਭਾਸ਼ਣ ਸਮਾਪਤ ਕੀਤਾ, ਪਰਵਾਜ਼ ਚੁੱਪ-ਚਾਪ ਘਰ ਪਰਤ ਆਇਆ, ਪਰ ਸ਼ਹਿਰ 'ਚ ਵਿਸਫੋਟ ਹੋਣਾ ਸ਼ੁਰੂ ਹੋ ਗਿਆ। ਸੁਨੀਲ ਸਿੰਘ ਨੇ ਮੈਨੂੰ ਦੱਸਿਆ, "ਅਦਿੱਤਿਆਨਾਥ ਦਾ ਭਾਸ਼ਣ ਮੁੱਕਣ ਤੋਂ ਪਹਿਲਾਂ ਹੀ ਮੀਟਿੰਗ ਵਾਲੀ ਥਾਂ ਦੇ ਬਿਲਕੁਲ ਸਾਹਮਣੇ ਇਕ ਹੋਟਲ ਲੁੱਟਿਆ ਗਿਆ ਅਤੇ ਭੰਨਤੋੜ ਕੀਤੀ ਗਈ।" ਉਸ ਵਕਤ, ਸਿੰਘ ਅਦਿੱਤਿਆਨਾਥ ਦੇ ਸਭ ਤੋਂ ਭਰੋਸੇਮੰਦ ਲਫਟੈਨਾਂ ਵਿੱਚੋਂ ਇਕ ਸੀ, ਜੋ ਹਿੰਦੂ ਯੁਵਾ ਵਾਹਿਨੀ ਦਾ ਸੂਬਾ ਪ੍ਰਧਾਨ ਸੀ। ਉਹ ਇਸ ਮਾਮਲੇ ਦੇ ਮੁਲਜ਼ਮਾਂ ਵਿੱਚੋਂ ਇਕ ਹੈ। ਅਦਿੱਤਿਆਨਾਥ ਦੇ ਬੋਲਣ ਤੋਂ ਠੀਕ ਪਹਿਲਾਂ ਸਿੰਘ ਨੇ ਭੀੜ ਨੂੰ ਸੰਬੋਧਨ ਕੀਤਾ ਸੀ। "ਹੋਟਲ ਦਾ ਮਾਲਕ ਇਕ ਮੁਕਾਮੀ ਮੁਸਲਮਾਨ ਸੀ," ਉਸ ਨੇ ਮੈਨੂੰ ਦੱਸਿਆ। "ਉਥੋਂ, ਦੰਗਾ ਗੋਰਖ਼ਪੁਰ ਦੇ ਹੋਰ ਹਿੱਸਿਆਂ ਵਿਚ ਫੈਲ ਗਿਆ।" ਘੱਟੋ-ਘੱਟ ਦੋ ਲੋਕਾਂ ਦੀ ਮੌਤ ਹੋ ਗਈ ਅਤੇ ਕਰੋੜਾਂ ਰੁਪਏ ਦੀ ਜਾਇਦਾਦ ਸੜ ਗਈ।

ਅਗਲੇ ਦਿਨ, ਜ਼ਿਲ੍ਹਾ ਮੈਜਿਸਟ੍ਰੇਟ ਦੇ ਮਨਾਹੀ ਦੇ ਹੁਕਮਾਂ ਦੇ ਬਾਵਜੂਦ, ਅਦਿੱਤਿਆਨਾਥ ਅਤੇ ਉਸ ਦੇ ਹਮਾਇਤੀਆਂ ਨੇ ਗੋਰਖ਼ਪੁਰ ਦੇ ਗੜਬੜ ਵਾਲੇ ਖੇਤਰਾਂ ਵੱਲ ਮਾਰਚ ਕੀਤਾ। ਉਸ ਨੂੰ ਇਕ ਦਰਜਨ ਤੋਂ ਵੱਧ ਹੋਰ ਹਿੰਦੂ ਯੁਵਾ ਵਾਹਿਨੀ ਆਗੂਆਂ ਦੇ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ। ਗ੍ਰਿਫ਼ਤਾਰੀ ਦਾ ਵਕਤ ਐਸਾ ਸੀ ਕਿ ਮਿਲੀਸ਼ੀਆ 29 ਜਨਵਰੀ ਨੂੰ ਤਾਜ਼ੀਆ ਨੂੰ ਸਾੜਨ ਦੀ ਆਪਣੀ ਧਮਕੀ ਨੂੰ ਅੰਜ਼ਾਮ ਨਹੀਂ ਦੇ ਸਕੀ - ਜੋ ਮੁਸਲਮਾਨਾਂ ਮੁਹੱਰਮ ਦੇ ਜਲੂਸ ਦੇ ਹਿੱਸੇ ਵਜੋਂ ਆਪਣੇ ਮੋਢਿਆਂ 'ਤੇ ਚੁੱਕੇ ਹੁੰਦੇ ਹਨ।

ਅਦਿੱਤਿਆਨਾਥ ਕਈ ਦਿਨ ਗੋਰਖ਼ਪੁਰ ਜੇਲ੍ਹ ਵਿਚ ਰਿਹਾ। ਉਸ ਦੀ ਜ਼ਮਾਨਤ 7 ਫਰਵਰੀ ਨੂੰ ਹੋਈ ਸੀ। ਸਿੰਘ ਨੇ ਕਿਹਾ, "ਮੈਨੂੰ ਵੀ ਅਦਿੱਤਿਆਨਾਥ ਦੇ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ। ਅਦਿੱਤਿਆਨਾਥ ਤਾਂ 11 ਦਿਨ ਹਿਰਾਸਤ ਵਿਚ ਰਹੇ, ਮੈਨੂੰ 66 ਦਿਨਾਂ ਬਾਦ ਰਿਹਾਅ ਕੀਤਾ ਗਿਆ।"

ਇਹ ਪਹਿਲਾ ਅਤੇ ਇੱਕੋ-ਇਕ ਮੌਕਾ ਹੋਵੇਗਾ ਜਦੋਂ ਸਥਾਨਕ ਪ੍ਰਸ਼ਾਸਨ ਅਦਿੱਤਿਆਨਾਥ ਅਤੇ ਉਸ ਦੇ ਗੁੰਡਿਆਂ ਵਿਰੁੱਧ ਤੇਜ਼ੀ ਅਤੇ ਸਖ਼ਤੀ ਨਾਲ ਕਾਰਵਾਈ ਕਰੇਗਾ। ਮੁਲਾਇਮ ਸਿੰਘ ਯਾਦਵ ਦੀ ਅਗਵਾਈ ਵਾਲੀ ਉੱਤਰ ਪ੍ਰਦੇਸ਼ ਸਰਕਾਰ ਨੇ ਆਮ ਤੌਰ 'ਤੇ ਉਸ ਦੀਆਂ ਸਰਗਰਮੀਆਂ ਪ੍ਰਤੀ ਅੱਖਾਂ ਬੰਦ ਮੀਟ ਲਈਆਂ। ਇਹ ਇੱਕੋ ਇਕ ਦਖ਼ਲਅੰਦਾਜ਼ੀ ਇਸ ਕਰਕੇ ਕੀਤੀ ਗਈ ਹੋ ਸਕਦੀ ਹੈ ਕਿਉਂਕਿ ਅਦਿੱਤਿਆਨਾਥ ਹੋਣ ਵਾਲੀਆਂ ਰਾਜ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਇਕ ਸਥਾਨਕ ਜੁਰਮ ਨੂੰ ਇਕ ਭਰਪੂਰ ਫਿਰਕੂ ਯੁੱਧ ਵਿਚ ਬਦਲਣ ਦੀ ਧਮਕੀ ਦੇ ਰਿਹਾ ਸੀ ਜੋ ਉਸੇ ਸਾਲ ਅਪ੍ਰੈਲ ਅਤੇ ਮਈ ਵਿਚ ਹੋਣੀਆਂ ਸਨ। ਜਿਨ੍ਹਾਂ ਸਥਾਨਕ ਲੋਕਾਂ ਨਾਲ ਮੈਂ ਗੱਲ ਕੀਤੀ, ਉਨ੍ਹਾਂ ਦੀ ਦਲੀਲ ਸੀ ਕਿ ਫਿਰਕੂ ਲੀਹਾਂ 'ਤੇ ਲੜਾਈ ਨੇ ਮੁਸਲਮਾਨਾਂ ਨੂੰ ਯਾਦਵਾਂ ਦੀ ਮੁੱਖ ਵਿਰੋਧੀ ਬਹੁਜਨ ਸਮਾਜ ਪਾਰਟੀ ਦੀ ਮਾਇਆਵਤੀ ਦੇ ਹੱਕ ਵਿਚ ਵੋਟ ਪਾਉਣ ਲਈ ਮਜਬੂਰ ਕਰਕੇ ਸਮਾਜਵਾਦੀ ਪਾਰਟੀ ਨੂੰ ਚੋਣਾਂ ਵਿਚ ਕਮਜ਼ੋਰ ਕਰ ਦੇਣਾ ਸੀ।

ਕੁਝ ਵੀ ਹੋਵੇ, ਅਦਿੱਤਿਆਨਾਥ ਦੀ ਗ੍ਰਿਫ਼ਤਾਰੀ ਅਤੇ ਉਸ ਦੀ ਸੁਰੱਖਿਆ ਲਈ ਨਿਯੁਕਤ ਸੁਰੱਖਿਆ ਗਾਰਡਾਂ ਨੂੰ ਵਾਪਸ ਲੈਣ ਦੇ ਰਾਜ ਸਰਕਾਰ ਦੇ ਫ਼ੈਸਲੇ ਨੇ ਮਹੰਤ ਨੂੰ ਬੇਚੈਨ ਕਰ ਦਿੱਤਾ। ਇਹ ਚਰਚਿਤ ਹੈ ਕਿ 12 ਮਾਰਚ ਨੂੰ ਉਹ ਲੋਕ ਸਭਾ ਦੇ ਅੰਦਰ ਫੁੱਟ ਫੁੱਟ ਕੇ ਰੋ ਪਿਆ, ਜਿੱਥੇ ਉਸ ਨੇ 1998 ਤੋਂ ਗੋਰਖ਼ਪੁਰ ਦੀ ਨੁਮਾਇੰਦਗੀ ਕੀਤੀ ਸੀ। ਜੇਲ੍ਹ ਦੇ ਸੰਤਾਪ ਨੂੰ ਬਿਆਨ ਕਰਦੇ ਵਕਤ ਉਸ ਦੀਆਂ ਅੱਖਾਂ ਵਿਚ ਅੱਥਰੂ ਆ ਗਏ ਅਤੇ ਛਲਕ ਕੇ ਉਸ ਦੇ ਚਿਹਰੇ 'ਤੇ ਵਹਿ ਤੁਰੇ। ਉਸ ਦੀ ਅਵਾਜ਼ ਕੰਬਦੀ ਅਤੇ ਭਰੜਾਈ ਹੋਈ ਸੀ, ਜੋ ਵਿਚ ਵਿਚ ਭਾਵਨਾਵਾਂ 'ਚ ਵਹਿ ਜਾਂਦੀ ਸੀ। "ਮੈਂ ਆਪਣੇ ਸਮਾਜ ਲਈ ਸੰਨਿਆਸ ਲਿਆ, ਮੈਂ ਆਪਣਾ ਪਰਿਵਾਰ ਛੱਡ ਦਿੱਤਾ, ਆਪਣੇ ਮਾਤਾ-ਪਿਤਾ ਛੱਡ ਦਿੱਤੇ, ਪਰ ਮੈਨੂੰ ਮੁਜਰਿਮ ਬਣਾਇਆ ਜਾ ਰਿਹਾ ਹੈ," ਉਸ ਨੇ ਕਿਹਾ। ਉਸ ਨੇ "ਸਿਆਸੀ ਸਾਜ਼ਿਸ਼" ਦੀ ਗੱਲ ਕੀਤੀ ਅਤੇ ਧਮਕੀ ਦਿੱਤੀ ਕਿ ਜੇਕਰ ਸੰਸਦ ਨੇ ਉਸਨੂੰ ਸੁਰੱਖਿਆ ਪ੍ਰਦਾਨ ਨਾ ਕੀਤੀ ਤਾਂ ਉਹ ਅਹੁਦਾ ਛੱਡ ਦੇਵੇਗਾ।

ਬਲਵਾਨ ਸਮਝੇ ਜਾਂਦੇ ਬੰਦੇ ਦੇ ਰੋਣ ਅਤੇ ਸੁਰੱਖਿਆ ਲਈ ਜਨਤਕ ਲੇਲੜੀਆਂ ਕੱਢਣ ਦਾ ਉੱਘੜਵਾਂ ਅਸਰ ਹੋਇਆ। ਉਸ ਦੇ ਪੈਰੋਕਾਰ - ਖ਼ਾਸ ਕਰਕੇ ਉੱਚ ਜਾਤੀ ਦੇ ਠਾਕੁਰ, ਜੋ ਆਪਣੇ ਆਪ ਨੂੰ ਯੋਧੇ, ਬਹਾਦਰ ਲੋਕ ਸਮਝਦੇ ਸਨ - ਹੈਰਾਨ ਸਨ। ਉਨ੍ਹਾਂ ਨੇ ਇਸ ਨੂੰ ਉਸ ਦੇ ਇਕ ਨਿਡਰ, ਪ੍ਰਚੰਡ ਹਿੰਦੂ ਯੋਧੇ ਦੇ ਰੂਪ ਵਿਚ ਘੜੇ ਅਕਸ ਦੇ ਪਤਨ ਵਜੋਂ ਦੇਖਿਆ। ਪਰ, ਬਹੁਤ ਚਿਰ ਪਹਿਲਾਂ ਹੀ ਉਨ੍ਹਾਂ ਨੇ ਇਹ ਦਲੀਲ ਦਿੰਦੇ ਹੋਏ ਉਸ ਦੀ ਤਸਵੀਰ ਦੁਬਾਰਾ ਬਣਾਉਣੀ ਸ਼ੁਰੂ ਕਰ ਦਿੱਤੀ ਸੀ ਕਿ ਉਹ ਭਾਵਨਾਵਾਂ ਨਾਲ ਭਰਿਆ ਇਕ ਸੰਵੇਦਨਸ਼ੀਲ ਆਦਮੀ ਹੈ, ਹਾਲਾਂ ਕਿ ਬਹੁਤ ਸਾਰੇ ਸਥਾਨਕ ਲੋਕਾਂ ਨੇ ਉਸ ਨੂੰ ਇਕ ਐਸਾ ਡਰਪੋਕ ਕਿਹਾ ਜੋ ਸਿਰਫ਼ ਹਜ਼ੂਮੀ ਹਿੰਸਾ ਹੀ ਫੈਲਾ ਸਕਦਾ ਸੀ। ਦਸ ਸਾਲ ਬਾਦ ਉਹ ਉੱਤਰ ਪ੍ਰਦੇਸ ਦਾ ਮੁੱਖ ਮੰਤਰੀ ਬਣ ਗਿਆ।

ਉੱਤਰ ਪ੍ਰਦੇਸ਼ ਉੱਪਰ ਅਦਿੱਤਿਆਨਾਥ ਦਾ ਰਾਜ ਭਰੋਸੇ ਅਤੇ ਚਿੰਤਾ ਦੇ ਮਿਸ਼ਰਣ ਨਾਲ ਸ਼ੁਰੂ ਹੋਇਆ ਸੀ। ਭਾਰਤੀ ਜਨਤਾ ਪਾਰਟੀ ਨੇ 2017 ਦੀਆਂ ਰਾਜ ਵਿਧਾਨ ਸਭਾ ਚੋਣਾਂ ਵਿਚ ਹੈਰਾਨੀਜਨਕ ਜਿੱਤ ਹਾਸਲ ਕਰਕੇ ਸਦਨ ਦੀਆਂ ਬਹੁਮਤ ਸੀਟਾਂ ਉੱਤੇ ਕਬਜ਼ਾ ਕਰ ਲਿਆ। ਚੋਣ ਮੁਹਿੰਮ ਦੌਰਾਨ ਇਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਰਮਨਪਿਆਰਤਾ 'ਤੇ ਟੇਕ ਰੱਖੀ ਸੀ ਅਤੇ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ ਪੇਸ਼ ਨਹੀਂ ਕੀਤਾ ਸੀ। ਫਿਰ ਹਿੰਸਾ ਭੜਕਾਉਣ ਦੇ ਰਿਕਾਰਡ ਵਾਲੇ ਕੱਟੜ ਫਿਰਕੂ ਮਹੰਤ ਨੂੰ ਅਹੁਦੇ 'ਤੇ ਬੈਠਾਉਣ ਦੀ ਭਾਜਪਾ ਦੀ ਚੋਣ ਅੰਤਰਰਾਸ਼ਟਰੀ ਸੁਰਖ਼ੀਆਂ ਬਣੀ। ਉਦੋਂ ਤੋਂ ਲੈ ਕੇ ਅਦਿੱਤਿਆਨਾਥ ਹਿੰਦੂਤਵ ਰਾਜਨੀਤੀ ਦਾ ਸਭ ਤੋਂ ਘਿਣਾਉਣਾ ਚਿਹਰਾ ਬਣ ਗਿਆ ਹੈ। ਚੁਣੇ ਜਾਣ ਤੋਂ ਇਕ ਮਹੀਨਾ ਬਾਦ ਆਪਣੀ ਪਹਿਲੀ ਟੈਲੀਵਿਜ਼ਨ ਇੰਟਰਵਿਊ ਵਿਚ ਉਸ ਨੇ ਕਿਹਾ, "ਹਿੰਦੂ ਰਾਸ਼ਟਰ ਦੇ ਵਿਚਾਰ ਵਿਚ ਕੁਝ ਵੀ ਗ਼ਲਤ ਨਹੀਂ ਹੈ।" ਜੇ ਅਜਿਹਾ ਕੋਈ ਮੌਕਾ ਸੀ ਕਿ ਭਾਜਪਾ ਆਪਣੇ ਹਿੰਸਕ ਅਤੀਤ ਨੂੰ ਭੁਲਾ ਦੇਣ ਅਤੇ ਰਾਸ਼ਟਰੀ ਸੱਤਾ ਵਿਚ ਮੋਦੀ ਦੇ ਪਹਿਲੇ ਕਾਰਜ ਕਾਲ ਵਿਚ ਵਿਕਾਸਵਾਦੀ ਸਿਆਸਤ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕਰ ਰਹੀ ਸੀ ਤਾਂ ਅਦਿੱਤਿਆਨਾਥ ਦੇ ਕਾਰਜ ਕਾਲ ਨੇ ਉਸ ਉਮੀਦ 'ਤੇ ਪਾਣੀ ਫੇਰ ਦਿੱਤਾ ਹੈ।

**ਪਿਛਲੇ ਪੰਜ ਸਾਲਾਂ 'ਚ, ਉੱਤਰ ਪ੍ਰਦੇਸ਼ ਇਕ ਤੋਂ ਬਾਦ ਇਕ ਭਿਆਨਕ ਕਹਾਣੀਆਂ ਲਈ ਸੁਰਖ਼ੀਆਂ 'ਚ ਰਿਹਾ ਹੈ:** ਗਊ-ਸੰਬੰਧੀ ਹਜ਼ੂਮੀ ਕਤਲਾਂ ਤੋਂ ਲੈ ਕੇ ਗ਼ੈਰ-ਨਿਆਇਕ ਕਤਲਾਂ ਤੱਕ, ਹਾਲ ਹੀ ਵਿਚ, ਕੋਵਿਡ-19 ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਅਤੇ ਸੰਖਿਆ ਛੁਪਾਉਣ ਦੀ ਸਰਕਾਰ ਦੀ ਕੋਸ਼ਿਸ਼ ਤੱਕ। ਅਦਿੱਤਿਆਨਾਥ ਸਰਕਾਰ ਨੇ, ਜਦੋਂ ਇਹ ਇਨ੍ਹਾਂ ਮੁੱਦਿਆਂ ਨੂੰ ਲੁਕੋਣ ਜਾਂ ਚਲਾਕੀ ਨਾਲ ਘੁੰਮਾ ਕੇ ਪੇਸ਼ ਨਹੀਂ ਕਰ ਰਹੀ ਸੀ, ਉਦੋਂ ਇਸ ਨੇ ਇਨ੍ਹਾਂ ਮੁੱਦਿਆਂ ਵੱਲ ਧਿਆਨ ਦਿਵਾਉਣ ਵਾਲਿਆਂ ਨੂੰ ਤੰਗ-ਪ੍ਰੇਸ਼ਾਨ ਕਰਨ ਲਈ ਰਾਜਕੀ ਤਾਕਤ ਦੀ ਵਰਤੋਂ ਕੀਤੀ ਹੈ। 2017 'ਚ, ਡਾ. ਕਫ਼ੀਲ ਖ਼ਾਨ ਨੂੰ ਜੇਲ੍ਹ ਵਿਚ ਡੱਕ ਦਿੱਤਾ ਗਿਆ ਅਤੇ ਵਾਰ-ਵਾਰ ਸਤਾਇਆ ਗਿਆ ਕਿਉਂਕਿ ਉਸ ਨੇ ਗੋਰਖ਼ਪੁਰ ਹਸਪਤਾਲ ਵਿਚ ਸਰਕਾਰੀ ਲਾਪਰਵਾਹੀ ਕਾਰਨ ਤੀਹ ਤੋਂ ਵੱਧ ਬੱਚਿਆਂ ਅਤੇ ਕਈ ਬਾਲਗਾਂ ਦੀ ਆਕਸੀਜਨ ਦੀ ਘਾਟ ਕਾਰਨ ਹੋਈਆਂ ਮੌਤਾਂ ਵੱਲ ਉਂਗਲ ਕੀਤੀ ਸੀ। 2019 'ਚ, ਪੱਤਰਕਾਰ ਪਵਨ ਜੈਸਵਾਲ ਦਾ ਸਕੂਲ ਦੇ ਦੁਪਹਿਰ ਦੇ ਖਾਣੇ ਵਿਚ ਬੱਚਿਆਂ ਨੂੰ ਲੂਣ ਨਾਲ ਰੋਟੀ ਦਿੱਤੇ ਜਾਣ ਦਾ ਵੀਡੀਓ ਵਾਇਰਲ ਹੋਇਆ ਤਾਂ ਉਸ ਵਿਰੁੱਧ ਫ਼ੌਜਦਾਰੀ ਸਾਜ਼ਿਸ਼ ਵਿਚ ਸ਼ਾਮਲ ਹੋਣ ਦਾ ਮੁਕੱਦਮਾ ਦਰਜ ਕਰ ਲਿਆ ਗਿਆ। 2020 'ਚ, ਹਾਥਰਸ ਵਿਚ ਉੱਚ ਜਾਤੀ ਦੇ ਮਰਦਾਂ ਵੱਲੋਂ ਇਕ ਦਲਿਤ ਔਰਤ ਦੇ ਸਮੂਹਿਕ ਬਲਾਤਕਾਰ ਅਤੇ ਬਾਦ ਵਿਚ ਹੋਈ ਮੌਤ ਬਾਰੇ ਰਿਪੋਰਟ ਕਰਨ ਦੀ ਕੋਸ਼ਿਸ਼ ਕਰਨ 'ਤੇ ਪੱਤਰਕਾਰ ਸਿੱਦੀਕ ਕੱਪਨ 'ਤੇ ਜਾਬਰ ਗ਼ੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ (ਯੂ.ਏ.ਪੀ.ਏ.) ਦੇ ਤਹਿਤ ਮਾਮਲਾ ਦਰਜ ਕੀਤਾ ਗਿਆ। 2021 'ਚ, ਇਕ ਹਸਪਤਾਲ ਨੂੰ ਨਾਮਜ਼ੱਦ ਕਰਕੇ ਉਸ ਵਿਰੁੱਧ ਐੱਫ.ਆਈ.ਆਰ. ਦਾਇਰ ਕਰ ਲਈ ਗਈ ਜਿਸਨੇ ਕੋਵਿਡ-19 ਮਹਾਮਾਰੀ ਦੀ ਦੂਜੀ ਲਹਿਰ ਦੌਰਾਨ ਆਕਸੀਜਨ ਦੀ ਕਮੀ ਬਾਰੇ ਨੋਟਿਸ ਦਿੱਤਾ ਸੀ।

ਉੱਤਰ ਪ੍ਰਦੇਸ਼ ਪੁਲਿਸ ਹੁਣ ਪੱਤਰਕਾਰਾਂ ਨੂੰ ਅਜਿਹੀਆਂ ਗੱਲਾਂ ਦੀ ਰਿਪੋਰਟ ਕਰਨ ਜਾਂ ਟਵੀਟ ਕਰਨ ਲਈ ਲਗਾਤਾਰ ਨੋਟਿਸ ਭੇਜਦੀ ਰਹਿੰਦੀ ਹੈ ਜੋ ਸਰਕਾਰ ਨੂੰ ਪਸੰਦ ਨਹੀਂ ਹਨ। ਅਦਿੱਤਿਆਨਾਥ ਨੇ ਰਾਜ ਦੀ ਪੁਲਿਸ ਨੂੰ ਸਜ਼ਾ ਤੋਂ ਛੋਟ ਦਿੰਦੇ ਹੋਏ ਪ੍ਰਦਰਸ਼ਨਕਾਰੀਆਂ ਅਤੇ ਪੱਤਰਕਾਰਾਂ ਦੇ ਵਿਰੁੱਧ ਕਾਰਵਾਈ ਕਰਨ ਦਾ ਅਧਿਕਾਰ ਦਿੱਤਾ ਹੋਇਆ ਹੈ, ਜਦੋਂ ਕਿ ਅਕਸਰ ਹੀ ਉੱਚ-ਜਾਤੀ ਹਿੰਦੂ ਧੌਂਸਬਾਜ਼ੀ ਪ੍ਰਤੀ ਅੱਖਾਂ ਮੀਟਣ ਦੀ ਇਜਾਜ਼ਤ ਦਿੱਤੀ ਹੋਈ ਹੈ। ਇਹ ਕੁਲ ਕਵਾਇਦ ਉਸ ਵੱਲੋਂ ਕਾਨੂੰਨ ਅਤੇ ਵਿਵਸਥਾ ਬਣਾਈ ਰੱਖਣ ਲਈ ਚੁੱਕੇ ਗਏ ਸਖ਼ਤ ਕਦਮ ਸਮਝੇ ਜਾਂਦੇ ਹਨ।

ਜਦੋਂ ਉੱਤਰ ਪ੍ਰਦੇਸ਼ ਵਿਚ 2022 ਦੀਆਂ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ ਤਾਂ ਅਦਿੱਤਿਆਨਾਥ ਸਰਕਾਰ ਨੇ ਕੁਲ ਨਕਾਰਾਤਮਕ ਪ੍ਰੈੱਸ ਕਵਰੇਜ਼ ਦਾ ਮੁਕਾਬਲਾ ਕਰਨ ਲਈ ਆਪਣੀਆਂ ਕਥਿਤ ਪ੍ਰਾਪਤੀਆਂ ਨੂੰ ਉਜਾਗਰ ਕਰਨ ਵਾਲੇ ਇਸ਼ਤਿਹਾਰਾਂ ਦੀ ਝੜੀ ਲਾਉਣੀ ਸ਼ੁਰੂ ਕਰ ਦਿੱਤੀ ਹੈ। ਮੋਦੀ ਦੇ ਨਾਲ ਯੋਗੀ ਦਾ ਚਿਹਰਾ ਲੱਗਭੱਗ ਰੋਜ਼ਾਨਾ ਵੱਡੇ ਅਖ਼ਬਾਰਾਂ ਦੇ ਪਹਿਲੇ ਪੰਨਿਆਂ ਦਾ ਸ਼ਿੰਗਾਰ ਬਣਦਾ ਹੈ, ਜਿਨ੍ਹਾਂ ਵਿਚ ਮੁੱਖ ਤੌਰ 'ਤੇ ਰਾਜ ਤੋਂ ਬਾਹਰ ਪੜ੍ਹੀਆਂ ਜਾਣ ਵਾਲੀਆਂ ਅਖ਼ਬਾਰਾਂ ਵੀ ਸ਼ਾਮਿਲ ਹਨ। ਅਪ੍ਰੈਲ 2020 ਤੋਂ ਮਾਰਚ 2021 ਦਰਮਿਆਨ, ਉੱਤਰ ਪ੍ਰਦੇਸ਼ ਸਰਕਾਰ ਨੇ ਟੀਵੀ ਚੈਨਲਾਂ ਵਿਚ ਇਸ਼ਤਿਹਾਰਾਂ ਉੱਪਰ 160 ਕਰੋੜ ਰੁਪਏ ਖ਼ਰਚ ਕੀਤੇ। ਇਹ ਉਸ ਦੇ ਅਕਸ ਨੂੰ ਸਾਫ਼-ਸੁਥਰਾ ਬਣਾ ਕੇ ਪੇਸ਼ ਕਰਨ ਅਤੇ ਉਸ ਦੇ ਕਾਰਜਕਾਲ ਦੌਰਾਨ ਰਾਜ ਦੁਆਰਾ ਫੈਲਾਈ ਦਹਿਸ਼ਤ ਅਤੇ ਹਿੰਸਾ ਤੋਂ ਧਿਆਨ ਹਟਾਉਣ ਦੀ ਵਿਉਂਤਬੱਧ ਕੋਸ਼ਿਸ਼ ਹੈ।

ਹੋਰ ਹਿੰਦੂ ਰਾਸ਼ਟਰਵਾਦੀਆਂ ਵਾਂਗ ਅਦਿੱਤਿਆਨਾਥ 'ਚ ਵੀ ਉਨ੍ਹਾਂ ਥਾਵਾਂ ਦੇ ਨਾਮ ਬਦਲਣ ਦਾ ਜਨੂੰਨ ਦੇਖਿਆ ਜਾ ਸਕਦਾ ਹੈ ਜਿਨ੍ਹਾਂ ਨੂੰ ਉਹ ਅਪਮਾਨਜਨਕ ਸਮਝਦਾ ਹੈ। ਗੋਰਖ਼ਪੁਰ ਤੋਂ ਸੰਸਦ ਮੈਂਬਰ ਵਜੋਂ, ਉਸ ਨੇ ਸ਼ਹਿਰ ਦੇ ਕਈ ਖੇਤਰਾਂ ਦੇ ਨਾਮ ਬਦਲ ਦਿੱਤੇ: ਅਲੀਨਗਰ ਤੋਂ ਆਰੀਆਨਗਰ, ਮੀਆਂ ਰੋਡ ਤੋਂ ਮਾਇਆ ਰੋਡ ਅਤੇ ਉਰਦੂ ਬਾਜ਼ਾਰ ਤੋਂ ਹਿੰਦੀ ਬਾਜ਼ਾਰ। ਮੁੱਖ ਮੰਤਰੀ ਹੋਣ ਦੀ ਹੈਸੀਅਤ 'ਚ ਉਹ ਇਸ ਜਨੂੰਨ ਨੂੰ ਸੂਬੇ ਦੇ ਹੋਰ ਹਿੱਸਿਆਂ ਵਿਚ ਲੈ ਗਿਆ। ਫੈਜ਼ਾਬਾਦ ਜ਼ਿਲ੍ਹੇ ਨੂੰ ਅਯੁੱਧਿਆ ਜ਼ਿਲ੍ਹਾ ਬਣਾ ਦਿੱਤਾ ਗਿਆ, ਅਤੇ ਅਲਾਹਾਬਾਦ ਦਾ ਨਾਂ ਬਦਲ ਕੇ ਪ੍ਰਯਾਗਰਾਜ ਕਰ ਦਿੱਤਾ ਗਿਆ। ਨਵੰਬਰ 2021 ਵਿਚ ਆਜ਼ਮਗੜ੍ਹ ਵਿਚ ਇਕ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਦੇ ਹੋਏ ਉਸ ਨੇ ਕਿਹਾ, "ਅੱਜ ਜਿਸ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਿਆ ਗਿਆ ਹੈ, ਉਹ ਆਜ਼ਮਗੜ੍ਹ ਨੂੰ ਸੱਚੀਂਮੁੱਚੀਂ ਆਰੀਅਮਗੜ੍ਹ ਬਣਾ ਦੇਵੇਗੀ। ਇਸ ਵਿਚ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ।"

ਅਦਿੱਤਿਆਨਾਥ ਨੂੰ ਅਕਸਰ ਤਸਵੀਰਾਂ ਵਿਚ ਗਾਵਾਂ, ਉਸ ਦੇ ਕੁੱਤਿਆਂ, ਬਾਂਦਰਾਂ ਅਤੇ ਹੋਰ ਜਾਨਵਰਾਂ ਨਾਲ ਦਿਖਾਇਆ ਜਾਂਦਾ ਹੈ ਤਾਂ ਜੋ ਉਸ ਦੀ ਸ਼ਖ਼ਸੀਅਤ ਦੇ ਨਰਮ ਪੱਖ ਦੀ ਨੁਮਾਇਸ਼ ਲਾਈ ਜਾ ਸਕੇ। ਹਾਲਾਂਕਿ, ਉਸ ਦੀਆਂ ਮੁਸਲਿਮ ਵਿਰੋਧੀ ਭਾਵਨਾਵਾਂ ਦਾ ਸਭ ਤੋਂ ਵੱਧ ਹਿੰਸਕ ਪ੍ਰਗਟਾਵਾ ਗਊ ਰੱਖਿਆ ਨੂੰ ਲੈ ਕੇ ਹੋਇਆ ਹੈ। ਮੁੱਖ ਮੰਤਰੀ ਵਜੋਂ ਉਸ ਦੀ ਪਹਿਲੀ ਪਹਿਲਕਦਮੀ ਰਾਜ ਦੇ ਸਾਰੇ ਗ਼ੈਰ-ਕਾਨੂੰਨੀ ਬੁੱਚੜਖ਼ਾਨਿਆਂ ਨੂੰ ਬੰਦ ਕਰਨ ਦਾ ਹੁਕਮ ਦੇਣਾ ਅਤੇ ਉਨ੍ਹਾਂ ਵਿਰੁੱਧ ਵੱਡੇ ਪੱਧਰ 'ਤੇ ਪੁਲਿਸ ਕਾਰਵਾਈ ਸ਼ੁਰੂ ਕਰਨਾ ਸੀ। ਕਿਉਂਕਿ ਉੱਤਰ ਪ੍ਰਦੇਸ਼ ਵਿਚ ਜ਼ਿਆਦਾਤਰ ਬੁੱਚੜਖ਼ਾਨੇ ਹਮੇਸਾ ਬਿਨਾਂ ਸਹੀ ਲਾਇਸੈਂਸ ਦੇ ਚੱਲਦੇ ਸਨ, ਇਸ ਦੇ ਨਤੀਜੇ ਵਜੋਂ ਕਸਾਈ ਅਤੇ ਮੀਟ-ਕਾਰੋਬਾਰ ਦੇ ਮਾਲਕਾਂ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਮੁਸਲਮਾਨ ਸਨ, ਦੀ ਰੋਜ਼ੀ-ਰੋਟੀ ਦਾ ਭਾਰੀ ਨੁਕਸਾਨ ਹੋਇਆ। ਉਸ ਨੇ ਹਰੇਕ ਜ਼ਿਲ੍ਹੇ ਵਿਚ "ਗਊ-ਰਕਸ਼ਾ ਕਮੇਟੀਆਂ" ਬਣਾਉਣ ਦਾ ਹੁਕਮ ਦਿੱਤਾ, ਜਿਸ ਦੀ ਅਗਵਾਈ ਜ਼ਿਲ੍ਹਾ ਮੈਜਿਸਟਰੇਟ ਅਤੇ ਜ਼ਿਲ੍ਹਾ ਪੁਲਿਸ ਮੁਖੀ ਕਰਦੇ ਹਨ ਅਤੇ ਦੋ ਨਿੱਜੀ "ਗਊ-ਪ੍ਰੇਮੀ ਵਿਅਕਤੀ" ਉਨ੍ਹਾਂ ਦੀ ਮੱਦਦ ਕਰਦੇ ਹਨ। ਕਾਗਜ਼ਾਂ 'ਚ, ਇਸ ਕਦਮ ਦਾ ਉਦੇਸ਼ ਗਊਆਂ ਦੀ ਸਹੀ ਸਾਂਭ-ਸੰਭਾਲ ਨੂੰ ਯਕੀਨੀ ਬਣਾਉਣਾ ਹੈ, ਪਰ ਅਮਲੀ ਤੌਰ 'ਤੇ ਇਸ ਨੇ ਹਿੰਦੂਤਵੀ ਸਮੂਹਾਂ ਦੁਆਰਾ ਗਊ ਰੱਖਿਆ ਨੂੰ ਹੱਲਾਸ਼ੇਰੀ ਦਿੱਤੀ। ਗਊ ਤਸਕਰੀ ਜਾਂ ਗਊ ਹੱਤਿਆ ਦੇ ਦੋਸ਼ੀ ਸਮਝੇ ਜਾਂਦੇ ਮੁਸਲਮਾਨਾਂ ਦੇ ਕਈ ਮਾਮਲਿਆਂ ਦਾ ਦੁਖਦਾਈ ਅੰਤ ਹੋਇਆ ਹੈ।

ਅਦਿੱਤਿਆਨਾਥ ਦਾ ਸਪਸ਼ਟ ਫਿਰਕੂ ਨਜ਼ਰੀਆ ਸ਼ਾਇਦ ਹੀ ਲੁਕਿਆ ਛਿਪਿਆ ਹੈ; ਇਹ ਉਸ ਦੇ ਜਨਤਕ ਭਾਸ਼ਣਾਂ ਉੱਪਰ ਹਾਵੀ ਹੈ। 2020 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਲਈ ਪ੍ਰਚਾਰ ਕਰਦੇ ਹੋਏ ਉਸ ਨੇ ਆਮ ਆਦਮੀ ਪਾਰਟੀ ਦੇ ਨੇਤਾ ਅਰਵਿੰਦ ਕੇਜਰੀਵਾਲ ਨੂੰ "ਸ਼ਾਹੀਨ ਬਾਗ ਪ੍ਰਦਰਸ਼ਨਕਾਰੀਓਂ ਕੀ ਹਮਾਇਤ ਕਰਨ ਵਾਲੀ ਅਤੇ ਬਿਰਯਾਨੀ ਖਿਲਾਨੇਂ ਵਾਲੀ ਸਰਕਾਰ" ਕਹਿ ਕੇ ਨਿਸ਼ਾਨਾ ਬਣਾਇਆ। ਉਹ

ਨਾਗਰਿਕਤਾ (ਸੋਧ) ਕਾਨੂੰਨ ਵਿਰੁੱਧ ਸ਼ਾਂਤਮਈ ਧਰਨੇ ਪ੍ਰਦਰਸ਼ਨ ਦਾ ਹਵਾਲਾ ਦੇ ਰਿਹਾ ਸੀ, ਜੋ ਮੁਸਲਮਾਨਾਂ ਨਾਲ ਵਿਤਕਰਾ ਕਰਦਾ ਹੈ। ਉਨ੍ਹਾਂ ਧਰਨਾਕਾਰੀਆਂ ਨੂੰ ਧਮਕੀ ਦਿੰਦੇ ਹੋਏ ਉਸ ਨੇ ਕਿਹਾ, "ਜੋਬੋਲੀ ਸੇ ਨਹੀਂ ਮਾਨੇਂਗਾ ਵੋਹ ਗੋਲੀ ਸੇ ਤੋ ਮਾਨ ਹੀ ਜਾਏਗਾ।"

ਉੱਤਰ ਪ੍ਰਦੇਸ਼ ਵਿਚ ਸੀਏਏ ਵਿਰੋਧੀ ਮੁਜ਼ਾਹਰਿਆਂ ਦਾ ਬੇਕਿਰਕ ਦਮਨ ਅਦਿੱਤਿਆਨਾਥ ਦੀ ਹਕੂਮਤ ਹੇਠ ਉੱਭਰੇ ਤਾਨਾਸ਼ਾਹ ਨਿਜ਼ਾਮ ਦਾ ਸਭ ਤੋਂ ਸਪਸ਼ਟ ਸਬੂਤ ਸੀ। ਮੁਲਕ ਵਿਚ ਹੋਰ ਕਿਤੇ ਵੀ ਐਨਾ ਬੇਕਿਰਕ ਅਤੇ ਖੁੱਲ੍ਹੇਆਮ ਫਿਰਕੂ ਹਮਲਾ ਨਹੀਂ ਹੋਇਆ ਜਿੰਨਾ ਉੱਤਰ ਪ੍ਰਦੇਸ਼ ਵਿਚ ਹੋਇਆ। ਉਸ ਦੀ ਸਰਕਾਰ ਨੇ ਜਨਤਕ ਜਾਇਦਾਦ ਨੂੰ ਕਥਿਤ ਤੌਰ 'ਤੇ ਨਸ਼ਟ ਕਰਨ ਲਈ ਪ੍ਰਦਰਸ਼ਨਕਾਰੀਆਂ ਨੂੰ ਬਿਨਾਂ ਕਿਸੇ ਨਿਆਂਇਕ ਜਾਂਚ ਦੇ ਅੰਨ੍ਹੇਵਾਹ ਜੁਰਮਾਨਾ ਲਗਾਏ। ਉਸ ਨੇ ਲਖਨਊ ਦੀਆਂ ਕੰਧਾਂ ਉੱਪਰ ਪ੍ਰਦਰਸ਼ਨਕਾਰੀਆਂ ਦੇ ਨਾਮ ਅਤੇ ਫੋਟੋਆਂ ਵਾਲੇ ਪੋਸਟਰ ਲਗਾਉਣ ਦੇ ਆਦੇਸ਼ ਦਿੱਤੇ। ਜਦੋਂ ਇਨ੍ਹਾਂ ਵਿੱਚੋਂ ਕੋਈ ਵੀ ਕੋਸ਼ਿਸ਼ ਉਨ੍ਹਾਂ ਨੂੰ ਠੱਲ ਪਾਉਂਦੀ ਨਹੀਂ ਜਾਪੀ ਤਾਂ ਪੁਲਿਸ ਦੀ ਛਾਪੇਮਾਰੀ ਅਤੇ ਹਮਲਿਆਂ ਦਾ ਸਹਾਰਾ ਲਿਆ ਗਿਆ।

ਨਵੰਬਰ 2020 'ਚ, ਉਹ "ਲਵ ਜੇਹਾਦ" ਦੀਆਂ ਘਟਨਾਵਾਂ ਨੂੰ ਨਿਯੰਤਰਿਤ ਕਰਨ ਲਈ ਇਕ ਆਰਡੀਨੈਂਸ ਲਿਆਉਣ ਵਾਲਾ ਪਹਿਲਾ ਮੁੱਖ ਮੰਤਰੀ ਬਣਿਆ – ਜਿਸ ਨੂੰ ਹਿੰਦੂ ਫਿਰਕਾਪ੍ਰਸਤਾਂ ਵੱਲੋਂ ਮੁਸਲਿਮ ਮਰਦਾਂ ਦੀ ਨੌਜਵਾਨ ਹਿੰਦੂ ਔਰਤਾਂ ਨੂੰ ਵਿਆਹ ਲਈ ਭਰਮਾਉਣ ਅਤੇ ਉਨ੍ਹਾਂ ਦਾ ਧਰਮ ਬਦਲ ਕੇ ਇਸਲਾਮ ਨਾਲ ਜੋੜਨ ਦੀ ਸਾਜ਼ਿਸ਼ ਕਿਹਾ ਗਿਆ ਹੈ। ਉੱਤਰ ਪ੍ਰਦੇਸ਼ ਗੈਰਕਾਨੂੰਨੀ ਧਰਮ-ਬਦਲੀ ਰੋਕੂ ਕਾਨੂੰਨ-2021 'ਚ ਸ਼ੱਕੀ ਜਾਪਦੇ ਵਿਆਹ ਲਈ ਇਕ ਤੋਂ ਦਸ ਸਾਲ ਦੀ ਕੈਦ ਅਤੇ ਪੰਦਰਾਂ ਹਜ਼ਾਰ ਤੋਂ ਪੰਜਾਹ ਹਜ਼ਾਰ ਰੁਪਏ ਦੇ ਜੁਰਮਾਨੇ ਦੀ ਵਿਵਸਥਾ ਹੈ। "ਲਵ ਜੇਹਾਦ" ਦਾ ਮੁੱਦਾ ਅਦਿੱਤਿਆਨਾਥ ਦੇ ਮੁੱਖ ਮੰਤਰੀ ਬਣਨ ਤੋਂ ਬਹੁਤ ਪਹਿਲਾਂ ਉਸ ਦੇ ਏਜੰਡੇ 'ਤੇ ਸੀ – ਹਿੰਦੂ ਯੁਵਾ ਵਾਹਿਨੀ ਨੇ ਗੋਰਖ਼ਪੁਰ ਅਤੇ ਆਸ ਪਾਸ ਦੇ ਖੇਤਰਾਂ ਵਿਚ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਲਈ ਸਰਗਰਮੀ ਨਾਲ ਇਸ ਦੀ ਵਰਤੋਂ ਕੀਤੀ।

ਨਵੇਂ ਕਾਨੂੰਨ ਨਾਲ ਲੈਸ ਉੱਤਰ ਪ੍ਰਦੇਸ਼ ਪੁਲਿਸ ਨੇ ਰਾਜ ਦੇ ਕਈ ਹਿੱਸਿਆਂ ਵਿਚ ਅੰਤਰ-ਧਾਰਮਿਕ ਵਿਆਹਾਂ 'ਤੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਸਭ ਤੋਂ ਪਰੇਸ਼ਾਨ ਕਰਨ ਵਾਲੀਆਂ ਮਿਸਾਲਾਂ ਵਿੱਚੋਂ ਇਕ ਮੁਰਾਦਾਬਾਦ ਦੀ ਇਕ 22 ਸਾਲਾ ਔਰਤ ਦੀ ਹੈ ਜਿਸ ਨੂੰ ਉਸ ਦੇ ਪਤੀ ਦੀ ਇਸ ਕਾਨੂੰਨ ਦੇ ਤਹਿਤ ਗ੍ਰਿਫਤਾਰੀ ਤੋਂ ਬਾਦ ਇਕ ਸ਼ੈਲਟਰ ਹੋਮ ਵਿਚ ਭੇਜੇ ਜਾਣ ਤੋਂ ਬਾਦ ਗਰਭਪਾਤ ਦਾ ਸੰਤਾਪ ਝੱਲਣਾ ਪਿਆ। ਬਾਦ ਵਿਚ ਪਤੀ ਨੂੰ ਛੱਡ ਦਿੱਤਾ ਗਿਆ ਕਿਉਂਕਿ ਪੁਲਿਸ ਔਰਤ ਦਾ ਜ਼ਬਰਦਸਤੀ ਧਰਮ ਬਦਲੀ ਕੀਤੇ ਜਾਣ ਦੇ ਦੋਸ਼ਾਂ ਦੇ ਹੱਕ 'ਚ ਕੋਈ ਸਬੂਤ ਨਹੀਂ ਲੱਭ ਸਕੀ ਸੀ।

ਮੁਰਾਦਾਬਾਦ ਮਾਮਲੇ ਵਿਚ ਪੁਲਿਸ ਦੀ ਬੇਰਹਿਮੀ ਦਾ ਜ਼ਿਕਰ 104 ਸੇਵਾਮੁਕਤ ਨੌਕਰਸ਼ਾਹਾਂ ਦੇ ਇਕ ਸਮੂਹ ਵੱਲੋਂ ਦਸੰਬਰ 2020 ਵਿਚ ਅਦਿੱਤਿਆਨਾਥ ਨੂੰ ਲਿਖੀ ਚਿੱਠੀ ਵਿਚ ਕੀਤਾ ਗਿਆ ਸੀ। ਇਸ ਵਿਚ ਕਿਹਾ ਗਿਆ ਕਿ "ਉੱਤਰ ਪ੍ਰਦੇਸ਼ ਦੀ ਪੂਰੀ ਪੁਲਿਸ ਫੋਰਸ ਨੂੰ ਸਾਰੇ ਨਾਗਰਿਕਾਂ ਦੇ ਅਧਿਕਾਰਾਂ ਦਾ ਸਨਮਾਨ ਕਰਨ ਲਈ ਬਿਨਾਂ ਦੇਰੀ ਦੇ ਸਿਖਲਾਈ ਦੇਣ ਦੀ ਜ਼ਰੂਰਤ ਹੈ; ਅਤੇ 'ਤੁਹਾਡੇ' ਸਮੇਤ ਯੂਪੀ ਦੇ ਰਾਜ ਨੇਤਾਵਾਂ ਨੂੰ ਆਪਣੇ ਆਪ ਨੂੰ ਸੰਵਿਧਾਨ ਦੀਆਂ ਵਿਵਸਥਾਵਾਂ ਬਾਰੇ ਮੁੜ ਸਿੱਖਿਅਤ ਹੋਣ ਦੀ ਜ਼ਰੂਰਤ ਹੈ, ਜਿਸ ਨੂੰ ਤੁਸੀਂ ਅਤੇ ਹੋਰ ਕਾਨੂੰਨ ਘਾੜਿਆਂ ਨੇ ਬਰਕਰਾਰ ਰੱਖਣ ਦੀ ਸਹੁੰ ਚੁੱਕੀ ਹੈ।"

ਅਜਿਹੇ ਇਤਰਾਜ਼ਾਂ ਨੂੰ ਦਰਕਿਨਾਰ ਕਰਕੇ ਅਦਿੱਤਿਆਨਾਥ ਨੇ ਅਜਿਹੇ ਕਦਮਾਂ ਦਾ ਵੱਡੇ ਪੱਧਰ 'ਤੇ ਸਿਆਸੀ ਲਾਹਾ ਲਿਆ ਹੈ। ਉਹ ਆਪਣੇ ਵਿਰੋਧੀਆਂ ਦੀਆਂ ਨਜ਼ਰਾਂ ਵਿਚ ਤਾਨਾਸ਼ਾਹੀ ਦੀ ਨੁਮਾਇੰਦਗੀ ਕਰਦੇ ਹਨ, ਪਰ ਹਿੰਦੂਆਂ ਦੇ ਉਸ ਹਿੱਸੇ ਲਈ ਜੋ ਭਾਜਪਾ ਅਤੇ ਇਸਦੇ ਮਾਤਾ-ਪਿਤਾ, ਰਾਸਟਰੀ ਸਵੈਮ ਸੇਵਕ ਸੰਘ ਦਾ ਮੁੱਖ ਹਮਾਇਤੀ ਅਧਾਰ ਹੈ, ਇਹ ਮੁਸਲਮਾਨਾਂ ਲਈ ਉਸ ਦੀ ਨਫ਼ਰਤ ਦਾ ਸਬੂਤ ਹਨ – ਸੰਘ ਪਰਿਵਾਰ ਦੇ ਹਿੰਦੂਤਵ ਏਜੰਡੇ ਦਾ ਚਹੇਤਾ ਚਿਹਰਾ ਬਣਨ ਦੀ ਬਿਹਤਰੀਨ ਸੰਭਵ ਕਾਬਲੀਅਤ। ਹਾਲਾਂ ਕਿ ਸੱਚੇ ਮਾਇਨਿਆਂ 'ਚ ਅਦਿੱਤਿਆਨਾਥ ਨੇ ਉੱਤਰ ਪ੍ਰਦੇਸ਼ 'ਚ ਆਪਣੇ ਹਿੰਦੂ ਵੋਟਰਾਂ ਨੂੰ ਵੀ ਕੋਈ ਠੋਸ ਲਾਭ ਨਹੀਂ ਦਿੱਤਾ ਹੈ, ਫਿਰ ਵੀ ਮੁਸਲਮਾਨਾਂ ਦੀ ਜ਼ਿੰਦਗੀ ਨੂੰ ਤਰਸਯੋਗ ਬਣਾਉਣ ਦੇ ਉਸ ਦੇ ਯਤਨਾਂ ਨੇ ਇਸ ਰਾਜ ਦੇ ਨਾਲ-ਨਾਲ ਮੁਲਕ ਦੇ ਬਾਕੀ ਹਿੱਸਿਆਂ ਵਿਚ ਹਿੰਦੂ ਫਿਰਕਾਪ੍ਰਸਤਾਂ ਨੂੰ ਖ਼ੁਸ਼ ਕੀਤਾ ਹੈ।

ਉਸ ਦੀ ਕਾਮਯਾਬੀ ਦਾ ਮੁੱਖ ਸਿਹਰਾ ਉਸ ਦੇ ਯੋਗੀਆਂ ਵਾਲੇ ਆਡੰਬਰ ਸਿਰ ਬੱਝਦਾ ਹੈ। ਉਹ ਹਮੇਸ਼ ਗੇਰੂਏ ਬਸਤਰ ਪਹਿਨਦਾ ਹੈ, ਅਤੇ ਸਦਾ ਸਿਰ ਘੋਨਮੋਨ ਕਰਾ ਕੇ ਰੱਖਦਾ ਹੈ। ਉਸ ਨੇ ਸ਼ਰਧਾਲੂ ਹਿੰਦੂਆਂ ਦੇ ਚੋਖੇ ਹਿੱਸੇ ਨੂੰ ਯਕੀਨ ਦਿਵਾਇਆ ਹੋਇਆ ਹੈ ਕਿ ਉਹ ਇਕ ਐਸਾ ਵਿਅਕਤੀ ਹੈ ਜੋ ਗ਼ੈਰ-ਸਿਆਸੀ ਜੀਵਨ ਜੀਅ ਸਕਦਾ ਹੈ – ਭਾਵੇਂ ਉਹ ਰਾਜ ਵਿਚ ਸਭ ਤੋਂ ਉੱਚੇ ਰਾਜਨੀਤਿਕ ਅਹੁਦੇ 'ਤੇ ਬੈਠਾ ਹੈ – ਅਤੇ ਜੋ ਹਿੰਦੂ ਪਰੰਪਰਾਵਾਂ ਨੂੰ ਮੁੜ ਬਹਾਲ ਜਾਂ ਮਜ਼ਬੂਤ ਕਰਨ ਲਈ ਯਤਨਸ਼ੀਲ ਹੈ। ਹਿੰਦੂ ਜਨਤਾ ਦੀ ਕਲਪਨਾ ਵਿਚ ਉਹ ਪਹਿਲ ਪ੍ਰਿਥਮੇਂ ਮੱਠ ਦਾ ਮੁਖੀ ਹੈ। ਇਹ ਅਕਸਰ ਕਿਹਾ ਜਾਂਦਾ ਹੈ ਕਿ ਮੁੱਖ ਮੰਤਰੀ ਬਣਨ ਤੋਂ ਬਾਦ ਵੀ, ਉਸ ਨੇ ਇਕ ਤਪੱਸਵੀ ਤਰਜ਼ੇ-ਜ਼ਿੰਦਗੀ ਦੀ ਪਾਲਣਾ ਕੀਤੀ ਹੈ: ਉਹ ਸਵੇਰੇ ਸਾਝਰੇ ਉੱਠਦਾ ਹੈ, ਯੋਗ ਅਭਿਆਸ ਕਰਦਾ ਹੈ ਅਤੇ ਫਿਰ ਲੰਮੀ-ਚੌੜੀ ਪੂਜਾ ਤੋਂ ਬਾਦ ਆਪਣੀਆਂ ਦੁਨਿਆਵੀ ਡਿਊਟੀਆਂ ਸਾਂਭ ਲੈਂਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਗਊਸ਼ਾਲਾ ਜਾਣਾ ਉਸ ਦੇ ਨਿੱਤਨੇਮ ਦਾ ਹਿੱਸਾ ਹੈ। ਫਿਰ ਵੀ, ਆਮ ਧਾਰਨਾ ਦੇ ਉਲਟ, ਉਸ ਦੇ ਜੀਵਨ ਵਿਚ ਇਕ ਵਕਤ ਐਸਾ ਆਇਆ ਜਦੋਂ ਮੱਠ ਦਾ ਜੀਵਨ ਉਸ ਦੇ ਭਾਗਾਂ 'ਚ ਨਹੀਂ ਜਾਪਦਾ ਸੀ।

ਪੰਡਤਾਊ ਆਡੰਬਰ ਰਚਦੇ ਹੋਏ, ਅਦਿੱਤਿਆਨਾਥ ਨੇ ਆਪਣੇ ਆਪ ਨੂੰ ਇਕ ਹਿੰਦੂ ਸੰਨਿਆਸੀ ਅਤੇ ਇਕ ਕੱਟੜ ਹਿੰਦੂਤਵੀ ਕਾਰਕੁਨ ਦੇ ਸੁਮੇਲ ਵਜੋਂ ਪੇਸ਼ ਕੀਤਾ ਹੈ। ਉਸ ਦੇ ਇਸ਼ਾਰੇ ਅਤੇ ਫਿਰਕੂ ਨਫਰਤ ਦੇ ਐਲਾਨ ਐਨੇ ਸਰੇਆਮ ਅਤੇ ਅਕਸਰ ਹੁੰਦੇ ਹਨ ਕਿ ਨਰਿੰਦਰ ਮੋਦੀ ਅਤੇ ਉਸ ਦਾ ਸਭ ਤੋਂ ਨਜ਼ਦੀਕੀ ਲਫਟੈਣ ਅਮਿਤ ਸ਼ਾਹ ਵੀ ਉਸ ਦੇ ਮੁਕਾਬਲੇ ਉਦਾਰਵਾਦੀ ਦਿਖਾਈ ਦੇ ਸਕਦੇ ਹਨ। ਜਦੋਂ ਇਕ ਵਾਰ ਉਸ ਨੂੰ ਮੁੱਖ ਮੰਤਰੀ ਵਜੋਂ ਪੈਰ ਜਮਾਉਣ ਦਾ ਪੱਕਾ ਆਧਾਰ ਮਿਲ ਗਿਆ, ਫਿਰ ਉਸ ਦੇ ਤੌਰ-ਤਰੀਕਿਆਂ ਅਤੇ ਨੀਤੀਆਂ ਨੇ ਇਹ ਬਹਿਸ ਭਖਾ ਦਿੱਤੀ ਕਿ ਕੀ ਉਹ ਆਖ਼ਿਰਕਾਰ ਮੋਦੀ ਨਾਲੋਂ ਵੱਡੇ ਹਿੰਦੂਤਵੀ ਚਿੰਨ੍ਹ ਵਜੋਂ ਉੱਭਰ ਸਕਦਾ ਹੈ।

ਨਿਸ਼ਚੇ ਹੀ ਮੋਦੀ ਆਪਣੀ ਪਾਰਟੀ ਦੇ ਕਿਸੇ ਵੀ ਐਸਾ ਹਮਰੁਤਬਾ ਨੂੰ ਬਰਦਾਸ਼ਤ ਨਾ ਕਰਨ ਲਈ ਮਸ਼ਹੂਰ ਹੈ ਜਿਸ ਦੀ ਪ੍ਰਸਿੱਧੀ ਜਾਂ ਸ਼ਖ਼ਸੀਅਤ ਦੀ ਤਾਕਤ ਨਾਲ ਉਸ ਦਾ ਆਪਣਾ ਜਲੌਅ ਫਿੱਕਾ ਪੈਂਦਾ ਹੋਵੇ। ਉਹ ਤਾਂ ਖ਼ੁਦ ਨੂੰ ਹਿੰਦੂਤਵ ਨੂੰ ਸਮਰਪਿਤ ਇਕ ਤਪੱਸਵੀ ਸਿਆਸਤਦਾਨ ਵਜੋਂ ਪੇਸ਼ ਕਰਦਾ ਹੈ। ਕਈਆਂ ਦਾ ਮੰਨਣਾ ਹੈ ਕਿ ਜਨਤਕ ਅਕਸ ਦੀ ਲੜਾਈ ਵਿਚ, ਮੋਦੀ ਨੂੰ ਅਦਿੱਤਿਆਨਾਥ ਦੀ ਚੁਣੌਤੀ ਦਾ ਸਾਹਮਣਾ ਕਰਨ ਪੈ ਰਿਹਾ ਹੈ, ਜਿਸ ਨੂੰ ਦੀਕਸ਼ਿਤ ਯੋਗੀ ਹੋਣ ਦਾ ਲਾਭ ਹੈ – ਇਕ ਸੰਨਿਆਸੀ ਜਿਸ ਲਈ ਭਗਵਾਂ ਉਸ ਦੇ ਸਿਆਸੀ ਬੈਨਰ ਦਾ ਰੰਗ ਨਹੀਂ ਹੈ, ਜਿਵੇਂ ਇਹ ਹੋਰ ਬੀ.ਜੇ.ਪੀ. ਆਗੂਆਂ ਲਈ ਹੋ ਸਕਦਾ ਹੈ, ਸਗੋਂ ਇਹ ਉਸ ਦੀ ਫਿਰਕੂ ਸ਼ਨਾਖ਼ਤ ਵੀ ਹੈ।

ਅਜੈ ਮੋਹਨ ਸਿੰਘ ਬਿਸ਼ਟ ਦਾ ਜਨਮ 5 ਜੂਨ 1972 ਨੂੰ ਉੱਤਰਕਾਸ਼ੀ ਜ਼ਿਲ੍ਹੇ ਦੇ ਇਕ ਪਿੰਡ ਮਸਲਗਾਓਂ ਦੇ ਇਕ ਠਾਕੁਰ ਪਰਿਵਾਰ ਵਿਚ ਹੋਇਆ ਸੀ ਜੋ ਹੁਣ ਉੱਤਰਾਖੰਡ ਵਿਚ ਹੈ। ਉਹ ਜੰਗਲਾਤ ਵਿਭਾਗ ਦੇ ਇਕ ਜੂਨੀਅਰ ਅਧਿਕਾਰੀ ਆਨੰਦ ਸਿੰਘ ਬਿਸ਼ਟ ਅਤੇ ਇਕ ਘਰੇਲੂ ਔਰਤ ਸਾਵਿੱਤਰੀ ਦੇਵੀ ਦੇ ਘਰ ਪੈਦਾ ਹੋਏ ਸੱਤ ਬੱਚਿਆਂ ਵਿੱਚੋਂ ਪੰਜਵਾਂ ਸੀ। ਆਨੰਦ ਸਿੰਘ ਦੀ ਨੌਕਰੀ ਵਿਚ ਅਕਸਰ ਤਬਾਦਲੇ ਹੁੰਦੇ ਰਹਿੰਦੇ ਸਨ, ਇਸ ਲਈ ਉਸ ਦੇ ਕਰੀਅਰ ਦੇ ਅਖ਼ੀਰਲੇ ਹਿੱਸੇ 'ਚ, ਅਜੈ ਦੇ ਜਨਮ ਤੋਂ ਕੁਝ ਸਾਲ ਬਾਦ, ਸਾਵਿਤਰੀ ਦੇਵੀ ਅਤੇ ਬੱਚੇ ਜ਼ਿਆਦਾ ਕਰਕੇ ਪੌੜੀ-ਗੜ੍ਹਵਾਲ ਜ਼ਿਲ੍ਹੇ ਵਿਚ ਆਪਣੇ ਪਰਿਵਾਰ ਦੇ ਜੱਦੀ ਪਿੰਡ-ਪੰਚੂਰ 'ਚ ਹੀ ਰਹੇ, ਜਿੱਥੇ ਉਹ ਛੁੱਟੀਆਂ 'ਚ ਉਨ੍ਹਾਂ ਨੂੰ ਆ ਕੇ ਮਿਲ ਜਾਂਦਾ ਸੀ।

ਅਜੇ ਦੇ ਸ਼ੁਰੂਆਤੀ ਜੀਵਨ ਬਾਰੇ ਜੋ ਵੀ ਸਬੂਤ ਮੌਜੂਦ ਹਨ, ਉਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਉਸ ਦਾ ਬਚਪਨ ਬਹੁਤ ਸਾਧਾਰਨ ਸੀ। ਉਸ ਦੇ ਮਾਪਿਆਂ ਨੇ ਇਹ ਯਕੀਨੀ ਬਣਾਇਆ ਕਿ ਉਹ ਸਕੂਲ ਜਾਂਦਾ ਰਹੇ ਅਤੇ ਉਹ ਅੱਠਵੀਂ ਜਮਾਤ ਤੱਕ ਥੰਗਰ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਪੜ੍ਹਿਆ। ਕਿਉਂਕਿ ਮੁਕਾਮੀ ਗ੍ਰਾਮ ਪੰਚਾਇਤ ਵਿਚ ਕੋਈ ਸੈਕੰਡਰੀ ਸਕੂਲ ਨਹੀਂ ਸੀ, ਇਸ ਲਈ ਉਹ ਟੀਹਰੀ ਜ਼ਿਲ੍ਹੇ ਵਿਚ ਚਲਾ ਗਿਆ ਜਿੱਥੇ ਉਸ ਦਾ ਪਿਤਾ ਨੌਕਰੀ ਕਰਦਾ ਸੀ। ਉਸ ਨੇ ਗਾਜਾ ਦੇ ਇਕ ਸਰਕਾਰੀ ਸਕੂਲ ਤੋਂ ਆਪਣੀ ਸਕੂਲੀ ਪੜ੍ਹਾਈ ਪੂਰੀ ਕੀਤੀ। ਫਿਰ ਉਸਨੂੰ ਰਿਸ਼ੀਕੇਸ਼ ਭੇਜ ਦਿੱਤਾ ਗਿਆ, ਜਿੱਥੇ ਉਹ ਆਪਣੇ ਇਕ ਵੱਡੇ ਭਰਾ ਨਾਲ ਰਹਿੰਦਾ ਸੀ। ਉਸ ਨੇ ਸ੍ਰੀ ਭਾਰਤ ਮੰਦਰ ਇੰਟਰ ਕਾਲਜ ਵਿਚ ਦਾਖ਼ਲਾ ਲਿਆ ਅਤੇ ਅੰਗਰੇਜ਼ੀ ਅਤੇ ਹਿੰਦੀ ਦੇ ਨਾਲ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਗਣਿਤ ਦੀ ਪੜ੍ਹਾਈ ਦੀ ਲਾਈਨ ਚੁਣੀ।

1989 'ਚ, ਅਜੈ ਨੇ ਵਿਗਿਆਨ ਦੀ ਡਿਗਰੀ ਕਰਨ ਲਈ ਪੀਜੀ ਸਰਕਾਰੀ ਕਾਲਜ, ਕੋਟਦਵਾਰ 'ਚ ਦਾਖ਼ਲਾ ਲੈ ਲਿਆ। ਭਾਜਪਾ ਅਤੇ ਹਿੰਦੂ ਰਾਸ਼ਟਰਵਾਦ ਦੀ ਖੁੱਲ੍ਹ ਕੇ ਵਕਾਲਤ ਕਰਨ ਵਾਲੇ ਲੇਖਕ ਸ਼ਾਂਤਨੂ ਗੁਪਤਾ ਦੀ ਲਿਖੀ ਇਕ ਹਾਲੀਆ ਗੁਣਗਾਣ ਨੁਮਾ ਜੀਵਨੀ ਦਾਅਵਾ ਕਰਦੀ ਹੈ ਕਿ ਅਜੈ ਦੀ ਹਮੇਸ਼ਾ ਰਾਜਨੀਤੀ ਵਿਚ ਅਤੇ ਜੋ ਅਧਿਆਤਮਿਕ ਜੀਵਨ ਉਸ ਨੇ ਚੁਣਿਆ ਉਸ ਵਿਚ ਕਈ ਤਰੀਕਿਆਂ ਨਾਲ ਦਿਲਚਸਪੀ ਸੀ। ਇਹ "ਉੱਤਰਾਖੰਡ ਦੇ ਦੂਰ-ਦਰਾਜ ਇਲਾਕੇ ਦੇ ਇਕ ਨੌਜਵਾਨ ਲੜਕੇ ਅਜੈ ਸਿੰਘ ਬਿਸ਼ਟ ਦੀ ਪਰਵਰਿਸ਼ ਦੀ ਕਹਾਣੀ ਹੈ, ਜੋ ਗਾਵਾਂ, ਖੇਤਾਂ, ਪਹਾੜਾਂ ਅਤੇ ਦਰਿਆਵਾਂ ਦਰਮਿਆਨ ਵੱਡਾ ਹੋਇਆ ਅਤੇ ਬਾਦ ਵਿਚ ਇਕ ਮਹੰਤ, ਇਕ ਸੰਸਦ ਮੈਂਬਰ ਅਤੇ ਮੁੱਖ ਮੰਤਰੀ ਬਣਿਆ।"

ਕਾਲਜ ਵਿਚ, ਅਜੈ ਆਰ.ਐਸ.ਐਸ. ਦੇ ਵਿਦਿਆਰਥੀ ਵਿੰਗ, ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦਾ ਮੈਂਬਰ ਬਣ ਗਿਆ। ਆਪਣੇ ਅੰਤਿਮ ਸਾਲ, 1992 'ਚ, ਉਸ ਨੇ ਸਕੱਤਰ ਦੇ ਅਹੁਦੇ ਲਈ ਵਿਦਿਆਰਥੀ ਯੂਨੀਅਨ ਦੀ ਚੋਣ ਲੜੀ। ਉਹ ਆਜ਼ਾਦ ਉਮੀਦਵਾਰ ਸੀ ਅਤੇ ਉਹ ਬੁਰੀ ਤਰ੍ਹਾਂ ਹਾਰਿਆ। "ਉਹ ਸਾਧਾਰਨ ਵਿਦਿਆਰਥੀ ਸੀ ਅਤੇ ਵਿਦਿਆਰਥੀ ਸਿਆਸਤ ਵਿਚ ਸ਼ਾਇਦ ਹੀ ਸਰਗਰਮ ਸੀ," ਅਰੁਣ ਤਿਵਾਰੀ, ਜਿਸ ਨੇ ਉਹ ਚੋਣ ਜਿੱਤੀ ਸੀ ਅਤੇ ਜੋ ਹੁਣ ਸਮਾਜਵਾਦੀ ਪਾਰਟੀ ਦਾ ਮੈਂਬਰ ਹੈ, ਨੇ ਮੈਨੂੰ ਦੱਸਿਆ। "ਉਸ ਸਾਲ ਸਕੱਤਰ ਦੇ ਅਹੁਦੇ ਲਈ ਨੌਂ ਉਮੀਦਵਾਰ ਮੈਦਾਨ ਵਿਚ ਸਨ। ਮੈਨੂੰ ਯਾਦ ਨਹੀਂ ਹੈ ਕਿ ਉਸ ਨੂੰ ਕਿੰਨੀਆਂ ਵੋਟਾਂ ਪਈਆਂ। ਗਿਣਤੀ ਬਹੁਤ ਘੱਟ ਹੋਣੀ ਚਾਹੀਦੀ ਹੈ ਕਿਉਂਕਿ ਉਹ ਗਿਣਤੀ 'ਚ ਛੇਵੇਂ ਸਥਾਨ 'ਤੇ ਆਇਆ ਸੀ।"

ਇਹ ਅਜੈ ਲਈ ਪਰੇਸ਼ਾਨ ਕਰਨ ਵਾਲਾ ਪਲ ਰਿਹਾ ਹੋਵੇਗਾ। ਲੱਕ ਤੋੜਵੀਂ ਹਾਰ ਤੋਂ ਥੋੜ੍ਹੀ ਦੇਰ ਬਾਦ ਉਸ ਦੀ ਜ਼ਿੰਦਗੀ ਨਾਟਕੀ ਢੰਗ ਨਾਲ ਬਦਲ ਜਾਵੇਗੀ। ਅਜੈ ਗ੍ਰੈਜੂਏਟ ਹੋ ਗਿਆ ਅਤੇ ਰਿਸ਼ੀਕੇਸ ਚਲਾ ਗਿਆ, ਜਿੱਥੇ ਉਸ ਨੇ ਪੰਡਿਤ ਲਲਿਤ ਮੋਹਨ ਸ਼ਰਮਾ ਪੀਜੀ ਕਾਲਜ ਵਿਚ ਵਿਗਿਆਨ 'ਚ ਮਾਸਟਰ ਡਿਗਰੀ ਲਈ ਦਾਖ਼ਲਾ ਲਿਆ। ਪਰ ਲੱਗਦਾ ਹੈ ਕਿ ਉਹ ਆਪਣੀ ਇਕਾਗਰਤਾ ਗੁਆ ਚੁੱਕਾ ਸੀ।

"ਜਦੋਂ ਉਹ ਐੱਮਐੱਸ.ਸੀ. ਦੇ ਪਹਿਲੇ ਸਾਲ ਵਿਚ ਸੀ," ਸ਼ਾਂਤਨੂ ਗੁਪਤਾ ਲਿਖਦਾ ਹੈ, "ਉਸ ਨੇ ਗੋਰਖ਼ਪੁਰ ਜਾਣਾ ਸ਼ੁਰੂ ਕਰ ਦਿੱਤਾ ਅਤੇ ਮਹੰਤ ਅਵੈਦਿਆਨਾਥ ਨੂੰ ਮਿਲਣ ਲੱਗਾ" - ਜੋ ਉਦੋਂ ਗੋਰਖਨਾਥ ਮੱਠ ਦਾ ਮੁਖੀ ਸੀ। "ਕੁਝ ਮੁਲਾਕਾਤਾਂ ਤੋਂ ਬਾਦ, ਅਜੈ ਨੇ ਗੋਰਖਨਾਥ ਮੱਠ ਵਿਚ ਮਹੰਤ ਅਵੈਦਿਆਨਾਥ ਨਾਲ ਪੂਰੇ ਸਮੇਂ ਦੇ ਚੇਲੇ ਵਜੋਂ ਸ਼ਾਮਲ ਹੋਣ ਦਾ ਮਨ ਬਣਾ ਲਿਆ।" ਮੈਂ ਅਜੈ ਦੇ ਕਾਲਜ ਸਮੇਂ ਦੇ ਕਈ ਸਾਬਕਾ ਸਹਿਪਾਠੀਆਂ ਨਾਲ ਗੱਲ ਕੀਤੀ, ਉਨ੍ਹਾਂ ਮੁਤਾਬਿਕ ਉਸ ਸਮੇਂ ਉਸ ਦਾ ਸੰਨਿਆਸੀ ਜੀਵਨ ਵੱਲ ਕੋਈ ਝੁਕਾਅ ਨਹੀਂ ਸੀ। ਇਸ ਦੀ ਬਜਾਏ, ਅਰੁਣ ਤਿਵਾਰੀ ਅਨੁਸਾਰ ਅਜੈ ਪੜ੍ਹਾਈ ਤੋਂ ਦੂਰ ਜਾ ਰਿਹਾ ਸੀ ਕਿਉਂਕਿ ਉਸ ਉੱਪਰ "ਆਪਣੇ ਲਈ ਆਰਾਮਦਾਇਕ ਜੀਵਨ ਲੱਭਣ" ਦਾ ਭੂਤ ਸਵਾਰ ਸੀ। ਤਿਵਾਰੀ ਨੇ ਕਿਹਾ, ਇਸ ਦੀ ਪ੍ਰਾਪਤੀ ਲਈ "ਉਹ ਆਪਣੇ ਦੂਰ ਦੇ ਚਾਚਾ



ਅਵੈਦਿਆਨਾਥ ਪਿੱਛੇ ਗਿਆ।"

ਕੋਟਦਵਾਰ ਵਿਚ ਅਜੈ ਦੇ ਇਕ ਸਾਥੀ ਵਿਦਿਆਰਥੀ ਨੇ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਮੈਨੂੰ ਦੱਸਿਆ, "ਹਾਲਾਂਕਿ ਉਹ ਏ.ਬੀ.ਵੀ.ਪੀ. ਦਾ ਮੈਂਬਰ ਸੀ, ਪਰ ਉਹ ਉਸ ਸਮੇਂ ਦੀਆਂ ਘਟਨਾਵਾਂ ਤੋਂ ਜ਼ਿਆਦਾ ਪ੍ਰਭਾਵਿਤ ਨਹੀਂ ਸੀ ਅਤੇ ਬੇਖ਼ਬਰ ਸੀ।" "ਮੈਂ ਹੈਰਾਨ ਰਹਿ ਗਿਆ ਜਦੋਂ ਮੈਂ ਸੁਣਿਆ ਕਿ ਉਹ ਇਕ ਯੋਗੀ ਬਣ ਗਿਆ ਹੈ ਕਿਉਂਕਿ ਉਸ ਸਮੇਂ ਉਹ ਨਿਸ਼ਚਿਤ ਤੌਰ 'ਤੇ ਕਿਸੇ ਵੀ ਰੂਹਾਨੀ ਪ੍ਰਵਿਰਤੀ ਵਾਲਾ ਵਿਅਕਤੀ ਨਹੀਂ ਸੀ।" ਇਸ ਵਿਅਕਤੀ ਨੂੰ ਯਾਦ ਹੈ ਕਿ 1992 ਵਿਚ ਜਦੋਂ ਰਾਮ ਮੰਦਰ ਅੰਦੋਲਨ ਸਿਖ਼ਰ 'ਤੇ ਸੀ, ਉਦੋਂ ਵੀ ਉਹ ਕਿਤੇ ਨਜ਼ਰ ਨਹੀਂ ਆ ਰਿਹਾ ਸੀ। ਜਿੱਥੋਂ ਤੱਕ ਮੈਨੂੰ ਯਾਦ ਹੈ, ਉਹ ਉਸ ਸਾਲ ਦਸੰਬਰ ਵਿਚ ਅਯੁੱਧਿਆ ਨਹੀਂ ਗਿਆ ਸੀ, ਸਿਰਫ਼ 1993 ਵਿਚ ਜਾ ਕੇ ਉਸ ਦਾ ਝੁਕਾਅ ਅਚਾਨਕ ਗੋਰਖ਼ਪੁਰ ਵੱਲ ਹੋ ਗਿਆ।

ਇਹ ਸਪਸ਼ਟ ਨਹੀਂ ਹੈ ਕਿ ਅਜੈ ਨੂੰ ਯੋਗੀ ਬਣਨ ਲਈ ਕਿਸ ਗੱਲ ਨੇ ਪ੍ਰੇਰਿਤ ਕੀਤਾ। ਕਾਲਜ ਦੇ ਸਾਥੀ ਨੇ ਕਿਹਾ, "1993 ਵਿਚ, ਉਹ ਨੌਕਰੀ ਦੀ ਭਾਲ ਵਿਚ ਦਿੱਲੀ ਗਿਆ ਸੀ। ਹਾਲਾਂਕਿ ਉਹ ਆਪਣੀ ਕੋਸ਼ਿਸ਼ ਵਿਚ ਅਸਫ਼ਲ ਰਿਹਾ, ਉਹ ਅਵੈਦਿਆਨਾਥ ਨੂੰ ਮਿਲਿਆ, ਜਿਸ ਨੂੰ ਕਿਸੇ ਇਲਾਜ ਲਈ ਦਿੱਲੀ ਦੇ ਇਕ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਸੀ। ਉਸ ਨੇ ਕੁਝ ਸਮੇਂ ਲਈ ਅਵੈਦਿਆਨਾਥ ਦੀ ਸੇਵਾ ਕੀਤੀ ਅਤੇ ਮਹੰਤ ਨੂੰ ਹਸਪਤਾਲ ਤੋਂ ਛੁੱਟੀ ਮਿਲਣ ਤੋਂ ਬਾਦ ਰਿਸ਼ੀਕੇਸ਼ ਵਾਪਸ ਆ ਗਿਆ। ਕੁਝ ਮਹੀਨਿਆਂ ਬਾਦ ਉਹ ਚੁੱਪਚਾਪ ਗੋਰਖ਼ਪੁਰ ਚਲਾ ਗਿਆ।"

ਗੁਪਤਾ ਦੀ ਲਿਖੀ ਜੀਵਨੀ ਵਿਚ ਇਹ ਥੋੜ੍ਹਾ ਵੱਖਰੀ ਤਰ੍ਹਾਂ ਪੇਸ਼ ਕੀਤਾ ਗਿਆ ਹੈ: ਜਦੋਂ ਉਹ ਉਸ ਨੂੰ ਦਿੱਲੀ ਦੇ ਇਕ ਹਸਪਤਾਲ ਵਿਚ ਮਿਲਿਆ ਸੀ ਅਜੈ ਅਵੈਦਿਆਨਾਥ ਲਈ ਕੋਈ ਅਜਨਬੀ ਨਹੀਂ ਸੀ, ਉਸ ਦਾ ਰਾਮ ਮੰਦਰ ਅੰਦੋਲਨ ਲਈ ਪਹਿਲਾਂ ਹੀ ਝੁਕਾਅ ਬਣ ਗਿਆ ਸੀ ਅਤੇ ਉਸ ਨੇ ਗੋਰਖਨਾਥ ਦੇ ਮਹੰਤ ਨਾਲ ਇਕ ਸੰਖੇਪ ਮੁਲਾਕਾਤ ਵੀ ਕੀਤੀ ਸੀ ਜਿਸ ਨੇ ਉਸ ਨੂੰ ਦੱਸਿਆ ਕਿ "ਉਹ ਜਨਮ ਤੋਂ ਯੋਗੀ ਸੀ ਅਤੇ ਉਸ ਨੇ ਇਕ ਦਿਨ ਉੱਥੇ ਆਉਣਾ ਸੀ।" ਅਜੈ ਦੀ ਗੋਰਖ਼ਪੁਰ ਯਾਤਰਾ ਦੇ ਇਸ ਬਿਰਤਾਂਤ ਦਾ ਸਰੋਤ ਅਨਿਸ਼ਚਿਤ ਹੈ; ਗੁਪਤਾ ਨੇ ਆਪਣੇ ਦਾਅਵੇ ਨੂੰ ਸਾਬਤ ਕਰਨ ਲਈ ਕਿਸੇ ਇੰਟਰਵਿਊ ਜਾਂ ਦਸਤਾਵੇਜ਼ ਦਾ ਕੋਈ ਹਵਾਲਾ ਨਹੀਂ ਦਿੱਤਾ। ਪਰ ਗੁਪਤਾ ਇਹ ਵੀ ਲਿਖਦਾ ਹੈ ਕਿ ਅਜੈ ਦੇ ਮਾਤਾ-ਪਿਤਾ ਹੈਰਾਨ ਰਹਿ ਗਏ ਜਦੋਂ ਉਨ੍ਹਾਂ ਨੂੰ "ਅਖ਼ਬਾਰ ਤੋਂ ਉਸ ਦੇ ਸੰਨਿਆਸ ਬਾਰੇ ਪਤਾ ਲੱਗਾ।" ਉਨ੍ਹਾਂ ਨੇ ਇਹ ਸਮਝਿਆ ਸੀ ਕਿ ਉਹ ਰੁਜ਼ਗਾਰ ਦੇ ਮੌਕਿਆਂ ਦੀ ਭਾਲ ਵਿਚ ਗੋਰਖ਼ਪੁਰ ਗਿਆ ਸੀ।

ਕੁਝ ਵੀ ਹੋਵੇ, ਅਜੈ ਨਵੰਬਰ 1993 ਵਿਚ ਬਿਨਾਂ ਕਿਸੇ ਨੂੰ ਦੱਸੇ ਰਿਸ਼ੀਕੇਸ਼ ਛੱਡ ਕੇ ਚਲਾ ਗਿਆ ਅਤੇ ਇਕ ਨਿਰਾਸ਼ ਨੌਜਵਾਨ ਗੋਰਖ਼ਪੁਰ ਪਹੁੰਚ ਗਿਆ। ਉਹ 21 ਸਾਲਾਂ ਦਾ ਸੀ, ਜਿਸ 'ਚ ਉਦੋਂ ਤੱਕ ਉਸ ਦੇ ਸਹਿਪਾਠੀਆਂ ਨੂੰ ਕੋਈ ਰੂਹਾਨੀ ਝੁਕਾਅ ਨਹੀਂ ਦਿਸਿਆ ਸੀ ਅਤੇ ਉਹ ਮੰਦਰ ਵਿਚ ਆਪਣੇ ਕਰੀਅਰ ਦੀਆਂ ਅਸਪਸ਼ਟ ਉਮੀਦਾਂ ਪਾਲ ਰਿਹਾ ਸੀ।

ਅਗਲੇ ਸਾਲ 15 ਫਰਵਰੀ ਨੂੰ, ਅਵੈਦਿਆਨਾਥ ਨੇ ਉਸ ਨੂੰ ਬਾਕਾਇਦਾ ਰਸਮ ਕਰਕੇ ਸਾਧੂ ਬਣਾਇਆ, ਉਸ ਦਾ ਨਾਮ ਅਦਿੱਤਿਆਨਾਥ ਰੱਖਿਆ ਅਤੇ ਉਸ ਨੂੰ ਆਪਣਾ ਜਾਨਸ਼ੀਨ ਐਲਾਨਿਆ। 2011 ਦੇ ਸਿਆਲ 'ਚ, ਮੈਂ ਅਯੁੱਧਿਆ ਬਾਰੇ ਇਕ ਕਿਤਾਬ ਲਈ ਖੋਜ ਕਰਨ ਲਈ ਗੋਰਖਨਾਥ ਮੰਦਿਰ ਗਿਆ ਜੋ ਮੈਂ ਆਪਣੇ ਇਕ ਸਾਥੀ ਨਾਲ ਮਿਲ ਕੇ ਲਿਖ ਰਿਹਾ ਸੀ। ਮੈਂ ਅਵੈਦਿਆਨਾਥ ਦੀ ਇੰਟਰਵਿਊ ਦਾ ਇੰਤਜ਼ਾਰ ਕਰ ਰਿਹਾ ਸੀ ਜਦੋਂ ਮੈਂ ਨੇੜੇ ਹੀ ਇਕ ਮਾਮੂਲੀ ਅਤੇ ਗੰਭੀਰ ਦਿੱਖ ਵਾਲਾ ਆਦਮੀ ਦੇਖਿਆ। ਇਹ ਅਦਿੱਤਿਆਨਾਥ ਹੀ ਸੀ, ਜੋ ਮੰਦਰ ਦੇ ਗਲਿਆਰੇ ਵਿਚ ਲੱਕੜ ਦੀ ਕੁਰਸੀ 'ਤੇ ਬੈਠਾ ਸੀ। ਇੰਞ ਜਾਪਦਾ ਸੀ ਕਿ ਉਹ ਮੇਜ 'ਤੇ ਪਏ ਕੁਝ ਕਾਗਜ਼ਾਂ ਨੂੰ ਪੜ੍ਹਨ ਵਿਚ ਰੁੱਝਿਆ ਹੋਇਆ ਸੀ। ਮੈਨੂੰ ਸ਼ਾਇਦ ਹੀ ਉਹ ਐਨਾ ਕੁ ਵੱਡਾ ਜਾਂ ਐਨਾ ਕੁ ਮਜ਼ਬੂਤ ਲੱਗਿਆ ਕਿ ਉਹ ਹਿੰਦੂਤਵ ਦੇ ਭੜਕਾਊ ਅਕਸ 'ਚ ਫਿੱਟ ਹੋ ਸਕਦਾ। ਇਕ ਅੱਧਖੜ ਉਮਰ ਦਾ ਆਦਮੀ, ਜੋ ਉਸ ਤੋਂ ਕੁਝ ਫੁੱਟ ਦੂਰ ਖੜ੍ਹਾ ਸੀ, ਉਸ ਦੇ ਮੁਕਾਬਲੇ ਲੰਬਾ ਅਤੇ ਮਜ਼ਬੂਤ ਦਿਖਾਈ ਦਿੰਦਾ ਸੀ। ਮੈਂ ਅਦਿੱਤਿਆਨਾਥ ਨੂੰ ਅਵਿਦਿਆਨਾਥ ਨੂੰ ਮਿਲਣ ਦੀ ਗੁਜ਼ਾਰਿਸ਼ ਕੀਤੀ ਅਤੇ ਉਨ੍ਹਾਂ ਦੇ ਸੰਗਠਨ ਹਿੰਦੂ ਯੁਵਾ ਵਾਹਿਨੀ ਬਾਰੇ ਕੁਝ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਕੁਝ ਨਹੀਂ ਬੋਲਿਆ। ਮੈਂ ਜ਼ੋਰ ਨਹੀਂ ਪਾਇਆ, ਕਿਉਂਕਿ ਮੇਰਾ ਮੁੱਖ ਉਦੇਸ਼ ਉਸ ਦੇ ਗੁਰੂ ਦੀ ਇੰਟਰਵਿਊ ਲੈਣਾ ਸੀ। ਅੱਧਖੜ ਉਮਰ ਦਾ ਆਦਮੀ ਮੈਨੂੰ ਮੰਦਰ ਦੇ ਨਾਲ ਲੱਗਦੀ ਦੋ ਮੰਜ਼ਿਲਾ ਇਮਾਰਤ ਵਿਚ ਅਵੈਦਿਆਨਾਥ ਦੇ ਪਹਿਲੀ ਮੰਜ਼ਿਲ ਦੇ ਅਪਾਰਟਮੈਂਟ ਵਿਚ ਲੈ ਗਿਆ।

ਗੋਰਖਨਾਥ ਮੰਦਿਰ ਦਾ ਨਾਮ ਗਿਆਰ੍ਹਵੀਂ ਸਦੀ ਦੇ ਇਕ ਰਹੱਸਵਾਦੀ ਗੋਰਕਸ਼ਾਨਾਥ ਤੋਂ ਲਿਆ ਗਿਆ ਹੈ, ਜਿਸ ਨੇ ਵਿਆਪਕ ਯਾਤਰਾ ਕੀਤੀ ਸੀ ਅਤੇ ਕਿਹਾ ਜਾਂਦਾ ਹੈ ਕਿ ਉਸ ਨੇ ਬਹੁਤ ਸਾਰੇ ਗ੍ਰੰਥ ਲਿਖੇ ਸਨ ਜੋ ਨਾਥ ਮੱਠ ਪ੍ਰਣਾਲੀ ਦਾ ਆਧਾਰ-ਚੌਖਟਾ ਹਨ। ਗੋਰਖਨਾਥ ਮੱਠ ਨੇ ਬਰਤਾਨਵੀ ਰਾਜ ਤੋਂ ਬਾਦ ਸੱਜੇ-ਪੱਖੀ ਰਾਜਨੀਤੀ ਵਿਚ ਕੇਂਦਰੀ ਭੂਮਿਕਾ ਨਿਭਾਈ ਹੈ ਅਤੇ ਅਦਿੱਤਿਆਨਾਥ ਨੂੰ ਇਹ ਵਿਰਾਸਤ 'ਚ ਮਿਲੀ ਹੈ। ਅਵੈਦਿਆਨਾਥ ਅਤੇ ਉਸ ਦਾ ਪੂਰਵਜ ਅਤੇ ਗੁਰੂ ਦਿਗਵਿਜੇ ਨਾਥ ਰਾਮ ਜਨਮ ਭੂਮੀ ਅੰਦੋਲਨ ਦੇ ਮਹੱਤਵਪੂਰਨ ਪੜਾਵਾਂ 'ਚ ਉਸ ਦੀ ਪ੍ਰਧਾਨਗੀ ਕਰਦਾ ਰਿਹਾ, ਜਿਸ ਨੇ ਮੁਲਕ ਵਿਚ ਹਿੰਦੂ ਰਾਸ਼ਟਰਵਾਦ ਦੇ ਵਿਕਾਸ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਅਦਿੱਤਿਆਨਾਥ ਦੀ ਅਗਵਾਈ 'ਚ ਅਯੁੱਧਿਆ ਵਿਚ ਰਾਮ ਮੰਦਿਰ ਦੇ ਨਿਰਮਾਣ ਦੀ ਸ਼ੁਰੂਆਤ ਲਗਭਗ ਇਕ ਸਦੀ ਤੱਕ ਫੈਲੇ ਇਕ ਹਿੰਸਕ ਅਤੇ ਵਿਨਾਸ਼ਕਾਰੀ ਅੰਦੋਲਨ ਦੀ ਸਮਾਪਤੀ ਨੂੰ ਦਰਸਾਉਂਦੀ ਹੈ ਜੋ ਤਿੰਨ ਮਹੰਤਾਂ ਦੀ ਨਿਗਰਾਨੀ ਹੇਠ ਚੱਲਿਆ।

ਦਿਗਵਿਜੇ ਨਾਥ ਨੇ 1935 ਤੋਂ 1969 ਤੱਕ ਗੋਰਖ਼ਨਾਥ ਮੰਦਰ ਦਾ ਮੁਖੀ ਰਿਹਾ ਅਤੇ ਉਹ 20ਵੀਂ ਸਦੀ ਦੇ ਸਭ ਤੋਂ ਚਤੁਰ ਸਾਧੂਆਂ ਵਿੱਚੋਂ ਇਕ ਸੀ। ਉਹ ਹਿੰਦੂਆਂ ਅਤੇ ਮੁਸਲਮਾਨਾਂ ਦੁਆਰਾ ਬਰਾਬਰ ਸਤਿਕਾਰੇ ਜਾਂਦੇ ਮੱਠ, ਜਿਸ ਦੇ ਸ਼ਰਧਾਲੂ ਮੁੱਖ ਤੌਰ 'ਤੇ ਨੀਵੀਂਆਂ ਜਾਤਾਂ ਦੇ ਹੁੰਦੇ ਸਨ, ਨੂੰ ਠਾਕੁਰਾਂ ਦੁਆਰਾ ਨਿਯੰਤਰਿਤ ਹਿੰਦੂਤਵ ਰਾਜਨੀਤੀ ਦੇ ਕੇਂਦਰ ਵਿਚ ਬਦਲਣ ਲਈ ਜ਼ਿੰਮੇਵਾਰ ਸੀ। ਦਿਗਵਿਜੇ 1937 'ਚ ਹਿੰਦੂ ਮਹਾਸਭਾ ਵਿਚ ਸ਼ਾਮਿਲ ਹੋਇਆ, ਜਦੋਂ ਇਸ ਦਾ ਪ੍ਰਧਾਨ ਵੀਡੀ ਸਾਵਰਕਰ ਸੀ ਜੋ ਹੁਣ ਸੰਘ ਪਰਿਵਾਰ ਦਾ ਚਿੰਨ੍ਹ ਹੈ। ਦਿਗਵਿਜੇ ਨੇ ਹਿੰਦੂ ਅੱਤਵਾਦੀਆਂ ਨੂੰ ਐੱਮ ਕੇ ਗਾਂਧੀ ਦੀ ਹੱਤਿਆ ਕੀਤੇ ਜਾਣ ਤੋਂ ਕੁਝ ਦਿਨ ਪਹਿਲਾਂ

(**ਬਾਕੀ ਸਫ਼ਾ 11 'ਤੇ**)

# ਕੈਨੇਡਾ ਦੇ ਐਮਰਜੈਂਸੀ ਐਕਟ ਦਾ ਵਿਰੋਧ ਕਰਨਾ ਜ਼ਰੂਰੀ

*ਸਾਨੂੰ ਇਹ ਯਕੀਨ ਨਹੀਂ ਕਰਨਾ ਚਾਹੀਦਾ ਕਿ ਕੋਈ ਲਿਬਰਲ ਜਾਂ ਕੰਜਰਵੇਟਿਵ ਸਰਕਾਰ ਐਮਰਜੰਸੀ ਐਕਟ ਨੂੰ ਲੋਕਤੰਤਰਕ ਅਤੇ ਨੈਤਿਕ ਢੰਗ ਨਾਲ ਵਰਤੇਗੀ*

**(ਇਹ ਆਰਟੀਕਲ ਵਿਨੀਪੈੱਗ ਤੋਂ ਛਪਦੇ ਮੈਗਜੀਨ ਕੈਨੇਡੀਅਨ ਡਾਇਮੈਨਸਨ ਵਿੱਚ 16 ਫਰਵਰੀ 2022 ਨੂੰ ਛਪਿਆ ਸੀ।)**




ਲੇਖਕ: ਦਿਮਿਤਰੀ ਲੈਸਕੈਰੀਸ
ਅਨੁਵਾਦ: ਸੁਖਵੰਤ ਹੁੰਦਲ

"ਜੋ ਤੁਸੀਂ ਕਹਿੰਦੇ ਹੋ, ਮੈਂ ਉਸ ਨਾਲ ਸਹਿਮਤ ਨਹੀਂ ਹਾਂ, ਪਰ ਇਹ ਕਹਿਣ ਦੇ ਤੁਹਾਡੇ ਹੱਕ ਦੀ ਮੈਂ ਮਰਦੇ ਦਮ ਤੱਕ ਰਾਖੀ ਕਰਾਂਗਾ"– ਐਵਲਿਨ ਬੀਟਰਾਈਸ ਹਾਲ, ਫਰੈਂਡਜ ਆਫ ਵਾਲਤੇਅਰ

2022 ਦੇ ਵੈਲਿਨਟਾਇਨ ਵਾਲੇ ਦਿਨ, ਕੈਨੇਡਾ ਦੀ ਫੈਡਰਲ ਸਰਕਾਰ ਨੇ ਫੈਡਰਲ ਐਮਰਜੈਂਸੀਜ ਐਕਟ ਅਧੀਨ "ਪਬਲਿਕ ਆਰਡਰ ਐਮਰਜੰਸੀ (ਜਨਤਕ ਅਮਨ ਕਾਨੂੰਨ ਲਈ ਐਮਰਜੰਸੀ)" ਦਾ ਐਲਾਨ ਕਰ ਦਿੱਤਾ ਹੈ। ਪਹਿਲਾਂ ਕਦੇ ਵੀ ਨਾ ਵਰਤਿਆ ਗਿਆ ਇਹ ਕਾਨੂੰਨ ਕੈਨੇਡੀਅਨ ਲੋਕਾਂ ਦੇ ਰੋਸ ਕਰਨ ਦੇ ਹੱਕ ਉੱਤੇ ਸਿੱਧਾ ਹਮਲਾ ਹੈ। ਇਸ ਕਰਕੇ ਹੀ ਖੱਬੇਪੱਖੀਆਂ ਲਈ ਇਸ ਦਾ ਵਿਰੋਧ ਕਰਨਾ ਜਰੂਰੀ ਹੈ।

ਜਸਟਿਨ ਟਰੂਡੋ ਵਲੋਂ ਐਲਾਨੀ ਗਈ "ਪਬਲਿਕ ਆਰਡਰ ਐਮਰਜੰਸੀ" ਹੋਰ ਚੀਜਾਂ ਦੇ ਨਾਲ ਨਾਲ ਸਰਕਾਰ ਨੂੰ ਅੱਗੇ ਦਿੱਤੀਆਂ ਤਾਕਤਾਂ ਮੁਹੱਈਆ ਕਰਦੀ ਹੈ: ਉਸ ਤਰ੍ਹਾਂ ਦੇ ਕਿਸੇ ਵੀ ਇਕੱਠ 'ਤੇ ਪਾਬੰਦੀ ਲਾਉਣਾ, ਜਿਸ ਨਾਲ ਸਾਂਤੀ ਭੰਗ ਹੋਣ ਦੀ ਵਾਜਬ ਸੰਭਾਵਨਾ ਹੋਵੇ, ਕਿਸੇ ਵੀ ਖਾਸ ਇਲਾਕੇ ਵਿੱਚ ਆਉਣ ਜਾਣ 'ਤੇ ਬੰਦਸ ਲਾਉਣਾ, ਅਤੇ ਕਿਸੇ ਮਿੱਥੀ ਗਈ ਪ੍ਰਾਪਰਟੀ ਦੀ ਵਰਤੋਂ 'ਤੇ ਨਿਯੰਤ੍ਰਣ ਲਾਉਣਾ ਜਾਂ ਉਸ ਦੀ ਮਨਾਹੀ ਕਰਨਾ।

ਐਮਰਜੰਸੀ ਐਕਟ ਅਧੀਨ ਜਾਰੀ ਕੀਤੇ ਸਰਕਾਰ ਦੇ ਫਰਮਾਨਾਂ ਦੀਆਂ ਉਲੰਘਣਾਵਾਂ ਲਈ ਦੋਸੀ ਪਾਏ ਜਾਣ 'ਤੇ 5000 ਡਾਲਰ ਤੱਕ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ ਜਾਂ 5 ਸਾਲਾਂ ਤੱਕ ਦੀ ਕੈਦ ਕੀਤੀ ਜਾ ਸਕਦੀ ਹੈ।

ਐਮਰਜੰਸੀ ਐਕਟ ਅਧੀਨ ਕਿਸੇ "ਪਬਲਿਕ ਆਰਡਰ ਐਮਰਜੰਸੀ" ਦਾ ਮਤਲਬ ਅਜਿਹੀ ਐਮਰਜੰਸੀ ਹੈ ਜਿਹੜੀ "ਕੈਨੇਡਾ ਦੀ ਸਿਕਿਉਰਟੀ ਲਈ ਖਤਰਿਆਂ" ਤੋਂ ਪੈਦਾ ਹੁੰਦੀ ਹੈ। ਕੈਨੇਡੀਅਨ ਸਿਕਿਉਰਟੀ ਇਨਟੈਲੀਜੈਂਸ ਐਕਟ ਅਧੀਨ ਕੈਨੇਡਾ ਦੀ ਸਕਿਊਰਟੀ ਅਜਿਹੇ ਅਮਲਾਂ ਦੇ ਤੌਰ 'ਤੇ ਪ੍ਰੀਭਾਸ਼ਿ?ਤ ਕੀਤੀ ਗਈ ਹੈ ਜਿਹੜੇ ਨੈਸਨਲ ਐਮਰਜੰਸੀ ਪੈਦਾ ਕਰਨ ਜਿੰਨੇ ਗੰਭੀਰ ਹੋਣ।

ਕੈਨੇਡੀਅਨ ਸਿਕਿਉਰਟੀ ਇਨਟੈਲੀਜੈਂਸ ਐਕਟ ਦੇ ਸੈਕਸਨ 2 ਦੇ ਅਧੀਨ "ਕੈਨੇਡਾ ਦੀ ਸਿਕਿਉਰਟੀ ਨੂੰ ਖਤਰਿਆਂ" ਨੂੰ ਇਸ ਤਰ੍ਹਾਂ ਪ੍ਰੀਭਾਸ਼ਿ?ਤ ਕੀਤਾ ਗਿਆ ਹੈ:

(ਏ) ਅਜਿਹੀ ਐਸਪੀਨਾਜ (ਜਾਸੂਸੀ) ਜਾਂ ਸਾਬੋਤਾਜ (ਤੋੜ-ਫੋੜ) ਜਿਹੜੀ ਕੈਨੇਡਾ ਦੇ ਵਿਰੁੱਧ ਜਾਂਦੀ ਹੋਵੇ ਜਾਂ ਕੈਨੇਡਾ ਦੇ ਹਿਤਾਂ ਨੂੰ ਨੁਕਸਾਨ ਪਹੁੰਚਾਉਂਦੀ ਹੋਵੇ ਜਾਂ ਅਜਿਹੀਆਂ ਗਤੀਵਿਧੀਆਂ ਜੋ ਇਸ ਤਰ੍ਹਾਂ ਦੀ ਐਸਪੀਨਾਜ (ਜਾਸੂਸੀ) ਜਾਂ ਸਾਬੋਤਾਜ (ਤੋੜ-ਫੋੜ) ਵੱਲ ਸੇਧਿਤ ਹੋਣ ਜਾਂ ਇਸ ਦੀ ਹਿਮਾਇਤ ਕਰਦੀਆਂ ਹੋਣ,

(ਬੀ) ਵਿਦੇਸੀ ਪ੍ਰਭਾਵ ਅਧੀਨ ਕੈਨੇਡਾ ਦੇ ਅੰਦਰ ਜਾਂ ਕੈਨੇਡਾ ਨਾਲ ਸੰਬੰਧਿਤ ਗਤੀਵਿਧੀਆਂ ਜਿਹੜੀਆਂ ਕੈਨੇਡਾ ਦੇ ਹਿਤਾਂ ਲਈ ਨੁਕਸਾਨਦੇਹ ਹੋਣ ਅਤੇ ਗੁਪਤ ਹੋਣ ਜਾਂ ਧੋਖੇ ਭਰਪੂਰ ਹੋਣ ਜਾਂ ਕਿਸੇ ਵੀ ਵਿਅਕਤੀ ਲਈ ਖਤਰੇ ਵਾਲੀਆਂ ਹੋਣ,

(ਸੀ) ਕੈਨੇਡਾ ਜਾਂ ਕਿਸੇ ਦੂਸਰੇ ਦੇਸ ਅੰਦਰ ਸਿਆਸੀ, ਧਾਰਮਿਕ ਜਾਂ ਵਿਚਾਰਧਾਰਕ ਉਦੇਸ ਨੂੰ ਹਾਸਲ ਕਰਨ ਲਈ ਕੈਨੇਡਾ ਦੇ ਅੰਦਰ ਜਾਂ ਕੈਨੇਡਾ ਨਾਲ ਸੰਬੰਧਿਤ ਗਤੀਵਿਧੀਆਂ ਜਿਹੜੀਆਂ ਵਿਅਕਤੀਆਂ ਜਾਂ ਪ੍ਰਾਪਰਟੀ ਦੇ ਖਿਲਾਫ ਗੰਭੀਰ ਹਿੰਸਾ ਦੇ ਅਮਲਾਂ ਦੀ ਧਮਕੀ ਜਾਂ ਵਰਤੋਂ ਦਾ ਸਮਰਥਨ ਕਰਨ ਵੱਲ ਸੇਧਿਤ ਹੋਣ, ਅਤੇ

(ਡੀ) ਕੈਨੇਡਾ ਵਿੱਚ ਸਵਿੰਧਾਨਕ ਤੌਰ 'ਤੇ ਸਥਾਪਤ ਸਰਕਾਰੀ ਪ੍ਰਬੰਧ ਨੂੰ ਹਿੰਸਾ ਰਾਹੀ ਤਬਾਹ ਕਰਨ ਜਾਂ ਪਲਟਾਉਣ ਵੱਲ ਸੇਧਿਤ ਜਾਂ ਅੰਤਿਮ ਰੂਪ ਵਿੱਚ ਅਜਿਹਾ ਕਰਨ ਲਈ ਗੁਪਤ ਗੈਰਕਾਨੂੰਨੀ ਅਮਲਾਂ ਰਾਹੀਂ ਨੁਕਸਾਨ ਕਰਨ ਵੱਲ ਸੇਧਿਤ ਗਤੀਵਿਧੀਆਂ, ਪਰ ਇਸ ਵਿੱਚ ਕਾਨੂੰਨੀ ਵਕਾਲਤ, ਪ੍ਰਦਰਸਨ ਜਾਂ ਵਿਰੋਧ ਸਾਮਲ ਨਹੀਂ ਹੈ, ਜੇ ਇਹ ਏ ਤੋਂ ਡੀ ਤੱਕ ਦੇ ਪੈਰ੍ਹਿਆਂ ਵਿੱਚ ਬਿਆਨੀਆਂ ਗਤੀਵਿਧੀਆਂ ਵਿੱਚੋਂ ਕਿਸੇ ਵੀ ਇਕ ਗਤੀਵਿਧੀ ਦੇ ਨਾਲ ਨਾ ਕੀਤਾ ਗਿਆ ਹੋਵੇ।

ਜਾਹਰਾ ਤੌਰ 'ਤੇ ਟਰੂਡੋ ਸਰਕਾਰ ਨੇ 29 ਜਨਵਰੀ, 2022 ਤੋਂ ਦੇਸ ਦੀ ਰਾਜਧਾਨੀ ਨੂੰ ਆਪਣੀ ਜਕੜ ਵਿੱਚ ਲੈਣ ਵਾਲੀ ਇਕ ਵੱਡੀ ਅਤੇ ਗੜਬੜੀ ਫੈਲਾਉਣ ਵਾਲੀ "ਫ੍ਰੀਡਮ ਕਾਨਵਾਈ" ਨੂੰ ਦਬਾਉਣ ਲਈ ਪਬਲਿਕ ਆਰਡਰ ਐਮਰਜੰਸੀ ਦਾ ਐਲਾਨ ਕੀਤਾ ਹੈ। ਸੁਰੂ ਵਿੱਚ ਕਾਨਵਾਈ ਬਾਰਡਰ ਪਾਰ ਕਰਕੇ ਅਮਰੀਕਾ ਨੂੰ ਜਾਣ ਵਾਲੇ ਟਰੱਕ ਡਰਾਈਵਰਾਂ ਲਈ ਜਾਰੀ ਕੀਤੇ ਵੈਕਸੀਨ ਆਦੇਸ (ਮੈਂਡੇਟ) ਦਾ ਵਿਰੋਧ ਕਰਨ ਲਈ ਸੁਰੂ ਹੋਈ ਸੀ, ਪਰ ਬਾਅਦ ਵਿੱਚ ਇਹ ਆਮ ਪੱਧਰ 'ਤੇ ਕੋਵਿਡ-19 ਨਾਲ ਸੰਬੰਧਿਤ ਬੰਦਸਾਂ ਦਾ ਵਿਰੋਧ ਕਰਨ ਵਾਲੀ ਕਾਨਵਾਈ ਵਿੱਚ ਤਬਦੀਲੀ ਹੋ ਗਈ। ਔਟਵਾ ਤੋਂ ਬਾਹਰ ਕਾਨਵਾਈ ਦੀ ਹਿਮਾਇਤ ਲਈ ਕੀਤੇ ਰੋਸ ਪ੍ਰਦਰਸਨਾਂ ਨੇ ਕੈਨੇਡਾ-ਅਮਰੀਕਾ ਵਿਚਕਾਰ ਜਾਣ ਵਾਲੀ ਟ੍ਰੈਫਿਕ ਨੂੰ ਰੋਕਿਆ ਜਾਂ ਉਸ ਵਿੱਚ ਵਿਘਣ ਪਾਇਆ ਹੈ।

"ਫ੍ਰੀਡਮ ਕਾਨਵਾਈ" 'ਤੇ ਕਾਬੂ ਪਾਉਣ ਵਿੱਚ ਅਸਫਲ ਰਹਿਣ ਕਾਰਨ ਔਟਵਾ ਪੁਲੀਸ ਦੀ ਸਖਤ ਆਲੋਚਨਾ ਹੋਈ ਹੈ, ਜਦੋਂ ਕਿ ਹੋਰ ਥਾਂਵਾਂ 'ਤੇ ਕਾਨੂੰਨ ਲਾਗੂ ਕਰਨ ਵਾਲੀਆਂ ਅਥਾਰਟੀਆਂ ਐਮਰਜੰਸੀ ਐਕਟ ਦੀ ਵਰਤੋਂ ਕੀਤੇ ਬਿਨਾਂ ਬਾਰਡਰਾਂ ਦੇ ਲਾਂਘਿਆਂ ਨੂੰ ਦੁਬਾਰਾ ਖੁੱਲ੍ਹਵਾਉਣ ਵਿੱਚ ਕਾਮਯਾਬ ਹੋਈਆਂ ਹਨ।

ਇਸ ਦੇ ਇਲਾਵਾ, ਇਹ ਯਕੀਨ ਕਰਨ ਦਾ ਕੋਈ ਕਾਰਨ ਨਹੀਂ ਹੈ ਕਿ ਕਾਨੂੰਨ ਲਾਗੂ ਕਰਨ ਦੇ ਰਵਾਇਤੀ ਢੰਗ ਔਟਵਾ ਵਿਚਲੀ ਕਾਨਵਾਈ ਨੂੰ ਕਾਬੂ ਕਰਨ ਲਈ ਕਾਫੀ ਨਹੀਂ ਹਨ। ਜਿਵੇਂ ਕਿ ਟਰਾਂਟੋ ਸਟਾਰ ਦੀ ਰਿਪੋਰਟਰ ਅਲਥੀਆ ਰਾਜ ਨਾਲ ਗੱਲ ਕਰਦਿਆਂ ਕਾਰਲਟਨ ਯੂਨੀਵਰਸਿਟੀ ਦੇ ਲੀਹ ਵੈੱਸਟ ਨੇ ਕਿਹਾ ਹੈ ਕਿ "(ਕਾਨੂੰਨ ਲਾਗੂ ਕਰਨ ਵਾਲੀਆਂ ਅਥਾਰਟੀਆਂ) ਕੋਲ ਉਹ ਸਭ ਕੁੱਝ ਹੈ ਜਿਸ ਦੀ ਉਨ੍ਹਾਂ ਨੂੰ ਲੋੜ ਹੈ।" ਦਰਅਸਲ ਵਿੱਚ ਉਨ੍ਹਾਂ ਕੋਲ ਹੋਣ ਵਾਲੇ ਕਾਨੂੰਨੀ ਹਥਿਆਰਾਂ ਵਿੱਚ ਮਿਸਚਿਫ (ਜਾਇਦਾਦ ਨੂੰ ਨੁਕਸਾਨ ਪਹੁੰਚਾਉਣ) ਅਤੇ ਗੈਰਕਾਨੂੰਨੀ ਤੌਰ 'ਤੇ ਇਕੱਠੇ ਹੋਣ (ਅਨਲਾਅਫੁੱਲ ਅਸੰਬਲੀ) ਵਰਗੀਆਂ ਕਰਿਮਨਲ ਕੋਡ ਅਧੀਨ ਆਉਣ ਵਾਲੀਆਂ ਉਲੰਘਣਾਵਾਂ ਸਾਮਲ ਹਨ।

ਬਹੁਤ ਸਾਰੇ ਲੋਕਾਂ ਨੇ ਦਾਆਵਾ ਕੀਤਾ ਹੈ ਕਿ ਮੁਜਾਹਰਾਕਾਰੀਆਂ ਵੱਲ ਔਟਵਾ ਪੁਲੀਸ ਦਾ ਰਵੱਈਆ ਹਮਦਰਦੀ ਭਰਪੂਰ ਸੀ। ਉਨ੍ਹਾਂ ਦਾ ਇਹ ਦਾਅਵਾ ਕੁੱਝ ਹੱਦ ਤੱਕ ਸੱਚਾ ਹੈ। ਪਰ ਇਹ ਸਮੱਸਿਆ ਅਜਿਹੀ ਨਹੀਂ ਹੈ ਜਿਸ ਨੂੰ ਐਮਰਜੰਸੀਜ ਐਕਟ ਲਾਗੂ ਕਰ ਕੇ ਹੱਲ ਕੀਤਾ ਜਾ ਸਕੇ।




ਕਿਸੇ ਨਾ ਕਿਸੇ ਨੂੰ ਐਮਰਜੰਸੀਜ ਐਕਟ ਅਧੀਨ ਜਾਰੀ ਕੀਤੇ ਗਏ ਸਰਕਾਰ ਦੇ ਫਰਮਾਨਾਂ ਨੂੰ ਲਾਗੂ ਕਰਨਾ ਪਵੇਗਾ। ਜੇ ਔਟਵਾ ਪੁਲੀਸ ਅਜਿਹਾ ਨਹੀਂ ਕਰੇਗੀ ਤਾਂ ਕੌਣ ਕਰੇਗਾ? ਮਿਲਟਰੀ? ਕਿਸੇ ਘਰੇਲੂ ਰੋਸ ਨੂੰ ਦਬਾਉਣ ਲਈ ਕੀਤੀ ਗਈ ਮਿਲਟਰੀ ਦੀ ਵਰਤੋਂ ਕਾਰਨ ਲੋਕਤੰਤਰ ਨੂੰ ਪੈਦਾ ਹੋਣ ਵਾਲੇ ਸਪਸਟ ਖਤਰਿਆਂ ਤੋਂ ਇਲਾਵਾ, ਕਈ ਅਜਿਹੇ ਸੰਕੇਤ ਪ੍ਰਾਪਤ ਹਨ ਕਿ ਫੌਜੀ ਵੀ "ਫ੍ਰੀਡਮ ਕਾਨਵਾਈ" ਨਾਲ ਸਹਿਮਤੀ ਰੱਖਦੇ ਹਨ।

ਇਸ ਲਈ ਸਰਕਾਰ ਵੱਲੋਂ ਐਮਰਜੰਸੀਜ ਐਕਟ ਦੀ ਬੇਮਿਸਾਲੀ ਵਰਤੋਂ ਨਾ ਹੀ ਜਰੂਰੀ ਹੈ ਅਤੇ ਨਾ ਹੀ ਫਾਇਦੇਮੰਦ। ਸਗੋਂ, ਮੌਜੂਦਾ ਹਾਲਤਾਂ ਵਿੱਚ, ਇਸ ਸਖਤ ਕਾਨੂੰਨ ਦੀ ਵਰਤੋਂ ਸਿੱਧੇ ਤੌਰ 'ਤੇ ਗੈਰ-ਕਾਨੂੰਨੀ ਹੈ।

ਜਿਵੇਂ ਕਿ ਕਈ ਰਿਪੋਰਟਾਂ ਵਿੱਚ ਦਿਖਾਇਆ ਗਿਆ ਹੈ ਕਿ ਕੁੱਝ ਮੁਜਾਹਰਾਕਾਰੀਆਂ ਨੇ ਗੋਰਿਆਂ ਨੂੰ ਉੱਤਮ ਨਸਲ ਮੰਨਣ ਵਾਲਿਆਂ (ਵਾਈਟ ਸੁਪਰਮਿਸਟਾਂ) ਦੇ ਚਿੰਨ ਵਜੋਂ ਜਾਣੇ ਜਾਂਦੇ ਝੰਡੇ (ਕਨਫੈਡਰੇਟ ਫਲੈਗਜ) ਚੁੱਕੇ ਹੋਏ ਸਨ ਅਤੇ ਕਈ ਮੁਜਾਹਰਾਕਾਰੀਆਂ ਨੇ ਸਵਾਸਤਿਕਾ (ਨਾਜੀਆਂ) ਦੇ ਚਿੰਨਾਂ ਦਾ ਪ੍ਰਦਰਸਨ ਕੀਤਾ ਸੀ। ਕਾਨਵਾਈ ਦੇ ਪ੍ਰਬੰਧਕਾਂ ਵਿੱਚੋਂ ਕੁੱਝ ਇਕ ਦਾ ਗੋਰਿਆਂ ਨੂੰ ਉੱਤਮ ਨਸਲ ਮੰਨਣ ਵਾਲਿਆਂ (ਵਾਈਟ ਸੁਪਰਮਿਸਟਾਂ) ਦਾ ਸਮਰਥਨ ਕਰਨ ਦਾ ਇਤਿਹਾਸ ਹੈ। ਇਹਨਾਂ ਲੋਕਾਂ ਨੂੰ ਨੰਗੇ ਕਰਨਾ ਚਾਹੀਦਾ ਹੈ ਅਤੇ ਉਹਨਾਂ ਦਾ ਫੈਸਲਾਕੁਨ ਢੰਗ ਨਾਲ ਖੰਡਨ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ, ਜੇ ਉਨ੍ਹਾਂ ਵਿੱਚੋਂ ਕਿਸੇ ਨੇ ਕੈਨੇਡਾ ਦੀ ਕਰਿਮਨਲ ਕੋਡ ਜਾਂ ਹੋਰ ਕਾਨੂੰਨਾਂ ਅਧੀਨ ਆਉਂਦੇ ਨਫਰਤ ਦੇ ਕਾਨੂੰਨ (ਹੇਟ ਕਰਾਈਮ) ਦੀ ਉਲੰਘਣਾ ਕੀਤੀ ਹੋਵੇ, ਤਾਂ ਉਹਨਾਂ 'ਤੇ ਕਾਨੂੰਨ ਦੀ ਪੂਰੀ ਤਾਕਤ ਨਾਲ ਮੁਕੱਦਮੇ ਚਲਾਉਣੇ ਚਾਹੀਦੇ ਹਨ ਅਤੇ ਉਨ੍ਹਾ ਨਾਲ ਨਿਆਂ ਹੋਣਾ ਚਾਹੀਦਾ ਹੈ।

ਇਹ ਵੀ ਸੱਚ ਹੈ ਕਿ ਮੁਜਾਹਰਾਕਾਰੀਆਂ ਦੀ ਵੱਡੀ ਗਿਣਤੀ ਨੇ ਅਪਮਾਨਜਨਕ ਚਿੰਨਾਂ ਦਾ ਪ੍ਰਦਰਸਨ ਨਹੀਂ ਕੀਤਾ, ਜਾਂ ਉਹਨਾਂ ਨੇ ਇਸ ਤਰ੍ਹਾਂ ਦਾ ਵਰਤਾਅ ਨਹੀਂ ਕੀਤਾ ਜਿਹੜਾ ਨਿਤਾਣੇ ਗਰੁੱਪਾਂ ਵਿਰੁੱਧ ਨਫਰਤ ਦਾ ਪ੍ਰਗਟਾਵਾ ਕਰਦਾ ਹੋਵੇ। ਵੱਡੀ ਪੱਧਰ 'ਤੇ ਮੁਜਾਹਰਾਕਾਰੀਆਂ ਨੇ ਕੈਨੇਡਾ ਦਾ ਝੰਡਾ ਚੁੱਕਿਆ ਹੋਇਆ ਹੈ। ਇਸ ਦੇ ਨਾਲ ਹੀ ਰੋਸ ਮੁਜਾਹਰਾ ਜਿਆਦਾ ਕਰਕੇ ਸਾਂਤਮਈ ਰਿਹਾ ਹੈ। ਇਹਨਾਂ ਹਾਲਤਾਂ ਵਿੱਚ ਟਰੂਡੋ ਸਰਕਾਰ ਦੇ ਇਸ ਦਾਅਵੇ ਕਿ ਕਾਨਵਾਈ ਕੈਨੇਡੀਅਨ ਸਿਕਿਉਰਟੀ ਇਨਟੈਲੀਜੈਂਸ ਐਕਟ ਦੇ ਸੈਕਸਨ 2 ਦੇ ਅਧੀਨ 'ਕੈਨੇਡਾ ਦੀ ਸਿਕਿਉਰਟੀ" ਲਈ ਖਤਰਾ ਹੈ, ਬਾਰੇ ਇਹ ਹੀ ਕਿਹਾ ਜਾ ਸਕਦਾ ਹੈ ਕਿ ਇਹ ਦਾਅਵਾ ਬਹੁਤ ਹੀ ਥੋਥਾ ਹੈ।

ਕੈਨੇਡੀਅਨ ਸਿਵਲ ਲਿਬਰਟੀਜ ਐਸੋਸੀਏਸਨ (ਸੀ ਸੀ ਐੱਲ ਏ) ਨੇ ਦਲੀਲ ਦਿੱਤੀ ਹੈ ਕਿ ਐਮਰਜੰਸੀਜ ਐਕਟ ਲਾਉਣ ਲਈ ਮਿੱਥੇ ਉੱਚੇ ਮਿਆਰ ਨੂੰ ਪੂਰਾ ਨਹੀਂ ਕੀਤਾ ਗਿਆ। ਸੀ ਸੀ ਐੱਲ ਏ ਇਹ ਕਹਿਣ ਤੱਕ ਗਈ ਹੈ ਕਿ ਐਮਰਜੰਸੀ ਤਾਕਤਾਂ ਨੂੰ ਲਾਗੂ ਕਰਨਾ ਲੋਕਤੰਤਰ ਲਈ ਖਤਰਾ ਹੈ।

ਅਸੀਂ ਖੱਬੇਪੱਖੀ 'ਫ੍ਰੀਡਮ ਕਾਨਵਾਈ" ਵਿੱਚ ਸਾਮਲ ਲੋਕਾਂ ਦੇ ਉਦੇਸਾਂ, ਕਦਰਾਂ-ਕੀਮਤਾਂ ਜਾਂ ਰਾਵਾਂ ਨਾਲ ਭਾਵੇਂ ਜਿੰਨੇ ਮਰਜੀ ਗੰਭੀਰ ਰੂਪ ਵਿੱਚ ਅਸਹਿਮਤ ਹੋਈਏ, ਜੇ ਅਸੀਂ ਇਹਨਾਂ ਹਾਲਤਾਂ ਵਿੱਚ ਸਰਕਾਰ ਵੱਲੋਂ ਐਮਰਜੰਸੀ ਤਾਕਤਾਂ ਵਰਤਣ ਦੀ ਹਿਮਾਇਤ ਕੀਤੀ, ਤਾਂ ਇਹ ਦੂਰ ਦੀ ਗੱਲ ਨਹੀਂ ਕਿ ਜਦੋਂ ਸਰਕਾਰ ਇਹਨਾਂ ਅਸਧਾਰਣ ਤਾਕਤਾਂ ਨੂੰ ਸਾਡੇ ਵਿਰੁੱਧ ਹੀ ਵਰਤੇਗੀ।

ਸਾਨੂੰ ਇਸ ਚੀਜ ਦੀ ਲੋੜ ਨਹੀਂ ਹੈ। ਇਹ ਕਾਫੀ ਜ਼ਿਆਦਾ ਸਪਸਟ ਹੋ ਗਿਆ ਹੈ ਕਿ ਸਾਡਾ ਸਿਆਸੀ ਪ੍ਰਬੰਧ ਬੁਨਿਆਦੀ ਰੂਪ ਵਿੱਚ ਟੁੱਟ ਚੁੱਕਾ ਹੈ, ਇਸ ਲਈ ਆਪਣੀ ਧਰਤੀ (ਪਲੈਨਟ) ਨੂੰ ਬਚਾਉਣ ਅਤੇ ਸੱਚਮੁੱਚ ਹੀ ਨਿਆਂਭਰਪੂਰ ਸਮਾਜ ਬਣਾਉਣ ਲਈ ਵੱਡੀ ਪੱਧਰ 'ਤੇ ਅਤੇ ਪੂਰੀ ਦ੍ਰਿੜਤਾ ਨਾਲ ਕੀਤੀ ਜਾਣ ਵਾਲੀ ਸਿਵਲ-ਨਾਫਰਮਾਨੀ (ਸਿਵਲ ਡਿਸਓਬੀਡੀਐਂਸ) ਸਾਡੀ ਸਭ ਤੋਂ ਵੱਡੀ - ਸਾਇਦ ਸਿਰਫ ਇੱਕੋ-ਇੱਕ- ਉਮੀਦ ਹੈ। ਜੇ ਅਸੀਂ ਕੈਨੇਡਾ ਦੇ ਖੱਬੇਪੱਖੀਆਂ ਨੇ ਇਸ ਰੋਸ-ਮੁਜਾਹਰੇ ਨੂੰ ਦਬਾਉਣ ਲਈ ਸਰਕਾਰ ਵੱਲੋਂ ਐਮਰਜੰਸੀ ਤਾਕਤਾਂ ਵਰਤੇ ਜਾਣ ਦੀ ਹਿਮਾਇਤ ਕੀਤੀ ਤਾਂ ਅਸੀਂ ਧਰਤੀ ਮਾਂ ਨੂੰ ਬਚਾਉਣ ਅਤੇ ਸੱਚਮੁੱਚ ਦੇ ਲੋਕਤੰਤਰ ਨੂੰ ਮਹਿਫੂਜ ਕਰਨ ਲਈ ਇਸ ਤੋਂ ਵੀ ਵੱਧ ਗੜਬੜ ਫੈਲਾਉਣ ਵਾਲੇ ਲੋੜੀਂਦੇ ਵੱਡੇ ਸੰਘਰਸ ਉਸਾਰਨ ਅਤੇ ਕਾਇਮ ਰੱਖਣ ਦੀ ਸੰਭਾਵਨਾ ਦਾ ਨਾਸ ਕਰ ਰਹੇ ਹੋਵਾਂਗੇ।

ਟਰੂਡੋ ਸਰਕਾਰ ਵੱਲੋਂ ਐਮਰਜੰਸੀ ਦਾ ਐਲਾਨ ਕਰਨ ਤੋਂ ਥੋੜ੍ਹਾ ਸਮਾਂ ਬਾਅਦ ਹੀ ਡਿਪਟੀ ਪ੍ਰਾਈਮ ਮਨਿਸਟਰ ਕ੍ਰਿਸਟੀਆ ਫ੍ਰੀਲੈਂਡ ਨੇ ਪ੍ਰਗਟ ਕੀਤਾ ਕਿ ਐਕਟ ਅਧੀਨ ਅਪਣਾਏ ਜਾਣ ਵਾਲੇ ਕਾਨੂੰਨਾਂ ਅਧੀਨ ਬੈਂਕਾਂ ਕੋਲ ਅਦਾਲਤ ਦਾ ਹੁਕਮ ਲਏ ਬਿਨਾਂ ਅਤੇ ਅਜਿਹਾ ਕਰਨ ਲਈ ਉਹਨਾਂ 'ਤੇ ਮੁਕੱਦਮਾ ਕੀਤੇ ਜਾਣ ਦੇ ਡਰ ਤੋਂ ਬਿਨਾਂ ਉਹਨਾਂ ਨਿੱਜੀ ਅਤੇ ਵਪਾਰਕ ਖਾਤਿਆਂ ਨੂੰ ਆਰਜੀ ਤੌਰ 'ਤੇ ਫ੍ਰੀਜ ਕਰਨ ਦੀ ਇਜਾਜਤ ਹੋਵੇਗੀ ਜਿਹਨਾਂ 'ਤੇ ਬਲੌਕੇਡ ਦਾ ਸਮਰਥਨ ਕਰਨ ਦਾ ਸੱਕ ਹੋਵੇਗਾ।

ਡਿਪਟੀ ਮਨਿਸਟਰ ਕ੍ਰਿਸਟੀਆ ਫ੍ਰੀਲੈਂਡ ਦੇ ਪ੍ਰਗਟਾਵੇ 'ਤੇ ਟਿੱਪਣੀ ਕਰਦਿਆਂ, ਅਮਰੀਕਾ ਦੇ ਸਿਆਸੀ ਟਿੱਪਣੀਕਾਰ ਕਾਇਲ ਕੁਲਿਨਸਕੀ ਨੇ ਕਿਹਾ "ਕੈਨੇਡਾ ਕਿਸੇ ਉਚਿਤ ਨਿਆਂਇਕ ਅਮਲ ਬਿਨਾਂ (ਵਿਦ ਜੀਰੋ ਡਿਊ ਪ੍ਰੋਸੈੱਸ) ਪ੍ਰਦਰਸਨਕਾਰੀ ਟਰੱਕਾਂ ਵਾਲਿਆਂ ਨੂੰ 'ਦਹਿਸਤਵਾਦੀ' ਕਹਿ ਕੇ, ਉਹਨਾਂ ਦੇ ਬੈਂਕ ਖਾਤਿਆਂ ਨੂੰ ਫ੍ਰੀਜ ਕਰਨ ਦੀ ਜੋ ਕੋਸਿਸ ਕਰ ਰਿਹਾ ਹੈ, ਉਹ ਇਕ ਅਜਿਹੀ ਮਿਸਾਲ ਹੈ ਜਿਹੜੀ ਕਿਸੇ ਵੀ ਅਤੇ ਹਰ ਤਰ੍ਹਾਂ ਦੇ ਰੋਸ ਪ੍ਰਦਰਸਨਾਂ ਖਿਲਾਫ ਵਰਤੀ ਜਾਵੇਗੀ। ਤੁਹਾਨੂੰ ਇਸ ਗੱਲ ਦਾ ਵਿਰੋਧ ਕਰਨਾ ਪਵੇਗਾ, ਭਾਵੇਂ ਤੁਸੀਂ ਇਸ ਪ੍ਰਦਰਸਨ ਦੇ ਮੂਲ-ਤੱਤ ਬਾਰੇ ਕਿਸੇ ਤਰ੍ਹਾਂ ਦੇ ਵੀ ਵਿਚਾਰ ਰੱਖਦੇ ਹੋਵੋ।"

ਅਸਲ ਵਿੱਚ ਇਹ ਦਿਮਾਗੀ ਤੌਰ 'ਤੇ ਕਾਫੀ ਪਰੇਸਾਨ ਕਰਨ ਵਾਲਾ ਹੈ ਜੇ ਕੋਈ ਵੀ ਗੰਭੀਰ ਖੱਬੇ-ਪੱਖੀ ਇਸ ਗੱਲ 'ਤੇ ਯਕੀਨ ਕਰਦਾ ਹੋਵੇ ਕਿ ਲਿਬਰਲ ਜਾਂ ਕੰਜਰਵੇਟਿਵ ਸਰਕਾਰ ਐਮਰਜੰਸੀਜ ਐਕਟ ਦੀਆਂ ਅਤਿ ਦੀਆਂ ਤਾਕਤਾਂ ਨੂੰ ਲੋਕਤੰਤਰਕ ਅਤੇ ਨੈਤਿਕ ਢੰਗ ਨਾਲ ਵਰਤੇਗੀ। ਇਸ ਕਾਨੂੰਨ ਨੂੰ ਲਾਗੂ ਕਰਨ ਵਾਲੇ ਉਹ ਹੀ ਲੋਕ ਹਨ ਜੋ ਸਾਨੂੰ ਮੌਸਮਾਂ ਦੀ ਤਬਦੀਲੀ ਦੀ ਖਾਈ (ਕਲਾਈਮੇਟ ਕਲਿੱਫ) ਵੱਲ ਨੂੰ ਧੱਕ ਰਹੇ ਹਨ, ਇਹ ਉਹ ਹੀ ਲੋਕ ਹਨ ਜੋ ਗੁਲਾਮਾਂ ਵਾਂਗ ਅਮਰੀਕਾ ਦੀ ਸਰਕਾਰ ਅਤੇ ਅਤਿ ਦਰਜੇ ਦੇ ਅਮੀਰਾਂ ਦੀ ਚਾਕਰੀ ਕਰਦੇ ਹਨ, ਇਹ ਉਹ ਹੀ ਲੋਕ ਹਨ ਜੋ ਬਾਕਾਇਦਗੀ ਨਾਲ ਆਪਣੇ ਦੇਸ ਵਿੱਚ ਅਤੇ ਦੁਨੀਆ ਭਰ ਵਿੱਚ ਮਨੁੱਖੀ ਅਧਿਕਾਰਾਂ ਦੀ ਤੌਹੀਨ ਕਰਦੇ ਹਨ।

ਜੇ ਤੁਸੀਂ ਇਹ ਯਕੀਨ ਕਰਦੇ ਹੋ ਕਿ ਇਹ ਲੋਕ ਇਸ ਕਾਨੂੰਨ ਦੀਆਂ ਕਠੋਰ ਤਾਕਤਾਂ ਨੂੰ ਲੋਕਤੰਤਰਕ ਅਤੇ ਨੈਤਿਕ ਢੰਗ ਨਾਲ ਵਰਤਣਗੇ, ਤਾਂ ਮੈਂ ਤੁਹਾਨੂੰ ਫਲੌਰੀਡਾ ਵਿੱਚ ਕਿਸੇ ਦਲਦਲ ਵਾਲੀ ਜਮੀਨ ਬਾਰੇ ਦੱਸ ਸਕਦਾ ਹਾਂ, ਜਿਸ ਬਾਰੇ ਸ਼ਾਇਦ ਤੁਹਾਨੂੰ ਦਿਲਚਸਪੀ ਹੋਵੇ।

ਦਿਮਿਤਰੀ ਲੈਸਕੈਰੀਸ ਇਕ ਵਕੀਲ ਅਤੇ ਮਨੁੱਖੀ ਅਧਿਕਾਰਾਂ ਦਾ ਕਾਰਕੁੰਨ ਹੈ ਅਤੇ ਗਰੀਨ ਪਾਰਟੀ ਦੀ ਲੀਡਰਸਿੱਪ ਦੀ ਪਿਛਲੀ ਚੋਣ ਵਿੱਚ ਇਕ ਉਮੀਦਵਾਰ ਸੀ। ਉਹ ਮਾਂਟਰੀਅਲ ਵਿੱਚ ਰਹਿੰਦਾ ਹੈ।

# ਤਰਕਸ਼ੀਲ ਰੈਸ਼ਨੇਲਿਸਟ ਸੁਸਾਇਟੀ ਵਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਹੱਕ ਵਿੱਚ ਰੈਲੀ

**ਪਰਮਿੰਦਰ ਕੌਰ ਸਵੈਚ**




13 ਫਰਵਰੀ, 2022 ਨੂੰ ਸਰ੍ਹੀ ਦੇ ਬੇਅਰ ਕਰੀਕ ਦੇ ਨੇੜੇ ਅਰਥਾਤ 88 ਐਵੇਨਿਊ ਅਤੇ ਕਿੰਗ ਜੌਰਜ਼ ਦੇ ਕੋਨੇ ਨੇ ਤਰਕਸ਼ੀਲ ਰੈਸ਼ਨੇਲਿਸਟ ਸੁਸਾਇਟੀ ਦੇ ਸੱਦੇ ਤੇ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਹੱਕ ਵਿੱਚ ਰੈਲੀ ਕੀਤੀ ਗਈ ਜਿਸ ਵਿੱਚ ਬਹੁਤ ਸਾਰੇ ਲੋਕ ਹਿਤਾਂ ਨੂੰ ਪ੍ਰਣਾਏ ਲੋਕਾਂ ਨੇ ਸ਼ਮੂਲੀਅਤ ਕੀਤੀ। ਇਸ ਰੈਲੀ ਦੀ ਸ਼ੁਰੂਆਤ ਕਰਦੇ ਹੋਏ ਸਕੱਤਰ ਪਰਮਿੰਦਰ ਕੌਰ ਸਵੈਚ ਨੇ ਸਭ ਨੂੰ ਜੀ ਆਇਆਂ ਕਿਹਾ ਤੇ ਵਿਦਿਆਰਥੀਆਂ ਦੇ ਹੋ ਰਹੇ ਸ਼ੋਸ਼ਣ ਜਿਸ ਵਿੱਚ ਵਿਦਿਆਰਥੀਆਂ ਨੂੰ ਟਾਰਗੈੱਟ ਕਰਕੇ ਕਮਿਊਨਿਟੀ ਵਿੱਚ ਫੁੱਟ ਦੀ ਗੱਲ ਹੋਵੇ ਕਿ ਬੱਚਿਆਂ ਨੂੰ ਇੱਥੇ ਰਹਿਣਾ ਨਹੀਂ ਆਉਂਦਾ, ਉਹ ਗੰਦ ਪਾਉਂਦੇ ਹਨ, ਖੱਪ ਪਾਉਂਦੇ ਹਨ, ਕੁੜੀਆਂ ਦੇਹ ਵਿਉਪਾਰ ਦਾ ਧੰਦਾ ਕਰਦੀਆਂ ਹਨ ਆਦਿ ਬਾਰੇ ਦੱਸਿਆ ਅਤੇ ਸੁਸਾਇਟੀ ਦੇ ਨੌਜਵਾਨ ਮੈਂਬਰ ਰਾਜਵੀਰ ਚੌਹਾਨ ਨੂੰ ਸੱਦਾ ਦਿੱਤਾ। ਰਾਜਵੀਰ ਨੇ ਬਹੁਤ ਹੀ ਵਿਸਥਾਰ ਨਾਲ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਜੋ ਮੌਂਟਰੀਅਲ ਦੇ ਤਿੰਨ ਕਾਲਜ਼ਾਂ ਦੇ ਦੀਵਾਲੀਆ ਹੋਣ ਤੇ ਆਈਆਂ ਹਨ ਤੇ ਉਹਨਾਂ ਕਾਲਜ਼ਾਂ ਦੀ ਅਸਲੀਅਤ ਕਿ ਇਹ ਤਿੰਨੇ ਕਾਲਜ਼ ਇੱਕੋ ਪਰਿਵਾਰ ਚਲਾ ਰਿਹਾ ਸੀ ਤੇ ਉਹਨਾਂ ਨੇ ਇਹ ਜਾਣ ਬੁੱਝ ਕੇ ਫਰਾਡ ਕਿਵੇਂ ਕੀਤਾ ਹੈ ਇਸਨੂੰ ਦੀਵਾਲੀਆ ਕਹਿਣਾ ਹੀ ਗ਼ਲਤ ਹੈ ਉਸ ਪਰਿਵਾਰ ਦੇ ਮੈਂਬਰ ਮਿਸਟਰ ਜਸਟਿਨ ਟਰੂਡੋ ਦੇ ਨਾਲ ਪੰਜਾਬ ਵਿੱਚ ਉਹਨਾਂ ਦੀ ਫੇਰੀ ਸਮੇਂ ਡੈਲੀਗੇਸ਼ਨ ਦੇ ਤੌਰ ਤੇ ਗਏ ਸਨ ਉਦੋਂ ਹੀ ਇਹਨਾਂ ਨੇ ਇਹ ਕਾਲਜ਼ ਨਹੀਂ ਬਿਜ਼ਨਿਸ ਖੋਲ੍ਹੇ ਕਹਿ ਸਕਦੇ ਹਾਂ ।ਇਹਨਾਂ ਵਿੱਚ 1173 ਵਿਦਿਆਰਥੀ ਜੋ ਐਥੇ ਰੁਲ਼ ਰਹੇ ਹਨ ਜਿਨ੍ਹਾਂ ਦਾ ਸਟੂਡੈਂਟ ਵਰਕ ਪਰਮਿਟ ਵੀ ਜਾਂਦਾ ਲੱਗਾ ਹੈ, ਉਹ ਕੰਮ ਵੀ ਨਹੀਂ ਕਰ ਸਕਦੇ। ਉਹ ਗੁਰਦਵਾਰਿਆਂ ਜਾਂ ਪੰਜਾਬੀ ਭਾਈਚਾਰੇ ਦੀ ਮੱਦਦ ਨਾਲ ਦਿਨ ਕਟੀ ਕਰ ਰਹੇ ਹਨ। 633 ਵਿਦਿਆਰਥੀ ਪੰਜਾਬ ਵਿੱਚ ਔਨ ਲਾਈਨ ਪੜ੍ਹ ਰਹੇ ਸਨ, ਉਹਨਾਂ ਦਾ ਰੀਫੰਡ ਵੀ ਵਾਪਸ ਨਹੀਂ ਕੀਤਾ ਜਾ ਰਿਹਾ। ਫੈਡਰਲ ਸਰਕਾਰ ਵਲੋਂ ਕਿਹਾ ਜਾ ਰਿਹਾ ਹੈ ਕਿ ਉਹ ਹੋਰ ਕਾਲਜ਼ਾਂ ਵਿੱਚ ਦਾਖਲਾ ਲੈ ਲੈਣ ਪਰ ਉਹਨਾਂ ਨੂੰ ਫੀਸਾਂ ਦੂਜੀ ਵਾਰ ਦੇਣੀਆਂ ਪੈਣਗੀਆਂ। ਪਰ ਸਟੂਡੈਂਟਾਂ ਕੋਲ ਨਾ ਡਾਲਰ ਹਨ ਨਾ ਕੰਮ। ਕਿਹਾ ਜਾ ਰਿਹਾ ਹੈ ਕਿ ਉਹ ਕੋਰਟ ਦਾ ਦਰਵਾਜ਼ਾ ਖੜਕਾਉਣ ਪਰ ਕਿਵੇਂ। ਉਸਨੇ ਸਰਕਾਰਾਂ ਦੀਆਂ ਇਹਨਾਂ ਬੇਤੁਕੀਆਂ ਗੱਲਾਂ ਨੂੰ ਵੀ ਜੱਗ ਜ਼ਾਹਰ ਕੀਤਾ। ਰੇਡਿਓ ਹੋਸਟ ਨਵਜੋਤ ਢਿੱਲੋਂ ਜੋ ਹਮੇਸ਼ਾਂ ਹੀ ਆਪਣੇ ਪ੍ਰੋਗਰਾਮ ਵਿੱਚ ਲੋਕ ਮਸਲਿਆਂ ਤੇ ਗੱਲ ਕਰਦੀ ਹੈ, ਨੇ ਵੀ ਸਟੂਡੈਂਟਾਂ ਦੇ ਹੱਕ ਵਿੱਚ ਬੋਲਦਿਆਂ ਕਿਹਾ ਕਿ ਉਹਨਾਂ ਨਾਲ ਹੁੰਦੇ ਸ਼ੋਸ਼ਣ ਨੂੰ ਨੱਥ ਪੈਣੀ ਚਾਹੀਦੀ ਹੈ। ਵਿਦਿਆਰਥੀਆ ਸਿਰਤਾਜ, ਜਾਸਮਿਨ ਤੇ ਅਕਸ਼ੇ ਨੇ ਵੀ ਆਪਣੇ ਜਾਤੀ ਤੁਜਰਬੇ ਸਾਂਝੇ ਕਰਦਿਆਂ ਦੱਸਿਆ ਕਿ ਉਹਨਾਂ ਨੂੰ ਕਿੰਨੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ ਉਹ ਕਿਸ ਤਰ੍ਹਾਂ ਦੀਆਂ ਮਾਨਸਿਕ ਉਲਝਣਾਂ ਦੇ ਵਿੱਚ ਪੜ੍ਹਾਈ ਪੂਰੀ ਕਰ ਰਹੇ ਹਨ। ਉਹਨਾਂ ਇਹ ਵੀ ਦੱਸਿਆ ਕਿ ਇਕੱਲੇ ਕਿਊਬੈੱਕ ਦੇ ਕਾਲਜ਼ਾਂ ਵਿੱਚ ਹੀ ਇਹ ਨਹੀਂ ਹੋ ਰਿਹਾ ਇੱਥੇ ਬੀ.ਸੀ. ਤੇ ਉਂਨਟਾਰੀਓ ਵਿੱਚ ਵੀ ਕਾਲਜ਼ ਸਟੂਡੈਂਟਾਂ ਦੇ ਸਰਟੀਫਿਕੇਟ ਦੇਣ ਸਮੇਂ ਆਨਾ ਕਾਨੀ ਕਰਦੇ ਰਹਿੰਦੇ ਹਨ। ਈਸਟ ਇੰਡੀਅਨ ਡੀਫੈਂਸ ਕਮੇਟੀ ਦੇ ਸੈਕਟਰੀ ਹਰਭਜਨ ਚੀਮਾ ਨੇ ਕਿਹਾ ਕਿ ਜੇ ਸਰਕਾਰ ਸਟੂਡੈਂਟ ਨੂੰ ਐਥੇ ਤਿੱਗਣੀਆਂ ਫੀਸਾਂ ਦੇ ਕੇ ਸੱਦ ਰਹੀ ਹੈ ਤਾਂ ਉਹਨਾਂ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਵੀ ਸਰਕਾਰ ਦੀ ਹੈ, ਸਰਕਾਰ ਨੂੰ ਆਪਣਾ ਪੱਲਾ ਨਹੀਂ ਝਾੜਨਾ ਚਾਹੀਦਾ। ਲਖਵੀਰ ਖੁਣਖੁਣ ਨੇ ਕਿਹਾ ਕਿ ਸਰਕਾਰਾਂ ਕਾਰਪੋਰੇਸ਼ਨਾਂ ਦੀ ਹਰ ਵਕਤ ਮੱਦਦ ਕਰਦੀਆਂ ਹਨ ਪਰ ਇਹ ਵਿਦਿਆਰਥੀ ਜੋ ਬੇਕਸੂਰ ਹਨ, ਜੋ ਲੀਗਲੀ ਤੌਰ ਤੇ ਐਥੇ ਪਹੁੰਚੇ ਹਨ, ਉਹਨਾਂ ਦੀ ਪੜ੍ਹਾਈ ਪੂਰੀ ਕਰਵਾਉਣੀ ਚਾਹੀਦੀ ਹੈ। ਇੱਕ ਹੋਰ ਸਾਂਝਾ ਟੀ.ਵੀ. ਹੋਸਟ ਬਲਜਿੰਦਰ ਕੌਰ ਨੇ ਕਿਹਾ ਕਿ ਬਹੁਤ ਸਾਰੇ ਵਿਦਿਆਰਥੀ ਉਹਨਾਂ ਕੋਲ ਆਪਣੀਆਂ ਸਮੱਸਿਆਵਾਂ ਬਾਰੇ ਗੱਲ ਕਰਦੇ ਹਨ ਜੋ ਕਈ ਵਾਰੀ ਬਹੁਤ ਹੀ ਗੰਭੀਰ ਹੁੰਦੀਆਂ ਹਨ ।ਇਸ ਰੈਲੀ ਵਿੱਚ ਈਸਟ ਇੰਡੀਅਨ ਡੀਫੈਂਸ ਕਮੇਟੀ, ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਂਊਂਡੇਸ਼ਨ, ਇੱਕ ਸੰਸਾਰ ਕਮੇਟੀ, ਹੋਪ ਸੇਵਾ ਸੁਸਾਇਟੀ ਆਦਿ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਹਾਜ਼ਰੀ ਦੇ ਕੇ ਵਿਦਿਆਰਥੀਆਂ ਦੇ ਹੱਕ ਵਿੱਚ ਹਾਅਦਾ ਨਾਹਰਾ ਮਾਰਿਆ। ਅੰਤ ਵਿੱਚ ਤਰਕਸ਼ੀਲ ਸੁਸਾਇਟੀ ਦੇ ਪ੍ਰਧਾਨ ਬਾਈ ਅਵਤਾਰ ਸਿੰਘ ਨੇ ਵਿਦਿਆਰਥੀਆਂ ਦੇ ਹੱਕ ਵਿੱਚ ਕਿਹਾ ਕਿ ਸੁਸਾਇਟੀ ਹਮੇਸ਼ਾਂ ਉਹਨਾਂ ਨਾਲ ਖੜ੍ਹੀ ਹੈ, ਉਹਨਾਂ ਦੀ ਮੱਦਦ ਲਈ ਹੋਰ ਵੀ ਯਤਨ ਕਰਦੀ ਰਹੇਗੀ ਅਤੇ ਇਸ ਰੈਲੀ ਵਿੱਚ ਸ਼ਾਮਲ ਸਾਰੇ ਲੋਕਾਂ ਦਾ ਅਤੇ ਮੀਡੀਆ ਜਿਨ੍ਹਾਂ ਨੇ ਇਸ ਪ੍ਰੋਗਰਾਮ ਲਈ ਯੋਗਦਾਨ ਪਾਇਆ, ਓਮਨੀ ਟੀ.ਵੀ., ਸਾਂਝਾ ਟੀ.ਵੀ., ਰੈੱਡ ਐਫ. ਐਮ., ਸ਼ੇਰੇ ਪੰਜਾਬ, ਕੁਨੈਕਟ ਐਫ.ਐਮ. ਆਦਿ ਸਭ ਦਾ ਧੰਨਵਾਦ ਕੀਤਾ।





**SUPER VISA INSURANCE**

ਸੁਪਰ ਵੀਜ਼ਾ ਇੰਸ਼ੋਰੈਂਸ

With all the BENEFITS & REQUIREMENTS

* LIFE INSURANCE * CRITICAL ILLNESS INSURANCE * TFSA
* RRSP * RESP * DISABILITY INSURANCE

For More Information Call:

**HARCHARAN PARHAR**

Cell: 403.681.8689 Email: parharinsurance@gmail.com www.parharinsurance.com



**Harpreet Parmar** CPA, CGA

Chartered Professional Accountant

• Accounting • Tax • Business Advisory

We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business

• Accounting • Financial • Statements • Personal Tax • Corporate Tax • Incorporation • Payroll • Business Advisory • New Business Startups • Book-Keeping • Management • Consulting Services

ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।

In Business Since 1997

New Location

Extensive experience with Revenue Canada audits, reviews etc.

Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)

Ph: (403) 271-5100, Fax: (403) 271-5171

Email: hparmar@hppcorp.ca
Website: www.hppcorp.ca



**Sandhu G Construction Ltd.**

Preparation- Shower Base - Water Proof

We can install Ceramic Tiles & Marble,Back Splash Tiles, Tiles on Walls, Kitchen,Washroom or anywhere in Home. You can upgrade your Kitchen or Washroom



ਵਰਕਰ ਦੀ ਤੁਰੰਤ ਲੋੜ

ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ ਅਤੇ ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ





Harmanjot Dhudike 403-975-0006
Sharmanjot22@gmail.com
Dalveer Purba 587-435-5600

ਕੈਨੇਡਾ ਦਾ ਵਿਦਿਆਰਥੀ ਸੰਘਰਸ਼

# ਵਿਦਿਆਰਥੀ ਹੱਕਾਂ ਲਈ ਮੌਂਟਰੀਅਲ ਵਿਖੇ ਕਾਰ ਮਾਰਚ ਅਤੇ ਰੈਲੀ











ਮੌਂਟਰੀਅਲ (ਸਰੋਕਾਰਾਂ ਦੀ ਅਵਾਜ਼) : ਕੈਨੇਡਾ ਦੇ ਸ਼ਹਿਰ ਮੌਂਟਰੀਅਲ ਦੇ ਤਿੰਨ ਕਾਲਜਾਂ (ਐਮ-ਕਾਲਜ, ਸੀਡੀਈ ਅਤੇ ਸੀਸੀਐਸਕਿਊ) ਦੇ ਬੰਦ ਹੋਣ ਨਾਲ ਭਾਰਤ ਅਤੇ ਕੈਨੇਡਾ ਦੇ ਸੈਂਕੜੇ ਵਿਦਿਆਰਥੀ ਲਗਾਤਾਰ ਸੰਘਰਸ਼ ਕਰ ਰਹੇ ਹਨ। ਪਿਛਲੇ ਦਿਨੀਂ ਵਿਦਿਆਰਥੀ ਸੰਘਰਸ਼ ਦੀ ਹਮਾਇਤ ਵਿੱਚ ਕੈਨੇਡਾ ਦੇ ਸ਼ਹਿਰ ਬਰੈਂਪਟਨ ਅਤੇ ਕੈਲਗਰੀ ਵਿੱਚ ਨੌਜਵਾਨ ਸਪੋਰਟ ਨੈਟਵਰਕ, ਤਰਕਸ਼ੀਲ ਸੁਸਾਇਟੀ ਕੈਨੇਡਾ ਅਤੇ ਹੋਰ ਸੰਸਥਾਵਾਂ ਨੇ ਮਿਲਕੇ ਰੈਲੀਆਂ ਕੀਤੀਆਂ। ਬੀਤੇ ਦਿਨੀਂ 'ਮੌਂਟਰੀਅਲ ਯੂਥ-ਸਟੂਡੈਂਟ ਆਰਗੇਨਾਈਜੇਸ਼ਨ' ਵੱਲੋਂ ਮੌਂਟਰੀਅਲ ਸ਼ਹਿਰ ਵਿੱਚ ਕਾਰ ਰੈਲੀ ਕੀਤੀ ਗਈ ਜਿਸ ਵਿੱਚ ਸੌ ਤੋਂ ਉੱਪਰ ਕਾਰਾਂ ਦਾ ਕਾਫਲਾ ਸ਼ਹਿਰ ਵਿੱਚ ਰੋਸ ਮਾਰਚ ਕਰਦਾ ਹੋਇਆ ਸਿੱਖਿਆ ਮੰਤਰੀ ਦੇ ਦਫਤਰ ਸਾਹਮਣੇ ਰੋਸ ਰੈਲੀ ਦੇ ਰੂਪ ਵਿੱਚ ਸਮਾਪਤ ਹੋਇਆ। ਇਸ ਸਮੇਂ ਰੈਲੀ 'ਚ ਸ਼ਾਮਲ ਵਿਦਿਆਰਥੀਆਂ ਨੂੰ ਨੌਜਵਾਨ ਆਗੂ ਵਰੁਣ ਖੰਨਾ, ਅਮੀਤੋਜ਼ ਸ਼ਾਹ, ਪਰਮ ਢਿੱਲੋਂ, ਜੋਤ ਘੁੰਮਣ, ਹਰਜਿੰਦਰ ਸਿੱਧੂ, ਨਵਰੀਤ ਕੌਰ, ਸੁਖਮਨ ਸਿੰਘ ਨੇ ਸੰਬੋਧਨ ਕੀਤਾ। ਉਹਨਾਂ ਨੇ ਸਿੱਖਿਆ ਮੰਤਰੀ ਦੇ ਅਧਿਕਾਰੀਆਂ ਨੂੰ ਮੰਗ ਪੱਤਰ ਵੀ ਸੌਂਪਿਆਂ ਜਿਸਤੇ ਉਹਨਾਂ ਵਿਦਿਆਰਥੀਆਂ ਨੂੰ ਇਨਸਾਫ ਦੇਣ ਦਾ ਭਰੋਸਾ ਦਿੱਤਾ। ਆਪਣੇ ਸੰਬੋਧਨ ਵਿੱਚ ਆਗੂਆਂ ਨੇ ਕਿਹਾ ਕਿ ਵਿਦਿਆਰਥੀਆਂ ਦਾ ਪੈਸਾ ਤੇ ਭਵਿੱਖ ਦਾਅ ਉੱਤੇ ਲੱਗਾ ਹੋਇਆ ਹੈ। ਉਹਨਾਂ ਨੇ ਮੰਗ ਕੀਤੀ ਕਿ ਕੈਨੇਡਾ ਵਿੱਚ ਇਹਨਾਂ ਕਾਲਜਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਪੜ੍ਹਾਈ ਪੂਰੀ ਕਰਵਾਈ ਜਾਵੇ, ਸੀਏਕਿਊ (Quebec Acceptance Certificate) ਅਤੇ ਸਟੱਡੀ ਪਰਮਿਟ ਮਨਜ਼ੂਰ ਕਰਦਿਆਂ ਵਿਦਿਆਰਥੀਆਂ ਨੂੰ ਗਰੈਜ਼ੂਏਟ ਕਰਨ, ਕੈਨੇਡਾ ਤੋਂ ਬਾਹਰ ਭਾਰਤ-ਪੰਜਾਬ ਬੈਠੇ ਵਿਦਿਆਰਥੀਆਂ ਦੀ ਲੱਗਭੱਗ 64 ਲੱਖ ਡਾਲਰ ਫੀਸ ਵਾਪਸ ਕੀਤੀ ਜਾਵੇ, ਸਟੱਡੀ ਵੀਜ਼ਾ ਹਾਸਲ ਵਿਦਿਆਰਥੀਆਂ ਨੂੰ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਟਰੈਵਲ ਕਰਨ ਦਿੱਤਾ ਜਾਵੇ, ਜਿਹਨਾਂ ਵਿਦਿਆਰਥੀਆਂ ਨੇ ਇੱਕ ਸਾਲ ਤੋਂ ਉਪਰ ਸਮੇਂ ਤੋਂ ਫੀਸਾਂ ਭਰੀਆਂ ਹੋਈਆਂ ਹਨ ਪਰ ਨਾ ਤਾਂ ਉਹਨਾਂ ਨੂੰ ਵੀਜ਼ਾ ਮਿਲ ਰਿਹਾ ਹੈ ਅਤੇ ਨਾ ਹੀ ਕਲਾਸਾਂ ਲੱਗ ਰਹੀਆਂ ਹਨ; ਉਹਨਾਂ ਨੂੰ ਵੀਜ਼ਾ ਤੇ ਕਲਾਸਾਂ ਸਬੰਧੀ ਕੋਈ ਸਕਾਰਾਤਮਕ ਫੈਸਲਾਂ ਦਿੱਤਾ ਜਾਵੇ ਅਤੇ ਧੋਖਾਧੜੀ ਕਰਨ ਵਾਲਿਆਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਇਸ ਸਮੇਂ ਹੱਥਾਂ ਵਿੱਚ ਆਪਣੀਆਂ ਮੰਗਾਂ ਦੇ ਸਲੋਗਨ ਫੜਕੇ ਨਾਅਰੇ ਮਾਰਦੇ ਹੋਏ ਵਿਦਿਆਰਥੀਆਂ ਨੇ ਜਿੱਤ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ। ਆਗੂਆਂ ਨੇ ਕਿਹਾ ਕਿ ਸਿੱਖਿਆ ਮੰਤਰੀ ਨੂੰ ਇੱਕ ਹਫਤੇ ਦਾ ਸਮਾਂ ਦਿੱਤਾ ਗਿਆ ਹੈ ਅਤੇ ਇਸਤੋਂ ਬਾਅਦ ਸੰਘਰਸ਼ ਦੀ ਅਗਲੀ ਰਣਨੀਤੀ ਬਣਾਈ ਜਾਵੇਗੀ।

**ਵਰੁਣ ਖੰਨਾ** +1 (514) 546-8202, **ਹਰਿੰਦਰ ਸਿੰਘ** : +1 (647) 804-2419

DM TRANSPORT
ace ACI US&Canada Bonded
**Bob Dhaliwal**
President
Phone# 1-844-820-3434 EXT 112
Cell # 416-318-5032
Fax # 1-416-981-3515
365 healey Rd, Bolton, ON
Unit 19
Email : bob@dmtransport.ca
Web : www.dmtransport.ca

**Hiring AZ drivers and owner operator**







Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

Westwinds PHARMACY
**ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ**
**Open 7 Days A Week**
New Hours Mon To Fri 9am to 9 pm and 10 am to 6 pm Weekends
10% Discount on OTC Products with this coupon
EXP : Dec 31, 2022 | LIMIT : 1 Coupon per Visit
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!



Apinder Aujla
BSc.Pharm



Satvachan Lal
B.Sc.Pharm

#1150, 4818 Westwindus Drive NE. Calgary
403-293-9360

Trust Your Memories to the Professionals
**Dream Productions inc.**
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
VIDEO: Video film with single, double & multiple camera system (Broadcast Quality)
PHOTOGRAPHY: Digital Photography (Coloured, black and white) digital enhancement
MUSIC: DJ, Lighting, screen Projector live sound etc.
403-835-2762 or 29 DREAM (37326)
Special Packages Available For All Occasions

urban Real Estate Services Ltd.
**Harcharan Parhar**
REALTOR®
For all your Real Estate needs
Please Call for Buy or Sell
Residential, Commercial, Condos & Rental Property.
Cell : 403.681.8689
Email : hp8689@gmail.com
www.harcharanparhar.com





ਡੰਗ ਅਤੇ ਚੋਭਾਂ
ਗੁਰਮੀਤ ਸਿੰਘ ਪਲਾਹੀ
98158-02070

# ਚਿੰਤਾ ਦੀਆਂ ਲਕੀਰਾਂ ਪੰਜਾਬ ਦੇ ਮੱਥੇ 'ਤੇ

ਪੰਜਾਬ 'ਚ ਵਿਧਾਨ ਸਭਾ ਲਈ ਵੋਟਾਂ ਪੈ ਕੇ ਹਟੀਆਂ ਹਨ। ਪੰਜਾਬ ਦੇ ਸਰਕਾਰੀ ਹਲਕਿਆਂ ਦੀ ਘਬਰਾਹਟ ਹੈ ਕਿ ਪਿਛਲੀਆਂ 2017 ਦੀਆਂ ਵਿਧਾਨ ਸਭਾ ਚੋਣਾਂ ਨਾਲੋਂ, ਇਸ ਵਾਰ 2022 'ਚ, 5.41 ਫ਼ੀਸਦੀ ਘੱਟ ਵੋਟ ਪੋਲ ਹੋਏ ਹਨ। ਸਿਆਸੀ ਧਿਰਾਂ'ਚ ਘਬਰਾਹਟ ਹੈ ਕਿ ਸ਼ਹਿਰੀ ਖੇਤਰਾਂ ਵਿੱਚ ਖ਼ਾਸ ਕਰਕੇ ਮਾਲਵਾ ਖਿੱਤੇ 'ਚ ਵੱਧ ਵੋਟਰਾਂ ਨੇ ਵੋਟ ਪਾਈ ਹੈ।

ਹੋਰ ਚਿੰਤਾਵਾਂ ਦੇ ਨਾਲ ਪੰਜਾਬ ਹਿਤੈਸ਼ੀ ਚਿੰਤਕਾਂ ਦੀ ਚਿੰਤਾ ਵਧੀ ਹੈ ਕਿ ਪੰਜਾਬ ਚੋਣਾਂ 'ਚ ਨਸ਼ਿਆਂ ਖ਼ਾਸ ਕਰਕੇ ਮੁਫ਼ਤ ਸ਼ਰਾਬ ਵੰਡ ਵੱਡੀ ਪੱਧਰ 'ਤੇ ਕੀਤੀ ਗਈ ਹੈ ਅਤੇ ਹੋਰ ਸੈਂਥੈਟਿਕ ਨਸ਼ੇ ਵੀ ਸ਼ਰੇਆਮ ਵੰਡੇ ਗਏ ਹਨ ਭਾਵੇਂ ਕਿ ਚੋਣ ਕਮਿਸ਼ਨ ਦੇ ਅਧਿਕਾਰੀ ਵੱਡੀ ਮਾਤਰਾ 'ਚ ਸ਼ਰਾਬ, ਪੈਸਾ, ਜ਼ਬਤ ਕਰਨ ਦਾ ਦਾਅਵਾ ਕਰਦੇ ਹਨ। ਇਸ ਤੋਂ ਵੀ ਵੱਡੀ ਚਿੰਤਾ ਇਹ ਵੀ ਵਧੀ ਹੈ ਕਿ ਪੰਜਾਬ ਦੀਆਂ ਸਿਆਸੀ ਧਿਰਾਂ ਨੇ ਆਪਣੇ ਉਮੀਦਵਾਰ,ਵੱਡੇ ਧਨਾਢ ਅਤੇ ਉਹ ਲੋਕ ਜਿਹੜੇ ਖੱਬੀਖਾਂਨ ਹਨ ਅਤੇ ਜਿਹਨਾ ਵਿਰੁੱਧ ਅਦਾਲਤਾਂ ਵਿੱਚ ਅਪਰਾਧਿਕ ਮਾਮਲੇ ਦਰਜ਼ ਹਨ, ਨੂੰ ਬਨਾਉਣ ਲਈ ਤਰਜ਼ੀਹ ਦਿੱਤੀ ਹੈ। ਕੁਲ ਮਿਲਾਕੇ ਵੱਖੋ-ਵੱਖਰੀਆਂ ਪਾਰਟੀਆਂ ਦੇ 1304 ਉਮੀਦਵਾਰ ਚੋਣ ਮੈਦਾਨ ਵਿੱਚ ਸਨ ਅਤੇ 315 ਉਮੀਦਵਾਰਾਂ (ਜੋ ਕੁਲ ਦਾ 25 ਫ਼ੀਸਦੀ ਹੈ) ਉਤੇ ਅਪਰਾਧਿਕ ਮਾਮਲੇ ਜਿਹਨਾ ਵਿੱਚ ਕਤਲ, ਬਲਾਤਕਾਰ, ਕੁੱਟਮਾਰ, ਧੋਖਾਧੜੀ ਆਦਿ ਦੇ ਕੇਸ ਦਰਜ਼ ਹਨ। ਸਾਲ 2017 'ਚ ਇਹਨਾ ਦੀ ਗਿਣਤੀ 9 ਫ਼ੀਸਦੀ ਸੀ। ਇਹਨਾ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰਾਂ ਵਿੱਚ ਏ.ਡੀ.ਆਰ. ਦੀ ਰਿਪੋਰਟ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ 65, ਆਮ ਆਦਮੀ ਪਾਰਟੀ ਦੇ 58, ਭਾਰਤੀ ਜਨਤਾ ਪਾਰਟੀ ਦੇ 27, ਕਾਂਗਰਸ ਦੇ 16, ਸੰਯੁਕਤ ਅਕਾਲੀ ਦਲ ਦੇ ਚਾਰ, ਬੀਐਸਪੀ ਦੇ ਤਿੰਨ ਅਤੇ ਪੰਜਾਬ ਲੋਕ ਦਲ ਦੇ ਤਿੰਨ ਉਮੀਦਵਾਰ ਹਨ। ਇਹਨਾ ਵਿੱਚ 218 ਉਤੇ ਬਹੁਤ ਗੰਭੀਰ ਦੋਸ਼ ਹਨ।

ਚਿੰਤਾ ਇਸ ਗੱਲ ਦੀ ਵੀ ਵੱਧ ਹੈ ਕਿ ਵਿਧਾਨ ਸਭਾ ਉਮੀਦਵਾਰਾਂ ਵਿੱਚ 521 ਕਰੋੜਪਤੀ ਹਨ, ਜਿਹਨਾ ਵਿੱਚ 89 ਸ਼੍ਰੋਮਣੀ ਅਕਾਲੀ ਦਲ , 107 ਕਾਂਗਰਸ, 81 ਆਮ ਆਦਮੀ ਪਾਰਟੀ, 60 ਬਹੁਜਨ ਸਮਾਜ ਪਾਰਟੀ, 16 ਬੀਐਸਪੀ ਅਤੇ 11 ਸੰਯੁਕਤ ਅਕਾਲੀ ਦਲ ਅਤੇ ਪੰਜਾਬ ਲੋਕ ਕਾਂਗਰਸ ਨਾਲ ਸਬੰਧਤ ਹਨ।

ਇਸ ਤੋਂ ਵੀ ਵੱਡੀ ਚਿੰਤਾ ਵਾਲੀ ਗੱਲ ਪੰਜਾਬੀਆਂ ਦੇ ਮੱਥੇ ਉਤੇ ਤੀਊੜੀਆਂ ਪਾਉਂਦੀ ਹੈ ਕਿ 49 ਉਮੀਦਵਾਰ ਪੂਰੀ ਤਰ੍ਹਾਂ ਅਨਪੜ੍ਹ ਹਨ। 21 ਸਿਰਫ ਅੱਖਰ ਗਿਆਨ ਰੱਖਦੇ ਹਨ, 75 ਸਿਰਫ਼ ਪੰਜਵੀਂ ਪਾਸ, 118 ਅੱਠਵੀ ਪਾਸ, 263 ਦਸਵੀਂ ਪਾਸ ਅਤੇ 239 ਬਾਹਰਵੀਂ ਪਾਸ ਹਨ।

ਬਾਵਜੂਦ ਇਸ ਗੱਲ ਦੇ ਕਿ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਔਰਤਾਂ ਨੂੰ ਵੱਧ ਅਧਿਕਾਰ, ਵੱਧ ਸੀਟਾਂ ਦੇਣ ਦਾ ਦਾਅਵਾ ਕਰਦੀਆਂ ਹਨ, ਪਰ ਕੁਲ ਮਿਲਾਕੇ 117 ਸੀਟਾਂ ਤੇ 1304 ਉਮੀਦਵਾਰਾਂ ਵਿਚੋਂ ਸਿਰਫ਼ 93 ਔਰਤਾਂ ਚੋਣ ਲੜ ਰਹੀਆਂ ਹਨ, (ਕੁਲ ਦਾ ਸਿਰਫ਼ 7.13 ਫ਼ੀਸਦੀ) ਜਿਹਨਾ ਵਿੱਚ ਵੀ 29 ਆਜ਼ਾਦ ਉਮੀਦਵਾਰ ਹਨ ਹਾਲਾਂਕਿ ਪੰਜਾਬ 'ਚ ਕੁੱਲ 2,14,99,804 ਵੋਟਰਾਂ ਵਿੱਚੋਂ 47.44 ਫ਼ੀਸਦੀ ਔਰਤ ਵੋਟਰਾਂ ਹਨ।

ਪ੍ਰੇਸ਼ਾਨੀ ਵਾਲੀ ਗੱਲ ਇਹ ਵੀ ਹੈ ਕਿ ਮੁੱਖ ਪਾਰਟੀਆਂ ਨੇ ਸਿਰਫ਼ 37 ਅਤੇ ਛੋਟੀਆਂ ਪਾਰਟੀਆਂ ਨੇ 28 ਔਰਤਾਂ ਨੂੰ ਉਮੀਦਵਾਰ ਬਣਾਇਆ ਹੈ। ਇਹਨਾ ਵਿੱਚ ਕਾਂਗਰਸ ਨੇ 11, ਆਪ ਨੇ 12, ਸ਼੍ਰੋਮਣੀ ਅਕਾਲੀ ਦਲ-ਬਸਪਾ ਨੇ 6 ਅਤੇ ਬੀ ਜੇ ਪੀ ਗੱਠਜੋੜ 8 ਸੀਟਾਂ 'ਤੇ ਔਰਤ ਉਮੀਦਵਾਰਾਂ ਨੂੰ ਮੌਕਾ ਦਿੱਤਾ।

ਪੰਜਾਬ ਦੇ ਚਿੰਤਾਵਾਨ ਲੋਕ ਸਿਆਸੀ ਧਿਰਾਂ ਤੋਂ ਮੰਗ ਕਰਦੇ ਰਹੇ ਨੇ, ਉਹ ਮੁੱਦਿਆਂ ਦੀ ਸਿਆਸਤ ਕਰਨ। ਪੰਜਾਬ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਵਚਨ ਦੇਣ। ਪਰ ਲਗਭਗ ਸਾਰੀਆਂ ਸਿਆਸੀ ਧਿਰਾਂ ਨੇ ਆਖਰੀ ਦਿਨਾਂ 'ਚ ਆਪਣੇ ਚੋਣ ਮਨੋਰਥ ਪੱਤਰ ਜਾਰੀ ਕੀਤੇ। ਬਹੁਤੀਆਂ ਪਾਰਟੀਆਂ ਨੇ ਲੋਕਾਂ ਨੂੰ ਰਿਐਤਾਂ ਦੇਣ ਦੀ ਰਾਜਨੀਤੀ ਕੀਤੀ, ਲੋਕ ਲੁਭਾਊ ਨਾਅਰੇ ਲਾਏ। ਲੋਕਾਂ ਨੂੰ ਵੋਟਾਂ ਲਈ ਭਰਮਾਉਣ ਵਾਸਤੇ ਅਤੇ ਉਹਨਾਂ ਦੀਆਂ ਵੋਟਾਂ ਪ੍ਰਾਪਤ ਕਰਨ ਲਈ ਸਾਮ-ਦਾਮ-ਦੰਡ ਦੀ ਵਰਤੋਂ ਕੀਤੀ। ਇਸ ਤੋਂ ਵੀ ਵੱਡੀ ਗੱਲ ਪੰਜਾਬ 'ਚ ਇਹ ਵੇਖਣ ਨੂੰ ਮਿਲੀ ਕਿ ਪੰਜਾਬ ਦੀਆਂ ਮੁੱਖ ਪਾਰਟੀਆਂ ਨੇ ਦੂਜੀਆਂ ਪਾਰਟੀਆਂ 'ਚੋਂ "ਥੋਕ ਦੇ ਭਾਅ" ਨੇਤਾ ਲੋਕ ਪੁੱਟੇ, ਆਪਣੀਆਂ ਪਾਰਟੀਆਂ 'ਚ ਸ਼ਾਮਲ ਕੀਤੇ। ਧਰਮ, ਜਾਤ ਬਰਾਦਰੀ ਦੇ ਨਾਮ ਤੇ ਸਿਆਸਤ ਕੀਤੀ ਅਤੇ ਵੱਡੇ ਨੇਤਾਵਾਂ ਇੱਕ ਦੂਜੇ ਦੇ ਪੋਤੜੇ ਫੋਲੇ, ਬਾਹਵਾਂ ਟੁੱਗੀਆਂ, ਲਲਕਾਰੇ ਮਾਰੇ, ਸੋਸ਼ਲ ਮੀਡੀਆ ਦੀ ਬੇਹੱਦ ਵਰਤੋਂ ਕੀਤੀ। ਇਵੇਂ ਜਾਪਿਆ ਜਿਵੇਂ ਸੂਬਾ ਪੰਜਾਬ ਬੀਮਾਰ ਲੋਕਤੰਤਰ ਦੀ ਇੱਕ ਤਸਵੀਰ ਪੇਸ਼ ਕਰ ਰਿਹਾ ਹੋਵੇ।



ਵਿਧਾਨ ਸਭਾ ਚੋਣਾਂ ਹੋਈਆਂ ਬੀਤੀਆਂ ਹਨ। ਅੰਦਾਜ਼ੇ ਲੱਗ ਰਹੇ ਹਨ ਕਿ ਕਿਸੇ ਵੀ ਧਿਰ ਨੂੰ ਬਹੁਮਤ ਹਾਸਲ ਨਹੀਂ ਹੋਏਗਾ? ਕੋਈ ਵੀ ਧਿਰ ਪੰਜਾਬ 'ਚ ਸਰਕਾਰ ਨਹੀਂ ਬਣਾ ਸਕੇਗੀ। ਹੁਣੇ ਤੋਂ ਹੀ ਜੋੜ-ਤੋੜ ਜਾਰੀ ਹੋ ਗਿਆ ਹੈ। ਡਾਹਢਾ ਕੇਂਦਰੀ ਹਾਕਮ, ਜਿਹਨਾ ਨੇ ਪਹਿਲਾਂ ਹੀ ਪੰਜਾਬ 'ਚ ਨੇਤਾਵਾਂ ਦੀ ਵੱਡੀ ਖਰੀਦੋ-ਫ਼ਰੋਖਤ ਕੀਤੀ, ਉਹ ਹੁਣੇ ਤੋਂ ਹੀ ਹੋਰ ਪਾਰਟੀਆਂ ਨੂੰ ਆਪਣੇ ਪਾਲੇ ਕਰਕੇ ਪੰਜਾਬ ਨੂੰ ਹਥਿਆਉਣ ਦੇ ਰਾਹ ਹੈ। ਇਸ 'ਕਾਰਨਾਮੇ' ਲਈ ਉਹ "ਆਇਆ ਰਾਮ, ਗਿਆ ਰਾਮ" ਦੀ ਰਾਜਨੀਤੀ ਨੂੰ ਉਤਸ਼ਾਹਤ ਕਰੇਗਾ। ਅਤੇ ਹਰ ਹੀਲੇ ਆਪਣਾ ਰਾਜ-ਭਾਗ ਸਥਾਪਿਤ ਕਰਕੇ "ਪੰਜਾਬ" ਨੂੰ ਕਾਬੂ ਕਰਨ ਦਾ ਯਤਨ ਕਰੇਗਾ। ਕੀ ਇਹ ਪੰਜਾਬੀਆਂ ਲਈ ਖ਼ਾਸ ਕਰਕੇ ਪੰਜਾਬ ਹਿਤੈਸ਼ੀ ਪੰਜਾਬੀਆਂ ਲਈ ਚਿੰਤਾ ਦਾ ਵਿਸ਼ਾ ਨਹੀਂ ਹੈ?

ਸ਼ਾਇਦ ਪੰਜਾਬ ਨੇ 15 ਵਿਧਾਨ ਸਭਾ ਚੋਣਾਂ ਤੇ ਦੇਸ਼ ਦੀਆਂ ਲੋਕ ਸਭਾ ਚੋਣਾਂ 'ਚ ਇਹੋ ਜਿਹਾ ਚੋਣ ਦੰਗਲ ਨਹੀਂ ਦੇਖਿਆ ਹੋਏਗਾ। ਲੋਕ ਭੌਂਚੱਕੇ ਰਹਿ ਗਏ ਕਿ ਪੰਜਾਬ 'ਚ ਇਹ ਕੀ ਹੋ ਰਿਹਾ ਹੈ? ਪੰਜ ਕੋਨੇ ਮੁਕਾਬਲੇ ਸ਼ੁਰੂ ਹੋਏ, ਵੱਖੋ-ਵੱਖਰੇ ਹਲਕਿਆਂ 'ਚ ਤਿੰਨ ਕੋਨੇ ਮੁਕਾਬਲਿਆਂ ਤੱਕ ਸਿਮਟ ਗਏ। ਖੱਬੀਆਂ ਧਿਰਾਂ ਅਤੇ ਸੰਯੁਕਤ ਸਮਾਜ ਮੋਰਚੇ ਨੇ ਆਪਣਾ ਪੱਖ ਰੱਖਣ ਅਤੇ ਪੰਜਾਬ ਦੇ ਲੋਕਾਂ ਦੀ ਗੱਲ ਕੀਤੀ, ਉਹਨਾਂ ਦੀਆਂ ਸਮੱਸਿਆਵਾਂ ਨੂੰ ਚਿਤਾਰਿਆ, ਮੁੱਦਿਆਂ ਦੀ ਗੱਲ ਕੀਤੀ, ਕਿਸਾਨਾਂ ਮਜ਼ਦੂਰਾਂ ਦੀ ਗੱਲ ਕੀਤੀ, ਕੁਝ ਹੋਰ ਸਮਾਜੀ ਧਿਰਾਂ ਨੇ ਵਾਤਾਵਰਨ, ਸਿਖਿਆ, ਸਿਹਤ, ਰੁਜ਼ਗਾਰ, ਪ੍ਰਵਾਸ ਪੰਜਾਬ ਦੇ ਪਾਣੀ, ਪੰਜਾਬੀ ਬੋਲੀ ਦੀ ਗੱਲ ਕੀਤੀ। ਪਰ ਚਿੰਤਾ ਇਸ ਗੱਲ ਦੀ ਰਹੀ ਕਿ ਰਾਸ਼ਟਰੀ ਨੇਤਾਵਾਂ ਨੇ ਜੋ ਲਗਾਤਾਰ ਪੰਜਾਬ ਦੀ ਸਿਆਸਤ ਨੂੰ ਪ੍ਰਭਾਵਤ ਕਰਨ ਲਈ ਪੰਜਾਬ ਫੇਰੀਆਂ ਪਾਉਂਦੇ ਰਹੇ, ਇਹ ਵਾਇਦਾ ਹੀ ਨਾ ਕਰ ਸਕੇ ਕਿ ਪੰਜਾਬੀ ਨੌਜਵਾਨਾਂ ਨੂੰ ਕਿਹੜੇ ਰਾਹ ਪਾਉਣਾ ਹੈ? ਪੰਜਾਬ ਦੇ ਕਰਜ਼ੇ ਦਾ, ਪੰਜਾਬ ਦੇ ਕਿਸਾਨਾਂ, ਖੇਤ ਮਜ਼ਦੂਰਾਂ ਦੇ ਕਰਜ਼ੇ ਦਾ ਕੀ ਕਰਨਾ ਹੈ? ਖੁਰੀ ਹੋਈ ਪੰਜਾਬ ਦੀ ਆਰਥਿਕਤਾ ਨੂੰ ਕਿਵੇਂ ਠੁੰਮਣਾ ਦੇਣਾ ਹੈ। ਉਹਨਾ ਸਿਰ ਚੜ੍ਹਿਆ 5 ਲੱਖ ਕਰੋੜ ਦਾ ਕਰਜ਼ਾ ਕਿਵੇਂ ਲਾਹੁਣਾ ਹੈ? ਪੰਜਾਬ ਦੀ ਘਾਟੇ ਦੀ ਖਾਤੇ ਦੀ ਖੇਤੀ ਦਾ ਕੀ ਹੱਲ ਕਰਨਾ ਹੈ? ਪੰਜਾਬ 'ਚ ਕਿਹੜੇ ਉਦਯੋਗ ਲਗਾਉਣੇ ਹਨ?

ਚਿੰਤਾ ਦੀਆਂ ਲਕੀਰਾਂ ਪੰਜਾਬ ਦੇ ਮੱਥੇ ਤੇ ਡੂੰਘੀਆਂ ਹੋ ਰਹੀਆਂ ਹਨ। ਪੰਜਾਬ ਦੇ ਮੱਥੇ ਉਤੇ ਨਸ਼ੇ ਦਾ ਇੱਕ ਵੱਟ ਹੈ, ਪੰਜਾਬ ਦੇ 20 ਲੱਖ ਤੋਂ ਵੱਧ ਲੋਕ ਨਸ਼ੇ ਦੀ ਵਰਤੋਂ ਕਰਦੇ ਹਨ ਅਤੇ 15 ਲੱਖ ਤੋਂ ਵੱਧ ਲੋਕ ਤੰਬਾਕੂ ਦਾ ਸੇਵਨ ਕਰਦੇ ਹਨ। ਹੋਰ ਨਸ਼ੇ ਕਰਨ ਵਾਲਿਆਂ ਦੀ ਗਿਣਤੀ ਕੁਲ ਮਿਲਾਕੇ ਪੰਜਾਬ ਦੀ ਕੁਲ ਆਬਾਦੀ ਦਾ 15.4 ਫ਼ੀਸਦੀ ਹੈ, ਜਿਹਨਾ 'ਚ ਮੁੱਖ ਤੌਰ 'ਤੇ ਪੰਜਾਬ ਦੇ ਪੁਰਖ ਸ਼ਾਮਲ ਹਨ,ਉਹ ਕੋਈ ਨਾ ਕੋਈ ਨਸ਼ਾ ਕਰਦੇ ਹਨ। ਨਸ਼ਿਆਂ ਵਿੱਚ ਫਾਰਮਾਕੋਲੋਜੀ ਦੇ ਫਾਰਮੂਲਿਆਂ ਤੋਂ ਇਲਾਵਾ ਓਪੀਔਡਜ ਕੈਨਾਬਿਨੋਓਇਡਜ, ਸੈਡੇਟਿਵ-ਇਨਹੇਲੈਂਟ-ਸਟਿਊਲੈਟਸ ਦਾ ਪ੍ਰਯੋਗ ਕਰਨ ਵਾਲੇ (ਭਾਵ ਚਿੱਟਾ ਅਤੇ ਹੋਰ ਨਸ਼ੇ) ਕਰਨ ਵਾਲਿਆਂ ਦੀ ਗਿਣਤੀ 1.7 ਫ਼ੀਸਦੀ ਹੈ। ਇਹ ਰਿਪੋਰਟ ਪੀਜੀਆਈ ਦੇ ਕਮਿਊਨਿਟੀ ਮੈਡੀਕਲ ਵਿਭਾਗ ਵਲੋਂ ਗਵਰਨਰ ਪੰਜਾਬ ਨੂੰ ਹੁਣੇ ਜਿਹੇ ਪੇਸ਼ ਕੀਤੀ ਗਈ ਹੈ।

ਦੂਜਾ ਵੱਟ ਬੇਰੁਜ਼ਗਾਰੀ ਦਾ ਹੈ। ਪੰਜਾਬ 'ਚ ਬੇਰੁਜ਼ਗਾਰੀ ਦੀ ਦਰ ਭਾਰਤ ਭਰ 'ਚ ਸਭ ਤੋਂ ਵੱਧ ਹੈ। ਬੇਰੁਜ਼ਗਾਰੀ ਵਸੋਂ ਦੀ ਦਰ 7.3 ਫ਼ੀਸਦੀ ਹੈ। ਤੀਜਾ ਵੱਟ ਪ੍ਰਵਾਸ ਦਾ ਹੈ। ਪਿਛਲੇ ਭਾਰਤੀ ਲੋਕ ਸਭਾ ਸੈਸ਼ਨ ਵਿੱਚ ਦੱਸਿਆ ਗਿਆ ਕਿ ਸਾਲ 2016 ਤੋਂ 26 ਮਾਰਚ 2021 ਤੱਕ 4.7 ਲੱਖ ਪੰਜਾਬ ਦੇ ਵਸਨੀਕ ਦੇਸ਼ ਛੱਡਕੇ ਵਿਦੇਸ਼ਾਂ ਨੂੰ ਚਲੇ ਗਏ। ਹਰ ਸਾਲ ਡੇਢ ਲੱਖ ਤੋਂ ਦੋ ਲੱਖ ਪੰਜਾਬੀ ਵਿਦਿਆਰਥੀ ਆਇਲਿਟਸ ਕਰਕੇ ਕੈਨੇਡਾ, ਅਮਰੀਕਾ, ਬਰਤਾਨੀਆ ਪੰਜਾਬ ਤੋਂ ਜਾ ਰਹੇ ਹਨ। ਪੰਜਾਬ ਇਸ ਵੇਲੇ ਆਰਥਿਕ ਪੱਖੋਂ ਕੰਮਜ਼ੋਰ ਸੂਬਾ ਬਣਿਆ ਹੈ। ਦੇਸ਼ 'ਚ ਇਹ ਆਰਥਿਕ ਪੱਖੋ 16 ਵੇਂ ਥਾਂ 'ਤੇ ਹੈ।

ਪੰਜਾਬ ਦਾ ਮੱਥਾ ਵੱਟਾਂ ਅਤੇ ਡੂੰਘੀਆਂ ਲਕੀਰਾਂ ਨਾਲ ਭਰਿਆ ਪਿਆ ਹੈ। ਇਹ ਵੱਟ ਅਤੇ ਲਕੀਰਾਂ ਝੁਰੜੀਆਂ ਬਣ ਰਹੀਆਂ ਹਨ। ਇਹੋ ਪੰਜਾਬ ਹਿਤੈਸ਼ੀਆਂ ਲਈ ਵੱਡੀ ਚਿੰਤਾ ਹੈ। ਕੀ ਨਵੀਂ ਸਰਕਾਰ ਪੰਜਾਬ ਦੀਆਂ ਚਿੰਤਾਵਾਂ ਨੂੰ ਆਪਣੀ ਚਿੰਤਾ ਬਣਾਏਗੀ?

PHYSIO DOME
Feel the difference at Physiodome, a multidisciplinary clinic conveniently located in downtown right across from the Erlton Stampede station.

We specialize in motor vehicle accidents, workplace injuries, chronic pain, neck pain & headaches, disc-related pain, sciatica, sports injuries & more!

Call or go on the website to book your appointment today!

- Chiropractor
- Physiotherapy
- Shockwave
- Acupuncture
- Massage Therapy
- Laser Therapy

Phone: (587) 351-3340
#110 2505 Macleod Trail SW
Website: https://www.physiodome.com
Calgary, AB Canada
Email: mission@physiodome.com
Monday - Fridays 9AM - 8PM
@physiodome_mission
Saturdays 9AM - 5PM

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000
Bay 11 2316 27 Ave. NE, Calgary Ph. : 403-701-4947



ਪਰਮਿੰਦਰ ਕੌਰ ਸਵੈਚ
604 760 4794

# ਅੰਤਰਰਾਸ਼ਟਰੀ ਵਿਦਿਆਰਥੀ - ਮੁਸ਼ਕਲਾਂ ਦਰ ਮੁਸ਼ਕਲਾਂ

ਜਦੋਂ ਤੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਭਾਰਤ ਖਾਸਕਰ ਪੰਜਾਬ ਤੋਂ ਵਿਦੇਸ਼ਾਂ ਵਿੱਚ ਬਹੁਤੀ ਗਿਣਤੀ ਵਿੱਚ ਪੜ੍ਹਨ ਆਉਣਾ ਸ਼ੁਰੂ ਕੀਤਾ ਹੈ ਉਦੋਂ ਤੋਂ ਹੀ ਉਹ ਥੋੜ੍ਹਾ ਥੋੜ੍ਹਾ ਚਿਰ ਬਾਅਦ ਮੀਡੀਏ ਦੀਆਂ ਸੁਰਖੀਆਂ ਬਣਦੇ ਆ ਰਹੇ ਹਨ। ਪਰ ਇਸ ਸਮੇਂ ਇਹ ਐਨੀ ਸਿਖ਼ਰ ਤੇ ਪਹੁੰਚ ਚੁੱਕੀਆਂ ਹਨ ਜਦੋਂ ਅਸੀਂ ਦੇਖ ਰਹੇ ਹਾਂ ਕਿ ਕੈਨੇਡਾ ਦੇ ਕਿਊਬੈੱਕ ਦੇ ਤਿੰਨ ਕਾਲਜ਼ਾਂ ਨੇ ਆਪਣੇ ਆਪ ਨੂੰ ਦੀਵਾਲੀਆ ਘੋਸ਼ਿਤ ਕਰਕੇ, ਵਿਦਿਆਰਥੀਆਂ ਨੂੰ ਡੂੰਘੀ ਮੰਝਧਾਰ ਵਿੱਚ ਛੱਡ ਕੇ ਉਹਨਾਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਹੈ ਤਾਂ ਇਸ ਤਰ੍ਹਾਂ ਧੋਖਾਧੜੀ ਦੀ ਹੱਦ ਟੁੱਟ ਗਈ ਹੈ। ਇਸੇ ਤਰ੍ਹਾਂ ਕੁੱਝ ਦਿਨ ਪਹਿਲਾਂ ਵਿਦਿਆਰਥੀਆਂ ਤੇ ਮਾਪਿਆਂ ਦੇ ਸਿਰ ਤੇ ਮੰਡਰਾਉਂਦੀ ਕੜਕਦੀ ਬਿਜਲੀ ਵਰਗੀ ਖ਼ਬਰ ਕਿ ਅੰਤਰਰਾਸ਼ਟਰੀ ਵਿਦਿਆਰਥਣਾਂ ਦੇਹ ਵਿਉਪਾਰ ਦੇ ਧੰਦੇ ਵਿੱਚ ਆਪਣੀ ਮਰਜ਼ੀ ਨਾਲ ਜਾ ਰਹੀਆਂ ਹਨ ਜੋ ਪਹਿਲਾਂ ਅਖ਼ਬਾਰ ਦੀ ਸੁਰਖ਼ੀ ਬਣੀ ਤੇ ਬਾਅਦ ਵਿੱਚ ਸ਼ੋਸ਼ਲ ਮੀਡੀਏ ਤੇ ਅੱਗ ਵਾਂਗ ਫੈਲੀ ਤੇ ਵਿਦਿਆਰਥਣਾਂ ਨੂੰ ਸ਼ੱਕ ਦੀ ਨਜ਼ਰ ਵਿੱਚ ਦੇਖਿਆ ਜਾਣ ਲੱਗਾ। ਇਹ ਪਹਿਲੀਆਂ ਖ਼ਬਰਾਂ ਨਹੀਂ ਹਨ, ਇਸਤੋਂ ਪਹਿਲਾਂ ਵੀ ਬਹੁਤ ਕੁੱਝ ਹੋਇਆ ਹੈ। ਇਸ ਤਰ੍ਹਾਂ ਦੀਆਂ ਦਿਲ ਕੰਬਾਊ ਖ਼ਬਰਾਂ ਤੋਂ ਬਾਅਦ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਇਹਨਾਂ ਸਮੱਸਿਆਵਾਂ ਦੀਆਂ ਜੜ੍ਹਾਂ ਨੂੰ ਟੋਲਣ ਦੀ ਕੋਸ਼ਿਸ਼ ਕਰੀਏ ਨਾ ਕਿ ਇਹਨਾਂ ਬੱਚਿਆਂ ਨੂੰ ਕਟਹਿਰੇ ਵਿੱਚ ਲਿਆ ਕੇ ਬਿਨਾਂ ਸੋਚੇ ਸਮਝੇ ਦੋਸ਼ੀ ਗਰਦਾਨ ਦੇਈਏ। ਇਹ ਜ਼ਰੂਰ ਦੇਖੀਏ ਕਿ ਨੁਕਸ਼ ਕਿੱਥੇ ਹੈ? ਇਸ ਵਿਸ਼ੇ ਨੂੰ ਵਿਚਾਰਨ ਤੋਂ ਵੀ ਪਹਿਲਾਂ ਕੁੱਝ ਸਵਾਲ ਅਜਿਹੇ ਹਨ ਜੋ ਸਾਡੇ ਸਾਹਮਣੇ ਮੂੰਹ ਅੱਡੀ ਖੜ੍ਹੇ ਹਨ ਜੋ ਸਾਰੇ ਸਮਾਜ ਵਿੱਚ ਆ ਰਹੀ ਗਿਰਾਵਟ ਚਾਹੇ ਉਹ ਵਿਕਸਤ, ਅਵਿਕਸਤ ਜਾਂ ਵਿਕਾਸਸ਼ੀਲ ਦੇਸ਼ ਹੋਣ, ਸਭ ਵਿੱਚ ਦੇਖਣ ਨੂੰ ਮਿਲ ਰਹੀ ਹੈ। ਬੇਸ਼ੱਕ ਇਸਦੇ ਹੋਰ ਬਹੁਤ ਸਾਰੇ ਕਾਰਣ ਹਨ ਪਰ ਸਾਡਾ ਅੱਜ ਦਾ ਮੁੱਦਾ ਸਿਰਫ਼ ਤੇ ਸਿਰਫ਼ ਭਾਰਤ ਤੋਂ ਕੈਨੇਡਾ ਆ ਰਹੇ ਵਿਦਿਆਰਥੀਆਂ ਦਾ ਹੈ। ਬਹੁਤ ਸਾਰੇ ਸਵਾਲ ਪੈਦਾ ਹੋ ਰਹੇ ਹਨ ਕਿ ਵਿਦਿਆਰਥੀ ਬਾਹਰਲੇ ਦੇਸ਼ਾਂ ਨੂੰ ਕਿਉਂ ਆ ਰਹੇ ਹਨ? ਮਾਪੇ ਆਪਣੀ ਜ਼ਿੰਦਗੀ ਦੀ ਵਡਮੁੱਲੀ ਕਮਾਈ ਬੱਚਿਆਂ ਨੂੰ ਔਖੇਂ ਪਰੋਖੇ ਕਿਉਂ ਕਰ ਰਹੇ ਹਨ? ਉਹ ਆਪਣੀ ਜ਼ਿੰਦਗੀ ਦਾ ਸਰਮਾਇਆ ਜਾਂ ਜ਼ਮੀਨਾਂ ਵੇਚ ਕੇ ਬੱਚੇ ਕੇਨੇਡਾ ਕਿਉਂ ਭੇਜ ਰਹੇ ਹਨ? ਕੀ




ਬੱਚੇ ਕੈਨੇਡਾ ਆ ਕੇ ਬਹੁਤ ਸੁਖੀ ਜ਼ਿੰਦਗੀ ਬਤੀਤ ਕਰ ਰਹੇ ਹਨ? ਕੀ ਉਹ ਇੱਥੇ ਆ ਕੇ ਜ਼ਿੰਦਗੀ ਦੀਆਂ ਮੁਸ਼ਕਲਾਂ ਤੋਂ ਦੂਰ ਕਿਨਾਰਾ ਕਰ ਜਾਂਦੇ ਹਨ? ਕੈਨੇਡਾ ਸਰਕਾਰ ਨੇ ਕੀ ਬੱਚਿਆਂ ਦੇ ਫਾਇਦੇ ਲਈ, ਉਹਨਾਂ ਨੂੰ ਇੱਥੇ ਆਉਣ ਦੀ ਖੁੱਲ੍ਹ ਦੇ ਰੱਖੀ ਹੈ? ਸਰਕਾਰਾਂ ਦਾ ਇਸ ਵਿੱਚ ਅਸਲ ਰੋਲ ਕੀ ਹੈ? ਆਦਿ। ਇਸ ਤਰ੍ਹਾਂ ਦੇ ਹੋਰ ਬਹੁਤ ਪ੍ਰਸ਼ਨ ਹਨ ਜਿਨ੍ਹਾਂ 'ਤੇ ਆਪਾਂ ਗੱਲ ਕਰਾਂਗੇ।

ਪੰਜਾਬ ਵਿੱਚ ਜਦੋਂ ਬੱਚਾ ਢਾਈ ਸਾਲ ਦਾ ਹੋ ਜਾਂਦਾ ਹੈ ਤਾਂ ਮਾਪਿਆਂ ਨੂੰ ਉਸਨੂੰ ਸਕੂਲ ਭੇਜਣ ਦਾ ਫਿਕਰ ਹੀ ਨਹੀਂ ਪੈ ਜਾਂਦਾ ਸਗੋਂ ਦਸ ਕਿੱਲੋ ਵਜ਼ਨ ਉਹਦੇ ਮੋਢਿਆਂ 'ਤੇ ਰੱਖ ਕੇ ਪ੍ਰਾਈਵੇਟ ਸਕੂਲਾਂ ਵਿੱਚ ਅੰਨ੍ਹੀਆਂ ਫੀਸਾਂ ਦੇ ਕੇ ਸਿਰਫ਼ ਅੰਗਰੇਜ਼ੀ ਸਿਖਾਉਣ ਲਈ ਭੇਜਿਆ ਜਾਂਦਾ ਹੈ ਜਦਕਿ ਬੱਚੇ ਦੀ ਜ਼ਿੰਦਗੀ ਦੇ ਪਹਿਲੇ ਪੰਜ ਸਾਲ ਆਪਣੀ ਮਾਂ ਬੋਲੀ ਨਾਲ ਆਪਣੇ ਮਾਪਿਆਂ ਦੀ ਛਤਰ ਛਾਇਆ ਥੱਲੇ ਵਧਣ ਫੁੱਲਣ ਲਈ ਚਾਹੀਦੇ ਹੁੰਦੇ ਹਨ। ਪਰ ਭਾਰਤ ਦੀਆਂ ਸਰਕਾਰਾਂ ਨੇ ਆਪਣੀ ਸਰਕਾਰੀ ਸਕੂਲਾਂ ਪ੍ਰਤੀ ਜ਼ਿੰਮੇਵਾਰੀ ਨੂੰ ਗਲ਼ੋਂ ਲਾਹ ਕੇ, ਮਨੁੱਖ ਦੀ ਖਾਣ ਪੀਣ ਜਾਂ ਰਹਿਣ ਸਹਿਣ ਦੀ ਮੁੱਢਲੀ ਲੋੜ ਦੀ ਤਰ੍ਹਾਂ ਗਿਆਨ ਹਾਸਲ ਕਰਨ ਦੀ ਲੋੜ ਦਾ ਅਜਿਹਾ ਬਜ਼ਾਰੀਕਰਣ ਕਰ ਦਿੱਤਾ ਹੈ ਕਿ ਹੁਣ ਪ੍ਰਾਈਵੇਟ ਵੱਡੇ ਛੋਟੇ ਸਕੂਲਾਂ ਵਿੱਚ ਮਹਿੰਗੀ ਸਸਤੀ ਪੜ੍ਹਾਈ ਵਿਕ ਰਹੀ ਹੈ। ਹਰ ਮਾਪਾ ਆਪਣੇ ਤਨੋਂ ਮਨੋਂ ਇਹ ਕੋਸ਼ਿਸ਼ ਕਰ ਰਿਹਾ ਹੈ ਕਿ ਸਾਡੇ ਬੱਚੇ ਨੂੰ ਅੰਗਰੇਜ਼ੀ ਆ ਜਾਵੇ ਤਾਂ ਕਿ ਆਈਲੈਟਸ ਦਾ ਇਮਤਿਹਾਨ ਦੇ ਕੇ ਬਾਹਰਲੇ ਦੇਸ਼ ਦਾ ਬੂਹਾ ਖੜਕਾ ਸਕੇ। ਉਸਦੇ ਵੀ ਕਾਰਣ ਹਨ ਕਿ ਅਗਰ ਉਥੇ ਮਾਪੇ ਔਖੇ ਸੌਖੇ ਬੱਚਿਆਂ ਨੂੰ ਪੜ੍ਹਾ ਵੀ ਲੈਣ ਫਿਰ ਵੀ ਰੁਜ਼ਗਾਰ ਨਹੀਂ ਮਿਲਦਾ, ਨਹੀਂ ਤਾਂ ਪੜ੍ਹਾਈ ਐਨੀ ਮਹਿੰਗੀ ਹੋ ਗਈ ਹੈ ਕਿ ਗਰੀਬ ਮਾਪਿਆਂ ਦੇ ਵਸ ਦਾ ਰੋਗ ਹੀ ਨਹੀਂ ਕਿ ਉਹ ਬੱਚਿਆਂ ਨੂੰ ਪੜ੍ਹਾ ਸਕਣ।

ਪਹਿਲਾਂ ਪਹਿਲਾਂ ਵਿਦਿਆਰਥੀ ਇੱਥੇ ਉਚੇਰੀ ਵਿਦਿਆ ਹਾਸਲ ਕਰਨ ਲਈ ਆਉਂਦੇ ਸਨ ਜਾਂ ਤਾਂ ਉਹ ਪੜ੍ਹ ਕੇ ਵਾਪਸ ਮੁੜ ਜਾਂਦੇ ਸਨ ਜਾਂ ਐਥੇ ਵਧੀਆ ਜੋਬਾਂ 'ਤੇ ਸੈਟਲ ਹੁੰਦੇ ਸਨ। ਹੁਣ ਵਿਦਿਆਰਥੀਆਂ ਦਾ ਸ਼ੋਸ਼ਣ ਤਾਂ ਉੱਥੇ ਖੁੱਲ੍ਹੇ ਆਈਲੈਟਸ ਸਕੂਲਾਂ ਤੋਂ ਬੈਂਡ ਲੈਣ ਲਈ ਹੀ ਸ਼ੁਰੂ ਹੋ ਜਾਂਦਾ ਹੈ। ਇਹ ਸਕੂਲ ਮਨ ਮਰਜ਼ੀ ਦੀਆਂ ਫੀਸਾਂ ਲੈ ਕੇ, ਬੈਂਡਾਂ ਦੇ ਦਾਅਵੇ ਕਰਕੇ ਵਿਦਿਆਰਥੀਆਂ ਦੀ ਲੁੱਟ ਕਰਦੇ ਹਨ। ਇਸਤੋਂ ਬਾਅਦ ਇੰਮੀਗ੍ਰੇਸ਼ਨ ਸਲਾਹਕਾਰ ਜੋ ਕੈਨੇਡਾ ਵਿੱਚ ਥਾਂ ਥਾਂ ਤੇ ਖੁੰਭਾਂ ਵਾਗੂੰ ਉੱਗੇ ਕਾਲਜ਼ਾਂ ਨਾਲ ਰਾਬਤਾ ਕਰਕੇ ਦੋ-ਦੋ ਜਾਂ ਤਿੰਨ-ਤਿੰਨ ਸਾਲ ਦੀਆਂ ਪਹਿਲਾਂ ਹੀ ਫੀਸਾਂ ਭਰਵਾ ਲੈਂਦੇ ਹਨ। ਮਾਪਿਆਂ ਜਾਂ ਬੱਚਿਆਂ ਨੂੰ ਇਹਨਾਂ ਸਕੂਲਾਂ ਕਾਲਜਾਂ ਬਾਰੇ ਉੱਕਾ ਹੀ ਜਾਣਕਾਰੀ ਨਹੀਂ ਹੁੰਦੀ ਪਰ ਰੀਸੋ ਰੀਸ ਚੂਹਾ ਦੌੜ ਵਿੱਚ ਉਹ ਇੱਕ ਦੂਜੇ ਤੋਂ ਅੱਗੇ ਪਿੱਛੇ ਭੱਜਦੇ ਹਨ। ਸਲਾਹਕਾਰਾਂ ਦੀ ਵੀ ਇਹੀ ਹੋੜ ਹੈ ਕਿ ਜੋ ਉਹਨਾਂ ਕੋਲ ਇੱਕ ਵਾਰ ਫਸ ਗਿਆ, ਉਹਨੂੰ ਕਿਵੇਂ ਨਾ ਕਿਵੇਂ ਉਹ ਨੂੰ ਜਹਾਜ਼ੇ ਚੜ੍ਹਾ ਦੇਣ ਤੇ ਆਪਣੀਆਂ ਜੇਭਾਂ ਭਰ ਲੈਣ। ਉਹਨਾਂ ਨਾਲ ਬਾਅਦ ਵਿੱਚ ਕੀ ਵਾਪਰਦਾ ਹੈ ਉਹਨਾਂ

ਜੌਬ ——ਜੌਬ ——ਜੌਬ
Mantra construction ਕੰਪਨੀ ਨੂੰ ਕੰਮ ਵਾਸਤੇ ਇਕ ਹਿਲਪਰ ਦੀ ਲੋੜ ਹੈ ਜਿਸਦੇ ਕੋਲ ਆਪਣੀ ਗੱਡੀ ਤੇ G ਲੈਸੰਸ ਹੋਣਾ ਜ਼ਰੂਰੀ ਹੈ ਜੌਬ ਲਈ ਹੇਠ ਲਿਖੇ ਫ਼ੋਨ ਤੇ ਸੰਪਰਕ ਕਰ ਸਕਦੇ ਹੋ
Phone :- 416 833 2162

PUNJABI SWEETS
House & Restaurant
All Kinds of Sweets
Non-Veg & Vegi Food
Take out
We do catering also
Fast & Best Friendly Service
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir, N.E. T3J 0C9

Baljinder Singh
Graphic Designer
All types of Newspaper Advts. Newspaper Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE® R REALTOR®
REAL ESTATE BOARD
Taranjit "T. J." Mand
Real Estate Associate
Max Value Reality Ltd.

BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
Jaswinder S Bains, Ph.D., OD.

ਦੀ ਕੋਈ ਜ਼ਿੰਮੇਵਾਰੀ ਨਹੀਂ। ਇਸਦਾ ਹੀ ਸਿੱਟਾ ਹੈ ਕਿ ਜੋ ਕਿਊਬਿਕ ਵਿੱਚ ਤਿੰਨ ਕਾਲਜ਼ ਬੈਂਕਰਪਟ ਹੋ ਗਏ ਹਨ ਜਿਸ ਵਿੱਚ 1173 ਦੇ ਕਰੀਬ 95%ਵਿਦਿਆਰਥੀ ਪੰਜਾਬ ਤੋਂ ਦਾਖਲ ਹੋਏ ਸਨ। ਜਿਨ੍ਹਾਂ ਵਿੱਚੋਂ 633 ਵਿਦਿਆਰਥੀ ਜੋ ਕੋਵਿਡ ਦੀ ਮਹਾਂਮਾਰੀ ਕਰਕੇ ਭਾਰਤ ਤੋਂ ਇੱਥੇ ਪਹੁੰਚ ਹੀ ਨਹੀਂ ਸਕੇ ਪਰ ਹਰ ਵਿਦਿਆਰਥੀ ਨੇ 15 ਹਜ਼ਾਰ ਡਾਲਰ ਫੀਸ ਦਾ ਭਰਿਆ ਸੀ। ਉਹ ਦਿਨ ਰਾਤ ਦੇ ਫ਼ਰਕ ਨੂੰ ਝੱਲਦੇ ਹੋਏ ਸਾਰੀ ਸਾਰੀ ਰਾਤ ਜਾਗ ਕੇ ਔਨ ਲਾਈਨ ਕਲਾਸਾਂ ਵੀ ਲਾਉਂਦੇ ਰਹੇ। ਉਹਨਾਂ ਦੇ ਵੀਜ਼ੇ ਵੀ ਰੀਜੈਕਟ ਕਰ ਦਿੱਤੇ ਗਏ ਅਤੇ ਡਾਲਰ ਵੀ ਰੀਫੰਡ ਨਹੀਂ ਕੀਤੇ ਜਾ ਰਹੇ। ਇਹਨਾਂ ਕਾਲਜ਼ਾਂ ਨੇ ਬੱਚਿਆਂ ਤੋਂ 6.4 ਮਿਲੀਅਨ ਡਾਲਰ ਇਕੱਠਾ ਕਰਕੇ ਆਪਣਾ ਝੱਗਾ ਚੱਕ ਦਿੱਤਾ ਹੈ। ਇਹਨਾ ਕਾਲਜ਼ਾਂ ਦੇ ਮਾਲਕਾਂ ਦਾ ਇਹ ਬਿਜ਼ਨਿਸ ਪਹਿਲਾਂ ਵੀ 2016 ਵਿੱਚ ਸੈਸਪੈਂਡ ਕੀਤਾ ਗਿਆ ਸੀ, ਪਰ ਸਰਕਾਰ ਨੇ ਇਹਨਾਂ ਨੂੰ ਦੁਬਾਰਾ ਬਿਜ਼ਨਿਸ ਲਾਇਸੰਸ ਦੀ ਮਨਜ਼ੂਰੀ ਦੇ ਕੇ ਸਟੂਡੈਂਟਾਂ ਨੂੰ ਬਲੀ ਦੇ ਬੱਕਰੇ ਬਣਾਇਆ ਹੈ। ਜਿਹੜੇ ਵਿਦਿਆਰਥੀ ਇੱਥੇ ਪਹੁੰਚ ਵੀ ਗਏ ਹਨ ਉਹਨਾਂ ਨੂੰ ਕਿਹਾ ਜਾ ਰਿਹਾ ਹੈ ਕਿ ਉਹ 150 ਦਿਨਾਂ ਦੇ ਵਿੱਚ ਵਿੱਚ ਹੋਰ ਕਾਲਜ਼ਾਂ ਦੀਆਂ ਫੀਸਾਂ ਭਰਕੇ ਉੱਥੇ ਦਾਖਲ ਹੋ ਸਕਦੇ ਹਨ। ਜਿਹੜੀਆਂ ਦੋ ਸਾਲਾਂ ਦੀਆਂ ਫੀਸਾਂ 28 ਤੋਂ 30 ਹਜ਼ਾਰ ਦੂਸਰੇ ਕਾਲਜ਼ ਹੋਰ ਲੈਣਗੇ, ਉਹ ਹੁਣ ਕਿਹੜਾ ਖੂਹ ਪੱਟਣ।ਉਹਨਾਂ ਦੇ ਵਰਕ ਪਰਮਿਟ ਵੀ ਸਕੂਲਾਂ ਦੇ ਸਟੱਡੀ ਵੀਜ਼ੇ ਦੇ ਨਾਲ ਹੀ ਖ਼ਤਮ ਹੋ ਗਏ ਹਨ, ਜੋ ਉਹ 20 ਘੰਟੇ ਕੰਮ ਕਰ ਸਕਦੇ ਸੀ, ਉਹ ਜਾਂਦੇ ਲੱਗੇ ਹਨ। ਜਦੋਂ ਇੱਕ ਰੇਡਿਓ ਹੋਸਟ ਨੇ ਮੌਜੂਦਾ ਐਮ. ਪੀ. ਨਾਲ ਇਸ ਮੁੱਦੇ 'ਤੇ ਗੱਲ ਕੀਤੀ ਤਾਂ ਉਸਨੇ ਦੱਸਿਆ ਕਿ ਫੈਡਰਲ ਸਰਕਾਰ ਇਹਦੇ ਵਿੱਚ ਕੁੱਝ ਨਹੀਂ ਕਰ ਸਕਦੀ, ਇਹ ਪ੍ਰੋਵਿੰਸਜ਼ ਦਾ ਆਪਣਾ ਮਾਮਲਾ ਹੈ। ਸ਼ੱਕ ਉਦੋਂ ਪੈਦਾ ਹੁੰਦਾ ਹੈ ਕਿ ਇਹਨਾਂ ਕਾਲਜਾਂ ਦੀ ਇਨਫਰਮੇਸ਼ਨ ਤਾਂ ਕੈਨੇਡਾ ਦੀ ਵੈੱਬ ਸਾਈਟ ਕੈਨੇਡਾ ਡੌਟ ਸੀ ਏ 'ਤੇ ਹੀ ਪਾਈ ਗਈ ਸੀ ਜਿਸਤੋਂ ਇਹ ਵਿਦਿਆਰਥੀ ਚੈੱਕ ਕਰਕੇ ਦਾਖਲਾ ਲੈਂਦੇ ਹਨ।ਜੇ ਇਹ ਘਪਲੇ ਦੀ ਜ਼ਿੰਮੇਵਾਰ ਪ੍ਰੋਵਿੰਸ਼ੀਅਲ ਸਰਕਾਰ ਜਿਸਨੇ ਮਨਜ਼ੂਰੀ ਤੋਂ ਪਹਿਲਾਂ ਇਹਨਾਂ ਦੀ ਛਾਣਬੀਣ ਨਹੀਂ ਕੀਤੀ ਤਾਂ ਉਹ ਅੱਗੇ ਆਵੇ। ਵਿਦਿਆਰਥੀ ਦੱਸ ਰਹੇ ਹਨ ਕਿ ਇਹ ਸੋਚੀ ਸਮਝੀ ਯੋਜਨਾ ਦੇ ਅਧੀਨ ਉਹਨਾਂ ਨਾਲ ਠੱਗੀ ਮਾਰੀ ਗਈ ਹੈ। ਚਾਰ-ਚਾਰ ਸਮੈਸਟਰਾਂ ਦੀਆਂ ਫੀਸਾਂ ਪਹਿਲਾਂ ਹੀ ਭਰਵਾ ਲਈਆਂ ਗਈਆਂ ਸਨ। ਇਹਨਾਂ ਕਾਲਜ਼ਾਂ ਦੀਆਂ ਬਿਲਡਿੰਗਾਂ ਦੋ ਦੋ ਕਮਰੇ ਹਨ, ਨਾ ਲਾਇਬਰੇਰੀ, ਨਾ ਕੰਨਟੀਨ, ਨਾ ਹੀ ਸਕੂਲ ਦਾ ਕੋਈ ਪ੍ਰਬੰਧਕੀ ਢਾਂਚਾ ਤੇ ਨਾ ਕੋਈ ਪੱਕਾ ਟੀਚਰ।

ਇਸ ਮਸਲੇ ਤੇ ਗੌਰ ਕਰਦਿਆਂ ਨਜ਼ਰੀਂ ਪੈਂਦਾ ਹੈ ਕਿ ਇਹ ਦੇਸ਼ ਜੋ ਕੁੱਝ ਸਾਲ ਪਹਿਲਾਂ ਇੱਥੇ ਵਾਧੂ ਚਿੜੀ ਨਹੀਂ ਸੀ ਫਟਕਣ ਦਿੰਦੇ ਉਹ ਐਨੇ ਦਿਆਲੂ ਕਿਵੇਂ ਹੋ ਗਏ ? ਇਹਨਾਂ ਨੂੰ ਇਹ ਹੇਜ਼ ਕਿਉਂ ਜਾਗਿਆ ਕਿ ਜਿਹੜੇ 17-17 ਸਾਲ ਦੇ ਬੱਚਿਆਂ ਨੂੰ ਲੱਖਾਂ ਦੀ ਗਿਣਤੀ ਵਿੱਚ ਬੁਲਾ ਰਹੇ ਹਨ। ਇਹ ਗੱਲ ਤਾਂ ਸਾਨੂੰ ਅੱਖਾਂ ਮੀਚ ਕੇ ਮੰਨ ਲੈਣੀ ਚਾਹੀਦੀ ਹੈ ਕਿ ਪੂੰਜੀਵਾਦ ਦਾ ਮੁਢਲਾ ਕੰਮ ਮੁਨਾਫ਼ਾ ਤੇ ਸਿਰਫ਼ ਮੁਨਾਫ਼ਾ ਹੈ। ਇਸ ਦੇ ਮੱਦੇ ਨਜ਼ਰ ਹੀ ਇਸ ਸ਼ੋਸ਼ਣ ਦੀ ਸ਼ੁਰੂਆਤ ਹੁੰਦੀ ਹੈ ਕਿ ਲੈਰੀ ਉਮਰ ਦੇ ਇਹ ਬੱਚੇ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਕਰਨੀ ਹੈ, ਆਪਣੇ ਸੁਪਨੇ ਸਜਾਉਣੇ ਹਨ, ਸੁਪਨਿਆਂ ਨੂੰ ਜਗਦੇ ਮੱਘਦੇ ਰੱਖਣ ਲਈ ਵੱਡੀਆਂ ਪੁਲਾਘਾਂ ਪੁੱਟਣੀਆਂ ਹਨ, ਉਹਨਾਂ ਲਈ ਅਜਿਹਾ ਜਾਲ਼ ਵਿਛਾ ਦਿੱਤਾ ਹੈ ਕਿ ਚੋਗੇ ਦੀ ਭਾਲ ਵਿੱਚ ਉਹ ਸਾਰੇ ਅਣਭੋਲ਼ ਹੀ ਫਸ ਰਹੇ ਹਾਂ। ਇਹ ਸਾਰਾ ਪੂੰਜੀਵਾਦੀ ਸਰਕਾਰਾਂ ਦਾ ਤਾਣਾ ਬਾਣਾ ਹੈ, ਪ੍ਰਸ਼ਨ ਹੈ ਕਿ ਭਾਰਤ ਦੀਆਂ ਸਰਕਾਰਾਂ ਆਪਣੇ ਭਵਿੱਖ ਨੂੰ ਕਿਉਂ ਵਿਦੇਸ਼ਾਂ ਵੱਲ ਧੱਕ ਰਹੀਆਂ ਹਨ ? ਹਾਂ ਅਗਰ ਉਹਨਾਂ ਨੂੰ ਉਹਨਾਂ ਦੀ ਜ਼ਿੰਮੇਵਾਰੀ ਦਾ ਅਹਿਸਾਸ ਕਰਾਉਣ ਲਈ ਕੋਈ ਨਹੀਂ ਹੋਵੇਗਾ ਕਿ ਭਾਰਤ ਵਿੱਚ ਸਕੂਲ, ਕਾਲਜ, ਯੂਨੀਵਰਸਿਟੀਆਂ ਬੰਦ ਕਿਉਂ ਹੋ ਰਹੇ ਹਨ ਤਾਂ ਉਹ ਕਾਰਪੋਰੇਸ਼ਨਾਂ ਦਾ ਢਿੱਡ ਖੁਲ੍ਹਦਿਲੀ ਨਾਲ ਭਰ ਸਕਣਗੇ। ਦੂਸਰਾ ਜੇ ਇਹ ਬੱਚੇ ਉੱਥੇ ਪੜ੍ਹਦੇ ਹਨ ਤਾਂ ਕੱਲ ਨੂੰ ਇਹ ਗਰਮ ਖ਼ੂਨ ਬੇਰੁਜ਼ਗਾਰ ਹੋ ਕੇ ਉਹਨਾਂ ਦੇ ਤਖ਼ਤ ਨੂੰ ਹੱਥ ਪਾਵੇਗਾ। ਹੁਣ ਉਹ ਸਿਰਫ਼ ਤੇ ਸਿਰਫ਼ ਮਾਪਿਆਂ ਤੇ ਜ਼ਿੰਮੇਵਾਰੀ ਸਿੱਟ ਕੇ ਸੁਰਖ਼ਰੂ ਹਨ ਕਿ ਬੱਚੇ ਜਾ ਰਹੇ ਨੇ ਤੇ ਮਾਪੇ ਭੇਜ ਰਹੇ ਨੇ, ਗੱਲ ਖ਼ਤਮ। ਸਵਾਲ ਹੈ ਕਿ ਅਸੀਂ ਸਰਕਾਰਾਂ ਕਿਉਂ ਚੁਣਦੇ ਹਾਂ ? ਟੈਕਸ ਕਿਉਂ ਦਿੰਦੇ ਹਾਂ ? ਕੀ ਉਹਨਾਂ ਦਾ ਰੋਲ ਸਿਰਫ਼ ਗੁਆਂਢੀ ਪਾਕਿਸਤਾਨ ਨਾਲ ਲੜਨ ਦਾ ਹੀ ਹੈ ? ਆਪਣੇ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਕਿਸਨੇ ਮੁਹੱਈਆ ਕਰਾਉਣੀਆਂ ਹਨ ? ਦੂਜਾ ਪਾਸਾ ਕੈਨੇਡਾ ਜਿੱਥੇ ਇੱਥੋਂ ਦੇ ਜੰਮਪਲ ਬੱਚੇ ਵਾਈਟ ਕਾਲਰ ਜੋਬ ਹੀ ਕਰਨਾ ਚਾਹੁੰਦੇ ਹਨ, ਮਜ਼ਦੂਰੀ ਨਹੀਂ, ਦੂਸਰਾ ਉਹ ਵਿਆਹ ਨਹੀਂ ਕਰਵਾ ਰਹੇ ਜਿਸ ਨਾਲ ਦਿਨੋਂ ਦਿਨ ਜਨਸੰਖਿਆ ਘਟ ਰਹੀ ਹੈ। ਇਹਨਾਂ ਨੂੰ ਲੋੜ ਹੈ ਕਿ ਇੱਥੇ ਉਹ ਲੋਕ ਆਉਣ ਜੋ ਸਖ਼ਤ ਮਿਹਨਤ ਵੀ ਕਰਨ ਤੇ ਡਾਲਰਾਂ ਦੇ ਗੱਫੇ ਲਿਆ ਕੇ ਇੱਥੋਂ ਦੀ ਆਰਥਿਕਤਾ ਵਿੱਚ ਵਾਧਾ ਕਰ ਸਕਣ। ਪਹਿਲਾਂ ਪਰਿਵਾਰਾਂ ਨੂੰ ਆਉਣ ਦੀ ਖੁੱਲ ਹੁੰਦੀ ਸੀ ਉਸਤੇ ਰੋਕ ਲਗਾਉਣ ਦਾ ਵੀ ਕਾਰਣ ਇਹੀ ਸੀ ਕਿ ਬਹੁਤੇ ਬਜ਼ੁਰਗ ਇੱਥੇ ਆ ਕੇ ਕੰਮ ਨਹੀਂ ਸੀ ਕਰ ਸਕਦੇ ਤੇ ਉਹਨਾਂ ਨੂੰ ਇਹ ਆਪਣੇ 'ਤੇ ਭਾਰ ਸਮਝਦੇ ਸਨ। ਫਿਰ ਸੁਪਰ ਵੀਜ਼ਾ ਸ਼ੁਰੂ ਕੀਤਾ ਜਿਸ ਵਿੱਚ ਇਹਨਾਂ 'ਤੇ ਮੈਡੀਕਲ ਦਾ ਕੋਈ ਖਰਚਾ ਨਹੀਂ, ਆਉਣ ਵਾਲਾ ਆਪ ਇਨਸ਼ੋਰੈਂਸ ਕਰਵਾਉਂਦਾ ਹੈ। ਇਸ ਵਿੱਚ ਇਹ ਹੋਰ ਫਾਇਦਾ ਹੋਇਆ ਕਿ ਅਣਗਿਣਤ ਲੋਕਾਂ ਨੇ ਇਨਸ਼ੋਰੈਂਸ ਦੀਆਂ ਦੁਕਾਨਾਂ ਖੋਲ੍ਹ ਰੱਖੀਆਂ ਹਨ। ਪਰਿਵਾਰਾਂ ਨੂੰ ਸੱਦਣ ਵਿੱਚ ਦੇਰੀ ਦਾ ਮਤਲਬ ਵੀ ਬੱਚੇ ਕਈ ਕਈ ਸਾਲ ਵਾਧੂ ਇਨਕਮ ਦਿਖਾਉਣ ਲਈ ਵਾਧੂ ਕੰਮ ਕਰ ਕਰਕੇ ਟੈਕਸ ਨਾਲ ਇਹਨਾਂ ਦੀਆਂ ਤਿਜ਼ੋਰੀਆਂ ਮਜ਼ਬੂਰੀ ਵਿੱਚ ਭਰਦੇ ਰਹਿੰਦੇ ਹਨ।

ਹੁਣ ਆਈ ਇਹਨਾਂ ਵਿਦਿਆਰਥੀਆਂ ਦੀ ਗੱਲ ਜੋ ਰਿਸ਼ਟ ਪੁਸ਼ਟ ਫੁੱਲ ਐਨਰਜ਼ੀ ਦੇ ਨਾਲ ਤਿੱਗਣੀਆਂ ਚੌਗੁਣੀਆਂ ਫੀਸਾਂ ਦੇ ਕੇ ਇੱਥੇ ਆਉਂਦੇ ਹਨ। ਉਹ ਪਿੱਛੇ ਆਪਣੇ ਮਾਪਿਆਂ ਦੇ ਹਾਲ ਨੂੰ ਜਾਣਦੇ ਹਨ ਕਿ ਉਹਨਾਂ ਨੇ ਕਿੰਨੇ ਔਖੇ ਹੋ ਕੇ, ਕਰਜ਼ੇ ਲੈ ਕੇ, ਜਾਂ ਜ਼ਮੀਨਾਂ ਵੇਚ ਕੇ ਇਹ ਫੀਸਾਂ ਭਰੀਆਂ ਹਨ ਹੁਣ ਉਹਨਾਂ ਨੇ ਸਖ਼ਤ ਮਿਹਨਤ ਕਰਕੇ ਆਪਣੀ ਤੇ ਮਾਪਿਆਂ ਦੀ ਜ਼ਿੰਦਗੀ ਸੰਵਾਰਨੀ ਹੈ ਅਤੇ ਇਸ ਸਮਾਜ ਵਿੱਚ ਹੀ ਰਲ਼ਗੱਡ ਹੋਣਾ ਹੈ। ਜਿਨ੍ਹਾਂ ਨੇ ਇਹਨਾਂ ਖ਼ਰਚਾ ਕੀਤਾ ਹੈ ਉਹ ਕਦੇ ਵਾਪਸ ਜਾਣ ਜੋਗੇ ਤਾਂ ਨਹੀਂ ਰਹਿਣਗੇ, ਇਹ ਕੈਨੇਡਾ ਸਰਕਾਰ ਵੀ ਨਹੀਂ ਚਾਹੁੰਦੀ ਕਿਉਂਕਿ ਇਹ ਆਪਣੀ ਲੋੜ ਨੂੰ ਸੱਦ ਰਹੀ ਹੈ। ਪਹਿਲਾਂ ਇਹਨਾਂ ਨੇ ਆਰਥਿਕਤਾ ਵਿੱਚ ਹਿੱਸਾ ਪਾਇਆ, ਫਿਰ ਇਹਨਾਂ ਦੇ ਤੌਰ ਤਰੀਕੇ ਵੀ ਸਿੱਖ ਲਏ, ਪੱਕੇ ਹੋਣ ਲਈ ਟੈਕਸ ਵੀ ਭਰੇ, ਐਲ. ਐਮ. ਆਈਆਂ ਆਦਿ ਲਈ ਬਿਜ਼ਨਸਾਂ ਤੇ ਸਲਾਹਕਾਰਾਂ ਦੀਆਂ ਆਮਦਨਾਂ ਵਿੱਚ ਵਾਧਾ ਵੀ ਕੀਤਾ ਤੇ ਚੰਗੇ ਸ਼ਹਿਰੀ ਬਣਕੇ ਸਾਰੀ ਜ਼ਿੰਦਗੀ ਕਰਨਗੇ ਵੀ। ਕੈਨੇਡਾ ਦੇ ਨਜ਼ਰੀਏ ਤੋਂ ਤਾਂ ਪੌ ਬਾਰਾਂ ਹੋ ਗਈਆਂ ਪਰ ਇਹਨਾਂ ਨਾਲ ਕੀ ਬੀਤੀ ਕਿਸੇ ਨੂੰ ਇਲਮ ਨਹੀਂ ਹੈ। ਪਹਿਲਾਂ ਪਹਿਲ ਇਹ ਗੱਲ ਉੱਠੀ ਕਿ ਇਹਨਾਂ ਦੀ ਵਜ੍ਹਾ ਕਰਕੇ ਇੱਥੋਂ ਦੇ ਵਿਦਿਆਰਥੀਆਂ ਨੂੰ ਯੂਨੀਵਰਸਿਟੀਆਂ ਵਿੱਚ ਜਗ੍ਹਾ ਨਹੀਂ ਮਿਲ ਰਹੀ। ਜਦਕਿ ਇਹਨਾਂ ਦੀਆਂ ਸੀਟਾਂ ਕਾਲਜਾਂ ਵਿੱਚ ਰਾਖਵੀਂਆਂ ਰੱਖੀਆਂ ਜਾਂਦੀਆਂ ਹਨ।ਦੂਸਰਾ ਇਹ ਸੋਚ ਲੈਣਾ ਚਾਹੀਦਾ ਹੈ ਕਿ ਇੱਥੇ ਉੱਥੇ ਵਾਲ਼ਿਆਂ ਦੀ ਸਰਕਾਰਾਂ ਨੂੰ ਕੋਈ ਪ੍ਰਵਾਹ ਨਹੀਂ ਹੁੰਦੀ, ਜਨਤਾ ਸਿਰਫ਼ ਜਨਤਾ ਹੁੰਦੀ ਹੈ, ਕਿਤੋਂ ਦੀ ਵੀ ਹੋਵੇ। ਦੂਸਰਾ ਇਸ ਸਮੇਂ ਕੈਨੇਡਾ ਸਰਕਾਰਾਂ ਨੇ ਬਹੁਤ ਸਾਰੇ ਬਿਜ਼ਨਿਸ ਕਾਲਜ਼ਾਂ ਦੇ ਨਾਂ ਹੇਠ ਖੋਲ੍ਹੇ ਹਨ ਜੋ ਇੱਥੋਂ ਦੀ ਲੇਬਰ ਕਰਨ ਲਈ ਅੰਗਰੇਜ਼ੀ ਨਾ ਬੋਲਣ ਆਉਣ ਦੀ ਸਮੱਸਿਆ ਤੋਂ ਮੁਕਤ ਹੋਣ ਤੇ ਇੱਥੋਂ ਦੀ ਆਰਥਿਕਤਾ ਵਿੱਚ ਖ਼ੁਸ਼ਹਾਲੀ ਲਿਆ ਸਕਣ।

ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਲੋਹੜੇ ਦੀਆਂ ਫੀਸਾਂ ਹੀ ਨਹੀਂ ਸਗੋਂ ਰਹਿਣ ਸਹਿਣ, ਖਾਣ ਪੀਣ ਲਈ ਵੀ ਖਰਚਿਆਂ ਦੀ ਲੋੜ ਪੈਂਦੀ ਹੈ। ਉਹ ਬੱਚੇ ਬੇਸਮੈਂਟਾਂ ਜਾਂ ਘਰਾਂ ਵਿੱਚ ਮੁਰਗੀਆਂ ਵਾਗੂੰ ਕਿੰਨੇ ਕਿੰਨੇ ਤੜੇ ਰਹਿੰਦੇ ਹਨ, ਉਹਨਾਂ ਦੇ ਜੀਵਨ ਪੱਧਰ ਦਾ ਕਿਸੇ ਨੂੰ ਖਿਆਲ ਨਹੀਂ। ਉਹਨਾਂ ਤੇ ਹੀ ਦੋਸ਼ ਮੜ੍ਹ ਦਿੱਤਾ ਜਾਂਦਾ ਹੈ ਕਿ ਇਹਨਾਂ ਦੇ ਆਉਣ ਨਾਲ ਘਰਾਂ ਦੇ ਕਿਰਾਏ ਤੇ ਕੀਮਤਾਂ ਵਧ ਗਈਆਂ ਹਨ। ਉਹ ਕੁਦਰਤੀ ਗੱਲ ਕਿ ਉਹਨਾਂ ਨੇ ਰਹਿਣਾ ਤਾਂ ਹੈ ਹੀ ਜਿੱਥੇ ਵੀ ਥਾਂ ਮਿਲਦੀ ਹੈ ਉਹ ਮਜ਼ਬੂਰੀ ਨੂੰ ਮਹਿੰਗਾ ਰੈਣ ਬਸੇਰਾ ਵੀ ਕਰਦੇ ਹਨ। ਇਸ ਵਿੱਚ ਕਿਸਦਾ ਕਸੂਰ ਹੈ ਕਿ ਕੀਮਤਾਂ ਅਸਮਾਨੀਂ ਚੜ੍ਹ ਰਹੀਆਂ ਹਨ, ਉਸਤੇ ਰੋਕ ਲਾਉਣਾ ਵੀ ਤਾਂ ਸਰਕਾਰ ਦਾ ਕੰਮ ਹੈ ਤੇ ਆ ਰਹੇ ਪ੍ਰਵਾਸੀਆਂ ਲਈ ਰਹਿਣ ਦਾ ਜੁਗਾੜ ਕਰਨਾ ਵੀ। ਇਸਦੇ ਉਲਟ ਕਮਿਊਨਿਟੀ ਦੋਫਾੜ ਹੋ ਕੇ ਆਪਣਾ ਨਜ਼ਲਾ ਸਟੂਡੈਂਟਾਂ ਤੇ ਝਾੜ ਦਿੰਦੀ ਹੈ, ਉਹ ਚਾਹੇ ਇਹ ਕਹਿਣ ਕਿ ਵਿਦਿਆਰਥੀਆਂ ਨੂੰ ਇੱਥੇ ਰਹਿਣਾ ਨੀਂ ਆਉਂਦਾ, ਜਾਂ ਇਹ ਸਫ਼ਾਈ ਨਹੀਂ ਕਰਦੇ, ਗੰਦ ਪਾਉਂਦੇ ਹਨ ਜਾਂ ਉੱਚੀ ਮਿਊਜ਼ਿਕ ਲਾ ਕੇ ਰੱਖਦੇ ਨੇ, ਜਾਂ ਲੜਾਈਆਂ ਕਰਦੇ ਨੇ। ਇੱਥੇ ਵਸਦੇ ਲੋਕ ਵੀ ਆਪਣੇ ਹੱਕਾਂ ਪ੍ਰਤੀ ਜਾਗਰੂਕ ਨਹੀਂ ਹਨ ਜਿਹੜੀ ਉਹਨਾਂ ਨੂੰ ਘਰਾਂ ਜਾਂ ਹੋਰ ਵਸਤਾਂ ਦੀਆਂ ਵਧ ਰਹੀਆਂ ਕੀਮਤਾਂ ਕਰਕੇ ਸਰਕਾਰ ਵੱਲ ਉਂਗਲ ਕਰਨੀ ਚਾਹੀਦੀ ਉਹ ਵੀ ਆਪਣਾ ਗੁੱਸਾ, ਇਸ ਅਖਾਣ ਵਾਂਗ ਕਿ ਗਰੀਬ ਦੀ ਜੋਰੂ ਸਭ ਦੀ ਭਾਬੀ 'ਤੇ ਲਾਹ ਕੇ ਹੀ ਆਪਣੀ ਭੜਾਸ ਕੱਢ ਲੈਂਦੇ ਹਨ। ਇਹ ਨਿੱਕੀਆਂ ਨਿੱਕੀਆਂ ਗੱਲਾਂ ਕਈ ਵਾਰ ਬਹੁਤ ਵੱਡੀਆਂ ਬਣ ਕੇ ਸਾਹਮਣੇ ਆਈਆਂ ਹਨ।ਹਰ ਇਨਸਾਨ ਨੂੰ ਸੋਚਣਾ ਚਾਹੀਦਾ ਹੈ ਕਿ ਇਹ ਅਜੇ ਨੌਜਵਾਨ ਬੱਚੇ ਹਨ ਜੋ ਮਾਂਵਾਂ ਦੀਆਂ ਬੁੱਕਲਾਂ ਵਿੱਚੋਂ ਸਿੱਧੇ ਅਜਿਹੀ ਧਰਤੀ ਤੇ ਆ ਗਏ ਜਿੱਥੇ ਸਭ ਕੁੱਝ ਅਲੱਗ ਥਲੱਗ ਹੈ, ਵੱਖਰਾ ਹੈ, ਬੋਲੀ, ਰਹਿਣ ਸਹਿਣ ਦਾ ਸਲੀਕਾ, ਵਾਤਾਵਰਣ, ਭੱਜ ਨੱਠ ਦੀ ਜ਼ਿੰਦਗੀ। ਉਹਨਾਂ ਨੂੰ ਇੱਥੇ ਨੂੰ ਸਮਝਣ ਲਈ ਸਮਾਂ ਲੱਗਦਾ ਹੈ ਤੇ ਜਾਂ ਉਹਨਾਂ ਦੀ ਮਜ਼ਬੂਰੀ ਹੈ ਕਿ ਉਹ ਸਕੂਲ ਵੀ ਜਾਂਦੇ ਹਨ, ਰੋਟੀ ਰੋਜ਼ੀ ਲਈ ਕੰਮ ਵੀ ਕਰਦੇ ਹਨ, ਸਕੂਲ ਦਾ ਹੋਮ ਵਰਕ ਵੀ ਕਰਨਾ ਹੈ ਤੇ ਘਰ ਆ ਕੇ ਸਾਫ਼-ਸਫ਼ਾਈ ਜਾਂ ਖਾਣਾ ਵੀ ਬਣਾਉਣਾ ਹੈ, ਉਹ ਬੱਚੇ ਉਦਾਸ ਤਾਂ ਹੋਣਗੇ ਹੀ ਜਿਨ੍ਹਾਂ ਨੇ ਕਦੇ ਪਾਣੀ ਦਾ ਗਿਲਾਸ ਚੱਕ ਕੇ ਨਹੀਂ ਪੀਤਾ ਹੁੰਦਾ।ਮਾਪਿਆਂ ਨੂੰ ਛੱਡ ਕੇ ਅਜਿਹੀ ਧਰਤੀ ਤੇ ਆ ਟਿਕੇ ਜਿੱਥੇ ਉਹਨਾਂ ਨੂੰ ਆਪਣਾ ਕੋਈ ਦੁੱਖ ਸੁੱਖ ਸੁਣਨ ਵਾਲਾ ਨਹੀਂ ਦਿਸ ਰਿਹਾ। ਕਮਿਊਨਿਟੀ ਨੂੰ ਵੀ ਸਮਝਣ ਦੀ ਲੋੜ ਹੈ ਤੇ ਧੀਰਜ ਭਾਅ ਨਾਲ ਗੱਲ ਕਰਨ ਦੀ ਵੀ ਤੇ ਉਹਨਾਂ ਨੂੰ ਸਭ ਕੁੱਝ ਆਪਣੇ ਸਮਝ ਕੇ ਸਮਝਾਉਣ ਦੀ ਵੀ। ਉਂਜ ਤਾਂ ਜੋ ਕਾਲਜ਼ ਇਹਨਾਂ ਨੂੰ ਲੁੱਟਦੇ ਹਨ ਉਹਨਾਂ ਨੂੰ ਇਹਨਾਂ ਨੂੰ ਨੈਤਿਕਤਾ ਦਾ ਸਬਕ ਵੀ ਸਿਖਾਉਣ ਲਈ ਕਲਾਸਾਂ ਲਾਉਣੀਆਂ ਚਾਹੀਦੀਆਂ ਹਨ ਤਾਂ ਕਿ ਇਹਨਾਂ ਨੂੰ ਕਮਿਊਨਿਟੀ ਵਿੱਚ ਐਨੀ ਜ਼ਲੀਲਤਾ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਘੱਟੋ ਘੱਟ ਇੱਕ ਸਾਲ ਰਹਿਣ ਦਾ ਪ੍ਰਬੰਧ ਵੀ ਕਰਨਾ ਚਾਹੀਦਾ ਹੈ। ਇਹਨਾਂ ਸੰਸਥਾਵਾਂ ਨੂੰ ਸਿਰਫ਼ 60% ਕੈਨੇਡਾ ਵਿੱਚੋਂ ਆਮਦਨ ਹੁੰਦੀ ਹੈ ਜਦਕਿ ਇਹ 40% ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਹਾਸਲ ਕਰਦੇ ਹਨ, ਜੋ ਕਿ ਬਹੁਤ ਵੱਡੀ ਰਕਮ ਹੈ।

ਜਿੱਥੇ ਕਮਿਊਨਿਟੀ ਵਿੱਚ ਬਹੁਤ ਸਾਰੇ ਚੰਗੇ ਲੋਕ ਹਨ ਜੋ ਇਹਨਾਂ ਵਿਦਿਆਰਥੀਆਂ ਨੂੰ ਹਮੇਸ਼ਾਂ ਜੀ ਆਇਆਂ ਕਹਿ ਰਹੇ ਹਨ। ਜੇ ਉਹ ਕਿਰਾਏ ਤੇ ਰਹਿੰਦੇ ਹਨ, ਉਹਨਾਂ ਨਾਲ ਬਹੁਤ ਵਧੀਆ ਵਿਵਹਾਰ ਕਰਦੇ ਹਨ। ਕੰਮ ਦੇਣ ਵਿੱਚ ਤੇ ਕੰਮ ਦਿਵਾਉਣ ਵਿੱਚ ਵੀ ਮੱਦਦ ਕਰਦੇ ਹਨ। ਪਰ ਕੁੱਝ ਕੁ ਕਾਂਗਿਆਰੀਆਂ ਜਿਹਨਾਂ ਨੇ ਅੰਤਰ ਰਾਸ਼ਟਰੀ ਮਜ਼ਬੂਰ ਵਿਦਿਆਰਥਣਾਂ ਜੋ ਕਿਰਾਇਆ ਨਹੀਂ ਦੇ ਸਕਦੀਆਂ ਸੀ ਉਹਨਾਂ ਨਾਲ ਗਲਤ ਸਬੰਧ ਬਣਾ ਕੇ ਸ਼ੋਸ਼ਣ ਵੀ ਕੀਤਾ ਹੋ ਸਕਦਾ ਹੈ, ਆਪਣੇ ਘਰ ਵੀ ਖਰਾਬ ਕੀਤੇ ਤੇ ਸਮਾਜ ਵਿੱਚ ਗੰਦੇ ਕੀੜੇ ਜੋ ਇੱਕ ਕੱਖਾਂ ਦੀ ਭਰੀ ਪਿੱਛੇ ਗਰੀਬ ਮਜ਼ਬੂਰ ਔਰਤਾਂ ਦਾ ਸ਼ੋਸ਼ਣ ਭਾਰਤ ਵਿੱਚ ਕਰ ਦਿੰਦੇ ਸਨ, ਉਹ ਬਿਮਾਰ ਮਾਨਸਿਕਤਾ ਵਾਲੇ ਲੋਕ ਇੱਥੇ ਵੀ ਆਪਣੀ ਗੰਦੀ ਸੋਚ ਲੈ ਕੇ ਕੁੜੀਆਂ ਦੀ ਮਜ਼ਬੂਰੀ ਦਾ ਫਾਇਦਾ ਲੈ ਕੇ ਬਦਨਾਮ ਵੀ ਕਰਦੇ ਹੋਣਗੇ। ਕੁੱਝ ਕੁ ਕੰਮਾਂ 'ਤੇ ਵੀ ਸਰਕਾਰ ਵਲੋਂ ਨਿਰਧਾਰਤ 20 ਘੰਟੇ ਤੋਂ ਉੱਪਰ ਕੰਮ ਕਰਾ ਕੇ, ਉਹਨਾਂ ਦੀ ਕਿਰਤ ਦਾ ਮੁੱਲ ਨਾ ਦੇਕੇ ਧੋਖਾਧੜੀ ਕਰ ਰਹੇ ਹਨ ਕਿਉਂਕਿ ਬੱਚੇ ਲੇਬਰ ਕੋਰਟ ਦਾ ਬੂਹਾ ਨਹੀਂ ਖੜਕਾ ਸਕਦੇ। ਇੰਮੀਗ੍ਰੇਸ਼ਨ ਸਲਾਹਕਾਰ ਪੀ. ਆਰ. ਦਿਵਾਉਣ ਦੇ ਬਹਾਨੇ ਹਜ਼ਾਰਾਂ ਡਾਲਰ ਉਹਨਾਂ ਤੋਂ ਹਥਿਆ ਲੈਂਦੇ ਹਨ। ਪਰ ਫਿਰ ਵੀ ਇਹਨਾਂ ਔਕੜਾਂ ਦੇ ਬਾਵਜੂਦ ਵਿਦਿਆਰਥੀ ਹੱਡ ਭੰਨਵੀਂ ਮਿਹਨਤ ਅਰਥਾਤ ਦੂਹਰੀਆਂ ਦੂਹਰੀਆਂ ਸ਼ਿਫਟਾਂ ਲਾ ਕੇ ਮੰਜ਼ਲਾਂ ਨੂੰ ਪਾ ਰਹੇ ਹਨ, ਪੰਜਾਬੀ ਕਮਿਊਨਿਟੀ ਦੀ ਮਾਣ ਵਾਲੀ ਗੱਲ ਹੈ। ਜਿਸ ਕਮਿਊਨਿਟੀ ਦੇ ਇੱਥੇ ਵਸੇਬੇ ਲਈ ਭਾਈ ਮੇਵਾ ਸਿੰਘ, ਭਾਈ ਭਾਗ ਸਿੰਘ ਤੇ ਭਾਈ ਬਦਨ ਸਿੰਘ ਵਰਗੇ ਗ਼ਦਰੀਆਂ ਨੇ ਕੁਰਬਾਨੀਆਂ ਦਿੱਤੀਆਂ ਸਨ, ਨੂੰ ਨੇਪਰੇ ਚਾੜ੍ਹ ਰਹੇ ਹਨ।

ਪਿਛਲੇ ਸਮੇਂ ਵਿੱਚ ਜਦੋਂ ਲਵਪ੍ਰੀਤ ਸਿੰਘ ਦੀ ਖੁਦਕਸ਼ੀ ਦਾ ਤੇ ਬੇਅੰਤ ਦਾ ਕੇਸ ਸਾਹਮਣੇ ਆਇਆ। ਉਦੋਂ ਵੀ ਸਾਰੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਇੱਕੋ ਰੱਸੇ ਬੰਨ੍ਹ ਕੇ ਬਦਨਾਮ ਕਰਨ ਦੀਆਂ ਨਿਗੁਣੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਉਸ ਖ਼ਬਰ ਨੂੰ ਐਨਾ ਰਿੜਕਿਆ ਕਿ ਘਰ ਬੈਠਿਆਂ ਅਸੀਂ ਲੋਕਾਂ ਨੇ ਬੇਅੰਤ ਨੂੰ ਡੀਪੋਰਟ ਕਰਾ ਦਿੱਤਾ। ਜਦਕਿ ਸਰਕਾਰਾਂ ਕੀਹਨੂੰ ਇੱਥੇ ਸੱਦ ਰਹੀਆਂ ਹਨ ਤੇ ਕਿਸਨੂੰ ਸੱਦਣਾ ਸਾਨੂੰ ਕਿਸੇ ਗੱਲ ਪਤਾ ਹੀ ਨਹੀਂ ਹੁੰਦਾ। ਇਸੇ ਤਰਜ਼ ਤੇ 7 ਜਨਵਰੀ ਨੂੰ ਕੈਨੇਡੀਅਨ ਬਜ਼ਾਰ ਟੋਰਾਂਟੋ ਇੱਕ ਔਨਲਾਈਨ ਅਖ਼ਬਾਰ ਦੀ ਬਿਨਾਂ ਲੇਖਕ, ਬਿਨਾਂ ਤੱਥਾਂ ਤੋਂ ਛਪੀ ਖ਼ਬਰ ਨੇ ਇੱਕ ਵਾਰ ਫਿਰ ਪੰਜਾਬੀ ਅੰਤਰਰਾਸ਼ਟਰੀ ਵਿਦਿਆਰਥੀ ਕੁੜੀਆਂ ਨੂੰ ਮਸਾਲਾ ਲੱਗੀਆਂ ਸੁਰਖ਼ੀਆਂ ਵਿੱਚ ਪਰੋ ਕੇ ਦੇਹ ਵਿਉਪਾਰ ਦੇ ਧੰਦੇ ਵਿੱਚ 90% ਨੂੰ ਉਲੱਦ ਦਿੱਤਾ। ਪੇਸ਼ ਇਹ ਕੀਤਾ ਕਿ ਇਹ ਬਹੁਤ ਹੀ ਗੰਭੀਰ ਮਸਲਾ ਹੈ। ਪੰਜਾਬੀ ਮੀਡੀਏ ਨੇ ਇਸਨੂੰ ਹੋਰ ਵੀ ਛੱਜ 'ਚ ਪਾ ਕੇ ਛੱਟਿਆ ਜਿਨ੍ਹਾਂ ਨੇ ਆਪਣੀ ਟੀ.ਆਰ.ਪੀ. ਵਧਾਉਣੀ ਸੀ, ਉਹਨਾਂ ਇਸਤੋਂ ਪੂਰੀ ਖੱਟੀ ਖੱਟੀ। ਇਹ ਸੁਣ ਕੇ ਪੰਜਾਬ ਵਿੱਚ ਬੈਠੇ ਮਾਪੇ ਤਰਾਹ ਤਰਾਹ ਕਰਨ ਲੱਗੇ ਤੇ ਫੋਨਾਂ ਦੀਆਂ ਘੰਟੀਆਂ ਖਟਕਣ ਲੱਗੀਆਂ। ਬਾਅਦ ਵਿੱਚ ਤੱਥਾਂ ਤੋਂ ਬਿਨਾਂ ਇਸ ਖ਼ਬਰ ਵਿੱਚੋਂ ਕੁੱਝ ਨਾ ਨਿਕਲਿਆ। ਮੈਂ ਇਸ ਖ਼ਬਰ ਬਾਰੇ ਵਿਚਾਰ ਕਰਦਿਆਂ ਇਹ ਕਹਿਣਾ ਚਾਹੁੰਦੀ ਹਾਂ ਕਿ ਮੰਨ ਲਓ ਇਹ ਸਮੱਸਿਆ ਹੈ ਇੱਥੇ ਵੀ ਹੈ ਜਿਵੇਂ ਲੱਗਭੱਗ ਦੁਨੀਆਂ ਦੇ ਸਾਰੇ ਹੀ ਦੇਸ਼ਾਂ ਵਿੱਚ ਹੈ। ਇੱਥੇ ਵੀ ਘੱਟ ਗਿਣਤੀਆਂ ਵਾਲੇ ਤੇ ਮੂਲ ਨਿਵਾਸੀ ਲੋਕ ਆਪਣੀਆਂ ਆਰਥਿਕ ਤੰਗੀਆਂ ਤੁਰਸ਼ੀਆਂ ਦੀ ਵਜਾਹ ਕਰਕੇ ਇਸ ਸਮੱਸਿਆ ਦਾ ਸ਼ਿਕਾਰ ਹਨ। ਦੇਖਣਾ ਇਹ ਬਣਦਾ ਹੈ ਕਿ ਉਹ ਇਸਦਾ ਸ਼ਿਕਾਰ ਕਿਉਂ ਬਣਦੇ ਹਨ ? ਜਿਵੇਂ ਸਾਰੀ ਦੁਨੀਆਂ 'ਤੇ ਕੁੱਝ ਕੁ ਪੂੰਜੀਪਤੀਆਂ ਦਾ ਰਾਜ ਹੈ ਉਸਦੇ ਘੇਰੇ ਵਿੱਚ ਕੈਨੇਡਾ ਵੀ ਆਉਂਦਾ ਹੈ। ਇੱਥੇ ਵੀ ਅਮੀਰ ਗਰੀਬ ਦੇ ਪਾੜੇ ਵਿੱਚ ਗਰੀਬ ਨੂੰ ਹੀ ਮਾਰ ਪੈਂਦੀ ਹੈ। ਇਹ ਪਾੜਾ ਇੱਥੇ ਵੀ ਦਿਨੋ ਦਿਨ ਵੱਧਦਾ ਜਾ ਰਿਹਾ ਹੈ। ਹੁਣ ਉਹ ਬੱਚੇ ਜੋ ਤਿੰਨ ਕਾਲਜ਼ਾਂ ਦੇ ਦੀਵਾਲੀਆ ਹੋਣ ਦੇ ਕਾਰਣ ਗਲ਼ੀਆਂ ਵਿੱਚ ਭਟਕ ਰਹੇ ਹਨ, ਉਹਨਾਂ ਦੀਆਂ ਮਾਨਸਿਕ ਸਥਿਤੀਆਂ ਕਿੰਨੀਆਂ ਡਾਵਾਂਡੋਲ ਹੋਣਗੀਆਂ। ਉਸ ਸਥਿਤੀਆਂ ਵਿੱਚ ਉਹਨਾਂ ਦਾ ਕੋਈ ਵੀ ਫਾਇਦਾ ਲੈ ਸਕਦਾ ਹੈ।ਆਪਣੇ ਘਰ ਤੋਂ ਦੂਰ ਬੱਚੇ ਜਦੋਂ ਕਿਸੇ ਵੀ ਦੁਰ ਵਿਵਹਾਰ ਦਾ ਸਾਹਮਣਾ ਕਰਦੇ ਹਨ ਉਹ ਮਾਨਸਿਕ ਤੌਰ ਤੇ ਬਹੁਤ ਜਦੋਜਹਿਦ ਵਿੱਚ ਹਨ ਤੇ ਡਿਪਰੈਸ਼ਨ ਦਾ ਸ਼ਿਕਾਰ ਹੋ ਰਹੇ ਹਨ। ਇਸ ਕਰਕੇ ਹੀ ਕਾਫ਼ੀ ਗਿਣਤੀ ਵਿੱਚ ਬੱਚੇ ਖੁਦਕੁਸ਼ੀਆਂ ਕਰ ਰਹੇ ਹਨ, ਨਾ ਉਹ ਵਾਪਸ ਜਾਣਾ ਚਾਹੁੰਦੇ ਹਨ ਕਿਉਂਕਿ ਸਾਡਾ ਸਮਾਜ ਉੱਥੇ ਗਿਆਂ ਨੂੰ ਵੀ ਨੇਹਣ ਨੇਹਣ ਮਾਰ ਦਿੰਦਾ ਹੈ।

ਅੰਤ ਵਿੱਚ ਇਹਨਾਂ ਸਾਰੀਆਂ ਸਮੱਸਿਆਵਾਂ ਤੇ ਕਮਿਊਨਿਟੀ ਵਿੱਚ ਗੱਲ ਕਰਦੇ ਹੋਏ, ਗੱਲ ਸਾਹਮਣੇ ਆਈ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ 20 ਘੰਟੇ ਕੰਮ ਕਰਨ ਦੀ ਛੋਟ ਨਹੀਂ ਸਗੋਂ ਇੱਥੋਂ ਦੇ ਜੰਮਪਲ ਵਿਦਿਆਰਥੀਆਂ ਵਾਂਗ ਖੁੱਲ੍ਹਾ ਸਮਾਂ ਕੰਮ ਕਰਨ ਦੇਣਾ ਚਾਹੀਦਾ ਹੈ। ਪਰ ਮੇਰੀਆਂ ਨਜ਼ਰਾਂ ਵਿੱਚ ਵਿਦਿਆਰਥੀ ਜਿੰਨਾ ਚਿਰ ਪੜ੍ਹਦੇ ਹਨ ਉਹਨਾਂ ਨੂੰ ਬਿਲਕੁੱਲ ਕੰਮ ਨਹੀਂ ਹੋਣਾ ਚਾਹੀਦਾ ਚਾਹੇ ਐਥੋਂ ਦੇ ਹੋਣ ਚਾਹੇ ਅੰਤਰ ਰਾਸ਼ਟਰੀ। ਖਰਚਿਆਂ ਦਾ ਐਨਾ ਵਜ਼ਨ ਲੈ ਕੇ ਕੀ ਉਹ ਵਧੀਆ ਪੜ੍ਹ ਸਕਦੇ ਹਨ ? ਸਰਕਾਰਾਂ ਦਾ ਫਰਜ਼ ਹੋਣਾ ਚਾਹੀਦਾ ਹੈ ਜਦੋਂ ਉਹ ਟੈਕਸ ਲੈਂਦੀਆਂ ਹਨ ਤਾਂ ਉਹ ਹਰ ਵਿਅਕਤੀ ਨੂੰ ਮੁੱਢਲੀਆਂ ਲੋੜਾਂ ਮੁਹੱਈਆ ਕਰਵਾਉਣ। ਇੱਕ ਚਿੜੀ ਦੇ ਪੰਜੇ ਜਿੰਨਾ ਦੇਸ਼ ਕਿਊਬਾ ਜਿੱਥੋਂ ਦੀ ਸਰਕਾਰ ਹਰ ਵਿਅਕਤੀ ਨੂੰ ਰਹਿਣ ਲਈ ਘਰ, ਜਿਊਣ ਲਈ ਖਾਣਾ, ਸਾਰੀਆਂ ਸਿਹਤ ਸਹੂਲਤਾਂ ਤੇ ਪਹਿਲ਼ੀ ਤੋਂ ਡਾਕਟਰੀ ਦੀ ਪੜ੍ਹਾਈ ਤੱਕ ਮੁਫ਼ਤ ਗਿਆਨ ਹਾਸਲ ਕਰਵਾਉਂਦੀ ਹੈ। ਕੀ ਇਹ ਦੇਸ਼ ਉਸਤੋਂ ਵੀ ਗਏ ਗੁਜ਼ਰੇ ਹਨ।ਪਰ ਸਾਡੀਆਂ ਸਰਕਾਰਾਂ ਕਾਰਪੋਰੇਸ਼ਨਾਂ ਨੂੰ ਵੱਡੇ ਗੱਫੇ ਦੇ ਕੇ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਡਿਪਰੈਸ਼ਨ ਵਿੱਚ ਧੱਕ ਰਹੇ ਹਨ। ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਤਿੱਗਣੀਆਂ ਫੀਸਾਂ ਲੈ ਕੇ ਯੂਨੀਵਰਸਿਟੀਆਂ, ਕਾਲਜ਼ ਵੱਡੇ ਬਿਜ਼ਨਿਸ ਅਦਾਰੇ ਹੀ ਹਨ, ਜਿਨ੍ਹਾਂ ਦੀਆਂ ਝੋਲ਼ੀਆਂ ਭਰੀਆਂ ਜਾ ਰਹੀਆਂ ਹਨ। ਜਿਨ੍ਹਾਂ ਬੱਚਿਆਂ ਨੇ ਸਾਰੀ ਜ਼ਿੰਦਗੀ ਇਸ ਸਮਾਜ ਦਾ ਹਿੱਸਾ ਬਣਕੇ ਇਸਨੂੰ ਵਧੀਆ ਤੇ ਸੁੰਦਰ ਬਣਾਉਣਾ ਹੈ ਜੇ ਉਸਦੀ ਨੀਂਹ ਇਹੋ ਜਿਹੀ ਰੱਖੀ ਜਾ ਰਹੀ ਹੈ ਫਿਰ ਅਸੀਂ ਆਉਣ ਵਾਲੇ ਸਮੇਂ ਲਈ ਕਿਹੋ ਜਿਹੀ ਤਵੱਕੋ ਰੱਖਦੇ ਹਾਂ।

ਸਾਡੀ ਇੱਥੇ ਰਹਿੰਦੀ ਕਮਿਊਨਿਟੀ ਨੂੰ ਵਿਦਿਆਰਥੀਆਂ ਦੀ ਸਮੱਸਿਆ ਨੂੰ ਸਮਝਣਾ ਚਾਹੀਦਾ ਹੈ ਤੇ ਉਹਨਾਂ ਦਾ ਸਾਥ ਦੇਣਾ ਚਾਹੀਦਾ ਹੈ ਜੋ ਕਾਲਜ ਬੰਦ ਹੋਏ ਹਨ, ਬੱਚੇ ਅਵਾਜ਼ਾਰ ਹਨ। ਸਾਨੂੰ ਸਾਰਿਆਂ ਨੂੰ ਜਥੇਬੰਦ ਕੇ ਅਵਾਜ਼ ਉਠਾਉਣੀ ਚਾਹੀਦੀ ਹੈ ਕਿ ਸਰਕਾਰਾਂ ਇਹਨਾਂ ਬੱਚਿਆਂ ਦੀ ਬਾਂਹ ਫੜ੍ਹਨ ਤੇ ਉਹਨਾਂ ਦੀ ਪੜ੍ਹਾਈ ਹਰ ਹਾਲਤ ਵਿੱਚ ਪੂਰੀ ਕਰਾਉਣ ਦੀ ਗਰੰਟੀ ਕਰਨ। ਇਹਨਾਂ ਵਿੱਚੋਂ ਕੁੱਝ ਵਿਦਿਆਰਥੀਆਂ ਨੂੰ ਕੰਪਲੀਸ਼ਨ ਲੈਟਰ ਦਿੱਤੇ ਜਾ ਰਹੇ ਹਨ ਕਿ ਉਹ ਚੁੱਪ ਕਰ ਜਾਣ ਜਾਣਿਕਿ ਵਿਦਿਆਰਥੀਆਂ ਵਿੱਚ ਦੁਫਾੜ ਪੈ ਜਾਵੇ, ਇੱਕਠੇ ਹੋ ਕੇ ਇਨਸਾਫ਼ ਦੀ ਲੜਾਈ ਨਾ ਲੜ ਸਕਣ। ਇਹੋ ਜਿਹੀਆਂ ਸਾਜ਼ਿਸ਼ਾਂ ਤੋਂ ਵੀ ਸੁਚੇਤ ਹੋਣ ਦੀ ਲੋੜ ਹੈ। ਜੋ ਆਪਸ ਵਿੱਚ ਦੂਸ਼ਣਬਾਜ਼ੀ ਦਾ ਮਾਹੌਲ ਹੈ ਉਹ ਬੰਦ ਹੋਣਾ ਚਾਹੀਦਾ ਹੈ, ਇਹ ਸਾਡੇ ਹੀ ਬੱਚੇ ਹਨ, ਕੈਨੇਡਾ ਦਾ ਭਵਿੱਖ ਇਹਨਾਂ ਦੇ ਹੱਥਾਂ ਵਿੱਚ ਆਉਣਾ ਹੈ ਸੋ ਅੱਜ ਅਸੀਂ ਵੀ ਇਹਨਾਂ ਦੇ ਮੋਢੇ ਨੂੰ ਮੋਢਾ ਦੇਈਏ।

# ਅਦਿੱਤਿਆਨਾਥ ਦਾ ਦਹਿਸ਼ਤੀ ਰਾਜ

(ਸਫ਼ਾ 5 ਦੀ ਬਾਕੀ)

ਹੀ ਉਸ ਨੂੰ ਮਾਰਨ ਦੀ ਅਪੀਲ ਕੀਤੀ ਸੀ ਅਤੇ ਨਤੀਜੇ ਵਜੋਂ ਉਸ ਨੇ ਨੌਂ ਮਹੀਨੇ ਜੇਲ੍ਹ ਵਿਚ ਗੁਜ਼ਾਰੇ। ਹਿੰਦੂ ਮਹਾਸਭਾ ਦੇ ਜਨਰਲ ਸਕੱਤਰ ਵਜੋਂ ਤਰੱਕੀ ਮਿਲਣ ਤੋਂ ਬਾਦ ਉਸ ਨੇ ਵਾਅਦਾ ਕੀਤਾ ਕਿ ਜੇਕਰ ਪਾਰਟੀ ਸੱਤਾ 'ਚ ਆਈ ਤਾਂ ਮੁਸਲਮਾਨਾਂ ਦੀ ਵਫ਼ਾਦਾਰੀ ਦੀ ਪਰਖ਼ ਕੀਤੀ ਜਾਵੇਗੀ। ਜੂਨ 1950 ਵਿੱਚ, ਦ ਸਟੇਟਸਮੈਨ ਨੇ ਉਸ ਦੇ ਬਿਆਨ ਦੀ ਰਿਪੋਰਟ ਇਸ ਤਰ੍ਹਾਂ ਛਾਪੀ, "ਇਹ ਮੁਸਲਮਾਨਾਂ ਨੂੰ ਪੰਜ ਤੋਂ 10 ਸਾਲਾਂ ਤੱਕ ਵੋਟ ਦੇ ਅਧਿਕਾਰ ਤੋਂ ਵਾਂਝੇ ਰੱਖੇਗੀ, ਇਹ ਉਹ ਸਮਾਂ ਹੋਵੇਗਾ ਜੋ ਉਨ੍ਹਾਂ ਨੂੰ ਸਰਕਾਰ ਨੂੰ ਇਹ ਜਚਾਉਣ 'ਚ ਲੱਗੇਗਾ ਕਿ ਉਨ੍ਹਾਂ ਦੇ ਹਿਤ ਅਤੇ ਭਾਵਨਾਵਾਂ ਭਾਰਤ ਪੱਖੀ ਹਨ।"

ਹਿੰਦੂ ਮਹਾਸਭਾ ਦੇ ਨੇਤਾ ਹੋਣ ਦੇ ਬਾਵਜੂਦ ਦਿਗਵਿਜੇ ਹਮੇਸ਼ਾ ਆਪਣੀ ਪਾਰਟੀ ਤੋਂ ਪਾਰ ਜਾ ਕੇ ਦੇਖਣ ਲਈ ਤਿਆਰ ਸੀ। ਆਪਣੇ ਉਦੇਸ਼ਾਂ ਦੀ ਪ੍ਰਾਪਤੀ ਲਈ ਉਸ ਨੇ ਆਰ. ਐੱਸ. ਐੱਸ. ਅਤੇ ਇਸ ਦੀਆਂ ਮਤਹਿਤ ਜਥੇਬੰਦੀਆਂ ਨਾਲ ਸਾਂਝ ਪਾਈ, ਜ਼ਿਆਦਾਤਰ ਉਨ੍ਹਾਂ ਦੀ ਸਰਪ੍ਰਸਤੀ ਕਰਕੇ। 1949 'ਚ, ਉਸ ਨੇ ਅਯੁੱਧਿਆ ਵਿਚ ਬਾਬਰੀ ਮਸਜਿਦ ਦੇ ਅੰਦਰ ਗੁਪਤ ਰੂਪ ਵਿਚ ਰਾਮ ਦੀ ਮੂਰਤੀ ਸਥਾਪਤ ਕਰਨ ਦੀ ਮੁਹਿੰਮ ਦੀ ਅਗਵਾਈ ਕੀਤੀ, ਜਿਸ ਨਾਲ ਰਾਮ ਜਨਮ ਭੂਮੀ ਅੰਦੋਲਨ ਸ਼ੁਰੂ ਹੋ ਗਿਆ।

ਵੈਦਿਆਨਾਥ ਨੇ 1969 ਵਿਚ ਦਿਗਵਿਜੇ ਦੀ ਮੌਤ ਤੋਂ ਬਾਦ ਮਹੰਤ ਦਾ ਅਹੁਦਾ ਸੰਭਾਲਿਆ। ਉਸ ਨੇ 1989 ਤੱਕ ਹਿੰਦੂ ਮਹਾਸਭਾ ਦੀ ਟਿਕਟ 'ਤੇ ਚੋਣ ਲੜੀ, ਜਦੋਂ ਉਹ ਰਾਮ ਜਨਮ ਭੂਮੀ ਅੰਦੋਲਨ ਦਾ ਚਿਹਰਾ ਬਣ ਗਿਆ ਅਤੇ ਭਗਵਾ ਰਾਜਨੀਤੀ ਨੂੰ ਅੱਗੇ ਵਧਾਉਣ ਵਿਚ ਉਸ ਨੇ ਮਹੱਤਵਪੂਰਨ ਭੂਮਿਕਾ ਨਿਭਾਈ।

1989 ਵਿਚ ਧਰਮ ਸੰਸਦ ਵਿਚ ਉਸ ਦੇ ਭਾਸ਼ਣ, ਜੋ ਅਲਾਹਾਬਾਦ ਵਿਚ ਕੁੰਭ ਮੇਲੇ 'ਤੇ ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਆਯੋਜਿਤ ਸਾਧੂਆਂ ਦੀ ਇਕੱਤਰਤਾ ਸੀ, ਨੇ ਇਕ ਅੰਦੋਲਨ ਦੀ ਨੀਂਹ ਰੱਖ ਦਿੱਤੀ ਜਿਸ ਨੇ ਬਾਬਰੀ ਮਸਜਿਦ ਨੂੰ ਤੋੜਨਾ ਲਗਭਗ ਸੰਭਵ ਦਿੱਤਾ। ਦ ਸਟੇਟਸਮੈਨ ਨੇ 1 ਫਰਵਰੀ 1989 ਨੂੰ ਰਿਪੋਰਟ ਛਾਪੀ ਕਿ ਅਵੈਦਿਆਨਾਥ ਕਹਿੰਦਾ ਹੈ ਕਿ "ਕੁਰਾਨ ਮੁਸਲਮਾਨਾਂ ਨੂੰ ਦੂਜੇ ਧਰਮਾਂ ਦੇ ਪਵਿੱਤਰ ਸਥਾਨਾਂ ਵਿਚ ਮਸਜਿਦਾਂ ਬਣਾਉਣ ਤੋਂ ਮਨ੍ਹਾ ਕਰਦਾ ਹੈ।" ਅਖ਼ਬਾਰ ਨੇ ਉਸ ਦੇ ਹਵਾਲੇ ਨਾਲ ਕਿਹਾ, "ਅਤੇ ਵਿਵਾਦ ਤੋਂ ਬਚਣ ਲਈ ਸਾਨੂੰ ਕਿਸੇ ਹੋਰ ਜਗ੍ਹਾ 'ਤੇ ਮੰਦਰ ਬਣਾਉਣ ਲਈ ਕਹਿਣਾ ਇਵ ਹੈ ਜਿਵੇਂ ਰਾਵਣ ਨਾਲ ਯੁੱਧ ਤੋਂ ਬਚਣ ਲਈ ਭਗਵਾਨ ਰਾਮ ਨੂੰ ਕਿਸੇ ਹੋਰ ਸੀਤਾ ਨਾਲ ਵਿਆਹ ਕਰਨ ਲਈ ਕਹਿਣਾ।"

1992 'ਚ ਬਾਬਰੀ ਮਸਜਿਦ ਨੂੰ ਢਾਹੇ ਜਾਣ ਤੋਂ ਬਾਦ ਹਾਲਾਤ ਫ਼ੈਸਲਾਕੁੰਨ ਸਥਿਤੀ 'ਚ ਪਹੁੰਚ ਗਏ। ਬਾਬਰੀ ਕਾਂਡ ਬਾਰੇ ਲਿਬਰਹਾਨ ਕਮਿਸ਼ਨ ਦੀ ਰਿਪੋਰਟ ਵਿਚ, ਅਵੈਦਿਆਨਾਥ ਦਾ ਨਾਮ ਮੁਲਕ ਨੂੰ ਫਿਰਕੂ ਤਬਾਹੀ ਦੇ ਕੰਢੇ 'ਤੇ ਲਿਜਾਣ ਦੇ ਦੋਸ਼ੀ ਪਾਏ ਗਏ ਲੋਕਾਂ ਦੀ ਫਿਹਰਿਸਤ ਵਿਚ ਪ੍ਰਮੁੱਖਤਾ ਨਾਲ ਦਿੱਤਾ ਗਿਆ ਸੀ।

(ਬਾਕੀ ਅਗਲੇ ਅੰਕ 'ਚ)

ਨਰਭਿੰਦਰ
93544-30211

### ਯੂਕਰੇਨ ਉਤੇ ਰੂਸੀ ਹਮਲਾ

# ਕੀ ਵਿਸ਼ਵ ਨੂੰ ਨਿਹੱਕੀਆਂ ਜੰਗਾਂ ਵੱਲ ਧੱਕਣ ਦੀ ਤਿਆਰੀ ਹੋ ਰਹੀ ਹੈ

ਜਿਸ ਦੀ ਚਰਚਾ ਕਈ ਮਹੀਨਿਆਂ ਤੋਂ ਚੱਲ ਰਹੀ ਸੀ ਆਖਿਰ ਉਹ ਵਾਪਰ ਹੀ ਗਿਆ। ਰੂਸ ਨੇ ਯੂਕਰੇਨ ਉਤੇ ਹਮਲਾ ਕਰ ਦਿੱਤਾ ਅਤੇ ਉਹਦੇ ਕਈ ਇਲਾਕਿਆਂ 'ਚ ਫੌਜ ਦਾਖਲ ਹੋ ਗਈ। ਐਨਾ ਹੀ ਨਹੀਂ ਰੂਸੀ ਰਾਸ਼ਟਰਪਤੀ ਪੂਤਿਨ ਨੇ ਯੂਕਰੇਨੀ ਲੋਕਾਂ ਨੂੰ ਆਪਣੀ ਹੀ ਸਰਕਾਰ ਵਿਰੁੱਧ ਬਗਾਵਤ ਕਰਕੇ ਸੱਤਾ ਦੀ ਵਾਗਡੋਰ ਹੱਥ ਲੈਣ ਦਾ ਸੱਦਾ ਦੇ ਦਿੱਤਾ ਹੈ। ਉਧਰ ਯੂਕਰੇਨੀ ਰਾਸ਼ਟਰਪਤੀ ਦਲੋਦੀਮੀਰ ਜ਼ੇਲੈਸਕੀ ਜੋ ਕਈ ਮਹੀਨਿਆਂ ਤੋਂ ਜੰਗੀ ਮਾਹੌਲ ਦੇ ਦਬਾਅ ਹੇਠ ਸਨ, ਨੇ ਦੇਸ਼ 'ਚ ਮਾਰਸ਼ਲ ਲਾ ਲਾਅ ਦਿੱਤਾ ਹੈ, ਨਾਲ ਹੀ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਰੂਸੀ ਫੌਜਾਂ ਵਿਰੁੱਧ ਹਥਿਆਰ ਚੁੱਕਣ। ਰਾਸ਼ਟਰਪਤੀ ਜੇਲੈਸ਼ਕੀ ਨੇ ਜਿਹੜੀ ਸਪੀਚ ਆਪਣੇ ਨਾਗਰਿਕਾਂ ਨੂੰ ਕੀਤੀ ਉਹ ਰੂਸੀ ਭਾਸ਼ਾ ਵਿਚ ਹੀ ਸੀ ਤੇ ਕਿਹਾ ਕਿ 'ਜੇਕਰ ਸਾਡੇ 'ਤੇ ਹਮਲਾ ਕਰੋਗੇ ਤਾਂ ਅਸੀਂ ਪਿੱਠ ਨਹੀਂ ਵਿਖਾਵਾਂਗੇ।" ਹਮਲਿਆਂ ਦੇ ਡਰੋਂ ਲੋਕ ਆਪਣੇ ਘਰਾਂ ਜਾਂ ਧਰਤੀ ਹੇਠਲੀਆਂ ਛੁਪਣਗਾਹਾਂ ਵਿਚ ਚਲੇ ਗਏ ਹਨ। ਰੂਸ ਨੇ ਦਾਅਵਾ ਕੀਤਾ ਹੈ ਕਿ ਉਹਨੇ ਯੂਕਰੇਨ ਦੇ ਸਿਰਫ਼ ਫੌਜੀ ਟਿਕਾਣਿਆਂ ਉਤੇ ਹੀ ਹਮਲੇ ਕੀਤੇ ਹਨ ਆਮ ਨਾਗਰਿਕਾਂ ਨੂੰ ਨਿਸ਼ਾਨਾ ਨਹੀਂ ਬਣਾਇਆ। ਕਿੰਨਾ ਹਾਸੋਹੀਣਾ ਬਿਆਨ ਹੈ। ਹਮਲੇ 'ਚ ਜੇ ਫੌਜੀ ਮਰਨ ਤਾਂ ਉਹ ਨਾਗਰਿਕਾਂ 'ਚ ਗਿਣੇ ਨਹੀਂ ਜਾਣਗੇ ਅਤੇ ਜੇ ਆਮ ਨਾਗਰਿਕ ਇਸ ਦੀ ਲਪੇਟ 'ਚ ਆ ਗਏ ਤਾਂ ਗਲਤੀ ਹ ਗਈ ਕਹਿ ਕੇ ਪੱਲਾ ਝਾੜ ਲਿਆ ਜਾਵੇਗਾ ਦੋਹਾਂ ਪਾਸਿਆਂ ਤੋਂ ਜਾਨੀ ਨੁਕਸਾਨ ਦੀਆਂ ਖ਼ਬਰਾਂ ਹਨ। ਜੇ ਯੂਕਰੇਨੀ ਫੌਜੀ ਤੇ ਆਮ ਨਾਗਰਿਕ ਬੰਬਾਂ ਦਾ ਸ਼ਿਕਾਰ ਹੋਏ ਹਨ ਤਾਂ ਰੂਸੀ ਫੌਜੀ ਵੀ ਸ਼ਿਕਾਰ ਹੋਏ ਹੋਣਗੇ। ਕਿਸੇ ਦੇ ਘਰ 'ਚ ਦਾਖਲ ਹੋਈਏ ਤਾਂ ਸਮਰੱਥਾ ਮੁਤਾਬਕ ਉਹ ਵੀ ਆਪਣੀ ਸੁੱਰਖਿਆ ਕਰੇਗਾ। ਨਾਲੇ ਇਹ ਤਾਂ ਜੰਗ ਹੈ। ਭਾਵ ਯੁੱਧ, ਦੋ ਦੇਸ਼ਾਂ ਦਰਮਿਆਨ। ਉਨ੍ਹਾਂ ਦੋ ਦੇਸ਼ਾਂ ਦਰਮਿਆਨ ਜਿਨ੍ਹਾਂ ਕੋਲ ਅਤਿ ਆਧੁਨਿਕ ਜੰਗੀ ਤਕਨੀਕ ਤੇ ਹਥਿਆਰ ਹਨ। ਤਬਾਹੀ ਦੇ ਮੰਜ਼ਰ ਚਾਰੇ ਪਾਸੇ ਦਿਖਾਈ ਦੇ ਰਹੇ ਹਨ ਜੋ ਕੁਝ ਇਲੈਕਟ੍ਰੋਨਿਕ ਮੀਡੀਆ ਰਾਹੀਂ ਆਰਥਿਕ ਅਤੇ ਸਮਾਜਿਕ ਸਭਿਆਚਾਰਕ ਨੁਕਸਾਨ ਵੀ ਹੁੰਦਾ ਹੈ। ਕਈ ਪੀੜ੍ਹੀਆਂ ਦੀ ਮਾਨਸਿਕਤਾ ਪ੍ਰਭਾਵਿਤ ਹੁੰਦੀ ਹੈ। ਦੁਨੀਆਂ ਨੇ ਦੋ ਸੰਸਾਰ ਜੰਗਾਂ 'ਚ ਜੋ ਹੰਢਾਇਆ ਹੈ ਉਹ ਇਤਿਹਾਸ ਗਵਾਹ ਹੈ। ਕਿਹਾ ਇਹ ਵੀ ਜਾ ਰਿਹਾ ਹੈ ਕਿ "ਇਹ ਜੰਗ ਯੂਰਪੀ ਮਹਾਂਦੀਪ ਵਿਚ ਵੱਡੀ ਜੰਗ ਦੇ ਆਗਾਜ਼ ਹੋਣ ਦਾ ਸੰਕੇਤ ਹੈ।'

ਰੂਸ ਦੇ ਰਾਸ਼ਟਰਪਤੀ ਪੂਤਿਨ ਨੇ ਜੰਗ ਤੋਂ ਦੂਸਰੇ ਦਿਨ ਜਦੋਂ ਆਲਮੀ ਪੱਧਰ ਉਤੇ ਇਸ ਹਮਲੇ ਦੀ ਨਿੰਦਿਆ ਹੋਈ ਤਾਂ ਇਹ ਦਲੀਲ ਦਿੱਤੀ ਕਿ ਉਹ ਜੰਗ ਤੋਂ ਪਿਛੇ ਹਟਣ ਨੂੰ ਤਿਆਰ ਹੈ ਜੇ 1. ਯੂਕਰੇਨ ਆਪਣੇ ਬਾਗੀ ਇਲਾਕਿਆਂ ਨੂੰ ਮਾਨਤਾ ਦੇ ਦੇਵੇ ਅਤੇ 2. ਯੂਕਰੇਨ ਨਾਟੋ ਵਿਚ ਨਾ ਸ਼ਾਮਲ ਹੋਣ ਦੀ ਗਰੰਟੀ ਦੇ ਦੇਵੇ।

ਇਹ ਨਾਟੋ ਹੀ ਇਕ ਵਹਿਸ਼ੀ ਬਲਾ ਹੈ ਜਿਹੜੀ ਵਿਸ਼ਵ ਦੀ ਸ਼ਾਂਤੀ ਲਈ ਸਭ ਤੋਂ ਵੱਡਾ ਖਤਰਾ ਬਣੀ ਹੋਈ ਹੈ। ਦੂਸਰੀ ਵਿਸ਼ਵ ਜੰਗ ਤੋਂ ਪਿਛੋਂ ਹੋਂਦ 'ਚ ਆਈ ਇਹ ਸੰਸਥਾ ਜਿਹਨੂੰ ਮੁੱਖ ਤੌਰ 'ਤੇ ਅਮਰੀਕਾ ਅਤੇ ਬਰਤਾਨੀਆ ਕੰਟਰੋਲ ਕਰਦਾ ਹੈ। ਦੁਨੀਆਂ ਦੇ ਹਰ ਖੇਤਰ ਵਿਚ ਜੰਗਾਂ ਲਈ ਜ਼ਮੀਨ ਤਿਆਰ ਕਰਦੀ ਆਈ ਹੈ। 1946 ਤੋਂ ਲੈ ਕੇ ਹੁਣ ਤੱਕ ਲਗਭਗ 76 ਸਾਲ ਦਾ ਕਾਲਾ ਇਤਿਹਾਸ ਇਕ ਵੱਖਰੇ ਲੇਖ ਦੀ ਮੰਗ ਕਰਦਾ ਹੈ ਪਰ ਇਕ ਗਲੇ ਸਾਫ਼ ਰੂਸ ਦੇ ਹਮਲੇ ਤੋਂ ਪਹਿਲਾਂ ਵੀ ਅਤੇ ਪਿਛੋਂ ਵੀ ਜੇ ਸਭ ਤੋਂ ਵੱਧ ਪੀੜ ਹੋਈ ਹੈ ਤਾਂ ਉਹ ਅਮਰੀਕਾ ਅਤੇ ਬਰਤਾਨੀਆ ਨੂੰ ਹੀ। ਹਾਲਾਂਕਿ ਕੱਲ੍ਹ ਤੱਕ ਉਹਨੇ ਯੂਕਰੇਨ 'ਚ ਅਮਰੀਕੀ ਤੇ ਨਾਟੋ ਦੀਆਂ ਫੌਜਾਂ ਨੂੰ ਨਾ ਭੇਜਣ ਦੀ ਗੱਲ ਕਹੀ ਹੈ ਪਰ ਨਾਲ ਹੀ ਯੂਕਰੇਨ ਨੂੰ ਲੋੜੀਂਦੇ ਜੰਗੀ ਸਾਜੋ ਸਮਾਨ ਦੀ ਸਪਲਾਈ ਲਗਾਤਾਰ ਜਾਰੀ ਰੱਖਣ ਦਾ ਵਚਨ ਵੀ ਦੁਹਰਾਇਆ ਹੈ। ਹਾਲਾਂਕਿ ਜਨਵਰੀ 22 ਵਿਚ ਹੀ ਅਮਰੀਕਾ ਨੇ ਯੂਕਰੇਨ ਵਿਚਲਾ ਆਪਣਾ ਦੂਤਾਵਾਸ ਖਾਲੀ ਕਰ ਦਿੱਤਾ ਸੀ ਅਤੇ ਬਰਤਾਨੀਆ ਨੇ ਵੀ ਆਪਣੇ ਅਮਲੇ ਫੈਲੇ ਦੇ ਜ਼ਿਆਦਾ ਕਰਮਚਾਰੀ ਬੁਲਾ ਲਏ ਸਨ।

ਰੂਸ ਐਨਾ ਹਮਲਾਵਰ ਕਿਉਂ ਹੈ? ਇਸ ਪਹੇਲੀ ਨੂੰ ਬੁੱਝੇ ਬਿਨਾਂ ਮੌਜੂਦਾ ਜੰਗ ਨੂੰ ਠੀਕ ਢੰਗ ਨਾਲ ਨਹੀਂ ਵਾਚਿਆ ਜਾ ਸਕਦਾ।



ਯੁੱਧ ਖ਼ਤਮ ਹੋ ਜਾਵੇਗਾ। ਲੀਡਰ ਹੱਥ ਮਿਲਾ ਲੈਣਗੇ। ਬਜ਼ੁਰਗ ਔਰਤ ਆਪਣੇ ਸ਼ਹੀਦ ਹੋਏ ਪੁੱਤਰ ਨੂੰ ਉਡੀਕਦੀ ਰਹੇਗੀ। ਉਹ ਕੁੜੀ ਆਪਣੇ ਪਿਆਰੇ ਪਤੀ ਦਾ ਇੰਤਜ਼ਾਰ ਕਰਦੀ ਰਹੇਗੀ ਅਤੇ ਉਹ ਬੱਚੇ ਆਪਣੇ ਪਿਤਾ (ਨਾਇਕ) ਨੂੰ ਮਿਲਣ ਲਈ ਤਰਸਦੇ ਰਹਿਣਗੇ। ਮੈਨੂੰ ਨਹੀਂ ਪਤਾ ਸਾਡੀ ਮਾਤ ਭੂਮੀ ਕਿਸਨੇ ਵੇਚੀ। ਪਰ ਮੈਂ ਇਹ ਦੇਖਿਆ ਹੈ ਕਿ ਕੀਮਤ ਕਿਸਨੇ ਚੁਕਾਈ। -ਮਹਿਮੂਦ ਦਾਰਵਿਸ਼

ਯੂਕਰੇਨ ਦਾ ਆਪਣਾ ਇਕ ਇਤਿਹਾਸ ਹੈ ਕਦੇ ਇਹ ਪੋਲੈਂਡ ਦੇ ਹਮਲਿਆਂ ਦਾ ਸ਼ਿਕਾਰ ਰਿਹਾ ਅਤੇ ਫਿਰ ਰੂਸੀ ਜਾਰ ਦੇ ਹਮਲਿਆਂ ਦੀ ਮਾਰ ਵੀ ਡੇਲਦਾ ਰਿਹਾ। ਦੂਸਰੀ ਸੰਸਾਰ ਜੰਗ ਪਿਛੋਂ ਜਿਉਂ ਹੀ ਕੌਮੀ ਮੁਕਤੀ ਲਹਿਰਾਂ ਨੇ ਫਾਸ਼ੀਵਾਦੀ ਜਰਮਨੀ ਦੀ ਹਾਰ ਪਿਛੋਂ ਇਹ ਦੇਸ਼ ਉਸ ਵੇਲੇ ਸੋਵੀਅਤ ਸੋਸ਼ਲਿਸਟ ਰਿਪਬਲਿਕ ਐਸੋਸੀਏਸ਼ਨ ਦਾ ਹਿੱਸਾ ਬਣੇ ਅਤੇ ਲਗਭਗ 1991 ਤੱਕ ਉਹਦਾ ਹਿੱਸਾ ਰਹੇ।

1991 'ਚ ਸੋਵੀਅਤ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਖਿੰਡ ਗਈ। ਉਸ ਨਾਲੋਂ ਬਹੁਤ ਸਾਰੇ ਉਹਦੇ ਆਪਣੇ ਹੀ ਸੂਬੇ ਅਲੱਗ ਹੋ ਗਏ ਜਿਨ੍ਹਾਂ 'ਚ ਯੂਕਰੇਨ ਵੀ ਸੀ ਅਤੇ ਬੇਲਾਰੂਸ ਵੀ। 1991 ਵਿਚ ਯੂਕਰੇਨ ਵਿਚ ਰਿਫਰੈਂਡਮ ਕਰਾਇਆ ਗਿਆ ਅਤੇ ਲਿਓਨਿਦ ਕਰਾਵਚਕ ਰਾਸ਼ਟਰਪਤੀ ਨਾਮਜ਼ਦ ਕੀਤਾ ਗਿਆ। ਪੱਛਮੀ ਦੇਸ਼ ਉਸ ਸਮੇਂ ਤੋਂ ਆਜ਼ਾਦ ਹੋਏ ਇਨ੍ਹਾਂ ਦੇਸ਼ਾਂ ਉਤੇ ਨਜ਼ਰ ਟਿਕਾਈ ਬੈਠੇ ਸਨ। 1994 'ਚ ਚੋਣਾਂ ਹੋਈਆਂ ਲਿਓਨਦ ਕੁਚਮਾ ਰਾਸ਼ਟਰਪਤੀ ਵਜੋਂ ਜੇਤੂ ਹੋਏ ਅਤੇ 1999 ਵਿਚ ਫੇਰ ਜੇਤੂ ਹੋ ਕੇ ਆਏ। ਇਸ ਸਮੇਂ ਤੱਕ ਪੱਛਮ ਤੇ ਰੂਸ ਪੱਖੀਆਂ ਦਰਮਿਆਨ ਖਿੱਚੋਤਾਣ ਚਲਦੀ ਰਹੀ। 2004 ਵਿਚ ਰੂਸ ਪੱਖੀ ਵਿਕਟਰ ਯੂਨਾਕੋਵਿਚ ਰਾਸ਼ਟਰਪਤੀ ਦੇ ਅਹੁਦੇ ਉਤੇ ਬਿਰਾਜਮਾਨ ਹੋਏ ਜਿਸ ਵਿਰੁੱਧ ਯੂਕਰੇਨ ਵਿਚ ਵੱਡੇ ਰੋਸ ਮੁਜ਼ਾਹਰੇ ਹੋਏ। ਇਸ ਨੂੰ ਔਰੇਂਜ਼ ਰੈਵੂਲੂਸ਼ਨ ਦਾ ਦੌਰ ਕਿਹਾ ਜਾਂਦਾ ਹੈ। ਫਿਰ ਪੱਛਮ ਹਮਾਇਤੀ ਵਿਕਟਰ ਯੂਸ਼ਦੇਨਕੋ ਰਾਸ਼ਟਰਪਤੀ ਪਦ ਉਤੇ ਬਿਰਾਜਮਾਨ ਅਤੇ ਜਿਸ ਨੇ ਬੈਠਦਿਆਂ ਹੀ ਕਿਹਾ ਕਿ ਯੂਕਰੇਨ ਨਾਟੋ ਦਾ ਹਿੱਸਾ ਬਣੇਵਾਗ।

2008 ਵਿਚ ਇਹ ਵਾਅਦਾ ਕਿ ਨਾਟੋ ਦਾ ਹਿੱਸਾ ਬਣਾਂਗੇ ਦੁਹਰਾਇਆ ਗਿਆ। 2010 ਦੀਆਂ ਚੋਣਾਂ ਵਿਚ ਯੂਨਾਕੋਵਿਚ ਨੇ ਯੂਲੀਅਸ ਟਿਮਸੈਂਕੋ ਨੂੰ ਹਰਾਇਆ ਅਤੇ 2013 ਵਿਚ ਯੂਨਾਕੋਵਿਚ ਰਾਸ਼ਟਰਪਤੀ ਨੇ ਯੂ.ਐਸ. ਨਾਲ ਜੋ ਵਪਾਰ ਸਮਝੌਤੇ ਕੀਤੇ ਗਏ ਸਨ ਸਸਪੈਂਡ ਕਰਕੇ ਰੂਸ ਨਾਲ ਵਪਾਰਕ ਸਮਝੌਤੇ ਬਹਾਲ ਕੀਤੇ। ਇਸੇ ਦੌਰਾਨ ਯੂਕਰੇਨ 'ਚ ਵੱਡੇ ਪ੍ਰਦਰਸ਼ਨ ਹੋਏ। ਕੀਵ 'ਚ ਹੋਏ ਪ੍ਰਦਰਸ਼ਨ ਦੌਰਾਨ 14000 ਤੋਂ ਵੱਧ ਪ੍ਰਦਰਸ਼ਨਕਾਰੀਆਂ ਦੀ ਮੌਤ ਹੋ ਗਈ ਜਿਸ 'ਚ ਯੂਨਾਕੋਵਿਚ ਨੂੰ ਹਟਾਉਣ ਦੀ ਮੰਗ ਉਠਾਈ ਗਈ ਸੀ। ਪੱਛਮੀ ਸਹਾਇਤਾ ਪ੍ਰਾਪਤ ਤਾਕਤਾਂ ਦੀ ਜਿੱਤ ਹੋਈ। ਯੂਨਾਕੋਵਿਚ ਦੇਸ਼ ਛੱਡ ਕੇ ਚਲਾ ਗਿਆ। ਉਧਰ ਬਾਗੀਆਂ ਨੇ ਯੂਕਰੇਨ ਦੀ ਕਰੀਮੀਆ ਸੰਸਦ ਉਤੇ ਰੂਸੀ ਝੰਡਾ ਲਹਿਰਾ ਦਿੱਤਾ। 16 ਮਾਰਚ 2014 ਨੂੰ ਰੂਸ ਨੇ ਇਸ ਨੂੰ ਰਿਫਰੈਂਡਮ ਰਾਹੀਂ ਮਾਨਤਾ ਦੇ ਦਿੱਤੀ ਅਤੇ ਇਉਂ ਇਹ ਹਿੱਸਾ ਰੂਸ ਦਾ ਹਮਾਇਤੀ ਬਣ ਗਿਆ। ਬਾਕੀ ਯੂਕਰੇਨ ਉਤੇ ਪੱਛਮ ਪੱਖੀ ਭਾਰੂ ਹੋ ਗਏ।

2017 ਵਿਚ ਯੂਕਰੇਨ ਨੇ ਯੂਰਪੀਨ ਯੂਨੀਅਨ ਨਾਲ ਫਰੀ ਮਾਰਕੀਟ ਸਮਝੌਤਾ ਕੀਤਾ। 2019 ਵਿਚ ਯੂਕਰੇਨ ਦੇ ਆਰਥੋਡਾਕਸ ਚਰਚ ਨੂੰ ਅਧਿਕਾਰਤ ਮਾਨਤਾ ਦਿੱਤੀ ਗਈ ਜਿਸ ਉਤੇ ਰੂਸ ਨੇ ਨਰਾਜ਼ਗੀ ਜਤਾਈ। ਜੂਨ 2020 ਨੂੰ ਕੌਮਾਂਤਰੀ ਮੁਦਰਾ ਕੋਸ਼ ਨੇ ਯੂਕਰੇਨ ਨੂੰ 5 ਬਿਲੀਅਨ ਡਾਲਰ ਦੀ ਵਿੱਤੀ ਸਹਾਇਤਾ ਦਿੱਤੀ ਅਤੇ ਜੂਨ 2021 ਵਿਚ ਯੂਕਰੇਨ ਨੇ ਅਮਰੀਕੀ ਨਾਟੋ ਗਰੁੱਪ ਵਿਚ ਸ਼ਾਮਲ ਹੋਣ ਲਈ ਅਮਰੀਕਾ ਨੂੰ ਅਪੀਲ ਕੀਤੀ। ਅਕਤੂਬਰ 2021 ਨੂੰ ਯੂਕਰੇਨ ਨੇ ਬਾਇਸਕਟਰ ਟੀਬੀ-2 ਡਰੋਨ ਦੀ ਵਰਤੋਂ ਕੀਤੀ। ਰੂਸ ਨੇ ਇਸ ਉਤੇ ਸਖ਼ਤ ਇਤਰਾਜ਼ ਕੀਤਾ। ਨਵੰਬਰ 2021 ਵਿਚ ਰੂਸ ਤੇ ਯੂਕਰੇਨ ਦੀਆਂ ਸਰਹੱਦਾਂ ਉਤੇ ਫੌਜੀਆਂ ਦੀ ਤਾਇਨਾਤੀ ਹੋਣੀ ਸ਼ੁਰੂ ਹੋਈ। 7 ਦਸੰਬਰ ਨੂੰ ਰੂਸੀ ਫੌਜਾਂ ਦੀ ਤਾਇਨਾਤੀ ਵਾਪਸ ਕਰਨ ਦੀ ਗੱਲ ਕਹੀ ਗਈ। 10 ਜਨਵਰੀ 22 ਨੂੰ ਯੂਕਰੇਨ ਰੂਸ ਵਾਰਤਾ ਅਸਫ਼ਲ ਹੋ ਗਈ। 14 ਜਨਵਰੀ ਨੂੰ ਯੂਕਰੇਨ ਨੇ ਆਪਣੇ ਵਾਸੀਆਂ ਨੂੰ ਚਿਤਾਵਨੀ ਦਿੱਤੀ। 17 ਜਨਵਰੀ ਨੂੰ ਰੂਸੀ ਫੌਜਾਂ ਗਵਾਂਢੀ ਮੁਲਕ ਬੇਲਾਰੂਸ ਪਹੁੰਚੀਆਂ। 24 ਜਨਵਰੀ ਨੂੰ ਨਾਟੋ ਨੇ ਆਪਣੀਆਂ ਫੌਜਾਂ ਨੂੰ ਸਟੈਂਡ ਥਾਈਂ ਰਹਿਣ ਲਈ ਕਿਹਾ।

26 ਜਨਵਰੀ ਨੂੰ ਰੂਸ ਰਾਸ਼ਟਰਪਤੀ ਪੂਤਿਨ ਨੇ ਕਿਹਾ ਕਿ ਰੂਸ ਦੀ ਮੁੱਖ ਮੰਗ ਸੁੱਰਖਿਆ ਦੀ ਗਰੰਟੀ ਦੀ ਸੀ ਜਿਹੜੀ ਮੰਨੀ ਨਹੀਂ ਗਈ। 26 ਫਰਵਰੀ ਨੂੰ ਅਮਰੀਕਾ ਨੇ ਕਿਹਾ ਕਿ ਨਾਟੋ ਦੇ 3000 ਹੋਰ ਫੌਜੀ ਪੋਲੈਂਡ ਅਤੇ ਰੋਮਾਨੀਆ ਭੇਜੇਗਾ।

4 ਫਰਵਰੀ ਨੂੰ ਚੀਨ ਰੂਸ ਦੀ ਹਮਾਇਤ 'ਚ ਆ ਡਟਿਆ। ਉਹਨੇ ਵੀ ਮੰਗ ਕੀਤੀ ਕਿ ਯੂਕਰੇਨ ਨੂੰ ਨਾਟੋ ਦਾ ਹਿੱਸਾ ਨਹੀਂ ਹੋਣਾ ਚਾਹੀਦਾ। 7 ਫਰਵਰੀ ਨੂੰ ਫਰਾਂਸ ਦੇ ਰਾਸ਼ਟਰਪਤੀ ਮੈਂਰਾਕੋ ਨੇ ਪੂਤਿਨ ਨਾਲ ਗੱਲਬਾਤ ਕੀਤੀ। ਆਪਣੇ ਦੇਸ਼ ਆ ਕੇ ਉਹਨੇ ਕਿਹਾ ਕਿ "ਪੂਤਿਨ ਮੰਨ ਗਿਆ ਹੈ।" ਪਰ ਰੂਸ ਨੇ ਖੰਡਨ ਕੀਤਾ ਕਿ, "ਕੋਈ ਡੀਲ ਹੀ ਨਹੀਂ ਹੋਈ।" ਝੂਠ ਮਾਰ ਕੇ ਗੁੰਮਰਾਹ ਕਰਨ ਦੀ ਕੋਸ਼ਿਸ਼ ਹੋਈ। 9 ਫਰਵਰੀ ਨੂੰ ਅਮਰੀਕਾ ਨੇ ਅਮਰੀਕੀਆਂ ਨੂੰ ਯੂਕਰੇਨ ਦੇਸ਼ 'ਚੋਂ ਬਾਹਰ ਆ ਜਾਣ ਦੀ ਅਪੀਲ ਕੀਤੀ। 15 ਫਰਵਰੀ ਨੂੰ ਰੂਸ ਨੇ ਕਿਹਾ ਕਿ ਫੌਜ ਵਾਪਸ ਜਾ ਰਹੀ ਹੈ। ਪਰ 18 ਫਰਵਰੀ ਨੂੰ ਫੌਜ ਦੀ ਨਫ਼ਰੀ ਵਧਾ ਦਿੱਤੀ ਗਈ। 19 ਫਰਵਰੀ ਨੂੰ ਪ੍ਰਮਾਣੂੰ ਹਥਿਆਰਾਂ ਦੀ ਵਰਤੋਂ ਦੀਆਂ ਧਮਕੀਆਂ। ਰੂਸ ਨੇ ਯੂਕਰੇਨ ਦੇ ਦੋ ਇਲਾਕਿਆਂ ਲੁਹਾਂਸਕਾ ਅਤੇ ਡੋਰੇਤਸਕ ਸੂਬੇ ਨੂੰ ਮਾਨਤਾ ਦੇ ਦਿੱਤੀ ਜਿਥੇ ਰੂਸੀ ਹਮਾਇਤੀ ਕਾਬਜ਼ ਸਨ। ਯਾਦ ਰਹੇ 2019 ਤੋਂ ਜਦੋਂ ਤੋਂ ਵੋਲੋਦਿਗੀਰੀ ਜੇਲੰਸਕੀ ਯੂਕਰੇਨ ਦੇ ਰਾਸ਼ਟਰਪਤੀ ਪਦ ਦਾ ਅਹੁਦਾ ਸੰਭਾਲਿਆ ਹੈ ਉਹ ਨਾਟੋ ਦਾ ਹੱਥ ਠੋਕਾ ਬਣਨ ਲਈ ਤਤਪਰ ਹੈ ਅਤੇ ਇਸੇ ਦੌਰਾਨ ਇਸ ਕਦਮ ਦਾ ਵਿਰੋਧ ਕਰਨ ਵਾਲੀ ਧਿਰ ਵੀ ਬਗਾਵਤੀ ਸੁਰਾਂ ਕੱਢਦੀ ਆ ਰਹੀ ਹੈ। 24 ਫਰਵਰੀ ਨੂੰ ਰੂਸ ਨੇ ਯੂਕਰੇਨ ਉਤੇ ਹਮਲਾ ਕਰ ਦਿੱਤਾ।

ਹਮਲਾ ਕਿਹਨੇ ਪਹਿਲਾਂ ਕੀਤਾ ਇਹ ਸਵਾਲ ਨਹੀਂ। ਸਗੋਂ ਇਸ ਖਿੱਤੇ ਵਿਚ ਤਣਾਅ ਦੀ ਭੂਮਿਕਾ ਕਿਸ ਨੇ ਬਣਾਈ ਇਹ ਬੁਨਿਆਦੀ ਸਵਾਲ ਹੈ। ਯਾਦ ਰਹੇ ਜੰਗ ਕੋਈ ਵੀ ਨਹੀਂ ਚਾਹੁੰਦਾ। ਜੰਗਾਂ ਲਈ ਜ਼ਮੀਨ ਤਿਆਰ ਕੀਤੀ ਜਾਂਦੀ ਹੈ ਅਤੇ ਠੋਸੀਆਂ ਜਾਂਦੀਆਂ ਹਨ। ਕੱਲ੍ਹ ਤੁਰਕੀ ਦੇ ਰਾਸ਼ਟਰਪਤੀ ਏਦੌਰੋਆਨ ਨੇ ਕਿਹਾ ਕਿ ਯੂਕਰੇਨ ਨੂੰ ਨਾਟੋ ਅਤੇ ਯੂਰਪੀਨ ਯੂਨੀਅਨ ਸਲਾਹ ਤਾਂ ਦਿੰਦੇ ਰਹੇ ਪਰ ਕਿਸੇ ਨੇ ਵੀ ਸ਼ਾਂਤੀ ਲਈ ਆਪਣੇ ਸੁਆਰਥਾਂ ਨੂੰ ਪਿਛੇ ਨਹੀਂ ਰੱਖਿਆ।

ਅਮਰੀਕਾ ਬਰਤਾਨੀਆ ਤੇ ਨਾਟੋ ਯੂਕਰੇਨ ਨੂੰ ਕਿਉਂ ਐਨਾ ਚਾਹ ਰਹੇ ਹਨ। ਇਹਦਾ ਇਕ ਕਾਰਨ ਇਹ ਵੀ ਹੈ। 1991 'ਚ ਜਦੋਂ ਯੂਕਰੇਨ ਰੂਸ ਤੋਂ ਵੱਖ ਹੋਇਆ ਸੀ ਤਾਂ ਯੂਕਰੇਨ ਦੁਨੀਆਂ ਦੀ ਤੀਸਰੀ ਵੱਡੀ ਪ੍ਰਮਾਣੂੰ ਤਾਕਤ ਸੀ। ਅਮਰੀਕਾ ਅਤੇ ਬਰਤਾਨੀਆ ਤੋਂ ਪਿਛੋਂ ਯੂਕਰੇਨ ਕੋਲ ਸਭ ਤੋਂ ਵੱਧ ਪ੍ਰਮਾਣੂ ਹਥਿਆਰਾਂ ਦਾ ਜ਼ਖੀਰਾ ਸੀ। ਦਰਅਸਲ ਸੋਵੀਅਤ ਰੂਸ ਨੇ ਆਪਣੇ ਪ੍ਰਮਾਣੂ ਹਥਿਆਰਾਂ ਦੇ ਸਟਾਕ ਨੂੰ ਯੂਕਰੇਨ ਵਿਚ ਹੀ ਸੁੱਰਖਿਅਤ ਰੱਖਿਆ ਸੀ ਅਤੇ ਇਥੇ ਨਿਰਮਾਣ ਦਾ ਵੀ ਕਾਰੋਬਾਰ ਸੀ। ਯਾਦ ਹੋਵੇਗਾ ਚਰਨੋਬਲ ਪ੍ਰਮਾਣੂ ਪਲਾਂਟ ਜਿਸ ਵਿਚ ਰਿਸਵ ਦਾ ਵੱਡਾ ਕਾਂਡ ਹੋਇਆ ਸੀ ਅਤੇ ਵੱਡੀ ਗਿਣਤੀ 'ਚ ਲੋਕ ਮਾਰੇ ਗਏ ਸਨ। ਇਹ ਉਹੀ ਪਲਾਂਟ ਹੈ ਜੋ ਪ੍ਰਮਾਣੂ ਹਥਿਆਰਾਂ ਲਈ ਸਮੱਗਰੀ ਮੁਹੱਈਆ ਕਰਾਉਣ ਦਾ ਸਾਧਨ ਸੀ। ਦੁਨੀਆ ਦੇ ਇਸਤੀਸਰੇ ਪ੍ਰਮਾਣੂ ਹਥਿਆਰਾਂ ਦੇ ਕੇਂਦਰ ਵਿਚ ਸਮੁੰਦਰੀ ਬੇੜੇ, ਬਖ਼ਤਬੰਦ ਗੱਡੀਆਂ 2000 ਰਣਨੀਤਕ ਪ੍ਰਮਾਣੂ ਹਥਿਆਰ 3000 ਸਮਰਿਕ ਪ੍ਰਮਾਣੂ ਹਥਿਆਰ ਜਿਨ੍ਹਾਂ 'ਚ ਅਜਿਹੀ ਸ਼ਕਤੀ ਸੀ ਕਿ ਸ਼ਹਿਰਾਂ ਦੇ ਸ਼ਹਿਰ ਤਬਾਹ ਕਰ ਸਕਦੇ ਸਨ। ਯੂਕਰੇਨ ਦੇ ਕਬਜ਼ੇ 'ਚ ਰੂਸ ਵੰਡ ਵੇਲੇ ਇਹਨੂੰ ਇਵੇਂ ਹੀ ਹਵਾਲੇ ਕਰ ਗਿਆ ਸੀ, ਜਿਵੇਂ ਭਰਾਵਾਂ ਦੀ ਵੰਡ ਵੇਲੇ ਸਮਾਨ ਪਿਆ ਹੁੰਦਾ ਹੈ। ਪਿਛੋਂ ਅਮਰੀਕਾ ਬਰਤਾਨੀਆ ਰੂਸ ਤੇ ਯੂਕਰੇਨ ਦਰਮਿਆਨ 1994 'ਚ ਇਕ ਸੰਧੀ ਅਧੀਨ ਇਨ੍ਹਾਂ ਹਥਿਆਰਾਂ ਨੂੰ ਨਸ਼ਟ ਕਰ ਦਿੱਤਾ ਗਿਆ ਸੀ। ਪਰ ਜਿਵੇਂ ਰੂਸ ਕਹਿ ਰਿਹਾ ਹੈ ਕਿ ਇਨ੍ਹਾਂ ਦੇ ਨਿਰਮਾਣ ਦੀ ਤਕਨੀਕ ਤੇ ਉਪਕਰਨ ਤਾਂ ਨਸ਼ਟ ਨਹੀਂ ਸਨ ਕੀਤੇ ਗਏ ਉਹ ਯੂਕਰੇਨ ਕੋਲ ਸੁਰੱਖਿਅਤ ਹਨ ਅਤੇ ਇਨ੍ਹਾਂ ਲਈ ਮਸਾਲਾ ਸਮੱਗਰੀ ਮੁਹੱਈਆ ਕਰਾਉਣ ਵਾਲਾ ਚਰਨੋਬਲ ਪ੍ਰਮਾਣੂ ਪਲਾਂਟ ਵੀ ਤਾਂ ਹੈ। ਇਹੋ ਕਾਰਨ ਹੈ ਕਿ ਰੂਸ ਨੇ ਹਮਲੇ ਵਿਚ ਸਭ ਤੋਂ ਪਹਿਲਾਂ ਆਪਣੀ ਫੌਜ ਨੂੰ ਚਰਨੋਬਲ ਪ੍ਰਮਾਣੂ ਪਲਾਂਟ ਉਤੇ ਕਬਜ਼ਾ ਕਰਨ ਦੇ ਹੀ ਆਦੇਸ਼ ਦਿੱਤੇ ਹਨ। ਨਾਟੋ ਦੀ ਸਾਜ਼ਿਸ਼ ਦਾ ਇਹ ਹਿੱਸਾ ਸੀ ਕਿ ਜੇ ਯੂਕਰੇਨ ਉਹਦਾ ਯੁੱਧ ਭਾਈਵਾਲ ਬਣ ਜਾਂਦਾ ਹੈ ਤਾਂ ਪੂਰੇ ਏਸ਼ੀਆ ਤੇ ਯੂਰਪ ਵਿਚ ਉਹਦੀ ਦਹਿਸ਼ਤ ਨੂੰ ਜਵਾਬਦੇਹੀ ਵਾਲਾ ਕੋਈ ਨਹੀਂ ਹੋਵੇਗਾ। ਸ਼ਾਇਦ ਰੂਸ ਤੇ ਚੀਨ ਇਸ ਨੂੰ ਭਲੀ ਭਾਂਤ ਸਮਝਦੇ ਹਨ। ਇਹੋ ਕਾਰਨ ਹੈ ਕਿ ਰੂਸ ਨੇ ਉਸ ਨੌਬਤ ਆਉਣ ਤੋਂ ਪਹਿਲਾਂ ਹੀ ਬਿਪਤਾ ਸਹੇੜ ਲਈ ਹੈ।

ਸੋ ਅਸੀਂ ਫੇਰ ਦੁਹਰਾਵਾਵਾਂ ਕਿ ਜੰਗ ਦੇ ਪਿਛੇ ਕੰਮ ਕਰਦੇ ਕੱਪਟੀ ਮਨਸ਼ਿਆਂ ਨੂੰ ਜਾਣਨਾ ਬਹੁਤ ਜ਼ਰੂਰੀ ਹੈ। ਦੇਖਣ ਨੂੰ ਯੂਕਰੇਨ ਛੋਟਾ ਅਤੇ ਰੂਸ ਇਕ ਸਾਮਰਾਜੀ ਤਾਕਤ ਮੁਲਕ ਲਗਦੇ ਹਨ ਅਤੇ ਰੂਸ ਦਾ ਹਮਲਾ ਕਦਾਚਿਤ ਵੀ ਜਾਇਜ਼ ਨਹੀਂ ਕਿਹਾ ਜਾ ਸਕਦਾ, ਪਰ ਅਮਰੀਕਾ ਤੇ ਬਰਤਾਨੀਆ ਜਾਂ ਕਹੋ ਯੂਰਪੀਨ ਯੂਨੀਅਨ ਦੀ ਰੂਸ ਤੇ ਚੀਨ ਨੂੰ ਘੇਰਨ ਦੀ ਸਾਜ਼ਿਸ਼ ਨੇ ਯੂਕਰੇਨ ਨੂੰ ਜੰਗ ਦੀ ਭੱਟੀ ਦੇ ਮੂੰਹ ਧੱਕ ਦਿੱਤਾ ਹੈ। ਇਹੋ ਕਾਰਨ ਹੈ ਕਿ ਕੱਲ੍ਹ ਵੀ ਰੂਸ ਨੇ ਇਕ ਹੀ ਸ਼ਰਤ ਰੱਖੀ ਹੈ ਕਿ ਯੂਕਰੇਨ ਨਾਟੋ ਦਾ ਹਿੱਸਾ ਨਾ ਬਣਨ ਦੀ ਗਰੰਟੀ ਦੇਵੇ ਅਤੇ ਯੂਕਰੇਨ ਵਿਚ ਨਾਟੋ ਦਾ ਅੱਡਾ ਨਾ ਬਣਾਏ ਜਾਣ ਦੀ ਵਿਸ਼ਵੀ ਤਾਕਤਾਂ ਯਕੀਨਦਹਾਨੀ ਕਰਾਉਣ। ਇਹੋ ਮੰਗ ਬੁਨਿਆਦੀ ਹੈ ਅਤੇ ਅਜੋਕੇ ਯੁੱਧ ਦਾ ਧੁਰਾ ਹੈ। ਪਰ ਅਮਰੀਕੀ ਸਾਮਰਾਜੀ ਪੂੰਜੀ ਜਿਹਦੀ ਵਿਸ਼ਵ ਦੇ ਸਰੋਤਾਂ 'ਤੇ ਕਬਜ਼ੇ ਦੀ ਹੋੜ ਰਹੀ ਹੈ ਅਤੇ ਜਿਹਨੇ ਕਦੀ ਵੀ ਕਿਸੇ ਦੇਸ਼ ਨੂੰ ਨਹੀਂ ਬਖਸ਼ਿਆ। ਜਿਥੇ ਉਹਦੇ ਆਰਥਿਕ ਜਾਂ ਪਸਾਰਵਾਦੀ ਹਿੱਤਾਂ ਨੂੰ ਆਂਚ ਆਂਉਂਦੀ ਹੋਵੇ, ਕੀ ਉਹ ਤਿਆਰ ਹੋਵੇਗਾ। ਕਦਾਚਿਤ ਨਹੀਂ। ਹੁਣ ਤੱਕ ਉਹਨੇ ਆਪਣੇ ਜੰਗੀ ਹਥਿਆਰਾਂ ਦੀ ਸਨਅਤ ਦੇ ਵਪਾਰ ਅਤੇ ਪਸਾਰੇ ਨਾਲ ਹੀ ਦੁਨੀਆਂ ਉਤੇ ਆਪਣੀ ਧੌਂਸ ਜਮਾਈ ਹੈ, ਉਹ ਪਿਛੇ ਹਟਣ ਵਾਲਾ ਨਹੀਂ। ਉਹ ਭਲੀ ਭਾਂਤ ਜਾਣਦਾ ਹੈ ਕਿ ਸੋਵੀਅਤ ਰੂਸ ਟੁੱਟਣ ਪਿਛੋਂ ਵੀ ਇਕ ਤਾਕਤਵਰ ਪੂੰਜੀਵਾਦੀ ਦੇਸ਼ ਵਜੋਂ ਰੂਸ ਦੀ ਵੀ ਵਿਸ਼ਵ ਮੰਡੀ ਵਿਚ ਆਪਣੀ ਇਕ ਨਿੱਗਰ ਪਹਿਚਾਣ ਅੱਜ ਵੀ ਬਰਕਰਾਰ ਹੈ ਜਿਹਨੂੰ ਉਹ ਬਰਦਾਸ਼ਤ ਨਹੀਂ ਕਰ ਸਕਦਾ। ਠੰਡੀ ਜੰਗ ਦੇ ਦੌਰ 'ਚ ਬੇਸ਼ੱਕ ਉਸਨੇ ਸੋਵੀਅਤ ਰੂਸ ਨੂੰ ਢਾਹ ਲਿਆ ਅਤੇ ਉਹਦੇ ਕੁਝ ਹਿੱਸਿਆਂ ਨੂੰ ਤੋੜ ਕੇ ਉਹਨੂੰ ਕਮਜ਼ੋਰ ਕਰ ਲਿਆ ਪਰ ਪੂੰਜੀਵਾਦ ਦਾ ਹਿਹ ਨਵਾਂ ਭੂਤ (ਰੂਸ) ਉਹਨੂੰ ਅਜੇ ਵੀ ਸਤਾ ਰਿਹਾ ਹੈ। ਉਧਰ ਚੀਨ ਉਹਦੇ ਮੰਡੀਆਂ 'ਚ ਪਸਾਰੇ ਉਤੇ ਰੋਕ ਲਾਈ ਹੈ। ਵਿਸ਼ਵ ਪੂੰਜੀ ਗੰਭੀਰ ਸੰਕਟ 'ਚ ਹੈ। ਮੁਨਾਫ਼ੇ ਘੱਟ ਰਹੇ ਹਨ। ਮੰਡੀਆਂ ਸੁੰਗੜ ਰਹੀਆਂ ਹਨ। ਖ਼ੀਦਦਾਰਾਂ ਦੀ ਸਮਰੱਥਾ ਸੁੰਨ ਹੋ ਚੁੱਕੀ ਹੈ। ਸਾਮਰਾਜੀ ਪੂੰਜੀ ਲਈ ਮੰਡੀਆਂ ਨੂੰ ਮੁੜ ਵੰਡਣ ਤੇ ਵਿਉਂਤਣ ਦੀ ਪਾਗਲਾਨਾ ਹੋੜ ਲੱਗੀ ਹੋਈ ਹੈ।

ਯੂਕਰੇਨ-ਰੂਸ ਦਰਮਿਆਨ ਤਣਾਅ 2014 ਤੋਂ ਸ਼ੁਰੂ ਹੋਇਆ ਹੈ। ਵੈਸੇ ਯੂਕਰੇਨ ਦੀ ਰੂਸ ਨਾਲ ਆਰਥਿਕ ਹੀ ਨਹੀਂ, ਸਮਾਜਿਕ ਅਤੇ ਸਭਿਆਚਾਰਕ ਸਾਂਝ ਵੀ ਰਹੀ ਹੈ, ਜਿਹੜੀ ਕਿ ਅਮਰੀਕਾ ਜਾਂ ਯੂਰਪੀਨ ਯੂਨੀਅਨ ਨਾਲ ਨਹੀਂ ਸੀ। ਲੰਮਾਂ ਸਮਾਂ ਸੋਵੀਅਤ ਰੂਸ ਦਾ ਹਿੱਸਾ ਹੀ ਨਹੀਂ ਰਿਹਾ ਸਗੋਂ ਆਬਾਦੀ ਦਾ ਵੱਡਾ ਹਿੱਸਾ ਰੂਸੀ ਭਾਸ਼ਾ ਵੀ ਬੋਲਦਾ ਹੈ। ਇਹੋ ਕਾਰਨ ਕਿ ਯੂਕਰੇਨ ਅੰਦਰ ਰੂਸ ਪੱਖੀ ਇਕ ਮਜ਼ਬੂਤ ਲਾਬੀ ਵੀ ਬੈਠੀ ਹੈ। ਰੂਸ ਹਮਾਇਤੀਆਂ ਨੇ ਹੀ 2014 'ਚ ਕਰੀਮੀਆ ਖੇਤਰ ਉਤੇ ਕਬਜ਼ਾ ਕਰ ਲਿਆ ਸੀ ਤੇ ਰੂਸ ਉਨ੍ਹਾਂ ਦੀ ਹਮਾਇਤ 'ਚ ਫੌਜਾਂ ਲੈ ਆਇਆ ਸੀ। ਇਸ ਤੋਂ ਪਿਛੋਂ ਰੂਸ ਹਮਾਇਤੀ ਬਾਗੀ ਯੂਕਰੇਨਾਂ ਅਤੇ ਯੂਕਰੇਨੀ ਫੌਜਾਂ ਦਰਮਿਆਨ ਲਗਾਤਾਰ ਝੜਪਾਂ ਹੁੰਦੀਆਂ ਆ ਰਹੀਆਂ ਹਨ। ਇਨ੍ਹਾਂ ਝੜਪਾਂ 'ਚ ਲਗਭਗ 15000 ਲੋਕਾਂ ਦੀਆਂ ਜਾਨਾਂ ਜਾ ਚੁੱਕੀਆ ਹਨ। ਇਸੇ ਅੰਦਰੂਨੀ ਤਣਾਅ ਦੀ ਹਮਾਇਤ ਵਿਚ ਅਮਰੀਕੀ ਤੇ ਨਾਟੋ ਨਿੱਤਰੇ ਸਨ। ਅਮਰੀਕਾ ਦੇ ਸਹਿਯੋਗੀਆਂ, ਬਰਤਾਨੀਆ, ਸਵੀਡਨ ਤੇ ਤੁਰਕੀ ਨੇ ਯੂਕਰੇਨ

ਨੂੰ ਲਗਾਤਾਰ ਹਥਿਆਰਾਂ ਦੀ ਸਪਲਾਈ ਕੀਤੀ। ਪਿਛਲੇ ਦਿਨਾਂ ਵੀ ਅਮਰੀਕਾ ਨੇ ਕਈ ਜੰਗੀ ਜਹਾਜ਼ ਅਤੇ ਹਥਿਆਰ ਯੂਕਰੇਨ ਭੇਜੇ ਸਨ ਅਤੇ ਹੁਣ ਹਮਲੇ ਪਿਛੋਂ ਵੀ ਭੇਜਣ ਦੇ ਐਲਾਨ ਕੀਤੇ ਹਨ। ਇਹੋ ਕਾਰਨ ਕਿ ਅਮਰੀਕਾ ਦੋ ਮੂੰਹਾਂ ਸੱਪ ਕਰਕੇ ਜਾਣਿਆ ਜਾਂਦਾ ਹੈ। ਇਕ ਪਾਸੇ ਸ਼ਾਂਤੀ ਸਥਾਪਤ ਕਰਨ ਦੀਆਂ ਗੱਲਾਂ ਕਰਦਾ ਹੈ ਦੂਸਰੇ ਪਾਸੇ ਹਥਿਆਰਾਂ ਦੀ ਸਪਲਾਈ ਅਤੇ ਜੰਗੀ ਸਾਜੋ ਸਮਾਨ ਭੇਜਣ ਦੇ ਨਾਲ ਨਾਲ ਆਪਣੇ ਨਾਟੋ ਦੇ ਸਹਿਯੋਗੀਆਂ ਨੂੰ ਤਿਆਰ ਰਹਿਣ ਲਈ ਕਹਿ ਰਿਹਾ ਹੈ। ਪੈਂਟਾਗਨ ਦਾ ਤਰਕ ਇਹ ਹੈ ਕਿ ਰੂਸ ਨੂੰ ਕੋਈ ਅਧਿਕਾਰ ਨਹੀਂ ਕਿ ਉਹ ਯੂਕਰੇਨ ਨੂੰ ਨਾਟੋ ਦਾ ਮੈਂਬਰ ਬਣਨ ਤੋਂ ਰੋਕੇ। ਪਿਛਲੇ ਸਾਲਾਂ 'ਚ ਅਮਰੀਕੀ ਆਹਲਾ ਫੌਜੀ ਅਫ਼ਸਰਾਂ ਨੇ ਯੂਕਰੇਨ ਦਾ ਲਗਾਤਾਰ ਦੌਰਾ ਵੀ ਕੀਤਾ ਹੈ। ਯਾਦ ਰਹੇ ਕਿ ਪੈਂਟਾਗਨ ਦਾ ਦਾਅਵਾ ਹੈ ਕਿ ਉਹਨੇ ਯੂਰਪ ਵਿਚ ਤਾਇਨਾਤ ਆਪਣੇ 8500 ਫੌਜੀਆਂ ਨੂੰ ਅਲਰਟ ਕੀਤਾ ਹੋਇਆ ਹੈ। ਜਿਨ੍ਹਾਂ ਨੂੰ ਉਹਦੀ ਯੋਜਨਾ ਪੂਰਬੀ ਯੂਰਪੀ ਸੀਮਾ ਉਤੇ ਤਾਇਨਾਤ ਕਰਨ ਦੀ ਹੈ। ਇਸ ਪਾਸੇ ਏਸਟੋਨੀਆ, ਲਾਤਵੀਆ ਲਿਥੂਆਨੀਆ, ਪੋਲੈਂਡ, ਚੈਨ ਰਿਪਬਲਿਕ, ਹੰਗਰੀ, ਰੋਮਾਨੀਆ ਤੇ ਬੁਲਗਾਰੀਆ ਵਰਗੇ ਦੇਸ਼ ਆਉਂਦੇ ਹਨ। ਇਹ ਉਹ ਦੇਸ਼ ਹਨ ਜਿਹੜੇ 1989 ਤੋਂ ਪਿਛੋਂ ਨਾਟੋ ਵਿਚ ਸ਼ਾਮਲ ਹੋਏ ਸਨ। ਐਸ ਵੇਲੇ ਨਾਟੋ ਦੇ 4000 ਫੌਜੀ ਏਸਟੋਨੀਆ, ਲਿਥੂਨਮਾਨੀਆ ਲਾਤੀਵਿਆਂ ਤੇ ਪੋਲੈਂਡ ਵਿਚ ਮੌਜੂਦ ਹਨ। ਇਨ੍ਹਾਂ ਕੋਲ ਤੋਪਾਂ, ਹਵਾਈ ਰੱਖਿਆ ਪ੍ਰਣਾਲੀ ਖੁਫ਼ੀਆ ਅਤੇ ਨਿਗਰਾਨੀ ਇਕਾਈ ਤੱਕ ਹਨ। ਹਾਲਾਂਕਿ ਨਾਟੋ ਦੇ ਸਾਰੇ ਦੇਸ਼ ਵੀ ਇਕ ਸੁਰ ਨਹੀਂ ਉਨ੍ਹਾਂ ਵਿਚ ਵੀ ਮਤਭੇਦ ਹਨ।

ਉਧਰ ਰੂਸੀ ਆਗੂ ਪੂਤਿਨ ਨੇ 26 ਜਨਵਰੀ ਨੂੰ ਇਟਲੀ ਦੀਆਂ ਕੁਝ ਸਭ ਤੋਂ ਵੱਡੀਆਂ ਕੰਪਨੀਆਂ ਦੇ ਪ੍ਰਮੁੱਖਾਂ ਨਾਲ ਮੁਲਾਕਾਤ ਕੀਤੀ ਸੀ ਅਤੇ ਇਧਰ ਰੂਸ ਨੇ ਕਾਲਾ ਸਾਗਰ ਵਿਚ ਆਪਣੇ ਜੰਗੀ ਬੇੜਿਆਂ ਦੀਆਂ ਗਸ਼ਤਾਂ ਵਧਾ ਦਿੱਤੀਆਂ ਸਨ। ਰੂਸੀ ਨੇਵੀ ਸੈਨਾ ਨੇ ਉਤਰੀ ਬੇੜਾ (ਨਾਰਥ ਫਲੀਟ) ਤੋਂ ਛੇ ਜੰਗੀ ਬੇੜੇ ਭੂ-ਮੱਧ ਸਾਗਰ ਦੇ ਵੱਲ ਭੇਜੇ ਹਨ। ਰੂਸੀ ਨੇਵੀ ਸੈਨਾ ਦੇ ਪੂਰਬੀ ਬੇੜੇ ਦੇ ਕਈ ਜੰਗੀ ਜਹਾਜ਼ ਵੀ ਭੂ ਮੱਧ ਸਾਗਰ ਵੱਲ ਵਧ ਰਹੇ ਹਨ। ਰੂਸ ਨੇ ਆਪਣੀ ਫੌਜ ਨੂੰ ਪੂਰਬੀ ਇਲਾਕਿਆਂ 'ਚੋਂ ਹਟਾ ਕੇ ਬੇਲਾਰੂਸ ਵਲੋਂ ਪਹਿਲਾਂ ਹੀ ਤਾਇਨਾਤ ਕਰ ਲਿਆ ਸੀ ਇਥੋਂ ਯੂਕਰੇਨ ਮਸੀਂ 20 ਕਿਲੋਮੀਟਰ ਦੂਰ ਹੀ ਹੈ।

ਇਸ ਜੰਗ ਦਾ ਵਿਸ਼ਵ ਦੀ ਮੰਡੀ ਉਤੇ ਤਿੱਖਾ ਪ੍ਰਭਾਵ ਪਿਆ ਹੈ। ਪਹਿਲੇ ਦਿਨ ਹੀ ਯੂਰਪ ਤੇ ਏਸ਼ੀਆ ਦੇ ਸ਼ੇਅਰ ਬਾਜ਼ਾਰ 4 ਫੀ ਸਦੀ ਤੱਕ ਡਿੱਗ ਗਏ। ਕੱਚੇ ਤੇਲ ਦੀਆਂ ਕੀਮਤ 8 ਡਾਲਰ ਪ੍ਰਤੀ ਬੈਰਲ ਤੋਂ ਜ਼ਿਆਦਾ ਵੱਧ ਗਈਆਂ। ਰੂਸ ਕੱਚੇ ਤੇਲ ਦੀ ਸਪਲਾਈ ਦਾ ਤੀਸਰਾ ਵੱਡਾ ਕੇਂਦਰ ਹੈ, ਜਿਥੋਂ ਸਪਲਾਈ 'ਚ ਅੜਿੱਕਾ ਪੈਣ ਦੀ ਸੰਭਾਵਨਾ ਕਰਕੇ ਤੇਲ ਦੀਆਂ ਕੀਮਤਾਂ ਵੱਧ ਗਈਆਂ ਹਨ। ਅਮਰੀਕੀ ਕੱਚਾ ਤੇਲ ਵੀ 98 ਡਾਲਰ ਪ੍ਰਤੀ ਬੈਰਲ ਪਹੁੰਚ ਗਿਆ ਹੈ। ਇਸ ਤੋਂ ਬਿਨਾਂ ਕਣਕ ਤੇ ਮਕੱਈ ਦੀਆਂ ਕੀਮਤਾਂ ਵੀ ਵੱਧ ਗਈਆਂ ਹਨ। ਰੂਸੀ ਰੂਬਲ ਦੀ ਕੀਮਤ ਡਿੱਗ ਗਈ ਹੈ। ਲੰਡਨ ਦੇ ਸ਼ੇਅਰ ਬਾਜ਼ਾਰ ਡਿੱਗੇ ਹਨ। ਇਧਰ ਭਾਰਤ ਵਿਚ ਵੀ ਸੈਨਸੈਕਸ 2700 ਅੰਕ ਤੱਕ ਡਿੱਗਣ ਕਰਕੇ ਨਿਵੇਸ਼ਕਾਂ ਦਾ 13 ਲੱਖ ਕਰੋੜ ਦਾ ਨੁਕਸਾਨ ਹੋਇਆ ਹੈ।

ਉਧਰ ਅੱਜ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੇ ਰੂਸ ਦੇ ਵਿਰੋਧ ਹਿਕ ਪ੍ਰਸਤਾਵ ਲਿਆਂਦਾ ਸੀ ਜਿਸ ਉਤੇ ਚੀਨ ਅਤੇ ਭਾਰਤ ਨੇ ਸਹਿਮਤੀ ਨਹੀਂ ਜਤਾਈ। ਚੀਨ ਨੇ ਤਾਂ ਇਸ ਪ੍ਰਸਤਾਵ ਦਾ ਵਿਰੋਧ ਕਰਦਿਆਂ ਸਪਸ਼ਟ ਕਿਹਾ ਕਿ, "ਜੇ ਕਿਸੇ ਦੇਸ਼ ਦੀ ਪ੍ਰਭੂ ਸੱਤਾ ਦਾ ਸਨਮਾਨ ਕਰਨਾ ਜ਼ਰੂਰੀ ਹੈ ਤਾਂ ਇਹ ਵੀ ਜ਼ਰੂਰੀ ਹੈ ਕਿ ਖੇਤਰੀ ਅਖੰਡਤਾ ਦਾ ਵੀ ਸਨਮਾਨ ਹੋਵੇ। ਸੰਯੁਕਤ ਰਾਸ਼ਟਰ ਦੇ ਚਾਰਟਰ ਦੇ ਸਿਧਾਂਤ ਅਤੇ ਉਦੇਸ਼ ਇਹ ਵੀ ਕਹਿੰਦੇ ਹਨ।" ਕਿਸੇ ਇਕ ਦੇਸ਼ ਦੀ ਸੁਰੱਖਿਆ ਦੂਸਰੇ ਦੇਸ਼ਾਂ ਦੀ ਸੁਰੱਖਿਆ ਨੂੰ ਕਮਜ਼ੋਰ ਕਰਨ ਦੀ ਕੀਮਤ ਉਤੇ ਨਹੀਂ ਹੋ ਸਕਦੀ। ਚੀਨ ਨੇ ਵੋਟਾਂ 'ਚ ਹਿੱਸਾ ਨਹੀਂ ਲਿਆ। ਉਹਨੇ ਤਾਂ ਇਹ ਵੀ ਕਿਹਾ ਕਿ "ਚਾਹੀਦਾ ਤਾਂ ਇਹ ਸੀ ਕਿ ਯੂਕਰੇਨ ਪੂਰਬ ਅਤੇ ਪੱਛਮ ਵਿਚਕਾਰ ਸਾਂਝਾ ਪਲ ਬਣਨਾ ਹੈ।" ਭਾਰਤ ਨੇ ਵੀ ਇਹ ਤਾਂ ਕਿਹਾ ਕਿ ਹਿੰਸਾ ਫੌਰੀ ਖਤਮ ਕੀਤੀ ਜਾਵੇ ਪਰ ਮਤੇ ਦੀ ਹਮਾਇਤ ਨਹੀਂ ਕੀਤੀ।

ਉਧਰ ਚੀਨ ਨੇ ਕਿਹਾ ਕਿ ਜੇ ਰੂਸ ਲਈ ਅਨਾਜ ਉਤੇ ਰੋਕ ਲਾਈ ਜਾਵੇਗੀ ਤਾਂ ਅਸੀਂ ਵਿਰੋਧ ਹੀ ਨਹੀਂ ਸਗੋਂ ਅਨਾਜ ਸਪਲਾਈ ਕਰਾਂਗੇ। ਅਮਰੀਕਾ ਅਤੇ ਅਮਰੀਕੀ ਸਹਿਯੋਗੀ ਦੇਸ਼ਾਂ ਨੇ ਰੂਸ ਉਤੇ ਕਈ ਆਰਥਿਕ ਰੋਕਾਂ ਲਾ ਦਿੱਤੀਆਂ ਹਨ ਅਤੇ ਪੂਤਿਨ ਤੇ ਹੋਰ ਆਗੂਆਂ ਦੀਆਂ ਪੱਛਮ ਵਿਚਲੀਆਂ ਜਾਇਦਾਦਾਂ ਜ਼ਬਤ ਕਰਨ ਦੇ ਆਦੇਸ਼ ਦੇ ਦਿੱਤੇ ਹਨ। ਯਾਦ ਹੋਵੇਗਾ ਅਜਿਹੀਆਂ ਰੋਕਾਂ ਅਮਰੀਕਾ ਨੇ ਪਹਿਲਾਂ ਵੀ ਕਈ ਦੇਸ਼ਾਂ ਉਤੇ ਲਾਈਆਂ ਹਨ। ਵੈਨੇਜ਼ੂਏਲਾ ਦੇ ਰਾਸ਼ਟਰਪਤੀ ਨਿਕੋਲਸ, ਮਾਦੂਰੋ, ਸੀਰੀਆ ਦੇ ਤਾਨਾਸ਼ਾਹ ਬਸ਼ਰ-ਅਲ-ਅਸਦ ਅਤੇ ਲਿਬੀਆ ਦੇ ਮੁਅਮਰ ਗਦਾਫੀ ਉਨ੍ਹਾਂ ਵਿਚੋਂ ਪ੍ਰਮੁੱਖ ਹਨ।

ਪੂਤਿਨ ਨੇ ਦੁਹਰਾਇਆ ਹੈ ਕਿ ਉਹ ਯੂਕਰੇਨ ਵਿਚ ਕਬਜ਼ਾ ਕਰਨ ਦੇ ਮਕਸਦ ਨਾਲ ਦਾਖਲ ਨਹੀਂ ਹੋਏ ਪਰ ਅਸੀਂ ਪ੍ਰਮਾਣੂ ਹਥਿਆਰਾਂ ਦੇ ਨਿਰਮਾਣ ਦੀ ਵੀ ਨਾਟੋ ਨੂੰ ਇਜਾਜ਼ਤ ਨਹੀਂ ਦਿਆਂਗੇ। ਨਾਟੋ ਲਾਲ ਲਕੀਰ ਟੱਪ ਰਿਹਾ ਹੈ।

ਰੂਸੀ ਫੌਜਾਂ ਯੂਕਰੇਨ ਦੀ ਰਾਜਧਾਨੀ ਤੋਂ 10–15 ਕਿਲੋਮੀਟਰ ਹੀ ਦੂਰ ਹਨ। ਯੂਕਰੇਨੀ ਫੌਜੀਆਂ ਨੇ ਕੀਵ ਦੇ ਪ੍ਰਮੁੱਖ ਰਸਤੇ 'ਚ ਇਕ ਦਰਿਆ ਦੇ ਪੁਲ ਨੂੰ ਉਡਾ ਦਿੱਤਾ ਹੈ। ਯੂਕਰੇਨ ਦੇ ਰਾਸ਼ਟਰਪਤੀ ਜੈਲੇਂਸਕੀ ਨੇ ਗੱਲਬਾਤ ਦੀ ਅਪੀਲ ਵੀ ਕੀਤੀ ਹੈ ਅਤੇ ਲੋਕਾਂ ਨੂੰ ਡਟੇ ਰਹਿਣ ਲਈ ਵੀ ਕਿਹਾ ਹੈ ਜਦੋਂ ਕਿ ਅਮਰੀਕਾ ਨੇ ਉਹਨੂੰ ਸੁਰੱਖਿਅਤ ਦੇਸ਼ ਛੱਡ ਜਾਣ ਲਈ ਸਲਾਹ ਦਿੱਤੀ ਹੈ। ਯੂਕਰੇਨ 'ਚੋਂ 50000 ਤੋਂ ਵੱਧ ਵਾਸੀ ਗੁਆਂਢੀ ਦੇਸ਼ਾਂ ਨੂੰ ਨਿਕਲ ਗਏ ਹਨ। ਉਧਰ ਚੀਨ ਨੇ ਕਿਹਾ ਹੈ ਕਿ ਰੂਸ ਵੀ ਗੱਲਬਾਤ ਲਈ ਤਿਆਰ ਹੈ। ਅੱਜ ਰਾਤ (26.2.22) ਦੀ ਰਾਤ ਯੂਕਰੇਨ ਤੇ ਰੂਸ ਲਈ ਫੈਸਲਾਕੁੰਨ ਹੋਵੇਗੀ।

ਯੂਕਰੇਨ ਨੂੰ ਰੂਸੀ ਫੌਜੀ ਹਮਲੇ ਪਿਛੋਂ ਸਭ ਤੋਂ ਵੱਧ ਉਮੀਦ ਨਾਟੋ ਦੇ ਦੇਸ਼ਾਂ ਤੋਂ ਸੀ ਅਤੇ ਹੈ, ਪਰ ਨਾਟੋ ਅਤੇ ਅਮਰੀਕਾ ਨੇ ਐਲਾਨਾਂ ਬਿਆਨਾਂ 'ਚ ਤਾਂ ਇਹ ਦਾਅਵਾ ਕੀਤਾ ਹੈ ਕਿ ਉਹ ਨਾਟੋ ਦੇ ਹਰ ਮੈਂਬਰ ਦੇਸ਼ ਦੀ ਪ੍ਰਭੂਸੱਤਾ ਦੀ ਸੁਰੱਖਿਆ ਲਈ ਵਚਨਬੱਧ ਹਨ। ਅਮਰੀਕੀ ਰੱਖਿਆ ਵਿਭਾਗ ਨੇ ਯੂਕਰੇਨ ਦੀ ਫੌਰੀ ਸਹਾਇਤਾ ਲਈ 350 ਮਿਲੀਅਨ ਡਾਲਰ ਦੀ ਮਦਦ ਦਾ ਵੀ ਐਲਾਨ ਕਰ ਦਿੱਤਾ ਹੈ। ਪਰ ਉਹ ਨਾਟੋ ਫੌਜਾਂ ਨੂੰ ਉਤਾਰਨ ਤੋਂ ਅਜੇ ਤੱਕ ਗੁਰੇਜ਼ ਕਰ ਰਹੀ ਹੈ। ਹਾਲਤ ਭਲੀ ਭਾਂਤ ਸਾਰੇ ਜਾਣਦੇ ਹਨ ਕਿ ਐਸ ਮੌਕੇ ਜੰਗ 'ਚ ਦਖਲ ਦੇਣ ਦਾ ਮਤਲਬ ਹੈ ਯੂਰਪ ਏਸ਼ੀਆ ਤੇ ਪੂਰਾ ਵਿਸ਼ਵ ਜੰਗ ਦੀ ਭੱਠੀ 'ਚ ਝੋਕਣਾ ਹੋਵੇਗਾ। ਸਾਮਰਾਜੀ ਪੂੰਜੀ ਜਿਹਦੇ ਲਈ ਮੁਨਾਫ਼ੇ ਹਿੱਤ ਕਬਜ਼ਿਆਂ ਦੀ ਲੜਾਈ ਤਾਂ ਸੌਖਾਲੀ ਹੈ। ਸਿੱਧਾ ਜੰਗ ਨੂੰ ਮੱਥਾ ਲਾਉਣ ਦਾ ਮਤਲਬ ਆਪਣੀ ਮੌਤ ਵੀ ਦਿਸਦਾ ਹੈ। ਇਹੋ ਕਾਰਨ ਕਿ ਮਾਓ ਦੇ ਕਹਿਣ ਵਾਂਗੂੰ "ਇਹ ਕਾਗਜ਼ੀ ਸ਼ੇਰ ਹੁੰਦੇ ਹਨ।"

ਦੁਨੀਆਂ ਭਰ ਵਿਚ ਇਸ ਜੰਗ ਦੇ ਵਿਰੋਧ ਵਿਚ ਆਵਾਜ਼ ਉਠੀ ਹੈ। ਦੁਨੀਆਂ ਦੇ ਹਰ ਦੇਸ਼ ਦੇ ਹਰ ਸ਼ਹਿਰ ਵਿਚ ਹਰ ਸੰਸਥਾ ਨੇ ਯੂਕਰੇਨੀ ਲੋਕਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ ਹੈ। ਇਥੋਂ ਤੱਕ ਕਿ ਰੂਸ ਦੇ ਅੰਦਰ ਵੀ ਜਾਗਰੂਕ ਰੂਸੀਆਂ ਨੇ ਹਮਲੇ ਦਾ ਵਿਰੋਧ ਕੀਤਾ ਹੈ ਅਤੇ ਸੜਕਾਂ ਉਤੇ ਆਏ ਹਨ। ਇਹ ਅਮਨ ਤੇ ਸ਼ਾਂਤੀ ਦੀ ਅਸਲੀ ਪੁਕਾਰ ਹੈ। ਦੂਸਰੇ ਪਾਸੇ ਸ਼ਾਂਤੀ ਦੇ ਮਖੌਟੇ ਪਾਈ ਸਾਮਰਾਜੀ ਪੂੰਜੀ ਦੇ ਬਘਿਆੜਾਂ ਦੀਆਂ ਲਾਲਸਾਵਾਂ ਨੂੰ ਬੁੱਝਣਾ ਚਾਹੀਦਾ ਹੈ। ਯਾਂ ਰੱਖੋ ਕਿ ਸਾਮਰਾਜੀ ਪੂੰਜੀ ਹੀ ਹੈ ਜੋ ਮਾਨਵਤਾ ਨੂੰ ਯੁੱਧ ਦੀਆਂ ਭੱਠੀਆਂ 'ਚ ਝੋਕ ਰਹੀ ਹੈ ਜਿਸ ਦੇ ਕੱਪਟੀ ਤੇ ਖੂਨੀ ਚਿਹਰੇ ਨੂੰ ਪਛਾਨਣਾ ਅਤੇ ਬੇਪੜਦ ਕਰਨਾ ਬਹੁਤ ਜ਼ਰੂਰੀ ਹੈ। ਯੂਕਰੇਨੀ ਲੋਕਾਂ ਉਤੇ ਅਤੇ ਦੇਸ਼ ਦੀ ਪ੍ਰਭੂਸੱਤਾ ਉਤੇ ਫੌਜੀ ਹਮਲਾ ਕਰਨ ਵਾਲਾ ਰੂਸ ਦੋਸ਼ੀ ਹੈ ਤਾਂ ਪਰਦੇ ਪਿਛੇ ਰਹਿ ਕੇ ਇਸ ਖਿੱਤੇ ਵਿਚ ਅਜਿਹਾ ਤਣਾਅ ਬਣਾਉਣ ਵਾਲੀਆਂ ਸਾਮਰਾਜੀਆਂ ਤਾਕਤਾਂ ਜਿਨ੍ਹਾਂ ਦੇ ਸਰਗਨੇ ਅਮਰੀਕਾ ਅਤੇ ਬਰਤਾਨੀਆ ਹਨ, ਵੀ ਘੱਟ ਦੋਸ਼ੀ ਨਹੀਂ। ਦੁਨੀਆਂ ਦੇ ਲੋਕ ਜੰਗ ਨਹੀਂ ਚਾਹੁੰਦੇ ਸਗੋਂ ਇਨ੍ਹਾਂ ਸਾਮਰਾਜੀ ਜੰਗੀ ਬਘਿਆੜਾਂ ਤੋਂ ਮੁਕਤੀ ਚਾਹੁੰਦੇ ਹਨ।

# ਲਤਾ ਮੰਗੇਸਕਰ ਦੇ ਫੌਤ ਹੋ ਜਾਣ 'ਤੇ ਕਲਾਕਾਰ ਦੇ ਸਰੋਕਾਰ



ਡਾ. ਬਲਜਿੰਦਰ
94170-79720



6 ਫਰਵਰੀ 2022 ਨੂੰ 'ਸਵਰ ਕੋਕਿਲਾ', 'ਸੁਰਾਂ ਦੀ ਰਾਣੀ', 'ਸਰਸਵਤੀ ਦਾ ਸਾਕਾਰ ਰੂਪ' ਅਤੇ ਹੋਰ ਪਤਾ ਨਹੀਂ ਕਿੰਨਾਂ-ਕਿੰਨਾਂ ਤਖੱਲਸਾਂ ਨਾਲ ਨਵਾਜੀ ਜਾਣ ਵਾਲੀ ਹਿੰਦੀ ਫਿਲਮਾਂ ਦੀ ਪਿੱਠ-ਗਾਇਕਾ ਲਤਾ ਮੰਗੇਸਕਰ ਇਸ ਸੰਸਾਰ ਤੋਂ ਰੁਖ਼ਸਤ ਹੋ ਗਈ। ਉਦੋਂ ਤੋਂ ਹੀ ਇੱਕ ਵਿਅਕਤੀ ਦੀ ਇਸ ਮੌਤ ਨੂੰ ਦੇਸ, ਕੌਮ, ਫਿਲਮੀ ਸੰਸਾਰ, ਫਿਲਮੀ ਸੰਗੀਤ, ਸਾਸਤਰੀ ਸੰਗੀਤ ਤੇ ਪਤਾ ਨਹੀਂ ਹੋਰ ਕਿੰਨੇ ਕੁ ਸੋਬਿਆਂ ਨੂੰ ਨਾ ਪੂਰਿਆ ਜਾ ਸਕਣ ਵਾਲਾ ਘਾਟਾ ਪੈਣ ਦੇ ਸੋਕ ਸੁਨੇਹਿਆਂ ਦੀ ਲੜੀ ਟੁੱਟਣ ਦਾ ਨਾਂ ਹੀ ਨਹੀਂ ਲੈਂਦੀ। ਸਰਕਾਰੀ ਮੀਡੀਆ ਪ੍ਰਸਾਰ ਭਾਰਤੀ ਦੇ ਰੇਡੀਓ ਚੈਨਲ-ਰੇਡੀਓ ਵਿਵਿਧ ਭਾਰਤੀ ਨੇ ਤਾਂ ਆਪਣੇ ਪੂਰੇ ਦੋ ਦਿਨ ਦੇ ਪ੍ਰੋਗਰਾਮਾਂ ਨੂੰ ਹੀ ਇਸ ਫੌਤ ਹੋਈ ਗਾਇਕਾ ਨੂੰ ਸਮੱਰਪਤ ਕਰ ਦਿੱਤਾ।

ਇਸ ਸਵਰ ਕੋਕਿਲਾ ਨੂੰ ਸਰਧਾਂਜਲੀ ਦੇਣ ਵੇਲੇ ਬਹੁਤ ਸਾਰੀਆਂ ਗੱਲਾਂ ਨੂੰ ਸੋਚਣ ਦੀ ਲੋੜ ਬਣਦੀ ਹੈ। ਸੱਭ ਤੋਂ ਪਹਿਲੀ ਗੱਲ ਤਾਂ ਇਹ ਕਿ ਫੌਤ ਹੋਏ ਉਸ ਵਿਅਕਤੀ ਦੀ ਸਮਾਜ ਨੂੰ ਦੇਣ ਕੀ ਹੈ। ਉਹ ਵਿਅਕਤੀ ਸਮਾਜ ਅਤੇ ਲੋਕਾਂ 'ਚ ਕਿਵੇਂ ਵਿੱਚਰਿਆ। ਉਹ ਵਿਅਕਤੀ ਆਪਣੇ ਸਾਥੀਆਂ-ਸੰਗੀਆਂ, ਮੁਤਾਹਿਤਾਂ ਨਾਲ ਕਿਵੇਂ ਨਿਭਿਆ। ਇਹ ਇੱਕ ਸਪੱਸਟ ਤੇ ਸਥਾਪਤ ਹਕੀਕਤ ਹੈ ਕਿ ਸਮਾਜ 'ਚ ਕੋਈ ਵੀ ਮਨੁੱਖ ਇਕੱਲਿਆਂ ਕੁੱਝ ਨਹੀਂ ਕਰਦਾ। ਆਪਣੇ ਵਰਗੇ ਹੋਰਨਾਂ ਮਨੁੱਖਾਂ ਦੀ ਸਹਾਇਤਾ ਅਤੇ ਕਾਰਗੁਜਾਰੀ ਬਿਨਾਂ ਉਹ ਕੁੱਝ ਵੀ ਕਰਨ ਦੇ ਕਾਬਲ ਨਹੀਂ ਹੁੰਦਾ। ਇਸ ਲਈ ਕਿਸੇ ਵਿਅਕਤੀ ਦੀ ਸਮਾਜ ਨੂੰ ਦਿੱਤੀ ਦੇਣ ਨੂੰ ਪਰਖਣ ਦਾ ਇੱਕੋ-ਇੱਕ ਪੈਮਾਨਾ ਸਮਾਜ ਅੰਦਰ ਵਿਚਰਦਿਆਂ ਉਸ ਸਬੰਧਤ ਵਿਅਕਤੀ ਦਾ ਵਿਹਾਰ-ਆਚਰਣ ਹੀ ਹੈ ਜਿਸ ਰਾਹੀਂ ਕਿ ਅਸੀਂ ਉਸ ਨੂੰ ਪਰਖ-ਪੜਤਾਲ ਸਕਦੇ ਹਾਂ।

ਪਹਿਲੀ ਗੱਲ ਤਾਂ ਇਹ ਕਿ ਫ਼ਿਲਮੀ 'ਸਨਅਤ' ਨਾਲ ਜੁੜੇ ਸਾਰੇ ਹੀ ਵਿਅਕਤੀ ਆਪਣੇ ਆਪ ਨੂੰ ਹੀਰੋ ਮਾਫਕ ਸਮਝਦੇ ਹਨ, ਕਿਓਂਕਿ ਇਸ ਖੇਤਰ 'ਚ ਪੈਸਾ ਬੜੀ ਹੀ ਤੇਜੀ ਨਾਲ ਇਕੱਠਾ ਕੀਤਾ ਜਾਂਦਾ ਹੈ ਅਤੇ ਕਿਓਂਕਿ ਸਰਮਾਏਦਾਰੀ ਢਾਂਚਾ ਅਜਿਹੇ ਹੀ ਹੀਰੋਪੁਣੇ ਨੂੰ ਉਤਸਾਹਤ ਵੀ ਕਰਦਾ ਹੈ ਅਤੇ ਇਹ ਸਥਾਪਤ ਕਰਨ ਲਈ ਉਸ ਪੂਰੇ ਢਾਂਚੇ ਦਾ ਹੀ ਸਮੁੱਚਾ ਜੋਰ ਲੱਗਿਆ ਹੋਇਆ ਹੈ ਕਿ ਕੁੱਝ ਕੁ ਹੀਰੋ, ਨਾਇਕ, ਜੋਧੇ ਹੀ ਹਨ ਜੋ ਕਿ ਲੋਕਾਂ ਨੂੰ ਕੁੱਝ ਅਕਲ ਦੇ ਸਕਦੇ ਹਨ ਅਤੇ ਉਹਨਾਂ ਦੀ ਰਾਹਨੁਮਾਈ ਬਿਨਾਂ ਲੋਕ ਕੁੱਝ ਵੀ ਕਰਨ ਜੋਗੇ ਨਹੀਂ ਹਨ। ਇਸੇ ਲਈ ਉਹ ਅਜਿਹੇ ਨਾਇਕਾਂ ਨੂੰ ਉਭਾਰਦੇ ਹਨ ਜਿਹੜੇ ਅਜਿਹੀ ਸਮਝ ਨੂੰ ਲੋਕਾਂ ਦੇ ਮਨ-ਮਸਤਕਾਂ ਅੰਦਰ ਧੁਰ ਰਮਾ ਦੇਵੇ। ਐਥੇ ਇੱਕ ਜਰੂਰੀ ਨੁਕਤਾ ਇਹ ਵੀ ਧਿਆਨ ਦੇਣ ਯੋਗ ਹੈ ਕਿ ਲੇਖਕ, ਕਵੀ, ਸੰਗੀਤਕਾਰ ਤੇ ਹੋਰ ਬੁੱਧੀਜੀਵੀ ਗਾਇਕਾਂ, ਅਦਾਕਾਰਾਂ ਵਰਗੇ ਪਰਫਾਰਮਿੰਗ ਕਲਾਕਾਰਾਂ ਨਾਲੋਂ ਭਿੰਨ ਹੁੰਦੇ ਹਨ। ਲੇਖਕ ਜਾਂ ਕਵੀ ਨੇ ਆਪਣੇ ਵਿਚਾਰ ਆਪਣੇ ਮਾਧਿਅਮ ਰਾਹੀਂ ਪ੍ਰਗਟ ਕਰਨੇ ਹੁੰਦੇ ਹਨ ਅਤੇ ਉਸ ਵੱਲੋਂ ਪ੍ਰਗਟਾਏ ਵਿਚਾਰ ਸਾਡੇ ਲਈ ਉਹ ਸੀਸਾ ਹੁੰਦੇ ਹਨ ਜਿਹਨਾਂ ਰਾਹੀਂ ਕਿ ਅਸੀਂ ਉਸ ਲੇਖਕ, ਕਵੀ ਆਦਿ ਦਾ ਅਕਸ ਦੇਖਕੇ ਉਸ ਬਾਰੇ ਆਪਣੀ ਰਾਏ ਬਣਾਉਂਦੇ ਹਾਂ। ਪਰ ਪਰਫਾਰਮਿੰਗ ਆਰਟਿਸਟ ਅਤੇ ਗਾਇਕ ਆਦਿ ਅਜਿਹੇ ਕਲਾਕਾਰ ਹੁੰਦੇ ਹਨ ਜਿਹੜੇ ਆਪਣੀ ਭੂਮਿਕਾ ਨਿਭਾਉਂਦਿਆਂ ਜਾਂ ਗਾਉਣ ਗਾਉਂਦਿਆਂ ਸਿੱਧੇ ਰੂਪ 'ਚ ਆਪਣੇ ਵਿਚਾਰ ਪ੍ਰਗਟ ਨਹੀਂ ਕਰ ਰਹੇ ਹੁੰਦੇ। ਪਰ ਉਹਨਾਂ ਵੱਲੋਂ ਨਿਭਾਈ ਜਾ ਰਹੀ ਭੂਮਿਕਾ 'ਚ ਵਿਚਰਦਿਆਂ ਉਹ ਆਪਣੀ ਅਦਾਕਾਰੀ ਰਾਹੀਂ, ਆਪਣੀ ਗਾਇਕੀ ਰਾਹੀਂ, ਆਪਣੇ ਨਾਚ ਰਾਹੀਂ, ਆਪਣੇ ਅੰਦਾਜ਼ ਰਾਹੀਂ, ਆਪਣੇ ਸੰਗੀਤ ਰਾਹੀਂ ਉਸ ਭੂਮਿਕਾ 'ਚ ਜਾਨ ਫੂਕਦੇ ਹਨ ਜਿਹੜੀ ਕਿ ਕਈ ਹਾਲਤਾਂ 'ਚ ਕਾਲਜਈ ਬਣ ਜਾਂਦੀ ਹੈ। ਇਹਨਾਂ ਪਰਫਾਰਮਿੰਗ ਆਰਟਿਸਟਾਂ ਨੇ ਤਾਂ ਉਹ ਹੀ ਕਰਨਾ ਹੁੰਦਾ ਹੈ ਜੋ ਉਹਨਾਂ ਨੂੰ ਉਹਨਾਂ ਦੇ ਵਿਸੇਸ ਖੇਤਰ ਦਾ ਹਦਾਇਤਕਾਰ ਕਹਿੰਦਾ ਹੁੰਦਾ ਹੈ। ਅਤੇ ਇਓਂ ਕਿਸੇ ਮੰਝੇ ਹੋਏ ਪਰਫਾਰਮਿੰਗ ਆਰਟਿਸਟ ਦੀ ਮੁਸੱਕਤ ਨਾਲ ਨਿਕਲ ਕੇ ਬਾਹਰ ਆਈ ਕੋਈ ਕਲਾਕ੍ਰਿਤੀ ਲਾਮਿਸਾਲ ਬਣ ਜਾਂਦੀ ਹੈ। ਅਜਿਹਾ ਹੀ ਹੋਇਆ ਹੈ ਇਸ 'ਮਹਾਨ' ਗਾਇਕਾ ਦੇ ਮਾਮਲੇ 'ਚ। ਉਸ ਦੀ ਆਵਾਜ 'ਚ ਰੇਸਮ ਵਰਗਾ ਕੂਲਾਪਣ ਉਸਨੂੰ ਇੱਕ ਵਿਲੱਖਣ ਰੂਪ ਪ੍ਰਦਾਨ ਕਰਦਾ ਹੈ। ਇਹੀ ਹੀ ਉਸਦੀ ਸਖਸੀਅਤ ਦਾ ਭਾਰੂ ਪੱਖ ਹੈ।

ਪਰ ਇਹ ਨਹੀਂ ਭੁੱਲਣਾ ਚਾਹੀਦਾ ਕਿ ਕਲਾ ਕਦੇ ਵੀ ਅਮੂਰਤ (ਐਬਸਟਰੈਕਟ) ਰੂਪ 'ਚ ਨਹੀਂ ਹੁੰਦੀ। ਇਹ ਹਰ ਉਸ ਵਰਤਾਰੇ ਨੂੰ ਰੂਪਮਾਨ ਕਰਦੀ ਹੁੰਦੀ ਹੈ ਜੋ ਉਸ ਸਮੇਂ ਸਮਾਜ 'ਚ ਘੱਟ ਰਿਹਾ ਹੁੰਦਾ ਹੈ ਜਿਹੜਾ ਕਈ ਹਾਲਤਾਂ 'ਚ ਆਮ ਜਨ ਸਾਧਾਰਨ ਦੀ ਸਮਝ ਤੋਂ ਪਰ੍ਹੇ ਹੁੰਦਾ ਹੈ। ਕਲਾ ਹਰ ਸਮੇਂ ਅਤੇ ਹਰ ਮਰਹਲੇ 'ਚ ਹੀ ਕਿਸੇ ਇੱਕ ਜਮਾਤ/ਵਰਗ ਦੀ ਸੋਚ ਨੂੰ ਰੂਪਮਾਨ ਕਰ ਰਹੀ ਹੁੰਦੀ ਹੈ, ਕਿਓਂਕਿ ਵਿਚਾਰ ਖਲਾਸ 'ਚੋਂ ਨਹੀਂ ਉਪਜਦੇ। ਕਲਾ ਕਦੇ ਵੀ ਸਿਆਸਤ ਤੋਂ ਅਣਭਿੱਜ ਨਹੀਂ ਰਹਿ ਸਕਦੀ। ਕਲਾ ਹਮੇਸਾ ਹੀ ਸਿਆਸਤ ਤੋਂ ਪ੍ਰੇਰਿਤ ਹੁੰਦੀ ਹੈ। ਕਲਾਕਾਰਾਂ ਬਾਰੇ ਵੀ ਆਮ ਧਾਰਨਾ ਵੀ ਇਹੀ ਬਣਾ ਹੋਈ ਹੈ ਕਿ ਇਹਨਾਂ ਦਾ ਸਿਆਸਤ/ਰਾਜਨੀਤੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਜਾਂ ਇਹ ਤਾਂ ਕੋਈ ਵੀ ਕਲਾਤਮਕ ਸਰਗਰਮੀ ਕਿਸੇ ਰਾਜਨੀਤੀ/ਸਿਆਸਤ ਤੋਂ ਪ੍ਰੇਰਤ ਹੋ ਕੇ ਨਹੀਂ ਕਰਦੇ। ਪਰ ਜਦੋਂ ਅਸੀਂ ਇਹ ਦੇਖਦੇ ਹਾਂ ਕਿ ਕਿਸੇ ਫਿਲਮ/ਗੀਤ 'ਚ ਫਿਲਮਾਇਆ ਜਾ ਰਿਹਾ ਦ੍ਰਿਸ ਜਾਂ ਗੀਤ ਜਾਂ ਉਸ ਗੀਤ ਦੇ ਬੋਲ ਅਤੇ ਜਾਂ ਫਿਰ ਉਸ ਗੀਤ ਨੂੰ ਮਿਲੀ ਆਵਾਜ ਕਿਸੇ ਖਾਸ ਹਾਲਾਤ ਨੂੰ ਰੂਪਮਾਨ ਕਰਦਿਆਂ ਉਸਨੂੰ ਹਕੀਕਤ ਦੇ ਨੇੜ ਲੈ ਜਾਂਦਾ ਹੈ ਜਾਂ ਅੰਦਰੋਂ ਧੂਹ ਪਾਉਣ ਲਾਉਂਦਾ ਹੈ ਤਾਂ ਉਸ ਦਾ ਪ੍ਰਭਾਵ ਦੂਰ ਤੱਕ ਜਾਂਦਾ ਹੈ। ਉਹ ਲੋਕ ਮਨਾਂ 'ਚ ਧੁਰ ਉੱਤਰ ਜਾਂਦਾ ਹੈ ਅਤੇ ਕਈ ਹਾਲਤਾਂ 'ਚ ਉਹ ਕਿਰਤ ਲੋਕ ਮੁਹਾਵਰੇ ਦੀ ਸਕਲ ਵੀ ਧਾਰਨ ਕਰ ਲੈਂਦੀ ਹੈ। ਇੱਥੇ ਇਸ ਗਾਇਕਾ ਵੱਲੋਂ ਗਾਏ ਗਏ ਬਹੁਗਿਣਤੀ ਗੀਤਾਂ ਦੇ ਤੱਤ ਨੂੰ ਦੇਖਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਇਸ ਵੱਲੋਂ ਗਾਏ ਬਹੁਗਿਣਤੀ ਗੀਤਾਂ ਨੇ ਮਨੁੱਖਾਂ ਦਰਮਿਆਨ ਪਿਆਰ ਦੇ ਪੱਖ ਨੂੰ ਇਸ ਰੂਪ 'ਚ ਉਭਾਰਿਆ ਕਿ ਪਿਆਰ ਸਮਾਜ ਵਿਚਲੀ ਅਸਲ ਹਕੀਕਤ ਨਾਲੋਂ ਇੱਕ ਵੱਖਰੀ ਸੈਅ ਹੁੰਦੀ ਹੈ ਜਿਹੜੀ ਕਿ ਵਿਰਲਿਆਂ ਨੂੰ ਹੀ ਪ੍ਰਾਪਤ ਹੁੰਦੀ ਹੈ, ਜਿਸਨੇ ਕਿ ਹਰ ਵਰਗ ਦੇ ਮਨਾਂ 'ਚ ਅਜਿਹੀ ਗਲਤ ਧਾਰਨਾ ਦੀ ਪੱਕੀ ਛਾਪ ਲਾ ਦਿੱਤੀ।

ਹੁਣ ਜਦੋਂ ਅਸੀਂ ਇੱਥੇ ਸੁਰਾਂ ਦੀ ਮਲਿਕਾ ਲਤਾ ਮੰਗੇਸਕਰ ਦੀ ਗੱਲ ਕਰ ਰਹੇ ਹਾਂ ਤਾਂ ਸੁਣਨ ਨੂੰ ਮਿਲਦਾ ਹੈ ਕਿ ਉਹ ਕਿਸੇ ਸਿਆਸਤ ਤੋਂ ਪ੍ਰੇਰਿਤ ਨਹੀਂ ਸੀ ਬਲਕਿ ਉਹ ਤਾਂ ਮਹਾਨ ਗਾਇਕਾ ਸੀ। ਪਰ ਜਦੋਂ ੧੯੬੨ ਦੀ ਹਿੰਦ-ਚੀਨ ਦੀ ਜੰਗ ਦੇ ਖਾਤਮੇ ਤੋਂ ਬਾਅਦ ਉਸ ਵੱਲੋਂ ਗਾਇਆ 'ਐ ਮੇਰੇ ਵਤਨ ਕੇ ਲੋਗੋ, ਜਰਾ ਆਂਖ ਮੇਂ ਭਰ ਲੋ ਪਾਣੀ' ਦਿੱਲੀ ਦੇ ਲੋਕਾਂ ਸਾਹਮਣੇ ਗਾਇਆ ਸੀ ਤਾਂ ਲੋਕਾਂ ਦੇ ਮਨਾਂ 'ਚ ਇਹ ਸੰਦੇਸ ਦਿੱਤਾ ਗਿਆ ਸੀ ਕਿ 'ਯਾਦ ਉਨ੍ਹੇਂ ਭੀ ਕਰਲੋ ਜੋ ਲੌਟ ਕੇ ਘਰ ਨਾ ਆਏ।' ਲੋਕਾਂ ਨੂੰ ਆਪਣੀ ਸੁਰ ਆਸਰੇ ਮੰਤਰਮੁਗਧ ਕਰਨ ਵਾਲਾ ਦਿੱਤਾ ਗਿਆ ਇਹ ਸੁਨੇਹਾ ਕਿ ਉਹ ਉਹਨਾਂ ਦੀ ਯਾਦ ਨੂੰ ਹੀ ਆਪਣੇ ਫੱਟਾਂ ਦੀ ਮਰਹਮ ਬਣਾ ਕੇ ਲਗਾ ਲੈਣ ਅਤੇ ਇਹ ਉਸ ਸਾਰੇ ਨਹੱਕੀ ਅਮਲ ਤੋਂ ਮੂੰਹ ਭੰਵਾਉਣ ਦਾ ਸਾਧਨ ਬਣਿਆ ਜਿਹੜਾ ਕਿ ਲੋਕ ਆਪਣੇ ਹੱਡੀਂ ਹੰਢਾ ਰਹੇ ਸਨ। ਇਸ ਨਹੱਕੀ ਜੰਗ 'ਚ ਝੋਕਣ ਦੀਆਂ ਜੁੰਮੇਵਾਰ ਤਾਕਤਾਂ ਦੀ ਪਹਿਚਾਣ ਤੋਂ ਲੋਕਾਂ ਦਾ ਮੂੰਹ ਭੰਵਾਉਣਾ ਕੀ ਰਾਜਨੀਤੀ/ਸਿਆਸਤ ਨਹੀਂ ਹੈ? ਹਾਂ, ਇਹ ਸਿਆਸਤ ਹੈ-ਜੋਕਾਂ ਦੀ ਨਾ ਕਿ ਲੋਕਾਂ ਦੀ, ਜੋ ਹੁਕਮਰਾਨ ਆਪਣੀ ਸਾਰੀ ਊਰਜਾ ਨਾਲ ਲੋਕਾਂ ਨੂੰ ਆਪਣੇ ਗੁਲਾਮ ਬਣਾਈ ਰੱਖਣ ਲਈ ਅਜਿਹੇ ਮਕਬੂਲ ਚਿਹਰਿਆਂ ਨੂੰ ਵਰਤਦੇ ਹਨ ਅਤੇ ਆਪਣੇ ਰਾਜ ਦੀ ਉਮਰ ਲਮੇਰੀ ਕਰਦੇ ਹਨ।

ਇੱਥੇ ਇੱਕ ਹੋਰ ਗੱਲ ਦਾ ਜ਼ਿਕਰ ਕਰਨਾ ਵੀ ਜਰੂਰੀ ਹੈ ਕਿ ਜਿੱਥੇ ਇੱਕ ਪਾਸੇ ਲਤਾ ਮੰਗੇਸਕਰ ਨੇ ਆਪਣੇ ਆਪ ਨੂੰ ਸਿਆਸਤ ਤੋਂ ਨਿਰਲੇਪ ਰਹਿਣ ਦਾ ਸਵਾਂਗ ਰਚਿਆ ਉੱਥੇ ਨਾਲ ਹੀ ਉਸਨੇ ਭਾਜਪਾ ਦੀ ਸੱਜੇ ਪੱਖੀ ਲੋਕਾਂ 'ਚ ਵੰਡਪਾਊ ਸਿਆਸਤ ਦਾ ਗੁਣਗਾਣ ਵੀ ਕੀਤਾ। ਸਾਨੂੰ ਚੇਤੇ ਰੱਖਣਾ ਚਾਹੀਦਾ ਹੈ ਉਸ ਵੱਲੋਂ ਭਾਜਪਾ ਨੇਤਾ ਅਡਵਾਨੀ ਦੀ ਰਥਯਾਤਰਾ ਦਾ ਗਾਇਆ ਸਿਗਨੇਚਰ ਗੀਤ। ਇਹ ਵੀ ਕੁੱਥਾਂ ਨਹੀਂ ਹੋਵੇਗਾ ਕਿ ਜਦੋਂ ਉਸਨੂੰ ਅੰਬੇਦਕਰ ਪੱਖੀ ਕੁੱਝ ਸੰਸਥਾਵਾਂ ਨੇ ਇੱਕ ਗੀਤ ਗਾਉਣ ਦੀ ਗੁਜਾਰਿਸ ਕੀਤੀ ਤਾਂ ਉਹਨੇ ਸਾਫ ਇਨਕਾਰ ਕਰ ਦਿੱਤਾ ਕਿਓਂਕਿ ਉਹਨਾਂ ਪਾਸ ਉਸਨੂੰ ਗੀਤ ਗਾਉਣ ਬਦਲੇ ਅਦਾ ਕਰਨ ਲਈ ਪੈਸੇ ਨਹੀਂ ਸਨ। ਤਾਂ ਇਸ ਸਾਰੇ ਅਮਲ ਦਾ ਕੀ ਸਿੱਟਾ ਕੱਢਿਆ ਜਾਵੇ, ਇਹੀ ਕਿ ਪੈਸਾ ਕਮਾਉਣਾ ਹੀ ਉਸ ਮਹਾਨ ਗਾਇਕਾ ਦਾ ਮੁੱਖ ਸਰੋਕਾਰ ਸੀ ਨਾ ਕਿ ਕੋਈ ਲੋਕ ਸਰੋਕਾਰ।

ਜਨ-ਸਧਾਰਨ ਨੂੰ ਜਦੋਂ ਆਪਣੇ ਸੁਪਨਿਆਂ ਦੀ ਦੁਨੀਆਂ ਸਿਨੇਮਾ 'ਚ ਜਾ ਕੇ ਮਿਲਦੀ ਹੈ ਤਾਂ ਉੱਥੇ ਉਸ ਖੇਤਰ ਵੱਲੋਂ ਉਸ ਵੱਲੋਂ ਪਾਈਆਂ ਪੈੜਾਂ ਦਾ ਹਿਸਾਬ ਵੀ ਇਹੀ ਦਰਸਾਉਂਦਾ ਹੈ ਕਿ ਉਸਨੇ ਉਹੋ ਜਿਹੇ ਹੀ ਗੀਤ ਗਾਏ ਹਨ ਜੋ ਕਿ ਇਸ ਲੋਟੂ ਨਿਜਾਮ ਨੂੰ ਹੋਰ ਤਕੜਿਆਂ ਕਰਦੇ ਹਨ। ਇਹ ਜਰੂਰੀ ਨਹੀਂ ਹੁੰਦਾ ਕਿ ਹਰ ਆਰਟਿਸਟ ਨੂੰ ਇਨਕਲਾਬ ਦਾ ਝੰਡਾ ਲੈ ਕੇ ਮੈਦਾਨ 'ਚ ਨਿੱਤਰੇ ਪਰ ਐਨੀ ਕੁ ਤਵੱਕੋਂ ਤਾਂ ਕਲਾਕਾਰ ਦੇ ਤੌਰ 'ਤੇ ਜਾਣੇ ਜਾਣ ਵਾਲੇ ਕਿਸੇ ਸੰਵੇਦਨਸੀਲ ਵਿਅਕਤੀ ਕੋਲੋਂ ਕੀਤੀ ਹੀ ਜਾਣੀ ਚਾਹੀਦੀ ਹੈ ਕਿ ਉਹਨੇ ੯੦ ਵਰ੍ਹਿਆਂ ਦੀ ਆਪਣੀ ਸਾਰੀ ਜ਼ਿੰਦਗੀ 'ਚ ਕਦੇ ਨਾ ਕਦੇ ਤਾਂ ਕਿਤੇ ਲੋਕ ਦਰਦ ਦੀ ਹਾਅ ਦਾ ਨਾਅਰਾ ਮਾਰਿਆ ਹੋਵੇ। ਇੱਥੇ ਵੀ ਵਰਕਾ ਖਾਲੀ ਹੀ ਹੈ। ਉਲਟਾ ਇੱਥੇ ਵੀ ਉਹਦਾ ਰੋਲ ਇਸ ਕਿਸਾਨ ਅੰਦੋਲਨ ਦੌਰਾਨ ਜਦਕਿ ਦੁਨੀਆਂ ਭਰ ਦੇ ਕਲਾਕਾਰ ਅਤੇ ਹੋਰ ਸੰਵੇਦਨਸੀਲ ਵਿਅਕਤੀ ਇਸ ਅੰਦੋਲਨ ਦੇ ਹੱਕ 'ਚ ਆਏ ਸਨ ਤਾਂ ਉਸਦਾ ਰੋਲ ਨਖਿੱਧ ਹੀ ਰਿਹਾ।

ਇਸ ਦੀ ਬਜਾਏ ਉਹਦੇ ਸਰੋਕਾਰ ਉਹੀ ਹਨ ਜਿਹਨਾਂ ਦੀ ਕਿ ਕਿਸੇ ਬੁਰਜੂਆ ਕਲਾਕਾਰ ਤੋਂ ਆਸ ਕੀਤੀ ਜਾਂਦੀ ਹੈ। ਉਹਦਾ ਸਰੋਕਾਰ ਉਹਦਾ ਪਿਤਾ ਸਮਾਨ ਵੀਰ ਸਾਵਰਕਰ ਸੀ। ਉਹ ਉਹਦਾ ਰੋਲ ਮਾਡਲ ਸੀ। ਉਹ ਸਾਵਰਕਰ ਉਹਦੇ ਰਿਸਤੇਦਾਰੀ 'ਚੋਂ ਵੀ ਸੀ। ਰਾਮ ਮੰਦਰ ਦੀ ਉਸਾਰੀ ਮੌਕੇ ਉਸਦਾ ਕਥਨ ਸੀ ਕਿ ਇਸ ਨਾਲ ਰਾਜਿਆਂ-ਮਹਾਂਰਾਜਿਆਂ ਅਤੇ ਸਾਧੂ ਮਹਾਤਮਾ ਦੀ ਅਜਿਹੇ ਸਥਾਨੀ ਉਸਾਰੀ ਦੀ ਚੀਰੋਕੀ ਸਾਧਨਾ ਪੂਰੀ ਹੋਈ ਹੈ। ਹਾਂ ਇਹੀ ਸੀ ਉਸਦੀ ਬੁਨਿਆਦੀ ਸਮਝ ਜਿਸਤੇ ਉਸਨੇ ਸਾਰੀ ਉਮਰ ਠੋਕ ਕੇ ਪਹਿਰਾ ਦਿੱਤਾ। ਐਦੂੰ ਵਧਕੇ ਇਹ ਕਿ ਸਾਰੀਆਂ ਸੱਜ-ਪਿਛਾਖੜ ਪਾਰਟੀਆਂ ਨਾਲ ਉਸਦੀ ਪੂਰੀ ਡੂੰਘੀ ਨੇੜਤਾ ਸੀ।

ਫ਼ਿਲਮੀ ਦੁਨੀਆਂ 'ਚ ਗਾਇਕੀ ਦੇ ਖੇਤਰ 'ਚ ਆਪਣੀ ਚੌਧਰ ਬਣਾਈ ਰੱਖਣ ਲਈ ਉਸ ਵੱਲੋਂ ਵਰਤੋਂ 'ਚ ਲਿਆਂਦੇ ਗਏ ਕੋਝੇ ਹੱਥਕੰਡਿਆਂ ਦੀ ਸੂਹ ਵੀ ਇਹੀ ਹਾਲਾਤ ਵੱਲ ਇਸਾਰਾ ਕਰਦੀ ਹੈ ਕਿ ਇੱਥੇ ਵੀ ਸੱਭ-ਕੁੱਝ ਠੀਕ ਨਹੀਂ ਸੀ। ਆਪਣੀ ਚੌਧਰ ਨੂੰ ਬਰਕਰਾਰ ਰੱਖਣ ਲਈ ਉਹ ਨਾਮੀਂ ਸੰਗੀਤਕਾਰਾਂ-ਹਦਾਇਤਕਾਰਾਂ ਨੂੰ ਅੱਗੇ ਤੋਂ ਉਹਨਾਂ ਲਈ ਨਾ ਗਾਉਣ ਦੀਆਂ ਧਮਕੀਆਂ ਦੇ ਕੇ ਗਾਇਕੀ ਦੇ ਖੇਤਰ 'ਚ ਆਏ ਨਵੇਂ ਗਾਇਕਾ ਨੂੰ ਪਾਸੇ ਕਰ ਦਿੰਦੀ ਸੀ ਤਾਂ ਜੋ ਉਹ ਨਵੇਂ ਆਏ ਗਾਇਕ ਭਵਿੱਖ 'ਚ ਉਹਦੇ ਲਈ ਕੋਈ ਚੁਣੌਤੀ ਨਾ ਬਣ ਜਾਣ।

# ਕਲਾਊਡ ਸੀਡਿੰਗ: ਸਾਮਰਾਜੀ ਮਹਾਂਸ਼ਕਤੀਆਂ ਵੱਲੋਂ ਵਾਤਾਵਰਣ ਨਾਲ਼ ਛੇੜਛਾੜ



ਸਤਵੰਤ ਸ ਦੀਪਕ
ਵੈਨਕੂਵਰ, ਬੀ ਸੀ
604 910 9953.

ਯੂ.ਐੱਨ.ਓ. ਦੀ ਰਿਪੋਰਟ (https://www.news.com.au/technology/environment/researchers-use-ai-to-predict-outbreak-of-water-wars-in-the-future) ਅਨੁਸਾਰ "ਮੁਲਕਾਂ ਵਿਚਕਾਰ ਭਵਿੱਖ ਦੀਆਂ ਜੰਗਾਂ ਦਾ ਆਧਾਰ ਪੀਣ ਯੋਗ ਪਾਣੀ ਹੋਵੇਗਾ, ਨਾ ਕਿ ਤੇਲ।" ਭਾਰਤ ਦੇ ਸੰਦਰਭ ਵਿਚ ਯੂਨੈਸਕੋ ਦੀ ਰਿਪੋਰਟ (World Water Day 2018: UNESCO) ਵਿੱਚ ਗੰਭੀਰ ਖ਼ਦਸ਼ਾ ਪ੍ਰਗਟਾਇਆ ਗਿਆ ਹੈ ਕਿ "2050 ਤੱਕ ਭਾਰਤ ਵਿੱਚ ਪਾਣੀ ਦਾ ਗੰਭੀਰ ਸੰਕਟ ਪੈਦਾ ਹੋ ਜਾਵੇਗਾ ਅਤੇ ਆਉਣ ਵਾਲੇ ਕੁੱਝ ਵਰ੍ਹਿਆਂ ਵਿੱਚ ਜਲ ਸਰੋਤਾਂ ਵਿੱਚ 40% ਕਮੀ ਆ ਜਾਵੇਗੀ। ਨਦੀਆਂ, ਦਰਿਆ, ਤਲਾਬ ਅਤੇ ਛੱਪੜ ਆਦਿ ਸੁੱਕ ਜਾਣਗੇ। ਰਿਪੋਰਟ ਵਿੱਚ ਸਪੱਸ਼ਟ ਕਿਹਾ ਗਿਆ ਹੈ ਕਿ ਉੱਤਰੀ ਭਾਰਤ ਵਿੱਚ ਜਲ ਸੰਕਟ ਹੁਣ ਗੰਭੀਰ ਰੂਪ ਧਾਰ ਗਿਆ ਹੈ।" ਇਸ ਜਲ ਸੰਕਟ ਦਾ ਬੱਦਲ਼ ਬੀਜਣ ਪ੍ਰਣਾਲ਼ੀ (Cloud Seeding) ਨਾਲ਼ ਕੀ ਸਬੰਧ ਹੈ? ਪੰਜਾਬ ਸਮੇਤ ਭਾਰਤ ਵਿਚ ਭਾਵੇਂ ਇਹ ਵਿਸ਼ਾ ਓਪਰਾ ਜਿਹਾ ਲੱਗਦਾ ਹੈ ਅਤੇ ਅਜੇ ਇਨੀ ਗੰਭੀਰਤਾ ਨਾਲ਼ ਨਹੀਂ ਲਿਆ ਜਾ ਰਿਹਾ, ਪਰ ਇਸਦੇ ਦੂਰ-ਰਸ ਸਿੱਟੇ ਚਿਰ-ਸਥਾਈ ਅਤੇ ਬਹੁਤ ਮਾਰੂ ਹੋ ਸਕਦੇ ਹਨ। ਹੁਣ ਸਾਮਰਾਜੀ ਮਹਾਂਸ਼ਕਤੀ ਚੀਨ ਕਲਾਊਡ ਸੀਡਿੰਗ ਪ੍ਰਣਾਲ਼ੀ ਰਾਹੀਂ ਬਾਰਸ਼ ਦੇ ਕੁਦਰਤੀ ਜਲ-ਸ੍ਰੋਤ: ਮਾਨਸੂਨਾਂ 'ਤੇ ਕਬਜ਼ਾ ਕਰਨ ਲਈ ਕਮਰ-ਕੱਸੇ ਕੱਸ ਰਿਹਾ ਹੈ। ਇਸ ਕਰਕੇ ਕਲਾਊਡ ਸੀਡਿੰਗ ਪ੍ਰਣਾਲ਼ੀ ਅਤੇ ਚੀਨ ਦੇ ਨਾਪਾਕ ਮਨਸੂਬਿਆਂ ਬਾਰੇ ਜਾਗਰੂਕ ਕਰਨਾ ਇਸ ਲੇਖ ਦਾ ਮਕਸਦ ਹੈ।

ਕਲਾਊਡ ਸੀਡਿੰਗ ਬਾਰੇ ਚਰਚਾ ਛੇੜਨ ਤੋਂ ਪਹਿਲਾਂ ਭਾਰਤ ਅਤੇ ਪੰਜਾਬ ਦੇ ਸੰਦਰਭ ਵਿਚ ਇਸਦੀ ਪ੍ਰਸੰਗਿਕਤਾ ਅਤੇ ਇਸ ਕਾਰਨ ਪੈਦਾ ਹੋਣ ਵਾਲ਼ੇ ਸੰਭਾਵਿਤ ਸੰਕਟ ਜਾਂ ਖ਼ਦਸ਼ਿਆਂ ਨੂੰ ਸਮਝਣਾ ਜ਼ਰੂਰੀ ਹੈ। ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੀ 'State Agricultural Profile Punjab, December 2017' ਰਿਪੋਰਟ ਅਨੁਸਾਰ ਮੌਜੂਦਾ ਪੰਜਾਬ ਕੋਲ਼, ਦੇਸ਼ ਦੇ ਕੁੱਲ ਭੂਗੋਲਿਕ ਖੇਤਰ ਦਾ ਸਿਰਫ਼ 1.50% ਹਿੱਸਾ ਹੀ ਹੈ। Govt of Punjab 2020 Statistical Abstract of Punjab ਦੇ ਅੰਕੜਿਆਂ ਵਿਚ ਪੰਜਾਬ ਦੇ ਕੁੱਲ 5033 ਹਜ਼ਾਰ ਹੈਕਟੇਅਰ 'ਚੋਂ 4227 ਹਜ਼ਾਰ ਹੈਕਟੇਅਰ ਹੀ ਕਾਸ਼ਤ ਯੋਗ ਰਕਬਾ ਹੈ। ਭਾਰਤ ਦੇ ਕੁੱਲ ਘਰੇਲੂ ਉਤਪਾਦ (GDP) 'ਚ ਖੇਤੀ ਦਾ ਯੋਗਦਾਨ ਕਰੀਬ 15% ਹੈ। ਦੇਸ਼ ਦੀ 50% ਆਬਾਦੀ ਖੇਤੀ 'ਚ ਲੱਗੀ ਹੋਈ ਹੈ। ਦੇਸ਼ ਦਾ ਸਿਰਫ਼ 40% ਇਲਾਕਾ ਹੀ ਸਿੰਜਾਈ ਅਧੀਨ ਹੈ, ਇਸ ਕਰ ਕੇ 60% ਖੇਤੀ ਮਾਨਸੂਨੀ ਬਾਰਸ਼ 'ਤੇ ਨਿਰਭਰ ਹੈ। India Meteorological Department (Ministry of Earth Sciences) Southwest Monsoons: 2020 Report ਅਨੁਸਾਰ "ਭਾਰਤ ਅਤੇ ਪੰਜਾਬ ਵਿਚ ਔਸਤਨ ਬਾਰਸ਼ ਕ੍ਰਮਵਾਰ 880.6 ਤੇ 467.3 ਮਿਲੀਮੀਟਰ ਹੈ। ਇਹ ਬਾਰਸ਼ ਮਾਨਸੂਨ ਪੌਣਾਂ ਜੂਨ ਤੋਂ ਸਤੰਬਰ ਮਹੀਨਿਆਂ ਵਿਚ ਲੈ ਕੇ ਆਉਂਦੀਆਂ ਹਨ। ਕੁੱਝ ਮਾਨਸੂਨੀ ਬਾਰਸ਼ ਜਨਵਰੀ-ਫ਼ਰਵਰੀ ਦੇ ਮਹੀਨਿਆਂ ਵਿਚ ਵੀ ਹੁੰਦੀ ਹੈ।" ਪੰਜਾਬ ਦੀ 4,227,000 ਹੈਕਟੇਅਰ ਵਾਹੀਯੋਗ ਜ਼ਮੀਨ ਲਈ 1200 ਮਿਲੀਮੀਟਰ ਸਾਲਾਨਾ (5.07 Million Hectare Metre) ਪਾਣੀ ਦੀ ਜ਼ਰੂਰਤ ਹੈ, ਜਿਸਦਾ ਲਗਭਗ 40% ਹਿੱਸਾ ਮਾਨਸੂਨਾਂ ਤੋਂ ਪ੍ਰਾਪਤ ਹੋਣ ਵਾਲ਼ੀ ਬਾਰਸ਼ 'ਤੇ ਨਿਰਭਰ ਹੈ।

ਕਲਾਊਡ ਸੀਡਿੰਗ ਕੀ ਹੈ? ਤਕਨੀਕੀ ਤੌਰ 'ਤੇ ਕਲਾਊਡ ਸੀਡਿੰਗ ਮੌਸਮ ਵਿੱਚ ਪਰਿਵਰਤਨ ਦੀ ਇੱਕ ਪ੍ਰਣਾਲ਼ੀ ਹੈ ਜਿਸਦਾ ਉਦੇਸ਼ ਹਵਾ ਵਿੱਚ ਖ਼ਾਸ ਕਿਸਮ ਦੇ ਪਦਾਰਥਾਂ, ਜੋ ਬੱਦਲ਼ਾਂ ਦੇ ਸੰਘਣੇ ਕਰਨ ਜਾਂ ਬਰਫ਼ ਦੇ ਨਾਭ-ਬਿੰਦੂ (Nucleus) ਦੇ ਤੌਰ 'ਤੇ ਕੰਮ ਕਰਦੇ ਹਨ ਅਤੇ ਬੱਦਲ਼ਾਂ ਦੇ ਅੰਦਰ ਸੂਖ਼ਮ ਭੌਤਿਕ ਪ੍ਰਕਿਰਿਆਵਾਂ ਨੂੰ ਬਦਲ ਦਿੰਦੇ ਹਨ, ਨੂੰ ਵਾਯੂ-ਮੰਡਲ਼ ਵਿਚ ਖਿੰਡਾ ਕੇ ਬੱਦਲ਼ਾਂ ਤੋਂ ਬਣਨ ਵਾਲੀ ਬਾਰਸ਼ ਦੀ ਮਾਤਰਾ ਜਾਂ ਰੂਪ ਨੂੰ ਬਦਲਣਾ ਹੈ। ਕਲਾਊਡ ਸੀਡਿੰਗ ਦੀ ਸਿਆਸੀ ਪਰਿਭਾਸ਼ਾ ਸਾਮਰਾਜੀ ਮਹਾਂਸ਼ਕਤੀਆਂ ਵੱਲੋਂ ਵਾਤਾਵਰਣ ਨਾਲ਼ ਛੇੜਛਾੜ ਹੈ। ਜਿਸ ਤਰ੍ਹਾਂ ਸਮੁੰਦਰੀ ਲੁਟੇਰੇ (Pirates) ਸਮੁੰਦਰੀ ਜਹਾਜ਼ਾਂ ਨੂੰ ਤਾਕਤ ਦੇ ਜ਼ੋਰ ਲੁੱਟ ਲੈਂਦੇ ਸਨ/ਹਨ, ਠੀਕ ਇਸੇ ਤਰ੍ਹਾਂ ਸਾਮਰਾਜੀ ਮਹਾਂਸ਼ਕਤੀਆਂ ਹੁਣ ਬਲ ਤੇ ਛਲ ਦੇ ਜ਼ੋਰ ਅਸਮਾਨ ਵਿਚ ਸ਼ਰੇਆਮ ਲੁੱਟ ਕਰ ਰਹੀਆਂ ਹਨ! ਸਮੁੰਦਰੀ ਜਹਾਜ਼ਾਂ 'ਚੋਂ ਲੁਟੇਰੇ ਕੀਮਤੀ ਅਸਬਾਬ, ਹਥਿਆਰ, ਡਰੱਗ, ਗ਼ੁਲਾਮ ਆਦਿ ਚੁਰਾ ਲੈਂਦੇ ਸਨ, ਪਰ ਅਸਮਾਨੀ ਲੁਟੇਰੇ (Sky Pirates) ਅਸਮਾਨੀ ਬੱਦਲ਼ਾਂ ਨਾਲ਼ ਛੇੜ-ਛਾੜ ਕਰਕੇ 'ਕਲਾਊਡ ਸੀਡਿੰਗ' ਦੀ ਟੈਕਨੋਲੋਜੀ ਨਾਲ਼ ਬਾਰਸ਼ ਚੋਰੀ ਕਰਨ, ਰੋਕਣ, ਇਕ ਜਗ੍ਹਾ ਤੋਂ ਦਿਸ਼ਾ ਬਦਲ ਕੇ ਮਨ-ਚਾਹੀ ਜਗ੍ਹਾ 'ਤੇ ਬਾਰਸ਼ ਕਰਵਾਉਣ ਜਾਂ ਨਾ ਕਰਵਾਉਣ ਦੀ ਟੈਕਨਾਲੋਜੀ ਵਿਕਸਤ ਕਰਨ ਵਿਚ ਵੱਡੀ ਪੂੰਜੀ ਨਿਵੇਸ਼ ਕਰ ਰਹੇ ਹਨ। ਕਲਾਊਡ ਸੀਡਿੰਗ ਮੌਸਮ ਸੋਧ ਪ੍ਰਣਾਲ਼ੀ ਵਿਕਸਤ ਕਰਨ ਦੀ ਪਰਕਿਰਿਆ ਵਿਚ ਚਾਈਨਾ, ਇੰਡੀਆ, ਇੰਡੋਨੇਸ਼ੀਆ, ਇਰਾਨ, ਇਜ਼ਰਾਈਲ, ਕੁਵੇਤ, ਯੂ.ਏ.ਈ., ਦੱਖਣੀ-ਪੂਰਬੀ ਏਸ਼ੀਆ (ਸਿੰਗਾਪੁਰ, ਸੁਮਾਟਰਾ, ਮਲੇਸ਼ੀਆ, ਥਾਈਲੈਂਡ, ਸ੍ਰੀ ਲੰਕਾ) ਉੱਤਰੀ ਅਮਰੀਕਾ (ਯੂ. ਐੱਸ. ਏ., ਕੈਨੇਡਾ), ਯੂਰਪ (ਬਲਗਾਰੀਆ, ਫ਼ਰਾਂਸ, ਸਪੇਨ, ਰੂਸ, ਜਰਮਨੀ, ਸਲੋਵੇਨੀਆ, ਯੂ. ਕੇ.) ਆਸਟ੍ਰੇਲੀਆ, ਅਫ਼ਰੀਕਾ (ਮਾਲੀ, ਨਾਈਜਰ) ਆਦਿ ਦੇਸ਼ ਸ਼ਾਮਲ ਹਨ। ਪਰ ਕਲਾਊਡ ਸੀਡਿੰਗ ਦੀ ਸਭ ਤੋਂ ਵੱਡੀ ਪ੍ਰਣਾਲ਼ੀ ਪੀਪਲਜ਼ ਰੀਪਬਲਿਕ ਆਫ਼ ਚਾਈਨਾ ਕੋਲ਼ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਉਹ ਆਪਣੀ ਰਾਜਧਾਨੀ ਬੀਜਿੰਗ ਸਮੇਤ ਕਈ ਤੇਜ਼ੀ ਨਾਲ ਸੁੱਕ ਰਹੇ ਇਲਾਕਿਆਂ ਵਿੱਚ ਜਿੱਥੇ ਬਾਰਸ਼ ਦੀ ਲੋੜ ਹੁੰਦੀ ਹੈ, ਉਥੇ ਅਸਮਾਨ ਵਿੱਚ ਸਿਲਵਰ ਆਇਓਡਾਈਡ (Silver Iodide) ਦੇ ਛੱਰੇ (ਰਾਕਟ) ਸੁੱਟ ਕੇ ਬਾਰਸ਼ ਦੀ ਮਾਤਰਾ ਨੂੰ ਵਧਾ ਸਕਦੇ ਹਨ। ਇਸ ਨਾਲ਼ ਗੁਆਂਢੀ ਇਲਾਕਿਆਂ ਨਾਲ਼ ਰਾਜਨੀਤਿਕ ਤਕਰਾਰ ਹੁੰਦਾ ਹੈ ਜੋ ਇੱਕ ਦੂਜੇ 'ਤੇ ਕਲਾਉਡ ਸੀਡਿੰਗ ਦੀ ਵਿਧੀ ਰਾਹੀਂ 'ਬਾਰਸ਼ ਚੋਰੀ ਕਰਨ' ਦਾ ਦੋਸ਼ ਲਗਾਉਂਦੇ ਹਨ।

ਚੀਨ ਅਤੇ ਭਾਰਤ ਵਿਚਲੀ ਸਰਹੱਦ 'ਤੇ ਸਥਿੱਤ ਸ਼ਿੰਗਹਾਈ-ਤਿੱਬਤ ਪਠਾਰ ਨੂੰ ਅਕਸਰ ਸੰਸਾਰ ਦਾ ਮਹਾਂ ਜਲ-ਕੁੰਡ ਕਿਹਾ ਜਾਂਦਾ ਹੈ। ਏਸ਼ੀਆ ਦੀਆਂ ਸਭ ਤੋਂ ਮਹੱਤਵਪੂਰਨ ਨਦੀਆਂ ਜਿਵੇਂ ਕਿ ਸਿੰਧ, ਗੰਗਾ, ਬ੍ਰਹਮਪੁੱਤਰ, ਇਰਾਵਦੀ, ਸਲਵੀਨ, ਮੇਕਾਂਗ, ਯਾਂਗਤਸੀ ਅਤੇ ਯੈਲੋ ਨਦੀਆਂ ਦੇ ਸੋਮੇ ਵਜੋਂ ਇਹ ਪਠਾਰ ਦੋ ਬਿਲੀਅਨ ਤੋਂ ਵੀ ਜ਼ਿਆਦਾ ਲੋਕਾਂ ਨੂੰ ਪਾਣੀ ਪ੍ਰਦਾਨ ਕਰਦਾ ਹੈ। ਚਿੰਗਹਾਈ-ਤਿੱਬਤ ਪਠਾਰ ਦੇ ਸੈਨਜਿਆਂਗਯੁਆਨ (ਤਿੰਨ ਦਰਿਆ-ਯਾਂਗਸੀ ਰਿਵਰ, ਦਾ ਯੈਲੋ ਰਿਵਰ, ਅਤੇ ਲੈਂਸੈਂਗ ਰਿਵਰ ਦਾ ਸਰੋਤ) ਖੇਤਰ ਦੇ ਉੱਪਰ ਵਾਯੂ-ਮੰਡਲ ਵਿੱਚ ਉਹ ਟੈਸਟਿੰਗ ਸਾਈਟ ਹੈ ਜਿੱਥੇ ਜਲ ਵਾਸ਼ਪ ਦੇ ਸੰਚਾਰ ਚੈਨਲਾਂ - ਆਕਾਸ਼ ਨਦੀਆਂ (Sky River) ਦੇ ਸੰਗਮ ਦੀ ਨਿਸ਼ਾਨਦੇਹੀ ਕੀਤੀ ਗਈ ਹੈ। Sky River ਜਲ ਵਾਸ਼ਪ ਦੇ ਸੰਚਾਰ ਦਾ ਇੱਕ ਸੰਕਲਪਿਕ ਮਾਡਲ ਹਨ, ਜਿਸ ਨੂੰ ਕਲਪਨਾਤਮਕ ਤੌਰ 'ਤੇ Sky River ਪ੍ਰੋਜੈਕਟ ਰਾਹੀਂ ਬਾਰਸ਼ ਵਿੱਚ ਬਦਲਿਆ ਜਾ ਸਕਦਾ ਹੈ, ਜੋ ਕਿ ਧਰਤੀ ਅਤੇ ਉੱਪ-ਗ੍ਰਿਹ ਉਪਕਰਣਾਂ ਦਾ ਇੱਕ ਵਿਸਤ੍ਰਿਤ ਬੁਨਿਆਦੀ ਢਾਂਚਾ ਹੈ। ਉਪ-ਗ੍ਰਹਿਆਂ ਦਾ ਇੱਕ ਤਾਰਾ-ਮੰਡਲ ਵਾਯੂ-ਮੰਡਲ ਦੀਆਂ ਸਥਿਤੀਆਂ ਦਾ ਨਿਰੀਖਣ ਕਰਦਾ ਹੈ ਅਤੇ ਨਿਗਰਾਨੀ ਕਰਦਾ ਹੈ, ਸਵੈਚਾਲਿਤ ਅਤੇ ਰਿਮੋਟ ਨਾਲ ਸੰਚਾਲਿਤ ਸਟੋਵਾਂ ਦੇ ਨੈੱਟਵਰਕ ਨੂੰ ਰਣਨੀਤਕ ਤੌਰ 'ਤੇ ਇਸ ਖੇਤਰ ਦੇ ਉੱਪਰ ਬਾਰਸ਼ ਦੀ Spatio-Temporal ਵੰਡ ਨੂੰ ਬਾਰਸ਼ ਬਣਾਉਣ ਲਈ ਵਰਤਿਆ ਜਾਂਦਾ ਹੈ। Sky River ਪ੍ਰੋਜੈਕਟ - ਜੋ ਕਿ ਹੁਣ ਤੱਕ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਅਭਿਲਾਸ਼ੀ ਮੌਸਮ ਇੰਜੀਨੀਅਰਿੰਗ ਪ੍ਰੋਜੈਕਟਾਂ ਵਿੱਚੋਂ ਇੱਕ ਹੈ, ਵਾਯੂਮੰਡਲ ਉੱਤੇ (ਚੀਨ ਦੇ) ਰਾਸ਼ਟਰੀ ਦਾਅਵਿਆਂ ਨੂੰ ਤੀਬਰ ਕਰਦਾ ਹੈ।



ਚੀਨ ਅਤੇ ਭਾਰਤ ਵਿਚ ਬਾਰਸ਼ ਦਾ ਮੁੱਖ ਸ੍ਰੋਤ ਮਾਨਸੂਨ ਹਨ। ਚੀਨ ਦਾ ਗਵਾਂਢੀ ਦੇਸ਼ ਹੋਣ ਕਰ ਕੇ ਭਾਰਤ ਦੀ ਚਿੰਤਾ ਵਧਣੀ ਕੁਦਰਤੀ ਹੈ। ਕਿਉਂਕਿ ਚੀਨ ਅਤੇ ਭਾਰਤ ਵਿਚਕਾਰ ਇੱਕ ਵਿਸ਼ਾਲ ਵਿਵਾਦਿਤ ਸਰਹੱਦ ਹੈ, ਇਸ ਲਈ ਇਹ ਸਿੱਧੇ ਤੌਰ 'ਤੇ ਭਾਰਤ ਦੀ ਖੇਤੀਬਾੜੀ ਪ੍ਰਣਾਲ਼ੀ ਨੂੰ ਪ੍ਰਭਾਵਿਤ ਕਰ ਸਕਦੀ ਹੈ ਕਿਉਂਕਿ ਇਹ ਮਾਨਸੂਨ ਦੇ ਮੌਸਮ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੀ ਹੈ। ਜਲਵਾਯੂ ਤਬਦੀਲੀ ਕਾਰਨ ਮਾਨਸੂਨ ਦਾ ਮੌਸਮ ਪਹਿਲਾਂ ਹੀ ਕਾਫ਼ੀ ਅਨਿਸ਼ਚਿਤ ਹੋ ਗਿਆ ਹੈ। ਮਾਹਰਾਂ ਦੇ ਅਨੁਸਾਰ ਚੀਨ ਦੀ ਨਵੀਂ ਮੌਸਮ ਸੋਧ ਪ੍ਰਣਾਲ਼ੀ ਦੇਸ਼ ਨੂੰ ਬਾਰਸ਼ ਅਤੇ ਬਰਫ਼ਬਾਰੀ ਨੂੰ ਨਿਯੰਤਰਿਤ ਕਰਨ ਦੀ ਸਮਰੱਥਾ ਦੇਵੇਗੀ। ਆਉਣ ਵਾਲੇ ਸਮੇਂ ਵਿਚ ਚੀਨ ਇਸ ਨੂੰ ਭਾਰਤ ਵਿਰੁੱਧ ਹਥਿਆਰ ਵਜੋਂ ਵੀ ਇਸਤੇਮਾਲ ਕਰ ਸਕਦਾ ਹੈ। ਚੀਨ ਪਾਸ ਇਸ ਟੈਕਨਾਲੋਜੀ ਰਾਹੀਂ ਮਾਨਸੂਨਾਂ ਤੋਂ ਪਰਾਪਤ ਹੋਣ ਵਾਲ਼ੀ ਬਾਰਸ਼ ਨੂੰ ਭਾਰਤ ਵੱਲ ਪਰਵੇਸ਼ ਹੋਣ ਤੋਂ ਰੋਕਣ, ਦਿਸ਼ਾ ਬਦਲਣ, ਵਧਾਉਣ ਜਾਂ ਘਟਾਉਣ, ਹੜ੍ਹ ਜਾਂ ਸੋਕੇ ਦੀ ਸਥਿਤੀ ਪੈਦਾ ਕਰਨ ਦੀ ਸਮਰੱਥਾ ਹੈ। ਇਸ ਨੂੰ ਚੀਨ ਜਦ ਚਾਹੇ ਭਾਰਤ ਦੇ ਖ਼ਿਲਾਫ਼ ਵਰਤ ਸਕਦਾ ਹੈ। https://eurasiantimes.com/china-threatens-india-with-a-weather-modification-system, December 5, 2020 ਅਨੁਸਾਰ "ਚੀਨ ਦੀ ਸਟੇਟ ਕੌਂਸਲ ਨੇ ਮੌਸਮ ਸੋਧ ਪ੍ਰਣਾਲ਼ੀ ਦਾ ਵਿਸਥਾਰ ਕਰਨ ਦੀ ਯੋਜਨਾ ਦਾ ਐਲਾਨ ਕੀਤਾ ਹੈ ਜੋ ਇਸ ਨੂੰ ਮੌਸਮ ਦੀ ਸਥਿਤੀ ਨੂੰ ਨਿਯੰਤਰਿਤ ਕਰਨ ਦੇ ਯੋਗ ਬਣਾਏਗਾ। ਇਹ ਪ੍ਰਣਾਲ਼ੀ ਨਕਲੀ ਬਾਰਸ਼ ਲਈ ਕੁੱਲ 5.5 ਮਿਲੀਅਨ ਵਰਗ ਕਿਲੋਮੀਟਰ ਦੇ ਖੇਤਰ ਨੂੰ ਕਵਰ ਕਰੇਗੀ, ਜੋ ਕਿ ਭਾਰਤ ਦੇ ਆਕਾਰ ਤੋਂ ਲਗਭਗ 1.5 ਗੁਣਾ ਹੈ।"

https://www.indiasentinels.com/opinion/weather-as-weapon-new-threat-emerging-from-china ÒWeather as WeaponÓ July 17, 2020 ਅਨੁਸਾਰ "ਹਥਿਆਰ ਦੇ ਰੂਪ ਵਿੱਚ ਮੌਸਮ: ਚੀਨ ਦੇ ਕੰਟਰੋਲ ਵਾਲੇ ਤਿੱਬਤ ਤੋਂ ਨਵਾਂ ਖ਼ਤਰਾ ਸਾਹਮਣੇ ਆ ਰਿਹਾ ਹੈ। ਤਿੱਬਤ ਭਾਰਤ ਲਈ ਕਿਵੇਂ ਅਤੇ ਕਿਉਂ ਮਹੱਤਵਪੂਰਨ ਹੈ ਅਤੇ ਭਾਰਤ ਨੂੰ ਇਸ ਖੇਤਰ ਵਿੱਚ ਚੀਨ ਦੀਆਂ ਮੌਸਮ ਨਾਲ ਸਬੰਧਿਤ ਗਤੀਵਿਧੀਆਂ ਬਾਰੇ ਕਿਉਂ ਚਿੰਤਤ ਹੋਣਾ ਚਾਹੀਦਾ ਹੈ? ਅਰੁਣਾਚਲ ਪ੍ਰਦੇਸ਼ ਅਤੇ ਅਸਾਮ ਨੂੰ ਤਿੱਬਤ ਵਿੱਚ ਕੁਦਰਤੀ ਜਲ ਪ੍ਰਣਾਲ਼ੀ ਵਿੱਚ ਸ਼ੱਕੀ ਚੀਨੀ ਦਖ਼ਲ-ਅੰਦਾਜ਼ੀ ਕਾਰਨ ਭਾਰੀ ਅਤੇ ਅਚਾਨਕ ਹੜ੍ਹਾਂ ਦਾ ਸਾਹਮਣਾ ਕਰਨਾ ਪਿਆ ਹੈ, ਹਾਲਾਂਕਿ ਕੋਈ ਭਾਰੀ ਬਾਰਸ਼ ਨਹੀਂ ਹੋਈ। ਇਸ ਤੋਂ ਇਲਾਵਾ, ਚੀਨ ਨੇ ਦੋ ਵੱਡੀਆਂ ਅੰਤਰ-ਸਰਹੱਦੀ ਨਦੀਆਂ: ਉੱਤਰ-ਪੂਰਬ ਵਿੱਚ ਬ੍ਰਹਮਪੁੱਤਰ ਅਤੇ ਉੱਤਰ ਵਿੱਚ ਸਤਲੁਜ - ਬਾਰੇ ਭਾਰਤ ਨਾਲ Hydrological ਅੰਕੜੇ ਸਾਂਝੇ ਨਹੀਂ ਕੀਤੇ, ਹਾਲਾਂਕਿ 2013 ਵਿੱਚ, ਦੋਵਾਂ ਨਦੀਆਂ ਸਮੇਤ ਸਰਹੱਦਾਂ ਦੀਆਂ ਨਦੀਆਂ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਇੱਕ ਸਮਝੌਤੇ 'ਤੇ ਦਸਤਖਤ ਕੀਤੇ ਗਏ ਸਨ। ਤਿੱਬਤ ਵਿਚ ਚੀਨ ਦੀਆਂ ਸ਼ੱਕੀ ਗਤੀਵਿਧੀਆਂ ਅਤੇ ਅੰਕੜਿਆਂ ਨੂੰ ਸਾਂਝਾ ਨਾ ਕਰ ਕੇ ਦੂਜਿਆਂ ਨੂੰ ਹਨੇਰੇ ਵਿਚ ਰੱਖਣ ਦਾ ਉਸ ਦਾ ਰਵੱਈਆ ਭਾਰਤ ਵਰਗੇ ਉਸ ਦੇ ਗੁਆਂਢੀ ਡਾਊਨ-ਰਿਵਰ ਦੇਸ਼ਾਂ ਲਈ ਇਕ ਵੱਡੀ ਚਿੰਤਾ ਦਾ ਵਿਸ਼ਾ ਹੈ। ਚੀਨ ਨੇ ਅਲਾਸਕਾ ਦੇ ਆਕਾਰ ਦੇ ਖੇਤਰ ਵਿੱਚ ਮੌਸਮ ਨੂੰ ਸੋਧਣ ਦੇ ਇਰਾਦੇ ਨਾਲ 2018 ਵਿੱਚ ਮੌਸਮ ਨੂੰ ਕੰਟਰੋਲ ਕਰਨ ਵਾਲੀ ਮਸ਼ੀਨ ਵੀ ਲਾਂਚ ਕੀਤੀ ਸੀ। China Aerospace Science and Technology Corporation ਦੀ ਮਾਲਕੀ ਵਾਲ਼ੀ ਇਹ ਪ੍ਰਣਾਲ਼ੀ ਭਾਰਤੀ ਵਿਗਿਆਨੀਆਂ ਨੂੰ ਚੁਣੌਤੀ ਦੇ ਰਹੀ ਹੈ। ਰਣਨੀਤਕ ਵਿਸ਼ਲੇਸ਼ਕਾਂ, ਜਿਨ੍ਹਾਂ ਨੂੰ ਇਸ ਵਿਸ਼ੇ 'ਤੇ ਸੂਚਿਤ ਕੀਤਾ ਗਿਆ ਹੈ, ਨੇ India Sentinels ਨੂੰ ਦੱਸਿਆ ਕਿ ਇਸ ਵਿਸ਼ਾਲ ਪ੍ਰੋਜੈਕਟ ਦਾ ਉਦੇਸ਼ ਤਿੱਬਤ ਦੇ ਪਠਾਰ ਵਿੱਚ ਬਾਰਸ਼ ਨੂੰ ਵਧਾਉਣਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਪ੍ਰੋਜੈਕਟ ਨੂੰ ਲਾਗੂ ਕਰਨ ਨਾਲ, ਜਿਸ ਵਿੱਚ ਪਹਾੜਾਂ ਵਿੱਚ ਲਗਾਏ ਗਏ ਉੱਚੇ Fuel-Burning Chambers ਦਾ ਇੱਕ Network ਸ਼ਾਮਲ ਹੋਵੇਗਾ, ਇਸ ਖੇਤਰ ਵਿੱਚ ਬਾਰਸ਼ ਵਿੱਚ 10 Billion Cubic Metre ਸਾਲਾਨਾ, ਭਾਵ ਚੀਨ ਦੀ ਕੁੱਲ ਪਾਣੀ ਦੀ ਖੱਪਤ ਮਾਤਰਾ ਦਾ ਲਗਭਗ 7% ਤੱਕ ਵਧਾਉਣ ਵਿੱਚ ਮੱਦਦ ਕਰ ਸਕਦਾ ਹੈ। ਵਿਗਿਆਨਕ ਤੌਰ 'ਤੇ, ਸਥਾਈ ਤੌਰ 'ਤੇ ਸਥਾਪਤ ਕੀਤੇ ਗਏ Chamber, ਤਿੱਬਤ ਦੇ ਪਹਾੜਾਂ ਦੇ ਨਾਲ਼-ਨਾਲ਼ Silver Iodide (ਕਲਾਊਡ-ਸੀਡਿੰਗ ਏਜੰਟ) ਪੈਦਾ ਕਰਨ ਲਈ ਠੋਸ ਬਾਲਣ ਨੂੰ ਸਾੜਦੇ ਹਨ ਜੋ ਦੱਖਣੀ ਏਸ਼ੀਆ ਤੋਂ ਨਮੀ ਵਾਲੇ ਮਾਨਸੂਨ ਦਾ ਸਾਹਮਣਾ ਕਰਦੇ ਹਨ, ਇਸ ਲਈ ਜਦੋਂ ਵੀ ਹਵਾ ਪਹਾੜਾਂ ਨਾਲ ਟਕਰਾਉਂਦੀ ਹੈ, ਤਾਂ ਇਹ ਉੱਪਰ ਵੱਲ ਹਵਾ ਦੀਆਂ ਧਾਰਾਵਾਂ ਪੈਦਾ ਕਰੇਗੀ ਅਤੇ ਖੇਤਰ ਵਿੱਚ ਬਾਰਸ਼ ਅਤੇ ਬਰਫ਼ ਨੂੰ ਵਰ੍ਹਨ ਲਈ ਕਣਾਂ ਨੂੰ ਬੱਦਲ਼ਾਂ ਵਿੱਚ ਵਹਾ ਦੇਵੇਗੀ। ਪਠਾਰ ਵਿੱਚ ਸਥਾਈ Chambers ਦੀ ਸਥਾਪਨਾ ਨਾਲ ਮੌਸਮ ਵਿੱਚ ਛੇੜਛਾੜ ਹੋਵੇਗੀ ਅਤੇ ਇਸ ਤਰ੍ਹਾਂ ਭਾਰਤ, ਖ਼ਾਸ ਕਰਕੇ ਸਰਹੱਦੀ ਰਾਜਾਂ - ਅਰੁਣਾਚਲ ਪ੍ਰਦੇਸ਼, ਸਿੱਕਮ, ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਲੱਦਾਖ 'ਤੇ ਗੰਭੀਰ ਪ੍ਰਭਾਵ ਪਵੇਗਾ। ਚੀਨ ਨੇ ਪਹਿਲਾਂ ਹੀ ਤਿੱਬਤ ਅਤੇ ਸ਼ਿਨਜਿਆਂਗ ਵਿੱਚ ਪਹਾੜੀ ਢਲਾਣਾਂ 'ਤੇ 500 ਤੋਂ ਵੱਧ Burners ਤਾਇਨਾਤ ਕਰ ਰੱਖੇ ਹਨ। ਦੱਸਣਯੋਗ ਹੈ ਕਿ ਚੀਨ ਅਜਿਹਾ ਕਰਕੇ ਕਿਸੇ ਕੌਮਾਂਤਰੀ ਸੰਧੀ ਦੀ ਉਲੰਘਣਾ ਕਰ ਸਕਦਾ ਹੈ। ਯੁੱਧ ਦੇ ਸਮੇਂ ਮੌਸਮ ਨਾਲ ਛੇੜਛਾੜ ਕਰਨ ਨਾਲ ਮੌਸਮ ਦੇ ਨਿਯੰਤਰਣ 'ਤੇ ਪਾਬੰਦੀ ਲਗਾਈ ਗਈ ਜਾਂ ਫ਼ੌਜੀ ਅਤੇ ਦੁਸ਼ਮਣੀ ਵਾਲੇ ਉਦੇਸ਼ਾਂ ਲਈ ਸੋਧ ਕੀਤੀ ਗਈ। 1976 ਵਿੱਚ, ਸੰਯੁਕਤ ਰਾਸ਼ਟਰ ਨੇ Convention on the Prohibition of Military or any other Hostile Use of Environmental Modification Techniques (ENMOD) ਨੂੰ ਪਾਸ ਕੀਤਾ। ਯੁੱਧ ਵਿੱਚ ਮੌਸਮ ਨੂੰ ਹਥਿਆਰ ਵਜੋਂ ਵਰਤੇ ਜਾਣ ਦੇ ਇਤਿਹਾਸਕ ਸਬੂਤ ਮਿਲਦੇ ਹਨ। ਇਸ ਲਈ, ਭਾਰਤ ਤਿੱਬਤੀ ਪਠਾਰ ਵਿਚ ਖ਼ਤਰਨਾਕ ਮੌਸਮ-ਸੋਧ ਗਤੀਵਿਧੀਆਂ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦਾ। ਜੇ ਉਹ ਬੀਜਿੰਗ ਨੂੰ ਨਹੀਂ ਰੋਕ ਸਕਦਾ, ਤਾਂ ਉਸ ਨੂੰ ਚੀਨ ਦੀਆਂ ਤੇਜ਼ੀ ਨਾਲ ਵਿਕਸਤ ਹੋ ਰਹੀਆਂ ਮੌਸਮ-ਯੁੱਧ ਸਮਰੱਥਾਵਾਂ ਦਾ ਮੁਕਾਬਲਾ ਕਰਨ ਜਾਂ ਕਮਜ਼ੋਰ ਕਰਨ ਲਈ ਆਪਣੀ ਖ਼ੁਦ ਦੀ ਤਕਨਾਲੋਜੀ ਵਿਕਸਤ ਕਰਨ ਲਈ ਤੇਜ਼ੀ ਨਾਲ ਕਾਰਵਾਈ ਕਰਨੀ ਪਵੇਗੀ।"

https://www.sundayguardianlive.com/ChinaÒs geoengineering push dangerous for the region (Dr Dhanasree Jayaram and Kurnica Bhattacharjee, December 19, 2020) ਅਨੁਸਾਰ "ਚੀਨ ਵੱਲੋਂ 2025 ਤੱਕ ਵੱਡੇ ਪੱਧਰ 'ਤੇ ਮੌਸਮ ਸੋਧ ਪ੍ਰਣਾਲ਼ੀ ਵਿਕਸਤ ਕਰਨ ਦੇ ਐਲਾਨ ਨੇ ਖ਼ਤਰੇ ਦੀ ਘੰਟੀ ਵਜਾ ਦਿੱਤੀ ਹੈ, ਖ਼ਾਸ ਕਰਕੇ ਆਪਣੇ ਗੁਆਂਢੀ ਦੇਸ਼ਾਂ ਵਿੱਚ। ਸਟੇਟ ਕੌਂਸਲ ਦੇ ਸਰਕੂਲਰ ਅਨੁਸਾਰ, 'ਨਕਲੀ ਬਾਰਸ਼ (ਬਰਫ਼ਬਾਰੀ) ਕਾਰਵਾਈ ਦਾ ਕੁੱਲ ਖੇਤਰ 5.5 Million Square Kilometre ਤੋਂ ਵਧੇਰੇ ਹੋਵੇਗਾ ਅਤੇ ਗੜਿਆਂ ਦੀ ਰੋਕਥਾਮ ਲਈ ਇਹ 580,000 Square Kilometre ਤੋਂ ਵੀ ਵੱਧ ਹੋਵੇਗਾ।' ਮੌਸਮ ਸੋਧ ਸਮਰੱਥਾਵਾਂ ਨੂੰ ਉਤਸਾਹਿਤ ਕਰਨ ਦਾ ਤਰਕ ਜ਼ਿਆਦਾਤਰ ਵਾਤਾਵਰਣ ਸਬੰਧੀ ਚਿੰਤਾਵਾਂ ਜਿਵੇਂ ਕਿ ਜਲਵਾਯੂ ਪਰਿਵਰਤਨ, ਵਾਤਾਵਰਣ ਸੁਰੱਖਿਆ/ਸੰਭਾਲ, ਅਤੇ ਆਫ਼ਤ ਪ੍ਰਬੰਧਨ (ਖ਼ਾਸ ਕਰਕੇ, ਤਿਆਰੀ) 'ਤੇ ਟਿਕਿਆ ਹੋਇਆ ਹੈ। ਮੌਸਮ ਸੋਧ ਤਕਨਾਲੋਜੀ ਚੀਨ ਦੀ ਤਕਨੀਕੀ ਮਹਾਂਸ਼ਕਤੀ ਵਜੋਂ ਮਾਨਤਾ ਪ੍ਰਾਪਤ ਕਰਨ ਦੀ ਇੱਛਾ ਦਾ ਇੱਕ ਅਨਿੱਖੜਵਾਂ ਅੰਗ ਹੈ, ਕਿਉਂਕਿ ਇਹ 2035 ਤੱਕ ਸੰਚਾਲਨ, ਤਕਨਾਲੋਜੀਆਂ ਅਤੇ ਸੇਵਾਵਾਂ ਦੇ ਮਾਮਲੇ ਵਿੱਚ ਵਿਸ਼ਵ-ਵਿਆਪੀ ਪੱਧਰ 'ਤੇ ਪਹੁੰਚਣ ਦੀ ਕੋਸ਼ਿਸ਼ ਕਰ ਰਹੀ ਹੈ।.....ਤਿੱਬਤੀ ਪਠਾਰ ਵਿੱਚ ਚੀਨ ਦੀਆਂ ਡੈਮ ਬਣਾਉਣ ਦੀਆਂ ਗਤੀਵਿਧੀਆਂ ਨੇ ਵੀ ਬਹੁਤ ਸਾਰੇ ਲੋਕਾਂ ਦੇ ਭਰਵੱਟੇ ਖੜ੍ਹੇ ਕਰ ਦਿੱਤੇ ਹਨ। ਚੀਨ ਨੇ ਤਿੱਬਤ ਵਿੱਚ ਨਦੀਆਂ 'ਤੇ 50 ਤੋਂ ਵੱਧ ਡੈਮ ਬਣਾਉਣ ਦੀ ਯੋਜਨਾ ਬਣਾਈ ਹੈ, ਜਿਸ ਵਿੱਚ ਬ੍ਰਹਮਪੁੱਤਰ ਅਤੇ ਮੇਕਾਂਗ ਨਦੀਆਂ ਵੀ ਸ਼ਾਮਲ ਹਨ, ਇਸ ਖੇਤਰ ਦੇ ਦੇਸ਼ਾਂ ਦੁਆਰਾ ਸ਼ੱਕ ਅਤੇ ਖ਼ਦਸ਼ੇ ਨਾਲ ਦੇਖਿਆ ਜਾ ਰਿਹਾ ਹੈ। ਇਹ ਸਿੰਧ ਨਦੀ 'ਤੇ ਗਿਲਗਿਟ-ਬਾਲਟਿਸਤਾਨ ਖੇਤਰ ਵਿੱਚ ਇੱਕ ਡੈਮ ਵੀ ਬਣਾ ਰਿਹਾ ਹੈ, ਜੋ ਪ੍ਰਭੂਸੱਤਾ, ਪਾਰਦਰਸ਼ਤਾ ਦੀ ਘਾਟ, ਵਾਤਾਵਰਣ ਅਤੇ ਸਮਾਜਿਕ-ਆਰਥਿਕ ਖ਼ਦਸ਼ਿਆਂ ਨੂੰ ਲੈ ਕੇ ਵਿਵਾਦਾਂ ਵਿੱਚ ਘਿਰਿਆ ਹੋਇਆ ਹੈ। ਲੰਬੇ ਸਮੇਂ ਤੋਂ, ਭਾਰਤ ਨੇ ਉਨ੍ਹਾਂ ਕਿਰਿਆਵਾਂ 'ਤੇ ਵਿਚਾਰ ਕੀਤਾ ਹੈ ਜਿਨ੍ਹਾਂ ਨਾਲ ਚੀਨੀ ਡੈਮ ਨਿਰਮਾਣ ਗਤੀਵਿਧੀਆਂ ਭਾਰਤ ਅਤੇ ਬੰਗਲਾਦੇਸ਼ ਵਰਗੇ ਹੋਰ ਹੇਠਲੇ ਦੇਸ਼ਾਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਚੀਨ ਦੀ ਬ੍ਰਹਮਪੁੱਤਰ ਦੇ ਰੁਖ ਮੋੜਨ ਦੀ ਯੋਜਨਾ ਤੋਂ ਲੈ ਕੇ ਭਾਰਤ ਦੇ ਉੱਤਰ-ਪੂਰਬ ਵਿੱਚ ਹੜ੍ਹਾਂ ਨੂੰ ਤਿੱਬਤੀ ਪਠਾਰ ਵਿੱਚ ਚੀਨੀ ਗਤੀਵਿਧੀਆਂ ਨਾਲ ਜੋੜਨ ਤੱਕ ਦੇ ਸਿਧਾਂਤਾਂ ਦੇ ਨਾਲ, ਇਸ ਦੇ ਇਰਾਦਿਆਂ ਦੇ ਨਾਲ-ਨਾਲ ਵਿਆਪਕ ਖੇਤਰ ਵਿੱਚ ਇਨ੍ਹਾਂ ਗਤੀਵਿਧੀਆਂ ਦੇ ਨਤੀਜਿਆਂ ਬਾਰੇ ਸਪੱਸ਼ਟਤਾ ਦੀ ਘਾਟ ਹੈ।...."

ਭਾਰਤੀ ਮਾਨਸੂਨ, ਜੋ ਕਿ ਦੁਨੀਆਂ ਦੀਆਂ ਮਾਨਸੂਨ ਪ੍ਰਣਾਲ਼ੀਆਂ ਵਿੱਚੋਂ ਸਭ ਤੋਂ ਪ੍ਰਮੁੱਖ ਹੈ, ਜੋ ਮੁੱਖ ਤੌਰ 'ਤੇ ਭਾਰਤ ਅਤੇ ਇਸ ਦੇ ਆਲ਼ੇ-ਦੁਆਲ਼ੇ ਦੇ ਜਲ ਸਰੋਤਾਂ ਨੂੰ ਪ੍ਰਭਾਵਿਤ ਕਰਦੀ ਹੈ। ਇਹ ਬਾਰਸ਼ ਬੰਗਾਲ ਦੀ ਖਾੜੀ ਤੋਂ ਹਵਾ ਦੇ ਵਹਾਅ

ਅਤੇ ਦੱਖਣੀ-ਚੀਨ ਸਾਗਰ ਤੋਂ ਉਲਟ ਹਵਾਵਾਂ ਦੇ ਪ੍ਰਵਾਹ ਦਾ ਨਤੀਜਾ ਹੈ। ਇਹ ਠੰਢੇ ਮਹੀਨਿਆਂ ਦੌਰਾਨ ਉੱਤਰ-ਪੂਰਬ ਤੋਂ ਉੱਡਦਾ ਹੈ ਅਤੇ ਸਾਲ ਦੇ ਸਭ ਤੋਂ ਨਿੱਘੇ ਮਹੀਨਿਆਂ ਦੌਰਾਨ ਦੱਖਣ-ਪੱਛਮ ਤੋਂ ਉੱਡਣ ਦੀ ਦਿਸ਼ਾ ਨੂੰ ਬਦਲ ਦਿੰਦਾ ਹੈ। ਇਹ ਪ੍ਰਕਿਰਿਆ ਜੂਨ ਅਤੇ ਜੁਲਾਈ ਦੌਰਾਨ ਖੇਤਰ ਵਿੱਚ ਵੱਡੀ ਮਾਤਰਾ ਵਿੱਚ ਬਾਰਸ਼ ਲਿਆਉਂਦੀ ਹੈ। ਭਾਰਤ ਵਿੱਚ ਦੋ ਮਾਨਸੂਨ ਮੌਸਮ ਹੁੰਦੇ ਹਨ। ਗਰਮੀਆਂ ਦੀ ਮਾਨਸੂਨ, ਜਿਸ ਨੂੰ ਦੱਖਣ-ਪੱਛਮੀ ਮਾਨਸੂਨ ਵਜੋਂ ਜਾਣਿਆ ਜਾਂਦਾ ਹੈ, ਜੋ ਜੂਨ ਤੋਂ ਸਤੰਬਰ ਤੱਕ ਰਹਿੰਦੀ ਹੈ ਅਤੇ ਪੂਰੇ ਭਾਰਤ ਨੂੰ ਪ੍ਰਭਾਵਿਤ ਕਰਦੀ ਹੈ। ਫਿਰ ਉੱਤਰ-ਪੂਰਬ ਜਾਂ ਸਰਦੀਆਂ ਦੀ ਮਾਨਸੂਨ ਅਕਤੂਬਰ ਤੋਂ ਦਸੰਬਰ ਤੱਕ ਦੱਖਣ-ਪੂਰਬੀ ਭਾਰਤ ਵਿੱਚ ਬਾਰਸ਼ ਲਿਆਉਂਦੀ ਹੈ।

ਬੱਦਲ਼ਾਂ 'ਤੇ ਮਾਲਕੀ ਕਿਸ ਦੀ ਹੈ? ਕਿਉਂਕਿ ਮਾਨਸੂਨਾਂ ਨੂੰ ਰੋਕਣ 'ਤੇ ਕੋਈ ਅੰਤਰ-ਰਾਸ਼ਟਰੀ ਰਿਪੇਰੀਅਨ ਕਾਨੂੰਨ ਵਰਗਾ ਕੋਈ ਪੁਖ਼ਤਾ ਕਾਨੂੰਨ ਅਜੇ ਤੱਕ ਹੋਂਦ ਵਿਚ ਨਹੀਂ ਆਇਆ, ਇਸ ਕਰਕੇ ਚੀਨ ਵੱਲੋਂ ਇਹਨਾਂ ਮਾਨਸੂਨਾਂ ਨੂੰ ਰੋਕਣ ਜਾਂ ਇਨ੍ਹਾਂ ਦੀ ਦਿਸ਼ਾ ਬਦਲਣ ਦੀ ਗਤੀ ਵਿਧੀ ਨੂੰ ਕੋਈ ਸਿੱਧਾ ਵੰਗਾਰ ਨਹੀਂ ਸਕਦਾ। Convention on the Prohibition of Military or Any Other Hostile Use of Environmental Modification Techniques (ENMOD) ਮੌਸਮ ਅਤੇ ਜਲਵਾਯੂ ਸੋਧ ਤਕਨਾਲੋਜੀਆਂ ਦੇ ਰੈਗੂਲੇਸ਼ਨ ਨਾਲ ਸਬੰਧਿਤ ਇੱਕੋ ਇੱਕ ਅੰਤਰਰਾਸ਼ਟਰੀ ਢਾਂਚਾ ਹੈ। ਮੌਸਮ ਸੋਧ ਪ੍ਰੋਗਰਾਮਾਂ ਵਿਚ ਵਧਦੀ ਰੁਚੀ ਨੂੰ ਦੇਖਦੇ ਹੋਏ, ਇਹ ਸਪੱਸ਼ਟ ਹੈ ਕਿ ENMOD ਦੁਆਰਾ ਪੇਸ਼ ਕੀਤਾ ਕਨੂੰਨੀ ਢਾਂਚਾ ਕਾਫ਼ੀ ਨਹੀਂ ਹੈ, ਕਿਉਂਕਿ "ਮਲਕੀਅਤ" ਦੇ ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ਹੈ। ਕਿਸੇ ਵੀ ਸੂਰਤ ਵਿੱਚ, ਬੱਦਲ਼ਾਂ ਦੀ ਵੱਖਰੀ ਪ੍ਰਕਿਰਤੀ, ਉਨ੍ਹਾਂ ਦੇ ਰੂਪ ਅਤੇ ਸਥਾਨ ਦੀ ਨਿਰੰਤਰ ਤਬਦੀਲੀ, ਉਨ੍ਹਾਂ ਦੇ ਉਭਾਰ, ਅਲੋਪ ਹੋਣ ਅਤੇ ਨਵਿਆਉਣ ਦੇ ਕਾਰਨ 'ਬੱਦਲ਼ ਨੂੰ ਕਾਨੂੰਨੀ ਖ਼ਿਤਾਬ ਦੇਣਾ ਹਾਸੋਹੀਣਾ ਹੋਵੇਗਾ'। ਦਰਅਸਲ ਬੱਦਲ਼, ਹਵਾ, ਵਹਿੰਦੇ ਪਾਣੀ, ਸਾਗਰ ਅਤੇ ਜੰਗਲੀ ਜੀਵਾਂ ਵਰਗੇ ਹੀ ਹੁੰਦੇ ਹਨ, ਜੋ ਕਿਸੇ ਦੇ ਕਬਜ਼ੇ ਤੋਂ ਮੁਕਤ ਹੁੰਦੇ ਹਨ ਅਤੇ ਇਸ ਲਈ ਇਹਨਾਂ ਨੂੰ ਸਾਂਝੀ ਜਾਇਦਾਦ ਮੰਨਿਆ ਜਾਣਾ ਚਾਹੀਦਾ ਹੈ। ਇਸ ਧਾਰਨਾ ਦੇ ਅਧਾਰ 'ਤੇ ਇਹ ਸਿੱਟਾ ਨਿਕਲਦਾ ਹੈ ਕਿ Res Communis (ਹਰ ਕਿਸੇ ਨਾਲ ਸਬੰਧਤ ਹੈ ਅਤੇ ਜਿਸ ਲਈ ਅੰਤਰਰਾਸ਼ਟਰੀ ਨਿਯਮ ਦੀ ਜ਼ਰੂਰਤ ਹੈ), ਨਾਲ਼ੋਂ Res Nullis, (ਕਿਸੇ ਇਕ ਦੀ ਮਲਕੀਅਤ ਨਾ ਹੋ ਕੇ ਰਾਜ ਦੀ ਮਲਕੀਅਤ ਹੋਵੇ, ਜਿਸ ਨੂੰ ਰਾਜ ਜਿਵੇਂ ਚਾਹੇ ਵਰਤੇ) ਵਧੇਰੇ ਢੁਕਵਾਂ ਹੈ। ਭਾਵੇਂ ਪਾਣੀ ਨੂੰ ਆਮ ਤੌਰ 'ਤੇ ਅੰਤਰਰਾਸ਼ਟਰੀ ਕਾਨੂੰਨ ਵਿੱਚ Res Nullis ਮੰਨਿਆ ਜਾਂਦਾ ਹੈ, ਪਰ ਇਸ ਨੂੰ Res Communis ਵਜੋਂ ਸਵੀਕਾਰ ਕਰਨ ਲਈ ਦਬਾਅ ਪਾਇਆ ਜਾ ਰਿਹਾ ਹੈ। ਬੱਦਲ਼ ਦੀ ਨਮੀ ਦਾ ਇਸ ਸਮੇਂ ਸਪੱਸ਼ਟ ਤੌਰ 'ਤੇ ਕੋਈ ਪਰਿਭਾਸ਼ਿਤ ਦਰਜਾ ਨਹੀਂ ਹੈ। ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਅੰਤਰਰਾਸ਼ਟਰੀ ਕਾਨੂੰਨ ਵਿਚ ਇੱਕ ਅਧਿਕਾਰ ਖੇਤਰ ਪ੍ਰਣਾਲ਼ੀ ਦਾ ਵਿਸਥਾਰ ਕਰਨਾ ਚਾਹੀਦਾ ਹੈ ਜੋ ਬੱਦਲ਼ਾਂ ਦੀ ਵਿਸ਼ੇਸ਼ ਪ੍ਰਕਿਰਤੀ ਅਤੇ ਨਵੀਆਂ ਤਕਨਾਲੋਜੀਆਂ ਦੇ ਪ੍ਰਭਾਵਾਂ ਦੋਵਾਂ ਨੂੰ ਧਿਆਨ ਵਿੱਚ ਰੱਖਦਾ ਹੋਵੇ।

**ਕਲਾਉਡ ਸੀਡਿੰਗ ਲਈ ਵਰਤੇ ਜਾਂਦੇ ਕੈਮੀਕਲ:** ਕਲਾਉਡ ਸੀਡਿੰਗ ਲਈ ਵਰਤੇ ਜਾਣ ਵਾਲੇ ਸਭ ਤੋਂ ਆਮ ਰਸਾਇਣਾਂ ਵਿੱਚ ਜ਼ਹਿਰੀਲੇ ਸਿਲਵਰ ਆਇਓਡਾਈਡ, ਪੋਟਾਸ਼ੀਅਮ ਆਇਓਡਾਈਡ ਅਤੇ ਡਰਾਈ ਆਈਸ (ਠੋਸ ਕਾਰਬਨ ਡਾਈਆਕਸਾਈਡ, ਜਿਸ ਤੋਂ ਗ੍ਰੀਨ ਹਾਊਸ ਗੈਸ ਪੈਦਾ ਹੁੰਦੀ ਹੈ) ਸ਼ਾਮਲ ਹਨ। ਤਰਲ ਪ੍ਰੋਪੇਨ, ਜੋ ਫੈਲ ਕੇ ਗੈਸ ਬਣਦਾ ਹੈ, ਦੀ ਵਰਤੋਂ ਵੀ ਕੀਤੀ ਜਾਂਦੀ ਹੈ। 2021 ਤੋਂ, ਸੰਯੁਕਤ ਅਰਬ ਅਮੀਰਾਤ ਇੱਕ ਨਵੀਂ ਤਕਨਾਲੋਜੀ ਦੀ ਵਰਤੋਂ ਕਰ ਰਿਹਾ ਹੈ: ਇਲੈਕਟ੍ਰਿਕ-ਚਾਰਜ ਨਿਕਾਸ ਯੰਤਰਾਂ ਦੇ ਨਾਲ ਲੈਸ ਡਰੋਨ ਜਿਸ ਦੇ ਅਨੁਕੂਲਿਤ ਸੈਂਸਰ ਘੱਟ ਉਚਾਈ 'ਤੇ ਉੱਡਦੇ ਹਨ ਅਤੇ ਹਵਾ ਦੇ ਅਣੂਆਂ ਨੂੰ ਇਲੈਕਟ੍ਰਿਕ ਚਾਰਜ ਪ੍ਰਦਾਨ ਕਰਦੇ ਹਨ। 2010 ਵਿੱਚ ਇੱਕ ਇਲੈਕਟ੍ਰਾਨਿਕ ਤੰਤਰ ਨੂੰ ਟੈੱਸਟ ਕੀਤਾ ਗਿਆ, ਜਦੋਂ ਜਿਨੇਵਾ ਯੂਨੀਵਰਸਿਟੀ ਦੇ ਖੋਜਕਰਤਾਵਾਂ ਦੁਆਰਾ ਇਨਫਰਾਰੈੱਡ ਲੇਜ਼ਰ ਪਲਸ ਨੂੰ ਬਰਲਿਨ ਦੇ ਉੱਪਰਲੇ ਵਾਯੂ-ਮੰਡਲ ਵਿੱਚ ਛੱਡਿਆ ਗਿਆ ਸੀ। ਪ੍ਰਯੋਗਕਰਤਾਵਾਂ ਨੇ ਇਹ ਮੰਨਿਆ ਕਿ ਲੇਜ਼ਰ ਪਲਸ ਵਾਯੂ-ਮੰਡਲ ਵਿੱਚਲੀ ਸਲਫਰ ਡਾਈਆਕਸਾਈਡ ਅਤੇ ਨਾਈਟ੍ਰੋਜਨ ਡਾਈਆਕਸਾਈਡ ਨੂੰ ਕਣਾਂ ਦੇ ਬਣਾਉਣ ਲਈ ਉਤਸ਼ਾਹਤ ਕਰਨਗੀਆਂ ਜੋ ਫਿਰ ਕਲਾਊਡ ਸੀਡ ਵਜੋਂ ਕੰਮ ਕਰਨਗੀਆਂ।

ਵਾਤਾਵਰਣ ਅਤੇ ਸਿਹਤ 'ਤੇ ਪ੍ਰਭਾਵ: NFPA 704 ਦੀ ਸਿਹਤ ਖ਼ਤਰੇ ਦੀ Rating 2 ਵਾਲ਼ੀ Silver Iodide ਤੀਬਰ ਜਾਂ ਲੰਬਾ ਸਮਾਂ ਸੰਪਰਕ ਵਿਚ ਰਹਿਣ ਵਾਲੇ ਮਨੁੱਖਾਂ ਅਤੇ ਹੋਰ ਥਣਧਾਰੀ ਜੀਵਾਂ ਵਿਚ ਅਸਥਾਈ ਤੌਰ 'ਤੇ ਅਸਮਰੱਥਾ ਜਾਂ ਸੰਭਾਵਿਤ ਨੁਕਸਾਨ ਦਾ ਕਾਰਨ ਬਣ ਸਕਦੀ ਹੈ। ਕਲਾਊਡ ਸੀਡਿੰਗ ਲਈ ਵਰਤੇ ਜਾਂਦੇ ਰਸਾਇਣਕ ਤੱਤਾਂ ਸਬੰਧੀ ਇਕ Cemtrail Conspiracy Theory ਵੀ ਚਰਚਾ ਵਿਚ ਹੈ। Cemtrail ਜਾਣ-ਬੁੱਝ ਕੇ ਅਕਾਸ਼ ਵਿਚ ਛੱਡੀ ਜ਼ਹਿਰ ਦੀ ਲੀਹ ਹੁੰਦੀ ਹੈ, ਅਤੇ ਇਸ ਰਸਾਇਣਕ ਰਿਲੀਜ਼ ਦਾ ਮੰਤਵ ਸੂਰਜੀ ਰੇਡੀਏਸ਼ਨ ਪ੍ਰਬੰਧਨ, ਮੌਸਮ ਵਿੱਚ ਸੋਧ, ਮਨੋਵਿਗਿਆਨਕ ਜੋੜ-ਤੋੜ, ਮਨੁੱਖੀ ਆਬਾਦੀ ਨਿਯੰਤਰਣ, ਜੈਵਿਕ ਜਾਂ ਰਸਾਇਣਕ ਯੁੱਧ, ਜਾਂ ਆਬਾਦੀ 'ਤੇ ਜੈਵਿਕ ਜਾਂ ਰਸਾਇਣਕ ਏਜੰਟਾਂ ਨੂੰ ਟੈੱਸਟ ਕਰਨਾ ਹੈ, ਅਤੇ ਇਹ ਕਿ ਅਕਾਸ਼ ਵਿਚ ਸੰਘਣਤਾ ਦੀਆਂ ਲੀਹਾਂ ਸਾਹ ਦੀਆਂ ਬਿਮਾਰੀਆਂ ਅਤੇ ਹੋਰ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਰਹੇ ਹਨ।

https://www.sundayguardianlive.com/ ChinaÒs geoengineering push dangerous for the region (Dr. Dhanasree Jayaram and Kurnica Bhattacharjee, December 19, 2020) ਅਨੁਸਾਰ "....ਭਾਰਤ ਨੂੰ ਚੀਨ ਦੀ ਮੌਸਮ ਸੋਧ ਪ੍ਰਣਾਲ਼ੀ ਅਤੇ ਜਲਵਾਯੂ ਇੰਜੀਨੀਅਰਿੰਗ ਦਾ ਭਵਿੱਖ ਵਿੱਚ ਵਿਆਪਕ ਮੁਲਾਂਕਣ ਕਰਨਾ ਚਾਹੀਦਾ ਹੈ। ਕੂਟਨੀਤਕ ਤੌਰ 'ਤੇ, ਖੇਤਰ ਦੇ ਦੇਸ਼ਾਂ ਵਿੱਚ ਇਕਜੁੱਟਤਾ ਦੀ ਭਾਵਨਾ ਅਤੇ ਖੇਤਰੀ ਪਹਿਲਕਦਮੀਆਂ ਲਈ ਚੀਨ 'ਤੇ ਦਬਾਅ ਪਾਉਣਾ ਜ਼ਰੂਰੀ ਹੈ ਕਿ ਉਹ ਇਨ੍ਹਾਂ ਤਕਨਾਲੋਜੀਆਂ ਨੂੰ ਇਕਪਾਸੜ ਤੌਰ 'ਤੇ ਤਾਇਨਾਤ ਨਾ ਕਰਨ। ਭਾਰਤ ਤਕਨਾਲੋਜੀ ਅਤੇ ਇਸ ਦੇ ਸ਼ਾਸਨ ਦੀ ਬਿਹਤਰ ਸਮਝ ਲਈ ਇਸ ਵਿਸ਼ੇ 'ਤੇ ਖੇਤਰੀ ਵਿਚਾਰ ਵਟਾਂਦਰੇ ਦੀ ਅਗਵਾਈ ਵੀ ਕਰ ਸਕਦਾ ਹੈ। ਅਜਿਹੀਆਂ ਪਹਿਲਕਦਮੀਆਂ ਅਤੇ ਵਿਚਾਰ-ਵਟਾਂਦਰੇ ਵਿਸ਼ਵ ਸ਼ਾਸਨ ਸਮੇਤ ਭੂ-ਇੰਜੀਨੀਅਰਿੰਗ ਤਕਨੀਕਾਂ ਦੇ ਲਾਗੂ ਹੋਣ ਦੇ ਪ੍ਰਭਾਵਾਂ ਦਾ ਮੁਲਾਂਕਣ ਕਰਨ ਲਈ ਰਾਸ਼ਟਰੀ, ਖੇਤਰੀ ਅਤੇ ਅੰਤਰਰਾਸ਼ਟਰੀ ਢਾਂਚੇ ਦੇ ਵਿਕਾਸ ਲਈ ਇੱਕ ਕਦਮ ਵਜੋਂ ਵੀ ਕੰਮ ਕਰ ਸਕਦੀਆਂ ਹਨ।"

ਕਲਾਊਡ ਸੀਡਿੰਗ ਨੂੰ ਪੰਜਾਬ ਸਮੇਤ ਭਾਰਤ ਵਿਚ ਅਜੇ ਇਨੀ ਗੰਭੀਰਤਾ ਨਾਲ਼ ਨਹੀਂ ਲਿਆ ਜਾ ਰਿਹਾ, ਪਰ ਇਸਦੇ ਦੂਰ-ਰਸ ਸਿੱਟੇ ਚਿਰ-ਸਥਾਈ ਅਤੇ ਬਹੁਤ ਮਾਰੂ ਹੋ ਸਕਦੇ ਹਨ। ਭਾਰਤ ਦੀਆਂ ਕੇਂਦਰੀ ਸਰਕਾਰਾਂ ਵੱਲੋਂ ਕੀਤੀ ਦਰਿਆਈ ਪਾਣੀਆਂ ਦੀ ਲੁੱਟ ਕਰਕੇ ਪੰਜਾਬ ਤਾਂ ਪਹਿਲਾਂ ਹੀ ਬੰਜਰ ਬਣਨ ਦੇ ਕਿਨਾਰੇ ਖੜ੍ਹਾ ਹੈ, ਉਤੋਂ ਜੇਕਰ ਮਾਨਸੂਨਾਂ ਨੂੰ ਡੱਕ ਕੇ ਚੀਨ ਸੋਕੇ ਦੀ ਹਾਲਤ ਪੈਦਾ ਕਰਦਾ ਹੈ ਤਾਂ ਭਾਰਤ ਦੇ ਅੰਨ-ਭੰਡਾਰ ਜਾਣੇ ਜਾਂਦੇ ਪੰਜਾਬ ਦੀ ਹਾਲਤ ਪਰਾਤ ਵਿਚਲੇ ਆਟੇ ਵਰਗੀ ਹੋ ਜਾਵੇਗੀ ਜਿਸਨੂੰ ਘਰ ਅੰਦਰਲੇ ਚੂਹਿਆਂ ਅਤੇ ਬਾਹਰਲੇ ਅਸਮਾਨੀ ਕਾਵਾਂ ਦਾ ਖ਼ਤਰਾ ਹੈ! ਖ਼ਦਸ਼ਾ ਹੈ ਕਿ UNESCO ਦੀ 2050 ਵਾਲ਼ੀ ਭਵਿੱਖਬਾਣੀ ਤੋਂ ਪਹਿਲਾਂ ਹੀ ਸ਼ਾਇਦ ਸਾਡੇ ਦੇਖਦਿਆਂ ਦੇਖਦਿਆਂ ਪੰਜਾਬ ਰੇਗਸਤਾਨ ਬਣ ਜਾਵੇ।

# ਕਾਲਾ ਕਾਨੂੰਨ ਯੂਏਪੀਏ ਲੋਕ ਰੋਹ ਨੂੰ ਦਬਾਉਣ ਦਾ ਇਕ ਸੰਦ



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301




ਮੋਦੀ ਸਰਕਾਰ ਦੀਆਂ ਨੀਤੀਆਂ ਦੇ ਖਿਲਾਫ ਖੁੱਲ੍ਹੇਆਮ ਬੋਲਣ ਵਾਲੇ ਸਮਾਜਿਕ ਰਾਜਨੀਤਕ ਕਾਰਕੁੰਨਾਂ ਨੂੰ ਚੁਣ ਚੁਣ ਕੇ ਫਰਜ਼ੀ ਮਾਮਲਿਆਂ ਵਿੱਚ ਬਿਨਾਂ ਕਿਸੇ ਠੋਸ ਸਬੂਤ ਦੇ ਯੂਏਪੀਏ ਵਰਗੇ ਕਾਲੇ ਕਾਨੂੰਨਾਂ ਤਹਿਤ ਜੇਲ੍ਹਾਂ ਚ ਠੋਸਿਆ ਜਾ ਰਿਹਾ ਹੈ। ਕਾਂਗਰਸ ਸਰਕਾਰ ਵਲੋਂ ਲੱਦੀ ਗਈ ਐਮਰਜੈਂਸੀ ਤੋਂ ਸਬਕ ਲੈਂਦੇ ਹੋਏ ਫਾਸ਼ੀਵਾਦੀ ਮੋਦੀ ਸਰਕਾਰ ਵੱਲੋਂ ਯੂਏਪੀਏ ਵਰਗੇ ਕਾਲੇ ਕਾਨੂੰਨ ਜ਼ਰੀਏ ਟਾਗੇ੍ਡ ਗ੍ਰਿਫਤਾਰੀਆਂ ਤੇ ਦਮਨ ਜਾਰੀ ਹੈ। ਪਿਛਲੇ ਲੰਮੇ ਸਮੇਂ ਤੋਂ ਆਨੰਦ ਤੇਲਤੁੰਬੜੇ, ਗੌਤਮ ਨਵਲੱਖਾ, ਸਾਈਂ ਬਾਬਾ, ਸੋਮਾ ਸੇਨ, ਸੁਧਾ ਭਾਰਦਵਾਜ, ਉਮਰ ਖਾਲਿਦ, ਸ਼ਰਜੀਲ ਇਮਾਮ, ਹਨੀ ਬਾਬੂ ਵਰਗੇ ਸਾਰੇ ਬੁੱਧੀਜੀਵੀ, ਮਨੁੱਖੀ ਅਧਿਕਾਰ ਕਾਰਕੁੰਨ ਤੇ ਸਮਾਜਿਕ ਰਾਜਸੀ ਕਾਰਕੁਨ ਜੇਲ੍ਹਾਂ ਵਿਚ ਬੰਦ ਹਨ ਕੁਝ ਸਮਾਂ ਪਹਿਲਾਂ ਕਾਫੀ ਮੁਸ਼ੱਕਤ ਪਿੱਛੋਂ ਵਰਵਰਾ ਰਾਓ ਜਮਾਨਤ ਤੇ ਰਿਹਾਅ ਹੋ ਸਕੇ। ਨਤਾਸ਼ਾ ਨਰਵਾਲ ਨੂੰ ਉਨ੍ਹਾਂ ਦੇ ਬੀਮਾਰ ਪਿਤਾ ਨੂੰ ਮਿਲਣ ਤਕ ਦੀ ਛੁੱਟੀ ਨਹੀਂ ਦਿੱਤੀ ਗਈ ਸੀ ਅਤੇ ਫਿਰ ਜਮਾਨਤ ਮਿਲਣ ਪਿੱਛੋਂ ਵੀ ਨਤਾਸ਼ਾ ਨੂੰ ਜੇਲ੍ਹ ਵਿਚ ਬੰਦ ਰੱਖਣ ਲਈ ਦਿੱਲੀ ਪੁਲੀਸ ਵੱਲੋਂ ਕਾਫੀ ਦਾਅ ਪੇਚ ਖੇਡੇ ਗਏ। ਹਾਲ ਹੀ ਵਿੱਚ 84 ਸਾਲ ਸਾਲਾ ਸਟੇਨ ਸੁਆਮੀ ਦੀ ਜੇਲ੍ਹ ਚ ਮੌਤ ਬਾਰੇ ਇਹ ਜੱਗ ਜ਼ਾਹਰ ਹੈ ਕਿ ਇਹ ਮੌਤ ਨਹੀਂ ਬਲਕਿ ਫਾਸ਼ੀਵਾਦੀ ਸਰਕਾਰ ਵੱਲੋਂ ਕੀਤੀ ਨਿਆਂਇਕ ਹੁਆ ਸੀ ਅਤੇ ਸਟੇਨ ਸੁਆਮੀ ਲੰਮੇ ਸਮੇਂ ਤੋਂ ਉਨ੍ਹਾਂ ਆਦਿਵਾਸੀਆਂ ਦੀ ਲੜਾਈ ਲੜ ਰਹੇ ਸਨ ਜਿਨ੍ਹਾਂ ਨੂੰ ਮਾਓਵਾਦੀ ਹੋਣ ਦਾ ਦੋਸ਼ ਲਾ ਕੇ ਜੇਲ੍ਹਾਂ ਵਿੱਚ ਸੁੱਟ ਦਿੱਤਾ ਗਿਆ ਸੀ। ਇਕ ਸਾਲ ਪਹਿਲਾਂ ਫਾਦਰ ਸਟੇਨ ਸੁਆਮੀ ਨੂੰ ਭੀਮਾ ਕੋਰੇਗਾਓਂ ਮਾਮਲੇ ਵਿੱਚ ਫ਼ਰਜ਼ੀ ਦੋਸ਼ ਲਾ ਕੇ ਜੇਲ੍ਹ ਵਿਚ ਸੁੱਟ ਦਿੱਤਾ ਗਿਆ ਸੀ। ਹਾਲ ਹੀ ਵਿਚ ਮਨੀਪੁਰ ਦੇ ਦੋ ਲੋਕ ਪੱਖੀ ਪੱਤਰਕਾਰਾਂ ਕਿਸ਼ੋਰ ਚੰਦਰ ਵਾਂਗਖੇਮ ਅਤੇ ਇਰੇਂਦਰ ਲੋਈਚਿਬੰਮ ਨੂੰ ਫੇਸਬੁੱਕ ਤੇ ਗੋਬਰ ਅਤੇ ਗਊ ਮੂਤਰ ਨੂੰ ਕੋਰੋਨਾ ਦਾ ਇਲਾਜ ਦੱਸੇ ਜਾਣ ਤੇ ਕੁਝ ਵਿਅੰਗ ਕਰਨ ਕਰਕੇ ਰਾਸਟਰੀ ਸੁਰੱਖਿਆ ਕਾਨੂੰਨ ਦੇ ਤਹਿਤ ਗ੍ਰਿਫਤਾਰ ਕਰ ਲਿਆ ਗਿਆ ਸੀ। ਹਾਥਰਸ ਬਲਾਤਕਾਰ ਦੀ ਰਿਪੋਰਟਿੰਗ ਕਰਨ ਵਾਲੇ ਕੇਰਲ ਦੇ ਪੱਤਰਕਾਰ ਸਦੀਕ ਕੰਪਨ ਨੂੰ ਯੂਏਪੀਏ ਦੇ ਤਹਿਤ ਜੇਲ੍ਹ ਵਿਚ ਸੁੱਟ ਦਿੱਤਾ ਗਿਆ। ਸਾਬਕਾ ਪੁਲਿਸ ਅਧਿਕਾਰੀ ਸੰਜੀਵ ਭੱਟ ਸਾਲਾਂ ਤੋਂ ਜੇਲ੍ਹ ਚ ਬੰਦ ਹਨ। ਕਰੋਨਾ ਦੀ ਦੂਸਰੀ ਲਹਿਰ ਦੇ ਦੌਰਾਨ ਆਪਣੀ ਅਪਰਾਧਿਕ ਲਾਪਰਵਾਹੀ ਨੂੰ ਢੱਕਣ ਲਈ ਯੂਪੀ ਸਰਕਾਰ ਦੇ ਪਹਿਲੇ ਸ਼ਿਕਾਰ ਅਮੇਠੀ ਦੇ ਸ਼ਸ਼ਾਂਕ ਯਾਦਵ ਬਣੇ, ਜਿਨ੍ਹਾਂ ਨੇ ਬੱਸ ਟਵਿੱਟਰ ਤੇ ਆਪਣੇ ਦਾਦਾ ਜੀ ਲਈ ਆਕਸੀਜਨ ਸਿਲੰਡਰ ਦੀ ਜਰੂਰਤ ਬਾਰੇ ਲਿਖੇ ਸੀ। ਦਿੱਲੀ ਪੁਲੀਸ ਨੇ ਸੁਲਤਾਨਪੁਰੀ ਮੁੰਗੋਲਪੁਰੀ ਇਲਾਕੇ ਚ ਰਹਿਣ ਵਾਲੀ ਪੱਚੀ ਨੌਜਵਾਨ ਮਿਹਨਤਕਸ਼ਾਂ ਨੂੰ ਦੀਵਾਰ ਤੇ "ਮੋਦੀ ਜੀ ਸਾਡੇ ਬੱਚਿਆਂ ਦੀ ਵੈਕਸੀਨ ਵਿਦੇਸ਼ ਕਿਉਂ ਭੇਜ ਦਿੱਤੀ?" ਦਾ ਸਿਰਫ ਪੋਸਟਰ ਲਾਉਣ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ ਗਿਆ ਸੀ।ਮੋਦੀ ਦੇ ਮੌਜੂਦਾ ਫਾਸ਼ੀਵਾਦੀ ਰੁਝਾਨਾਂ ਵਿੱਚ ਨਿਆਂਪ੍ਰਣਾਲੀ ਪੁਲੀਸ ਪ੍ਰਸ਼ਾਸਨ ਪੂਰੀ ਤਰ੍ਹਾਂ ਸੱਤਾ ਦੇ ਹੱਥ ਦੀ ਕਠਪੁਤਲੀ ਦੀ ਤਰ੍ਹਾਂ ਕੰਮ ਕਰ ਰਹੇ ਹਨ। ਭੀਮਾ ਕੋਰੇਗਾਓ ਦੇ ਕੇਸ ਵਿੱਚ ਪਿਛਲੇ ਸਾਲ ਅਕਤੂਬਰ ਵਿੱਚ ਐੱਨਆਈਏ ਨੇ ਦੱਸ ਹਜਾਰ ਸਫ਼ਿਆਂ ਦਾ ਦੋਸ਼ ਪੱਤਰ ਦਾਖਿਲ ਕੀਤਾ ਹੈ ਪਰ ਮੁਕੱਦਮੇ ਦੀ ਸੁਣਾਈ ਅਜੇ ਤੱਕ ਸ਼ੁਰੂ ਨਹੀਂ ਹੋਈ ਹੈ। ਜੇਲ੍ਹ ਵਿੱਚ ਬੰਦ ਲੋਕਾਂ ਦੀ ਜ਼ਮਾਨਤ ਦੀਆਂ ਅਰਜ਼ੀਆਂ ਵਾਰ ਵਾਰ ਖਾਰਿਜ ਕੀਤੀਆਂ ਜਾ ਚੁੱਕੀਆਂ ਹਨ। ਸੱਤਾ ਦੀ ਸਾਜਿਸ਼ ਦੀ ਸਥਿਤੀ ਤਾਂ ਇਹ ਹੈ ਕਿ 'ਵਾਸ਼ਿੰਗਟਨ ਪੋਸਟ' ਦੀ ਭਾਰਤ ਚ ਪੱਤਰਕਾਰ ਨਿਹਾ ਮਸੀਹ ਦੀ ਇੱਕ ਰਿਪੋਰਟ ਦੇ ਹਵਾਲੇ ਤੋਂ ਪਤਾ ਲੱਗਿਆ ਹੈ ਕਿ ਅਮਰੀਕਾ ਦੇ ਮੈਸਾਚੁਸੇਟਸ ਦੀ ਡਿਜੀਟਲ ਫਾਰੈਂਸਿਕ ਫਰਮ, ਆਰਸੇਨਲ ਕੰਸਲਟਿੰਗ ਨੇ ਭੀਮਾ ਕੋਰੇਗਾਓ ਮੁਹੱਲੇ 'ਚ ਮਾਓਵਾਦੀ ਸਾਜ਼ਿਸ਼ ਤੇ ਪ੍ਰਧਾਨ ਮੰਤਰੀ ਦੀ ਹੱਤਿਆ ਦੀ ਸਾਜ਼ਿਸ਼ ਹੇਠ ਜੇਲ੍ਹ 'ਚ ਬੰਦ ਦੋਸ਼ੀਆਂ ਵਿਚੋਂ ਦੋ-ਰੋਨਾ ਵਿਲਸਨ ਤੇ ਸੁਰਿੰਦਰ ਗਾਡਗਿਲ ਦੇ ਡਿਜੀਟਲ ਰਿਕਾਰਡਸ ਅਤੇ ਈ-ਮੇਲ ਦੀ ਜਾਂਚ ਕਰਨ ਤੇ ਪਾਇਆ ਗਿਆ ਕਿ ਕਿਸੇ ਹੈਕਰ ਦੇ ਜ਼ਰੀਏ ਇਨ੍ਹਾਂ ਦੋਹਾਂ ਦੇ ਕੰਪਿਊਟਰਾਂ ਵਿਚ ਇਤਰਾਜ਼ਯੋਗ ਸਮੱਗਰੀ ਪਾਈ ਗਈ ਸੀ। ਗ੍ਰਿਫਤਾਰੀ ਤੋਂ ਪਹਿਲਾਂ ਫਾਦਰ ਸਟੇਨ ਸਵਾਮੀ,ਗੌਤਮ ਨਵਲੱਖਾ ਤੇ ਆਨੰਦ ਤੇਲਤੁੰਬੜੇ ਨੇ ਵੀ ਇਹੀ ਕਿਹਾ ਸੀ। ਇਸ ਰਿਪੋਰਟ ਤੇ ਐਨਆਈਏ ਦੇ ਬੁਲਾਰੇ ਨੇ ਅਦਾਲਤੀ ਕਾਰਵਾਈ ਦਾ ਹਵਾਲਾ ਦੇ ਕੇ ਚੁੱਪ ਵੱਟੀ ਹੋਈ ਹੈ। ਅਰਸੇਨਲ ਦੀਆਂ ਤਿੰਨ ਰਿਪੋਟਾਂ ਆ ਚੁੱਕੀਆਂ ਹਨ,ਪਰ ਗੋਦੀ ਮੀਡੀਆ ਦੇ ਸਨਸਨੀਖੇਜ਼ ਦੇਸ਼ਧ੍ਰੋ ਦੇਸ਼ਧ੍ਰੋ ਦੇ ਕਾਤਲਾਨਾ ਸ਼ੋਰ ਵਿੱਚੋਂ ਇਨ੍ਹਾਂ ਗੱਲਾਂ ਤੇ ਕਿਸੇ ਦਾ ਧਿਆਨ ਨਹੀਂ ਗਿਆ। ਇਨ੍ਹਾਂ ਵਿੱਚੋਂ ਜਿ?ਆਦਾਤਰ ਲੋਕ ਸੱਠ- ਸੱਤਰ ਸਾਲਾਂ ਦੀ ਉਮਰ ਤੋਂ ਉੱਪਰ ਵਾਲੇ ਹਨ ਅਤੇ ਕਿਸੇ ਨਾ ਕਿਸੇ ਟਰਮੀਨਲਜ਼ ਬਿਮਾਰੀ ਦੇ ਮਰੀਜ਼ ਹਨ। ਜ਼ਾਹਿਰ ਹੈ ਕਿ ਸਰਕਾਰਾਂ ਉਹਨਾਂ ਨੂੰ ਲੰਮਾ ਸਮਾਂ ਮੁਕੱਦਮੇ ਦੌਰਾਨ ਜੇਲ੍ਹ ਵਿਚ ਹੀ ਰੱਖ ਕੇ ਮਾਰ ਦੇਣਾ ਚਾਹੁੰਦੀ ਹੈ। ਜਾਂ ਫਿਰ ਸਰੀਰਕ ਰੂਪ ਵਿੱਚ ਇਨ੍ਹਾਂ ਨੂੰ ਏਨਾ ਨਕਾਰਾ ਕਰਨਾ ਚਾਹੁੰਦੀ ਹੈ ਕਿ ਉਹ ਫਿਰ ਕਿਸ ਤਰ੍ਹਾਂ ਦੀ ਸਰਗਰਮੀ ਕਰਨ ਲਾਇਕ ਨਾ ਰਹਿ ਜਾਣ। ਸਰੀਰ ਤੋਂ ਅੱਸੀ ਫੀਸਦੀ ਅਪਾਹਜ ਜੀ ਐਨ ਸਾਈਂਬਾਬਾ ਦੀ ਸਥਿਤੀ ਅੱਛੀ ਨਹੀਂ ਹੈ। ਪੂਰੇ ਦੇਸ਼ ਵਿੱਚ ਯੂਏਪੀਏ ਵਰਗੇ ਕਾਲੇ ਕਾਨੂੰਨ ਦੇ ਤਹਿਤ ਜ਼ੇਲ ਹਜਾਰਾਂ ਲੋਕ ਬੰਦ ਪਏ ਹਨ ਅਤੇ ਦਸ ਵੀਹ ਸਾਲ ਜੇਲ੍ਹ ਵਿਚ ਰਹਿਣ ਦੇ ਬਾਅਦ ਜ਼ਿੰਦਾ ਲਾਸ਼ ਬਣ ਕੇ ਬਾਹਰ ਆਉਣ ਵਾਲਿਆਂ ਦੇ ਮਾਮਲੇ ਵੀ ਦਰਜਨਾਂ ਦੀ ਗਿਣਤੀ ਵਿੱਚ ਹਨ॥ ਅਜੇ ਹਾਲ ਹੀ ਵਿੱਚ ਪਿਛਲੇ ਡੇਢ ਸਾਲ ਤੋਂ ਜੇਲ੍ਹ ਚ ਬੰਦ ਉਮਰ ਖਾਲਿਦ ਦੇ ਮੁਕੱਦਮੇ ਦੀ ਸੁਣਵਾਈ ਚ ਵਿਰਕ ਸਰਕਾਰ ਅਤੇ ਪੁਲੀਸ ਪ੍ਰਸ਼ਾਸਨ ਦੀ ਘਿਨੌਣੀ ਮਿਲੀਭੁਗਤ ਦਾ ਫਿਰ ਤੋਂ ਇੱਕ ਵਾਰ ਪਰਦਾਫਾਸ਼ ਹੋਇਆ ਹੈ। ਜਿਸ ਮੀਡੀਆ ਕਲਿੱਪ ਦੇ ਅਧਾਰ ਤੇ ਉਮਰ ਖਾਲਿਦ ਤੇ ਯੂਏਪੀਏ ਲਾਇਆ ਗਿਆ ਸੀ, ਕੋਰਟ ਵਿੱਚ ਸੁਣਵਾਈ ਦੌਰਾਨ ਜਦ ਉਸਦਾ ਪੂਰਾ ਫੁਟੇਜ ਮੰਗਿਆ ਗਿਆ ਤਾਂ ਦਿੱਲੀ ਪੁਲੀਸ ਨੇ ਦੱਸਿਆ ਕਿ ਉਸ ਨੇ ਰਿਪਬਲਿਕ ਟੀਵੀ ਤੋਂ ਉਹ ਕਲਿਪ ਲਈ ਸੀ ਅਤੇ ਜਦ ਰਿਪਬਲਿਕ ਟੀਵੀ ਤੋਂ ਪੂਰਾ ਫੁਟੇਜ ਮੰਗਿਆ ਗਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੀ ਪਾਸ ਕੋਈ ਰਾ ਫੁਟੇਜ ਨਹੀਂ ਹੈ ਕਿਉਂਕਿ ਉਨ੍ਹਾਂ ਦਾ ਕੋਈ ਰਿਪੋਰਟਰ ਉੱਥੇ ਮੌਜੂਦ ਨਹੀਂ ਸੀ। ਰਿਪਬਲਿਕ ਟੀਵੀ ਨੇ ਦੱਸਿਆ ਕਿ ਉਹ ਕਲਿਪ ਉਸਨੇ ਭਾਜਪਾ ਆਈ ਟੀ ਸੈੱਲ ਦੀ ਅਮਿਤ ਮਾਲਵੀਆ ਦੇ ਟਵੀਟ ਤੋਂ ਮਿਲੀ ਸੀ। ਅਮਿਤ ਮਾਲਵੀਆ ਨੇ ਜੋ ਕਲਿੱਪ ਟਵੀਟ ਕੀਤੀ ਸੀ ਡਾਕਟਰਡ (ਤਰੋੜੀ ਮਰੋੜੀ) ਸੀ। ਮਜ਼ੇਦਾਰ ਗੱਲ ਤਾਂ ਇਹ ਹੈ ਕਿ ਦਿੱਲੀ ਦੰਗਿਆਂ ਤੋਂ ਲੈ ਕੇ ਸ਼ਰ੍ਹੇਆਮ ਗੋਲੀ ਚਲਾਉਣ ਵਾਲੇ, ਭੀਮਾਂ ਕੋਰਿਗਾਓ ਦੇ ਅਪਰਾਧੀ, ਜੰਤਰ ਮੰਤਰ ਤੇ ਖੁੱਲ੍ਹੇਆਮ ਮੁਸਲਿਮਾਂ ਦੇ ਖਿਲਾਫ ਹਿੰਸਾ ਦਾ ਨਾਅਰਾ ਲਾਉਣ ਵਾਲੇ ਸੰਘੀਆਂ ਭਾਜਪਾਈਆਂ ਨੂੰ ਖੁੱਲ੍ਹਾ ਛੱਡ ਦਿੱਤਾ ਗਿਆ ਜਾਂ ਤੁਰੰਤ ਜਮਾਨਤ ਮਿਲ ਗਈ। ਐੱਨਸੀਆਰਬੀ ਦੇ ਰਿਕਾਰਡ ਮੁਤਾਬਕ ਪਿਛਲੇ ਪੰਜ ਸਾਲਾਂ ਵਿਚ 7840 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਜਿਨ੍ਹਾਂ ਚੋਂ ਸਿਰਫ 155 ਲੁਕਣ ਤੇ ਹੀ ਦੋਸ਼ ਸਾਬਤ ਕੀਤੇ ਜਾ ਸਕੇ। ਰੇਅਰ ਕੇਸਾਂ ਨੂੰ ਛੱਡ ਕੇ ਨਿਆਂਪਾਲਕਾ ਸਰਕਾਰ ਦੇ ਇਸ਼ਾਰੇ ਤੇ ਕੰਮ ਕਰ ਰਹੀ ਹੈ ਅਤੇ ਐਨਆਈਏ, ਸੀਬੀਆਈ, ਆਈਬੀ, ਈਡੀ ਆਦਿ ਏਜੰਸੀਆਂ ਦੀ ਆਜਾਦੀ ਤੇ ਨਿਰਪੱਖਤਾ ਦੀ ਗੱਲ ਕਰਨਾ ਤਾਂ ਇਕ ਮਜ਼ਾਕ ਤੋਂ ਵੱਧ ਕੁਝ ਨਹੀਂ ਹੈ। ਇਨ੍ਹਾਂ ਕਾਨੂੰਨਾਂ ਤੇ ਜਬਰ ਦੇ ਖ਼ਿਲਾਫ਼ ਲੜਾਈ ਦੀ ਕਮਜ਼ੋਰੀ ਇਹ ਰਹੀ ਹੈ ਕਿ ਅਸੀਂ ਪ੍ਰਤੀਕਾਤਮਕ ਰੋਸਮੁਜ਼ਾਹਰਿਆਂ, ਸੈਮੀਨਾਰਾਂ, ਗੋਸ਼ਟੀਆਂ, ਜਨਹਿੱਤ ਯਾਚਿਕਾਵਾਂ, ਫੈਕਟ ਫਾਈਂਡਿੰਗ ਆਦਿ ਤਕ ਹੀ ਸੀਮਤ ਰਹੇ। ਇਹ ਵੀ ਹੋਣਾ ਤਾਂ ਚਾਹੀਦਾ ਹੈ ਪਰ ਜਦ ਤਕ ਕਿ ਆਮ ਲੋਕਾਂ ਦਾ ਮੁੱਦਾ ਬਣ ਜਾਂਦਾ, ਜਦ ਤੱਕ ਆਮ ਜਨਤਾ ਸੜਕਾਂ ਤੇ ਵੱਡੀ ਗਿਣਤੀ ਵਿੱਚ ਨਹੀਂ ਉਤਰਦੀ ਉਨੀ ਦੇਰ ਤੱਕ ਫਾਸਿਸਟ ਸੱਤਾਧਾਰੀਆਂ ਤੇ ਕੋਈ ਫਰਕ ਨਹੀਂ ਪਵੇਗਾ। ਮੀਡੀਆ ਸੰਘ ਪਰਿਵਾਰ ਦਾ ਧੂਤੂ ਹੈ ਅਤੇ ਆਪਣੀ ਪੈਠ ਦਾ ਫਾਇਦਾ ਉਠਾ ਕੇ ਲੋਕਾਂ ਦੇ ਹਿੱਤਾਂ ਦੇ ਲਈ ਲੜਨ ਵਾਲਿਆਂ ਨੂੰ ਦੇਸ਼ ਧਰੋਹੀ,ਫੁੱਟ ਪਾਉਣ ਵਾਲੇ, ਅੱਤਵਾਦੀ ਵਜੋਂ ਪ੍ਰਚਾਰਦਾ ਹੈ ਅਤੇ ਉਨ੍ਹਾਂ ਦੇ ਲਈ ਬੋਲਣ ਵਾਲਿਆਂ ਨੂੰ ਵੀ ਇਸੇ ਸ਼੍ਰੇਣੀ ਵਿਚ ਖੜ੍ਹਾ ਕਰ ਦਿੰਦਾ ਹੈ।

(ਅਵਹਾਣ ਜੁਲਾਈ 21/4)

# ਸਾਵਰਕਰ ਦੀ ਹਿੰਦੂਵਾਦੀ ਵਿਚਾਰਧਾਰਾ

ਡਾ. ਕਰਮਜੀਤ ਸਿੰਘ



ਸਾਵਰਕਰ ਨੂੰ ਜਾਨਣ ਲਈ ਉਸਦੇ ਮੁਆਫ਼ੀਨਾਮਿਆਂ ਵਿਚਲੀ ਇਬਾਰਤ ਨੂੰ ਸਮਝਣਾ ਹੀ ਕਾਫ਼ੀ ਨਹੀਂ, ਸਗੋਂ ਉਸਦੀ ਸਮੁੱਚੀ ਵਿਚਾਰਧਾਰਾ ਨੂੰ ਸਮਝਣਾ ਵੀ ਜ਼ਰੂਰੀ ਹੈ ਜਿਸਦੀ ਸ਼ੁਰੂਆਤ 'ਭਾਰਤ ਛੱਡੋ ਅੰਦੋਲਨ' ਦਰਮਿਆਨ ਉਸ ਵਲੋਂ ਨਿਭਾਈ ਗਈ ਨਖਿੱਧ ਭੂਮਿਕਾ ਤੋਂ ਬਾਖ਼ੂਬੀ ਕੀਤੀ ਜਾ ਸਕਦੀ ਹੈ। ਭਾਰਤ ਛੱਡੋ ਅੰਦੋਲਨ (1942) ਦੌਰਾਨ ਸਾਵਰਕਰ ਦੀ ਲੀਡਰਸ਼ਿਪ ਵਿੱਚ ਹਿੰਦੂ ਮਹਾਂਸਭਾ ਨੇ ਬੜਾ ਸ਼ੱਕੀ ਤੇ ਵੰਡ ਪਾਊ ਰੋਲ ਅਦਾ ਕੀਤਾ ਸੀ। ਜਿੱਥੇ ਅੰਗ੍ਰੇਜ਼ੀ ਸਾਮਰਾਜ ਦੇ ਦਮਨ ਚੱਕਰ ਦੇ ਚੱਲਦਿਆਂ ਕਾਂਗਰਸ ਅਤੇ ਭਾਰਤ ਦੀ ਵਿਸ਼ਾਲ ਜਨਤਾ ਦੇ ਵਿਸ਼ਾਲ ਹਿੱਸੇ ਰਾਜ ਦੀਆਂ ਸੰਸਥਾਵਾਂ ਦਾ ਬਾਈਕਾਟ ਕਰ ਰਹੇ ਸਨ, ਓਥੇ ਹਿੰਦੂ ਮਹਾਂਸਭਾ ਨੇ ਬ੍ਰਿਟਿਸ਼ ਸੱਤਾ ਨਾਲ ਸਹਿਯੋਗ ਕਰਨ ਦਾ ਫੈਸਲਾ ਕੀਤਾ ਸੀ। 1942 ਵਿੱਚ ਕਾਨ੍ਹਪੁਰ ਵਿੱਚ ਹੋਏ ਹਿੰਦੂ ਮਹਾਂਸਭਾ ਦੇ 24ਵੇਂ ਸੈਸ਼ਨ ਨੂੰ ਸੰਬੋਧਨ ਕਰਦਿਆਂ ਸਾਵਰਕਰ ਨੇ ਹਿੰਦੂ ਮਹਾਂਸਭਾ ਦਾ ਰਾਜ ਸੱਤਾ ਨਾਲ ਸਹਿਯੋਗ ਦਾ ਪੈਂਤੜਾ ਤੈਅ ਕਰਦਿਆਂ ਕਿਹਾ ਸੀ ਕਿ ਅਮਲੀ ਰਾਜਨੀਤੀ (ਪ੍ਰੈਕਟੀਕਲ ਪਾਲਿਟਿਕਸ) ਦੀ ਜ਼ਿੰਮੇਂਵਾਰੀ ਸਹਿਯੋਗ ਦੀ ਪਾਲਿਸੀ ਵੀ ਜ਼ਰੂਰੀ ਹੈ। ਸਰਕਾਰ ਦੇ ਸ਼ਕਤੀ ਕੇਂਦਰਾਂ ਨੂੰ, ਹਿੰਦੂਆਂ ਦੇ ਹਿੱਤ ਸਾਧਣ ਅਤੇ ਹਿੰਦੂਆਂ ਦੇ ਬਣਦੇ ਹੱਕਾਂ ਨੂੰ ਅੱਗੇ ਵਧਾਉਣ ਲਈ ਵਰਤਿਆ ਜਾਣਾ ਚਾਹੀਦਾ ਹੈ। ਜ਼ਿੰਮੇਂਵਾਰ ਸਹਿਯੋਗ ਦੀ ਪਲਿਸੀ ਹੇਠ ਦੇਸ਼ ਭਗਤੀ ਦੀਆਂ ਸਰਗਰਮੀਆਂ ਦੀਆਂ ਸਮੁੱਚੀਆਂ ਸੁਰਾਂ ਦਬ ਜਾਂਦੀਆਂ ਹਨ। ਉਸ ਅਨੁਸਾਰ ਜੇ ਅਜਿਹੀ ਪਾਲਿਸੀ ਨਾਲ ਬ੍ਰਿਟਿਸ਼ ਸਾਮਰਾਜ ਵਿਰੁੱਧ ਕਾਇਮ ਹੋਇਆ ਤੱਥ-ਕਥਿਤ ਸਾਂਝਾ ਮੋਰਚਾ ਟੁੱਟਦਾ ਵੀ ਹੈ ਤਾਂ ਵੀ ਉਸਨੂੰ ਇਸ ਦੀ ਕੋਈ ਪ੍ਰਵਾਹ ਨਹੀਂ ਹੈ।

ਸੁਭਾਸ਼ ਚੰਦਰ ਬੋਸ ਦੀ ਬ੍ਰਿਟਿਸ਼ ਸਾਮਰਾਜਵਾਦ ਨਾਲ ਲੜਾਈ ਵਿਚ ਸਾਵਰਕਰ ਨੇ ਬ੍ਰਿਟਿਸ਼ ਸਾਮਰਾਜ ਦਾ ਸਾਥ ਦਿੱਤਾ ਸੀ। ਬਹੁਤ ਘੱਟ ਲੋਕ ਜਾਣਦੇ ਹਨ ਕਿ ਸਾਵਰਕਰ ਦੀ ਲੀਡਰਸ਼ਿਪ ਹੇਠ ਹਿੰਦੂ ਮਹਾਂਸਭਾ ਨੇ ਉਨ੍ਹਾਂ ਨੂੰ ਬੜਾ ਵੱਡਾ ਧੋਖਾ ਦਿੱਤਾ ਸੀ। ਜਦੋਂ ਨੇਤਾ ਜੀ ਸੁਭਾਸ਼ ਚੰਦਰ ਬੋਸ ਦੂਜੀ ਆਲਮੀ ਜੰਗ ਦੌਰਾਨ ਦੇਸ਼ ਦੀ ਆਜ਼ਾਦੀ ਲਈ ਵਿਦੇਸ਼ੀ ਸਹਾਇਤਾ ਪ੍ਰਾਪਤ ਕਰ ਰਹੇ ਸਨ, ਠੀਕ ਉਸੇ ਸਮੇਂ ਸਾਵਰਕਰ ਨੇ ਬ੍ਰਿਟਿਸ਼ ਆਕਾਵਾਂ ਦੀ ਪੂਰੀ ਤਰ੍ਹਾਂ ਨਾਲ ਮਿਲਟਰੀ ਸਹਾਇਤਾ ਕੀਤੀ। ਹਿੰਦੂ ਮਹਾਂਸਭਾ ਦੇ ਭਾਗਲਪੁਰ ਸੰਮੇਲਨ ਵਿਚ ਸਾਵਰਕਰ ਹਿੰਦੂਆਂ ਦਾ ਫੌਜੀਕਰਣ ਕਰਨ ਦੀਆਂ ਨਸੀਹਤਾਂ ਦੇ ਰਿਹਾ ਸੀ। ਉਸ ਅਨੁਸਾਰ, "ਮਹਾਂਸਭਾ ਦੀ ਹਰ ਕਸਬੇ ਅਤੇ ਪਿੰਡ ਦੀ ਬ੍ਰਾਂਚ ਨੂੰ, ਹਿੰਦੂਆਂ ਨੂੰ ਫੌਜ, ਨੇਵੀ ਅਤੇ ਹਵਾਈ ਫੌਜ ਵਿੱਚ ਭਰਤੀ ਕਰਵਾਉਣ ਲਈ ਤਿਆਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਲੜਾਈ ਦਾ ਸਮਾਨ ਤਿਆਰ ਕਰਦੀਆਂ ਫੈਕਟਰੀਆਂ ਵਿਚ ਵੀ ਭੇਜਣਾ ਚਾਹੀਦਾ ਹੈ।" (ਵੀ. ਡੀ.ਸਾਵਰਕਰ, ਸਮੱਗ੍ਰ ਸਾਵਰਕਰ : ਹਿੰਦੂ ਰਾਸ਼ਟਰ

ਦਰਸ਼ਨ, ਵੀ-6, ਪੂਨਾ, 1963, ਪੰਨਾ-474) 'ਸਾਵਰਕਰ ਅਨਮਾਸਕਡ', ਪੰਨਾ-54)

ਉਹ ਤਾਂ ਇਥੋਂ ਤਕ ਕਹਿੰਦਾ ਹੈ ਕਿ, "ਜਿਥੋਂ ਤਕ ਬ੍ਰਿਟਿਸ਼ ਸਰਕਾਰ ਦਾ ਯੁੱਧ ਦੀ ਤਿਆਰੀ ਦਾ ਸੰਬੰਧ ਹੈ ਤਾਂ ਇਹ ਤਿਆਰੀ ਲਗਾਤਾਰ ਹਿੰਦੂਆਂ ਦੇ ਹਿੱਤਾਂ ਵਿਚ ਹੈ। ਫੌਜ, ਨੇਵੀ ਅਤੇ ਹਵਾਈ ਸੈਨਾ ਵਿੱਚ ਵੱਧ ਤੋਂ ਵੱਧ ਸ਼ਾਮਿਲ ਹੋਣਾ; ਬਰੂਦੀ ਅਤੇ ਜੰਗੀ ਲੋੜਾਂ ਦੀਆਂ ਫੈਕਟਰੀਆਂ ਵਿੱਚ ਸ਼ਮਿਲ ਹੋਣਾ ਜ਼ਰੂਰੀ ਹੈ, ਬੰਗਾਲ ਅਤੇ ਅਸਾਮ ਦੇ ਹਿੰਦੂਆਂ ਨੂੰ ਇਸ ਪਾਸੇ ਵਧੇਰੇ ਲਿਆਉਣਾ ਚਾਹੀਦਾ ਹੈ।" ਸਾਵਰਕਰ ਦਾ ਮਕਸਦ ਹਿੰਦੂਆਂ ਦਾ ਫੌਜੀਕਰਣ ਕਰਨਾ ਅਤੇ ਉਨ੍ਹਾਂ ਨੂੰ ਕਾਰਖ਼ਾਨੇਦਾਰ/ਸਰਮਾਏਦਾਰ ਬਣਾਉਣਾ ਸੀ। ਸਾਵਰਕਰ ਆਪ ਦੱਸਦਾ ਹੈ ਕਿ ਹਿੰਦੂ ਮਹਾਂਸਭਾ ਨੇ ਬ੍ਰਿਟਿਸ਼ ਫੌਜ ਵਿੱਚ ਇੱਕ ਲੱਖ ਹਿੰਦੂਆਂ ਨੂੰ ਭਰਤੀ ਕਰਵਾਇਆ ਸੀ।

ਸਾਵਰਕਰ ਦੀ ਲੀਡਰਸ਼ਿਪ ਅਧੀਨ ਹਿੰਦੂ ਮਹਾਂਸਭਾ ਨੇ ਉੱਚ ਪੱਧਰ ਦੇ ਵੱਖੋ-ਵੱਖ ਖੇਤਰਾਂ ਵਿੱਚ ਹਿੰਦੂਆਂ ਨੂੰ ਭਰਤੀ ਕਰਵਾਉਣ ਲਈ ਫੌਜੀ ਕਮੇਟੀਆਂ ਦਾ ਗਠਨ ਕੀਤਾ ਸੀ। ਬਦਲੇ ਵਿੱਚ ਬ੍ਰਿਟਿਸ਼ ਸਰਕਾਰ ਨੇ ਹਿੰਦੂ ਮਹਾਂਸਭਾ ਦੇ ਨੇਤਾਵਾਂ ਨੂੰ ਆਫੀਸ਼ੀਅਲ ਕਮੇਟੀਆਂ ਵਿੱਚ ਥਾਂ ਦਿੱਤੀ ਸੀ। ਇਸ ਲਈ ਸਾਵਰਕਰਵਾਦੀ ਬਸਤੀਵਾਦੀ ਹਾਕਮਾਂ ਦਾ ਗੁਣਗਾਣ ਕਰਦੇ ਹੋਏ ਕਹਿੰਦੇ ਹਨ, "ਭਰਤੀ ਹੋਏ ਹਿੰਦੂਆਂ ਨੂੰ ਜੇਕਰ ਬ੍ਰਿਟਿਸ਼ ਅਧਿਕਾਰੀ ਅਨੁਸਾਸ਼ਨ ਸਿਖਾਉਂਦੇ ਹਨ ਤਾਂ ਉਨ੍ਹਾਂ ਨੂੰ ਬੇਇੱਜ਼ਤੀ ਮਹਿਸੂਸ ਨਹੀਂ ਕਰਨੀ ਚਾਹੀਦੀ।" ਕੋਈ ਵੀ ਰਾਸ਼ਟਰ ਪ੍ਰੇਮੀ ਸਾਵਰਕਰਵਾਦੀਆਂ ਵਾਂਗ ਨਹੀਂ ਸੋਚ ਸਕਦਾ। ਬ੍ਰਿਟਿਸ਼ ਸਾਮਰਾਜ ਦੀ ਹਰ ਤਰ੍ਹਾਂ ਨਾਲ ਬੇਸ਼ਰਮੀ ਦੀ ਹੱਦ ਤੱਕ ਮਦਦ ਕਰਨਾ ਸਾਵਰਕਰਵਾਦੀਆਂ ਦੀ ਨੀਤੀ ਸੀ। ਸਾਵਰਕਰ ਦਾ ਮੁੱਖ ਨਿਸ਼ਾਨਾ ਮੁਸਲਮਾਨਾਂ ਨੂੰ ਖ਼ਤਮ ਕਰਨਾ ਸੀ, ਨਾ ਕਿ ਬ੍ਰਿਟਿਸ਼ ਸਾਮਰਾਜ ਤੋਂ ਆਜ਼ਾਦੀ ਹਾਸਲ ਕਰਨਾ। ਆਪਣੇ ਇਨ੍ਹਾਂ ਵਿਚਾਰਾਂ ਨੂੰ ਹੱਕੀ ਠਹਿਰਾਉਣ ਲਈ ਉਹ ਅਫਗਾਨਿਸਤਾਨ ਵੱਲੋਂ ਹੋਣ ਵਾਲੇ ਮੁਸਲਿਮ ਹੱਲਿਆਂ ਦਾ ਹਊਆ ਖੜ੍ਹਾ ਕਰਦਾ ਹੈ। ਉਸ ਅਨੁਸਾਰ ਕਬੀਲੇ ਤੇ ਪੰਜਾਬ ਦੀ ਮੁਸਲਿਮ ਫੌਜ ਇਸ ਹਮਲੇ ਦੌਰਾਨ ਹਿੰਦੂਆਂ ਨੂੰ ਧੋਖਾ ਦੇ ਸਕਦੇ ਹਨ।

'ਇਹ ਬਹੁਤ ਹੀ ਹੈਰਾਨ ਕਰਨ ਵਾਲੀ ਸਥਿਤੀ ਹੈ ਕਿ ਸਾਵਰਕਰ ਦੀ ਅਗਵਾਈ ਹੇਠ ਹਿੰਦੂ ਮਹਾਂਸਭਾ ਯੁੱਧ ਵਿਚ ਬ੍ਰਿਟਿਸ਼ ਸਾਮਰਾਜ ਦਾ ਸਾਥ ਦੇ ਰਹੀ ਸੀ ਜਦ ਕਿ ਕਾਂਗਰਸ ਦੇਸ਼ ਨੂੰ ਯੁੱਧ ਵਿੱਚ ਝੋਕਣ ਦਾ ਪੂਰੀ ਤਾਕਤ ਨਾਲ ਵਿਰੋਧ ਕਰ ਰਹੀ ਸੀ। ਕਾਂਗਰਸ ਦਾ ਨਾਅਰਾ ਸੀ, 'ਯੁੱਧ ਲਈ ਨਾ ਆਦਮੀ ਨਾ ਹੀ ਕੋਈ ਪੈਸਾ-ਧੇਲਾ।' ਇਸ ਨਾਅਰੇ ਨੇ ਲੱਖਾਂ ਭਾਰਤੀਆਂ ਨੂੰ ਅੰਦੋਲਿਤ ਕੀਤਾ। ਸਾਵਰਕਰ ਦੇ ਸਾਥੀ ਬ੍ਰਿਟਿਸ਼ ਰਾਜ ਨੇ ਇਹ ਨਾਅਰਾ ਬੁਲੰਦ ਕਰਨ ਬਦਲੇ ਸੈਂਕੜੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਹਜ਼ਾਰਾਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ। ਇੱਥੇ ਇਹ ਨੋਟ ਕਰਨਾ ਵੀ ਮਹੱਤਵਪੂਰਣ ਹੈ ਕਿ ਮੁਸਲਿਮ ਲੀਗ, ਜੋ ਕਿ ਹਿੰਦੂ ਮਹਾਂਸਭਾ ਵਾਂਗ ਹੀ ਬ੍ਰਿਟਿਸ਼ ਰਾਜ ਦੇ ਹੱਕ ਵਿੱਚ ਖੜ੍ਹਦੀ ਸੀ, ਨੇ ਵੀ ਸਰਕਾਰ ਵੱਲੋਂ ਬਣਾਈਆਂ ਡਿਫੈਂਸ ਕਮੇਟੀਆਂ ਨਾਲ ਰਲ ਕੇ ਲੜਨ ਤੋਂ ਇਨਕਾਰ ਕਰ ਦਿੱਤਾ ਸੀ।" (ਪੰਨਾ-67) ਪਰ ਸਾਵਰਕਰ ਵਾਇਸ ਰਾਇ ਨਾਲ ਸ਼ਿਮਲਾ ਵਿਖੇ ਗੁਪਤ ਮੀਟਿੰਗਾਂ ਕਰਦਾ ਰਿਹਾ।

ਸਾਵਰਕਰ ਨੇ ਆਪਣੇ ਬ੍ਰਿਟਿਸ਼ ਆਕਾਵਾਂ ਤੋਂ ਪੈਨਸ਼ਨ ਵੀ ਪ੍ਰਾਪਤ ਕੀਤੀ ਜੋ ਬਿਨਾਂ ਸ਼ੱਕ ਬ੍ਰਿਟਿਸ਼ ਸਾਮਰਾਜੀਆਂ ਨੇ ਆਪਣੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਨੂੰ ਅੱਗੇ ਵਧਾਉਣ ਦੇ ਮਕਸਦ ਨਾਲ ਹੀ ਉਸਨੂੰ ਦਿੱਤੀ ਸੀ। ਰਤਨਾਗਿਰੀ ਦੇ ਮੈਜਿਸਟ੍ਰੇਟ ਨੇ ਸਾਵਰਕਰ ਨੂੰ ਗੁਜਾਰੇ ਲਈ ਸ਼ੁਰੂ ਵਿੱਚ ਪੰਜਾਹ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਲਾਈ ਸੀ

ਜੋ ਬਾਅਦ ਵਿਚ 60 ਰੁਪਏ ਮਹੀਨਾ ਕਰ ਦਿੱਤੀ ਗਈ ਸੀ।

ਸਾਵਰਕਰ ਦਾ ਅਖੌਤੀ 'ਹਿੰਦੂ ਪ੍ਰੇਮ' ਇਸ ਹੱਦ ਤੱਕ ਗਰਕ ਚੁੱਕਾ ਸੀ ਕਿ ਉਹ ਚਾਹੁੰਦਾ ਸੀ ਕਿ ਨੇਪਾਲ ਦਾ ਹਿੰਦੂ ਰਾਜਾ ਨਾ ਕੇਵਲ ਭਾਰਤ ਦਾ ਰਾਜਾ ਬਣੇ ਸਗੋਂ ਉਸਨੂੰ ਸਾਰੀ ਦੁਨੀਆਂ ਦੇ ਕੁੱਲ ਹਿੰਦੂਆਂ ਦਾ ਵੀ ਰਾਜਾ ਐਲਾਨਿਆ ਜਾਵੇ। ਹੈਰਾਨੀ ਦੀ ਗੱਲ ਇਹ ਹੈ ਕਿ ਸਾਵਰਕਰ ਮੁਸਲਮਾਨਾਂ ਅਤੇ ਈਸਾਈਆਂ ਨੂੰ ਇਸ ਕਰਕੇ ਭਾਰਤੀ ਸਵੀਕਾਰ ਨਹੀਂ ਸੀ ਕਰਦਾ ਕਿਉਂਕਿ ਉਨ੍ਹਾਂ ਦੀ 'ਪਵਿੱਤਰ ਭੂਮੀ' ਭਾਰਤ ਤੋਂ ਦੂਰ ਸੀ। ਪਰ ਇਹੀ ਸਾਵਰਕਰ ਨੇਪਾਲ ਦੇ ਰਾਜੇ ਨੂੰ ਭਾਰਤ ਦਾ ਮੁਖੀਆ ਮੰਨਣ ਲਈ ਤਿਆਰ ਸੀ ਜੋ ਉਸ ਦੀ ਫਿਰਕੂ ਸੋਚ ਦੇ ਦੀਵਾਲੀਏਪਣ ਨੂੰ ਦਰਸਾਉਂਦਾ ਹੈ। 2008 ਵਿੱਚ ਜਦੋਂ ਨੇਪਾਲ ਨੂੰ 'ਫੈਡਰਲ ਡੈਮੋਕ੍ਰੇਟਿਕ ਰਿਪਬਲਿਕ ਆਫ਼ ਨੇਪਾਲ' ਐਲਾਨ ਕੇ ਇੱਥੋਂ ਦੀ ਹਿੰਦੂਵਾਦੀ ਰਾਜਾਸ਼ਾਹੀ ਨੂੰ ਸਮਾਪਤ ਕਰ ਦਿੱਤਾ ਗਿਆ ਤਾਂ ਆਰ. ਐੱਸ. ਐੱਸ. ਨੇ ਸੋਗ ਹੀ ਨਹੀਂ ਮਨਾਇਆ ਸਗੋਂ ਰਾਜਾਸ਼ਾਹੀ ਦੀ ਮੁੜ ਸਥਾਪਤੀ ਲਈ ਵੀ ਬੜੀ ਬੂਹ-ਦੁਹਾਈ ਮਚਾਈ। ਜ਼ਿਕਰਯੋਗ ਹੈ ਕਿ ਹਿੰਦੂ ਮਹਾਂਸਭਾ ਦੇ ਹਰ ਸੈਸ਼ਨ ਵਿਚ ਨੇਪਾਲ ਦੇ ਰਾਜੇ ਦੀ ਤਸਵੀਰ ਲਾਉਣੀ ਜ਼ਰੂਰੀ ਹੁੰਦੀ ਸੀ। ਇੰਨਾ ਹੀ ਨਹੀਂ ਅਜਿਹੇ ਸੈਸ਼ਨਾਂ ਦੇ ਸਮਾਪਨ ਮੌਕੇ ਨੇਪਾਲੀ ਰਾਜੇ ਪ੍ਰਤੀ ਵਫ਼ਾਦਾਰ ਰਹਿਣ ਦੀ ਸਹੁੰ ਵੀ ਚੁਕਾਈ ਜਾਂਦੀ ਸੀ। (ਪੰਨਾ-69) ਸਾਵਰਕਰ ਤਾਂ ਇੰਗਲੈਂਡ ਦੀ ਰਾਣੀ ਨੂੰ ਇਹ ਕਹਿਣ ਤੱਕ ਵੀ ਚਲਾ ਗਿਆ ਸੀ ਕਿ ਇਸ ਤੋਂ ਪਹਿਲਾਂ ਕਿ ਭਾਰਤ ਉਸਦੇ ( ਬ੍ਰਿਟਿਸ਼ ਸਰਕਾਰ ਦੇ ) ਹੱਥਾਂ ਵਿੱਚੋਂ ਨਿੱਕਲ ਜਾਵੇ ਉਸਨੂੰ ਇੱਥੋਂ ( ਭਾਰਤ) ਦਾ ਸ਼ਾਸ਼ਨ ਨੇਪਾਲ ਦੇ ਰਾਜੇ ਦੇ ਹੱਥੀਂ ਸੌਂਪ ਦੇਣਾ ਚਾਹੀਦਾ ਹੈ। (ਪੰਨਾ-71) ਇਥੋਂ ਤਕ ਕਿ 23 ਜਨਵਰੀ 2004 ਨੂੰ ਕਾਠਮੰਡੂ ਵਿੱਚ ਹੋਏ ਸਮਾਗਮ ਵਿੱਚ ਭਾਰਤ ਤੋਂ ਗਏ ਆਰ. ਐੱਸ. ਐੱਸ. ਦੇ ਲੀਡਰਾਂ ਨੇ ਵੀਰ ਬਿਕਰਮਸ਼ਾਹ ਨੂੰ ਦੇਵਤੇ ਦਾ ਦਰਜਾ ਦਿੱਤਾ ਸੀ ਅਤੇ ਉਸ ਨੂੰ ਨਾ ਕੇਵਲ ਭਾਰਤੀ ਬਲਕਿ ਸੰਸਾਰ ਭਰ ਦੇ ਕਰੋੜਾਂ ਹਿੰਦੂਆਂ ਦਾ ਪ੍ਰਤੀਨਿਧ ਮੰਨਿਆ ਸੀ।

ਆਰ. ਐੱਸ. ਐੱਸ. ਵਾਂਗ ਸਾਵਰਕਰ ਵੀ ਸਾਮਰਾਜ ਖਿਲਾਫ਼ ਲੜੇ ਗਏ ਸੁਤੰਤਰਤਾ ਸੰਗਰਾਮ ਦੌਰਾਨ ਵਰਤੇ ਗਏ ਪ੍ਰਤੀਕਾਂ ਨੂੰ ਦਿਲੋਂ ਨਫ਼ਰਤ ਕਰਦਾ ਸੀ। ਉਹ ਤਿਰੰਗੇ, ਜਿਸ ਵਿੱਚ ਚਰਖੇ ਦਾ ਚਿੰਨ੍ਹ ਸੀ, ਨੂੰ ਰਾਸ਼ਟਰੀ ਝੰਡਾ ਮੰਨਣ ਲਈ ਤਿਆਰ ਨਹੀਂ ਸੀ। ਉਸਨੂੰ ਉਹ ਝੰਡਾ ਪਸੰਦ ਸੀ ਜਿਸ ਵਿਚ ਓਮ ਲਿਖਿਆ ਹੋਇਆ ਸੀ ਅਤੇ ਸਵਾਸਤਿਕ ਦਾ ਚਿੰਨ੍ਹ ਬਣਿਆ ਹੋਇਆ ਸੀ। ਜਦੋਂ 1938 ਵਿਚ ਹਿੰਦੂਤਵਵਾਦੀਆਂ ਨੇ ਤਿਰੰਗੇ ਨੂੰ ਪਾੜਿਆ ਤੇ ਇਸਦਾ ਅਪਮਾਨ ਕੀਤਾ ਤਾਂ ਇਸ ਲਈ ਸਾਵਰਕਰ ਅਤੇ ਹੇਡਗੇਵਾਰ ਨੂੰ ਜ਼ਿੰਮੇਂਵਾਰ ਠਹਿਰਾਇਆ ਗਿਆ ਸੀ। (ਐਨ. ਜੀ ਗੋਰੇ ਅਨੁਸਾਰ)

ਸਾਵਰਕਰ, ਅੰਗ੍ਰੇਜ਼ਾਂ ਦੇ ਹੱਥ ਠੋਕੇ ਹਿੰਦੂ ਰਾਜ ਕੁਮਾਰਾਂ ਨਾਲ ਖੜ੍ਹਦਾ ਸੀ। ਹਿੰਦੂ ਵਿਚਾਰਧਾਰਕਾਂ ਨੂੰ ਨਾ ਤਾਂ ਕਿਰਤੀ ਜਨਤਾ ਦੀਆਂ ਇੱਛਾਵਾਂ ਦੀ ਕੋਈ ਚਿੰਤਾ ਸੀ ਅਤੇ ਨਾ ਹੀ ਉਨ੍ਹਾਂ ਨੂੰ ਇਸ ਗੱਲ ਦੀ ਪ੍ਰਵਾਹ ਸੀ ਕਿ ਪ੍ਰਿੰਸ (ਰਾਜ ਕੁਮਾਰ) ਬ੍ਰਿਟਿਸ਼ ਰਾਜ ਦੇ ਪੰਜਵੇਂ ਥੰਮ੍ਹ ਸਨ। ਬ੍ਰਿਟਿਸ਼ ਸਾਮਰਾਜ ਨੇ 1857 ਦੀ ਆਜ਼ਾਦੀ ਦੀ ਪਹਿਲੀ ਲੜਾਈ ਤੋਂ ਬਾਅਦ ਉਨ੍ਹਾਂ ਹਿੰਦੂ-ਮੁਸਲਿਮ ਰਾਜਿਆਂ ਨੂੰ ਹੀ ਹਿੰਦੁਸਤਾਨੀ ਮੰਨਿਆ ਸੀ ਜਿਨ੍ਹਾਂ ਨੇ ਬ੍ਰਿਟਿਸ਼ ਸਾਮਰਾਜੀਆਂ ਦੀ ਫੌਜ ਤੇ ਧਨ ਨਾਲ ਸਹਾਇਤਾ ਕੀਤੀ ਸੀ। ਇਨ੍ਹਾਂ ਦੇ ਰਾਜਾਂ ਵਿੱਚ ਬ੍ਰਿਟਿਸ਼ ਹਾਕਮ ਕਿਸੇ ਤਰ੍ਹਾਂ ਦੀ ਡੈਮੋਕ੍ਰੇਟਿਕ ਢਿੱਲ ਨਹੀਂ ਸਨ ਦਿੰਦੇ। ਮੈਸੂਰ ਵਿਖੇ ਸਿਰਫ਼ ਇਸ ਲਈ 26 ਲੋਕਾਂ ਦਾ ਕਤਲ ਅਤੇ ਅਣਗਿਣਤ ਨੂੰ ਜ਼ਖ਼ਮੀਂ ਕਰ ਦਿੱਤਾ ਕੀਤਾ ਗਿਆ ਸੀ ਕਿਉਂਕਿ ਉਨ੍ਹਾਂ ਨੇ ਤਿਰੰਗੇ ਝੰਡੇ ਨੂੰ ਸਲਾਮੀ ਦਿੱਤੀ ਸੀ।

ਸਾਵਰਕਰ ਨੂੰ ਦੋਹਰੀ ਉਮਰ ਕੈਦ ਹੋਈ ਸੀ ਜੋ ਕੁੱਲ ਮਿਲਾ ਕੇ 50 ਸਾਲ ਬਣਦੀ ਸੀ। ਪਰ ਉਸਨੇ 10 ਸਾਲ ਡਰਾਉਣੀ ਸੈਲੂਲਰ ਜੇਲ੍ਹ ਵਿੱਚ ਬਿਤਾਉਣ ਸਮੇਤ ਕੁੱਲ ਮਿਲਾ ਕੇ ਕੇਵਲ 13 ਸਾਲ ਹੀ ਬ੍ਰਿਟਿਸ਼ ਸਾਮਰਾਜੀਆਂ ਦੀ ਕੈਦ ਵਿੱਚ ਗੁਜ਼ਾਰੇ ਸਨ। ਜਦਕਿ ਤ੍ਰਿਲੋਕੀ ਨਾਥ ਚੱਕਰਵਰਤੀ, ਬਾਬਾ ਗੁਰਮੁਖ ਸਿੰਘ, ਪੰਡਿਤ ਰਾਮ ਰੱਖਾ, ਇੰਦੂ ਭੂਸ਼ਣ ਰਾਇ, ਉਲਾਸਕਰ ਦੱਤ, ਜਯੋਤੀ ਚੰਦਰ ਪਾਲ, ਪਰਮਾਨੰਦ, ਚਤਰ ਸਿੰਘ, ਪੁਲਿਨ ਬਿਹਾਰੀ ਦਾਸ, ਨੰਦ ਗੋਪਾਲ, ਨੈਨੀ ਗੋਪਾਲ, ਮਹਾਵੀਰ ਸਿੰਘ, ਹਰੀਪਾਦ ਚੌਧਰੀ, ਰਾਧਾ ਪ੍ਰਸਾਦ ਕਟਿਆਰ, ਜੈਦੇਵ ਕਪੂਰ ਤੋਂ ਲੈ ਕੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੇ ਦੇਸ਼ ਭਗਤੀ ਬਦਲੇ ਸਖ਼ਤ ਤੋਂ ਸਖ਼ਤ ਕੈਦਾਂ ਕੱਟੀਆਂ ਅਤੇ ਫਾਂਸੀਆਂ ਦੇ ਰੱਸੇ ਚੁੰਮੇ। ਇਸ ਲਈ ਜਦੋਂ ਸੰਘੀ- ਭਾਜਪਾਈ ਇਹ ਕਹਿੰਦੇ ਹਨ ਕਿ ਸਾਵਰਕਰ ਨੇ ਸਾਰੀ ਉਮਰ ਜੇਲ੍ਹਾਂ ਕੱਟੀਆਂ ਤਾਂ ਇਸ ਤੋਂ ਵੱਡਾ ਝੂਠ ਹੋਰ ਕੋਈ ਨਹੀਂ ਹੋ ਸਕਦਾ।

ਆਮ ਤੌਰ 'ਤੇ ਇਹ ਮੰਨਿਆ ਤੇ ਪ੍ਰਚਾਰਿਆ ਜਾਂਦਾ ਰਿਹਾ ਹੈ ਕਿ ਦੋ ਕੌਮਾਂ ਦਾ ਸਿਧਾਂਤ ਮੁਸਲਿਮ ਲੀਗ ਨੇ ਘੜਿਆ ਤੇ ਪੇਸ਼ ਕੀਤਾ ਸੀ। ਪਰ ਅਸਲ ਵਿੱਚ ਇਹ ਤਬਾਹਕੁੰਨ ਵਿਚਾਰ ਸਾਵਰਕਰ/ਹਿੰਦੂ ਮਹਾਂਸਭਾ ਵੱਲੋਂ ਪੈਦਾ ਕੀਤੇ ਫਿਰਕੂ ਤੇ ਵੰਡਵਾਦੀ ਮਾਹੌਲ ਦੀ ਪੈਦਾਵਾਰ ਸੀ। ਸਾਵਰਕਰ ਆਪ ਲਿਖਦਾ ਹੈ, "ਭਾਰਤ ਵਿੱਚ ਦੋ ਵਿਰੋਧੀ ਰਾਸ਼ਟਰ (ਕੌਮਾਂ) ਨਾਲੋ-ਨਾਲ ਰਹਿ ਰਹੇ ਸਨ, ਜਦਕਿ ਬਚਗਾਨਾ ਸੋਚ ਵਾਲੇ ਰਾਜਨੀਤੀਵਾਨ ਇਹ ਕਹਿ ਕੇ ਵੱਡੀ ਗਲਤੀ ਕਰਦੇ ਹਨ ਕਿ ਇਹ ਦੋਨੋਂ ਸਾਂਝੀ ਸੰਸਕਿਰਤੀ ਦਾ ਪ੍ਰਤੀਕ ਹਨ.... ਇਸਦੇ ਉਲਟ ਭਾਰਤ ਵਿੱਚ ਪ੍ਰਮੁੱਖ ਦੋ ਕੌਮਾਂ ਸਨ-ਹਿੰਦੂ ਤੇ ਮੁਸਲਮਾਨ।"

1940 ਵਿੱਚ ਮੁਸਲਿਮ ਲੀਗ ਵੱਲੋਂ ਪਾਕਿਸਤਾਨ ਦਾ ਮਤਾ ਪੇਸ਼ ਕਰਦਿਆਂ ਮੁਹੰਮਦ ਅਲੀ ਜਿਨਾਹ ਨੇ ਸਾਵਰਕਰ ਦੇ ਉਪਰੋਕਤ ਸ਼ਬਦਾਂ ਨੂੰ ਪ੍ਰਮੁੱਖਤਾ ਨਾਲ ਉਭਾਰਿਆ ਸੀ। ਇਸਦੇ ਜਵਾਬ ਵਿਚ 15 ਅਗਸਤ 1943 ਨਾਗਪੁਰ ਦੀ ਇੱਕ ਕਾਨਫਰੰਸ ਵਿਚ ਸਾਵਰਕਰ ਇਥੋਂ ਤੱਕ ਕਹਿ ਜਾਂਦਾ ਹੈ ਕਿ, "ਮੇਰੀ ਜਿਨਾਹ ਦੀ ਦੋ-ਕੌਮਾਂ ਦੀ ਥਿਊਰੀ ਨਾਲ ਕੋਈ ਲੜਾਈ ਨਹੀਂ। ਅਸੀਂ ਹਿੰਦੂ ਆਪਣੇ ਆਪ ਵਿੱਚ ਵੱਖਰੀ ਕੌਮ (ਰਾਸ਼ਟਰ) ਹਾਂ।"

ਸਾਵਰਕਰ ਦੋ ਕੌਮਾਂ ਦੇ ਸਿੱਧਾਂਤ ਨੂੰ ਭਾਸ਼ਾ ਦੇ ਖੇਤਰ ਤੱਕ ਲੈ ਗਿਆ। ਉਸ ਅਨੁਸਾਰ, "ਹਿੰਦੂ ਧਰਮ ਸ਼ੁੱਧ ਰੂਪ ਵਿੱਚ ਸੰਸਕਰਿਤ ਭਾਸ਼ਾ ਉੱਪਰ ਅਧਾਰਿਤ ਹੈ। ਇਹ ਹਿੰਦੂਆਂ ਦੀ ਰਾਸ਼ਟਰੀ ਭਾਸ਼ਾ ਹੋਵੇਗੀ ਅਤੇ ਦੇਵਨਾਗਰੀ ਰਾਸ਼ਟਰੀ ਲਿਪੀ...."

ਸਾਵਰਕਰ ਦੀ ਪ੍ਰਧਾਨਗੀ ਹੇਠ 1942 ਵਿੱਚ ਮੁਸਿਮਲ ਲੀਗ ਅਤੇ ਹਿੰਦੂ ਸਭਾ ਦੀ ਬੰਗਾਲ ਵਿੱਚ ਸਾਂਝੀ ਸਰਕਾਰ ਬਣੀ। ਸਾਵਰਕਰ ਨੇ ਇਸਨੂੰ ਅਮਲੀ ਰਾਜਨੀਤੀ (ਅਸਲ ਵਿੱਚ ਮੌਕਾਪ੍ਰਸਤ ਰਾਜਨੀਤੀ) ਕਹਿੰਦਿਆਂ ਦੋਹਾਂ ਫਿਰਕਿਆਂ ਲਈ ਫ਼ਾਇਦੇਮੰਦ ਦੱਸਿਆ। ਠੀਕ ਉਵੇਂ ਹੀ ਜਿਵੇਂ ਬਾਦਲਕੇ ਬੀ. ਜੇ. ਪੀ. ਨਾਲ ਤਕਰੀਬਨ ਢਾਈ ਦਹਾਕੇ ਚੱਲੇ ਆਪਣੇ ਮੌਕਾਪ੍ਰਸਤ ਚੋਣ ਗੱਠ ਜੋੜ ਨੂੰ 'ਹਿੰਦੂ-ਸਿੱਖ ਏਕਤਾ' ਵਜੋਂ ਪ੍ਰਚਾਰਦੇ ਰਹੇ ਹਨ। ਸ਼ਿਆਮਾ ਪ੍ਰਸਾਦ ਮੁਖਰਜੀ ਬੰਗਾਲ ਵਿੱਚ ਬਣੀ ਇਸੇ ਗੱਠਜੋੜ ਸਰਕਾਰ ਵਿੱਚ ਹਿੰਦੂਆਂ ਦਾ ਅਖੌਤੀ ਪ੍ਰਤਿਨਿਧ ਸੀ। ਅਸਲ ਵਿੱਚ ਸਾਵਰਕਰ ਨੇ ਕਾਂਗਰਸ ਦੇ ਖਿਲਾਫ਼ ਆਮ ਤੌਰ 'ਤੇ ਮੁਸਲਿਮ ਲੀਗ ਨਾਲ ਸਮਝੌਤਾ ਕੀਤਾ, ਪਰ ਉਸਨੇ ਕਦੇ ਵੀ ਭਾਰਤ ਦੇ ਸਰਬ ਸਾਂਝੇ ਸਰੂਪ ਨੂੰ ਪ੍ਰਵਾਣ ਨਹੀਂ ਕੀਤਾ। ਭਾਰਤ ਦੀ ਆਜ਼ਾਦੀ ਉਸ ਨੂੰ ਤਾਂ ਹੀ ਮਨਜ਼ੂਰ ਸੀ ਜੇ ਉਹ ਉਨ੍ਹਾਂ ਦੇ ਹਿੰਦੂਤਵੀ ਧਰਮ, ਨਸਲ ਅਤੇ ਸਭਿਆਚਾਰਕ ਹੋਂਦ ਨੂੰ ਸਵੀਕਾਰ ਕਰੇ। ਉਸਦੇ ਆਪਣੇ ਸ਼ਬਦਾਂ ਵਿੱਚ, "ਅਸੀਂ ਅਜਿਹੇ 'ਸਵਰਾਜ' ਖਾਤਿਰ ਲੜਨ-ਮਰਨ ਲਈ ਅੱਗੇ ਨਹੀਂ ਆਵਾਂਗੇ, ਜੋ ਸਾਡੇ 'ਸਵਤਵ' (ਹਿੰਦੂਤਵ) ਦੀ ਕੀਮਤ 'ਤੇ ਹੋਂਦ ਵਿੱਚ ਆਵੇ। ਮੁਸਲਿਮ ਫਿਰਕਾਪ੍ਰਸਤਾਂ ਵਾਂਗ ਸਾਵਰਕਰ ਵੀ ਭਾਰਤੀ ਜਨਤਾ ਦੀ ਏਕਤਾ ਨੂੰ ਤੋੜਨ 'ਤੇ ਤੁਲਿਆ ਹੋਇਆ ਸੀ। ਦਰਅਸਲ ਸਾਮਰਾਜੀ ਸੱਤਾਧਾਰੀਆਂ ਨਾਲ ਦਸਤ ਪੰਜਾ ਲੈਣਾਂ ਤਾਂ ਉਸਦਾ ਦ੍ਰਿਸ਼ਟੀਕੋਣ (ਵਿਜ਼ਨ) ਹੀ ਨਹੀਂ ਸੀ। ਸਾਵਰਕਰ ਲਈ ਉਸਦੇ ਅਸਲੀ ਦੁਸ਼ਮਣ ਸਨ ਮੁਸਲਿਮ, ਈਸਾਈ ਅਤੇ ਸੁਤੰਤਰਤਾ ਸੰਗਰਾਮ ਦੇ ਲੀਡਰ।

ਸਾਵਰਕਰ 'ਸ਼ੁੱਧੀ' ਅੰਦੋਲਨ ਦਾ ਪੈਰੋਕਾਰ ਸੀ। ਅਜਿਹਾ ਕਰਦਿਆਂ ਉਹ ਸਿੱਖਾਂ ਨੂੰ ਵੀ ਹਿੰਦੂ ਹੀ ਮੰਨਦਾ ਸੀ ਅਤੇ ਰਾਮ, ਕ੍ਰਿਸ਼ਨ, ਸ਼ਿਵਜੀ ਦੇ ਨਾਲ ਗੁਰੂ ਗੋਬਿੰਦ ਸਿੰਘ ਦਾ ਨਾਮ ਜੋੜਨਾ ਕਦੀ ਵੀ ਨਹੀਂ ਸੀ ਭੁੱਲਦਾ। ਧਰਮ ਪਰਿਵਰਤਨ ਬਾਰੇ ਉਸਦਾ ਵਿਚਾਰ ਹੈ, "ਧਰਮ ਪਰਿਵਰਤਨ 'ਰਾਸ਼ਟਰਵਾਦ' ਵਲ ਪਰਿਵਰਤਨ ਹੈ।" ਸਾਵਰਕਰ ਦੀ ਪੂਨੇ ਫੇਰੀ ਤੋਂ ਬਾਅਦ ਜਦੋਂ ਹਿੰਦੂਤਵਵਾਦੀਆਂ ਨੇ ਈਸਾਈ ਮਿਸ਼ਨਰੀਆਂ ਨੂੰ ਧੱਕੇ ਨਾਲ ਸ਼ਹਿਰ ਤੋਂ ਬਾਹਰ ਕੱਢਿਆ ਤਾਂ ਸਾਵਰਕਰ ਉਸਨੂੰ 'ਸਹੀ ਕਦਮ' ਮੰਨਦਾ ਹੈ ਅਤੇ ਮਿਸ਼ਨਰੀ ਸਕੂਲਾਂ ਅਤੇ ਹਸਪਤਾਲਾਂ ਦੇ ਬਾਈਕਾਟ ਦਾ ਸੱਦਾ ਦਿੰਦਾ ਹੈ। ਸਾਵਰਕਰ ਦਾ ਅੰਨ੍ਹਾ ਕਾਂਗਰਸ ਵਿਰੋਧ ਉਸਨੂੰ 'ਸਿੱਖਿਸਤਾਨ' ਤੱਕ ਪਹੁੰਚਾ ਦਿੰਦਾ ਹੈ। ਉਹ ਸਿੱਖਾਂ ਲਈ ਕਾਂਗਰਸ ਦੀ ਟਿਕਟ 'ਤੇ ਚੋਣ ਲੜਨ ਦੀ ਥਾਂ ਸਿੱਖ ਟਿਕਟ 'ਤੇ ਚੋਣ ਲੜਨ ਦੀ ਵਕਾਲਤ ਕਰਦਾ ਹੈ। ਡਾ. ਅੰਬੇਡਕਰ ਨੇ ਇਸ ਮਸਲੇ 'ਤੇ ਵਿਅੰਗਾਤਮਕ ਟਿੱਪਣੀ ਕਰਦਿਆਂ ਲਿਖਿਆ ਹੈ, "ਇਹ ਬੜਾ ਅਜੀਬ ਲੱਗ ਸਕਦਾ ਹੈ ਕਿ ਸਵਰਕਰ ਅਤੇ ਜਿਨਾਹ ਇਕ-ਦੂਜੇ ਦਾ ਵਿਰੋਧ ਕਰਨ ਦੀ ਬਜਾਇ ਇੱਕ ਰਾਸ਼ਟਰ, ਦੋ ਰਾਸ਼ਟਰ ਸਿਧਾਂਤ ਪੇਸ਼ ਕਰਨ ਸਮੇਂ ਇੱਕ-ਦੂਜੇ ਨਾਲ ਪੂਰੀ ਤਰ੍ਹਾਂ ਘਿਓ-ਖਿਚੜੀ ਹਨ।"

ਸਾਵਰਕਰਵਾਦੀ, ਸਾਵਰਕਰ ਨੂੰ ਤਰਕਸ਼ੀਲ ਤੇ ਵਿਗਿਆਨਕ ਟੈਂਪਰਾਮੈਂਟ ਵਾਲਾ ਸਿੱਧ ਕਰਨ ਵਿੱਚ ਵੀ ਕੋਈ ਕਸਰ ਬਾਕੀ ਨਹੀਂ ਛੱਡਦੇ ਅਤੇ ਅਕਸਰ ਹੀ ਦਾਅਵਾ ਕਰਦੇ ਹਨ ਕਿ ਉਸਨੇ "ਅਛੂਤਪੁਣੇ ਦੀ ਪਰੰਪਰਾ" ਨੂੰ ਖ਼ਤਮ ਕੀਤਾ ਸੀ। ਜਦ ਕਿ ਸੱਚਾਈ ਇਹ ਹੈ ਕਿ ਸਾਵਰਕਰ ਤਾਂ ਮਨੂੰ ਸਿਮਰਤੀ ਨੂੰ ਭਾਰਤੀ ਸੰਵਿਧਾਨ ਬਣਾਉਣਾ ਚਾਹੁੰਦਾ ਸੀ। ਸਾਵਰਕਰ ਅਨੁਸਾਰ, "ਮਨੂੰ ਸਿਮਰਤੀ ਨੇ ਸਦੀਆਂ ਤੋਂ ਰਾਸ਼ਟਰ ਦੇ ਆਤਮਿਕ ਅਤੇ ਦੈਵੀ ਰਸਤੇ ਨੂੰ ਰੁਸ਼ਨਾਇਆ ਹੈ।" (144) ਮਨੂੰ ਸਿਮਰਤੀ ਸ਼ੂਦਰਾਂ ਅਤੇ ਔਰਤਾਂ ਬਾਰੇ ਕੀ ਕਹਿੰਦੀ ਹੈ, ਇਸਨੂੰ ਅਸੀਂ "ਮਨੂੰਸਮਰਤੀ : ਗੈਰਬਰਾਬਰੀ ਦਾ ਦਸਤਾਵੇਜ਼" ਨਾਂ ਦੀ ਪੁਸਤਕ ਵਿਚ ਬੜੇ ਵਿਸਤਾਰ ਵਿੱਚ ਚਰਚਾ ਦਾ ਵਿਸ਼ਾ ਬਣਾਇਆ ਹੈ। ਮਨੂੰ ਸਿਮਰਤੀ ਨੂੰ ਸੰਵਿਧਾਨ ਮੰਨਣ ਵਾਲੇ ਲਈ 'ਤਰਕਸ਼ੀਲ', 'ਸੈਕੂਲਰ' ਅਤੇ 'ਸਮਾਜਿਕ ਨਿਆਂ ਵਿੱਚ ਵਿਸ਼ਵਾਸ਼ ਰੱਖਣ ਵਾਲਾ' ਆਦਿ ਵਿਸ਼ੇਸ਼ਣ ਵਰਤੇ ਜਾਣ ਨਾਲੋਂ ਵੱਡਾ ਬੌਧਿਕ ਦੀਵਾਲੀਅਪਣ ਹੋਰ ਕੀ ਹੋ ਸਕਦਾ

ਹੈ? ਅੱਜ ਦੇ ਸੱਤਾਧਾਰੀ ਇਸੇ ਲਾਈਨ 'ਤੇ ਵਿਰੋਧੀਆਂ ਨੂੰ 'ਸੂਡੋ ਸੈਕੂਲਰ' ( ਨਕਲੀ ਧਰਮ ਨਿਰਪੱਖ) ਕਹਿ ਕੇ 'ਆਨੰਦ' ਲੈਂਦੇ ਹਨ ਜਦ ਕਿ ਇੰਜ ਕਰਦਿਆਂ ਅਸਲ ਵਿੱਚ ਉਹ ਆਪ ਸਾਰੇ ਸੰਸਾਰ ਦੀਆਂ ਨਜ਼ਰਾਂ ਵਿੱਚ ਮਜ਼ਾਕ ਦਾ ਪਾਤਰ ਬਣ ਰਹੇ ਹੁੰਦੇ ਹਨ।

ਜਦੋਂ ਗੌਡਸੇ ਅਤੇ ਹੋਰ ਸਾਵਰਕਰਵਾਦੀਆਂ ਉੱਪਰ ਮਹਾਤਮਾ ਗਾਂਧੀ ਦੇ ਕਤਲ ਦਾ ਮੁਕੱਦਮਾ ਚੱਲਿਆ ਤਾਂ ਸਿਰਫ਼ ਸਾਵਰਕਰ ਨੂੰ ਬਰੀ ਕੀਤਾ ਗਿਆ ਤੇ ਦਲੀਲ ਇਹ ਦਿੱਤੀ ਗਈ ਕਿ ਇਸ ਨੂੰ ਦੋਸ਼ੀ ਠਹਿਰਾਉਣ ਲਈ ਜੱਜ ਨੂੰ 'ਸ਼ੱਕ ਰਹਿਤ ਸਬੂਤ' ਨਹੀਂ ਮਿਲਿਆ.... ਪਰ ਤੱਥ ਅਤੇ ਹਾਲਾਤ ਇਹ ਸ਼ਾਹਦੀ ਭਰਦੇ ਹਨ ਕਿ ਜਿਨ੍ਹਾਂ ਨੂੰ ਬਰੀ ਨਹੀਂ ਕੀਤਾ ਗਿਆ, ਉਹ ਸਾਰੇ ਸਾਵਰਕਰਵਾਦੀ ਸਨ ਤੇ ਸਾਵਰਕਰ ਦੀ ਵਿਚਾਰਧਾਰਾ ਦੇ ਪੈਰੋਕਾਰ ਸਨ।(156) ਸਰਦਾਰ ਵੱਲਭ ਭਾਈ ਪਟੇਲ ਨੇ ਸਾਵਰਕਰ ਨੂੰ ਗਾਂਧੀ ਦੀ ਹੱਤਿਆ ਲਈ ਜ਼ਿੰਮੇਂਵਾਰ ਠਹਿਰਾਉਂਦਿਆਂ ਨਹਿਰੂ ਨੂੰ ਲਿਖੇ ਖ਼ਤ ਵਿੱਚ ਕਿਹਾ ਸੀ, "ਸਾਵਰਕਰ ਦੇ ਅਧੀਨ ਹਿੰਦੂ ਮਹਾਂਸਭਾ ਦੀ ਜਨੂਨੀ ਸ਼ਾਖਾ ਨੇ ਇਸ ਸਾਜਿਸ਼ ਨੂੰ ਸਿਰੇ ਚੜ੍ਹਾਇਆ ਹੈ। ਲੱਗਦਾ ਇਉਂ ਹੈ ਕਿ ਇਹ ਸਾਜ਼ਿਸ਼ ਦਸ ਕੁ ਬੰਦਿਆਂ ਤੱਕ ਸੀਮਤ ਹੈ.... ਫਿਰ ਵੀ ਗਾਂਧੀ ਦੇ ਕਤਲ ਨੂੰ ਜੀ ਆਇਆਂ ਕਹਿਣ ਵਾਲਿਆਂ ਵਿੱਚ ਆਰ. ਐੱਸ. ਐੱਸ. ਅਤੇ ਹਿੰਦੂ ਮਹਾਂਸਭਾ ਵੀ ਸ਼ਾਮਲ ਸਨ ਜੋ ਉਸ (ਮਹਾਤਮਾ ਗਾਂਧੀ) ਦੀ ਸੋਚ ਅਤੇ ਪਾਲਸੀ ਦੇ ਵਿਰੋਧੀ ਸਨ।" (158) ਅਜਿਹੇ ਹੀ ਵਿਚਾਰ ਪਟੇਲ ਨੇ ਸ਼ਿਆਮਾ ਪ੍ਰਸਾਦ ਮੁਕਰਜੀ ਨੂੰ ਜੁਲਾਈ, 1958 ਵਿੱਚ ਲਿਖੇ ਇੱਕ ਖ਼ਤ ਰਾਹੀਂ ਪੇਸ਼ ਕਰਦਿਆਂ ਕਿਹਾ ਸੀ, " ਦੇਸ਼ ਵਿੱਚ ਇੱਕ ਅਜਿਹਾ ਹੌਲਨਾਕ ਵਾਤਾਵਰਣ ਬਣਾਇਆ ਗਿਆ ਜਿਸ ਵਿਚ ਅਜਿਹਾ ਦੁਖਾਂਤ ਵਾਪਰਿਆ। ਮੇਰੇ ਮਨ ਵਿਚ ਕੋਈ ਸ਼ੰਕਾ ਨਹੀਂ ਕਿ ਹਿੰਦੂ ਮਹਾਂਸਭਾ ਦਾ ਅਤਿਵਾਦੀ ਹਿੱਸਾ ਇਸ ਸਾਜਿਸ਼ (ਗਾਂਧੀ ਕਤਲ ਕਾਂਡ) ਵਿੱਚ ਸ਼ਾਮਲ ਸੀ।" ਹੁਣ ਤਾਂ ਗੌਡਸੇ ਦੇ ਉਹ ਖ਼ਤ ਵੀ ਸਾਹਮਣੇ ਆ ਗਏ ਹਨ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਉਹ ਸਾਵਰਕਰ ਨੂੰ ਆਪਣਾ ਗੁਰੂ ਮੰਨਦਾ ਸੀ ਤੇ ਉਸਦੇ ਵਿਚਾਰਾਂ ਤੋਂ ਪ੍ਰਭਾਵਿਤ ਸੀ।

ਗਾਂਧੀ ਦੇ ਕਤਲ ਤੋਂ ਬਾਅਦ ਜਿਹੜੀ ਆਰ. ਐੱਸ. ਐੱਸ. ਨੇ ਸਾਵਰਕਰ ਤੋਂ ਦੂਰੀ ਬਣਾ ਲਈ ਸੀ, ਉਹੀ ਅੱਜ-ਕਲ੍ਹ ਸਾਵਰਕਰ ਦਾ ਦੈਵੀਕਰਣ ਕਰਨ ਅਤੇ ਉਸਨੂੰ ਬਹੁਤ ਵੱਡਾ ਦੇਸ਼ ਭਗਤ ਸਿੱਧ ਕਰਨ ਵਿਚ ਰੁਝੀ ਹੋਈ ਹੈ। ਆਰ. ਐੱਸ. ਐੱਸ. ਅਨੁਸਾਰ ਸਾਵਰਕਰ ਸਭ ਤੋਂ ਵੱਡਾ ਰਾਸ਼ਟਰਵਾਦੀ ਹੈ ਅਤੇ ਉਹ ਸਾਵਰਕਰ ਦੇ ਸੁਪਨਿਆਂ ਦਾ ਹਿੰਦੁਸਤਾਨ ਬਣਾਉਣ ਦੀਆਂ ਯੋਜਨਾਵਾਂ ਬਣਾ ਰਹੀ ਹੈ। ਆਰ. ਐੱਸ. ਐੱਸ., ਬੀ.ਜੇ.ਪੀ. ਸਾਵਰਕਰ ਦੇ ਉਸ ਹਿੰਦੁਤਵ ਨੂੰ ਸੁਚੱਜਾ ਰੂਪ ਦੇ ਕੇ ਪੇਸ਼ ਕਰ ਰਹੀਆਂ ਹਨ, ਜਿਹੜਾ ਵਿਚਾਰਵਾਨਾਂ ਅਨੁਸਾਰ ਅਟਕਲਪੱਚੂ, ਉਲਝਿਆ, ਢਿੱਲਾ-ਢਾਲਾ, ਖੁਸ਼ਕ, ਆਪਾ-ਵਿਰੋਧੀ ਅਤੇ ਦੁਹਰਾਅ ਵਾਲਾ ਹੈ। ਸਿੰਧ ਤੋਂ ਹਿੰਦ ਤੇ ਇਸੇ ਤੋਂ ਹਿੰਦੂ ਬਣੇ ਸ਼ਬਦ ਨੂੰ ਹਿੰਦੁਸਤਾਨ ਬਣਾ ਕੇ ਜੋ ਕੁਝ ਵੀ ਉਸਾਰਿਆ ਜਾ ਰਿਹਾ ਹੈ ਉਸ ਤੋਂ ਆਰ. ਐੱਸ. ਐੱਸ. ਦੀ ਘੱਟ ਗਿਣਤੀਆਂ ਪ੍ਰਤੀ ਨਫ਼ਰਤ ਅਤੇ ਬਾਕੀ ਧਰਮਾਂ ਨੂੰ ਹਿੰਦੂ ਸਫ਼ਾਂ ਵਿੱਚ ਸਮੇਟ ਕੇ ਇੱਕ ਧਾਰਮ ਆਧਾਰਿਤ ਕੱਟੜ ਰਾਸ਼ਟਰ ਦੇ ਨਿਰਮਾਣ ਵੱਲ ਵਧਣ ਦੀ ਕੋਝੀ ਸਾਜਿਸ਼ ਦੀ ਪੁਸ਼ਟੀ ਹੁੰਦੀ ਹੈ। ਹਿੰਦੂਤਵ ਹੁਣ ਫਾਸਿਸਟ ਵਿਚਾਰਧਾਰਾ/ ਏਜੰਡਾ ਬਣ ਗਿਆ ਹੈ। ਹਿੰਦੂਤਵ ਅਸਲ ਵਿਚ 'ਰਾਜਨੀਤਕ ਹਿੰਦੂਤਵ' ਹੈ। ਸਾਵਰਕਰ ਅਨੁਸਾਰ, "ਹਿੰਦੂਆਂ ਦਾ ਆਪਣੀ ਨਸਲ ਦਾ ਆਪਣਾ ਸਭਿਆਚਾਰ, ਸੰਸਕਿਰਤ ਭਾਸ਼ਾ ਵਿੱਚ ਵਿਸਤਾਰ ਲੈਂਦਾ ਹੈ। ਇਸ ਦਾ ਇੱਕ ਸਾਂਝਾ ਇਤਿਹਾਸ ਹੈ, ਸਾਂਝਾ ਸਾਹਿਤ ਹੈ, ਕਲਾ, ਭਵਨ ਨਿਰਮਾਣ ਕਲਾ, ਕਾਨੂੰਨ, ਨਿਆਂ ਸ਼ਾਸਤਰ, ਰੀਤੀ ਰਿਵਾਜ, ਤਿਉਹਾਰ, ਧਾਰਮਿਕ ਸੰਸਕਾਰ, ਮੇਲੇ ਹਨ ਜੋ ਇਸ ਹਿੰਦੂਸਤਾਨ ਨੂੰ ਪੁੰਨ ਭੂਮੀ ਅਤੇ ਪਵਿੱਤਰ ਧਰਤੀ ਬਣਾਉਂਦੇ ਹਨ। ਇਸ ਸਭ ਨੂੰ ਸਾਂਝੇ ਰਾਸ਼ਟਰ, ਸਾਂਝੀ ਜਾਤੀ (ਨਸਲ) ਤੇ ਸਾਂਝੀ ਭਾਸ਼ਾ ਯਾਨਿ ਕਿ ਸੰਸਕ੍ਰਿਤ ਤੱਕ ਘਟਾ ਦਿੱਤਾ ਗਿਆ ਹੈ। ਸਪੱਸ਼ਟ ਹੈ ਕਿ ਸਾਵਰਕਰ ਇਤਿਹਾਸ ਤੋਂ ਇਨਕਾਰੀ ਹੁੰਦਾ ਹੋਇਆ ਸੰਸਕ੍ਰਿਤ ਨਾਲੋਂ ਵੱਖਰੀਆਂ ਲੋਕ ਭਾਸ਼ਾਵਾਂ ਨੂੰ ਖਾਰਜ ਕਰਦਾ ਹੈ। ਇਸ ਰਾਹੀਂ ਉਹ ਸਾਰੇ ਲੋਕ ਸ਼ੂਦਰ ਹੋ ਕੇ ਲਾਂਭੇ ਹੋ ਜਾਂਦੇ ਹਨ ਜਿਨ੍ਹਾਂ ਨੂੰ ਸੰਸਕ੍ਰਿਤ ਬੋਲਣ ਦਾ ਅਧਿਕਾਰ ਨਹੀਂ। ਕਬੀਲਿਆਂ ਤੇ ਸ਼ੂਦਰਾਂ ਦਾ ਸੱਭਿਆਚਾਰ, ਰੀਤੀ-ਰਿਵਾਜ, ਕਥਾ-ਕਹਾਣੀਆਂ, ਗੀਤ, ਆਚਾਰ-ਵਿਹਾਰ ਸਭ ਕੁੱਝ ਹਿੰਦੂਤਵ ਵਿਚੋਂ ਮਨਫ਼ੀ ਹੋ ਜਾਂਦਾ ਹੈ। ਚਾਰਵਾਕ, ਨਾਸਤਿਕ ਸਭ ਇਸ 'ਚੋਂ ਬਾਹਰ ਕਰ ਦਿੱਤੇ ਜਾਂਦੇ ਹਨ। ਭਾਰਤੀ ਸੰਦਰਭ ਵਿੱਚ ਇਸ ਏਜੰਡੇ ਨੂੰ ਕਿਸੇ ਵੀ ਕੀਮਤ ਉੱਪਰ ਸਵੀਕਾਰ ਨਹੀਂ ਕੀਤਾ ਜਾ ਸਕਦਾ।

ਘੱਟ ਗਿਣਤੀਆਂ, ਮੁਸਲਮਾਨਾਂ ਅਤੇ ਈਸਾਈਆਂ ਨੂੰ ਤਾਂ ਇਸ ਲਈ ਵਿਦੇਸ਼ੀ ਮੰਨ ਲਿਆ ਗਿਆ ਕਿਉਂਕਿ ਉਨ੍ਹਾਂ ਦੇ ਧਾਰਮਿਕ ਕੇਂਦਰ ਭਾਰਤ ਤੋਂ ਬਾਹਰ ਹਨ। ਪਰ ਸਿੱਖਾਂ ਨੂੰ ਪਰਿਭਾਸ਼ਤ ਕਰਦਿਆਂ ਸਾਵਰਕਰ ਕਹਿੰਦਾ ਹੈ, "ਧਾਰਮਿਕ ਤੌਰ 'ਤੇ ਉਹ ਬੇਸ਼ੱਕ ਸਿੱਖ ਹਨ ਪਰ ਨਸਲੀ ਅਤੇ ਸਭਿਆਚਾਰਕ ਤੌਰ 'ਤੇ ਉਹ ਹਿੰਦੂ ਹੀ ਹਨ।" ਇਸਨੂੰ ਇੱਕ ਤਰ੍ਹਾਂ ਨਾਲ ਹਿੰਦੂਆਂ ਦਾ ਸੈਕਟ ਹੀ ਮੰਨਿਆ ਗਿਆ ਹੈ। ਸਾਵਰਕਰ ਕਿਤੇ ਵੀ ਇਹ ਕਹਿਣਾ ਨਹੀਂ ਭੁੱਲਦਾ ਕਿ ਸਿੱਖ, ਜੈਨੀ ਅਤੇ ਬੋਧੀ ਹਿੰਦੂ ਰਾਸ਼ਟਰ ਦਾ ਹਿੱਸਾ ਹਨ, ਕਿਉਂਕਿ ਮੁੱਦਤਾਂ ਤੋਂ ਨਸਲੀ, ਰਾਸ਼ਟਰੀ ਅਤੇ ਸਭਿਆਚਾਰਕ ਤੌਰ 'ਤੇ ਉਹ ਹਿੰਦੂ ਰਾਸ਼ਟਰ ਦਾ ਅੰਗ ਰਹੇ ਹਨ। ਇਸੇ ਲਈ ਗੁਰੂਆਂ ਨੂੰ ਸਨਾਤਨੀ (ਹਿੰਦੂਤਵੀ) ਸਿੱਧ ਕਰਨ ਦਾ ਲਗਾਤਾਰ ਯਤਨ ਕੀਤਾ ਜਾਂਦਾ ਹੈ।

ਜਿਵੇਂ ਉੱਪਰ ਵੀ ਕਿਹਾ ਜਾ ਚੁੱਕਾ ਹੈ ਕਿ ਸਾਵਰਕਰ ਜਾਤ-ਪਾਤ ਦਾ ਵਿਰੋਧ ਨਹੀਂ ਕਰਦਾ, ਬਲਕਿ ਉਹ ਤਾਂ ਏਥੋਂ ਤੱਕ ਕਹਿੰਦਾ ਹੈ ਕਿ 'ਜਿਥੇ ਚਾਰ ਵਰਣਾਂ ਦਾ ਸਿਸਟਮ ਹੋਂਦ ਵਿਚ ਨਹੀਂ, ਉਸਨੂੰ ਮਲੇਛ ਦੇਸ਼ ਹੀ ਕਹਿਣਾ ਚਾਹੀਦਾ ਹੈ।' ਅਛੂਤਾਂ ਦੇ ਧਾਰਮਿਕ ਪਰਿਵਰਤਨ ਤੋਂ ਸੁਚੇਤ ਹੋ ਕੇ ਉਹ ਕਿਤੇ-ਕਿਤੇ ਇਨ੍ਹਾਂ ਦਾ ਪੱਧਰ ਉੱਚਾ ਚੁੱਕਣ ਦੀ ਵਕਾਲਤ ਵੀ ਕਰਦਾ ਹੈ, ਪਰ ਵਰਣ ਵਿਵਸਥਾ ਨੂੰ ਉਹ ਕਿਤੇ ਵੀ ਨਹੀਂ ਤਿਆਗਦਾ ਜੋ ਜਾਤ-ਪਾਤ ਦੀ ਜਣਨੀ ਹੈ। ਇਨ੍ਹਾਂ ਸਾਰੇ ਪੱਖਾਂ ਨੂੰ ਧਿਆਨ ਵਿੱਚ ਰੱਖਦਿਆਂ ਡਾ. ਬੀ.ਆਰ. ਅੰਬੇਡਕਰ ਨੇ 1946 ਤੋਂ ਪਹਿਲਾਂ ਹੀ ਕਹਿ ਦਿੱਤਾ ਸੀ ਕਿ, "ਜੇ ਹਿੰਦੂ ਰਾਜ ਹੋਂਦ ਵਿੱਚ ਆਉਂਦਾ ਹੈ ਤਾਂ ਬਿਨਾਂ ਸ਼ੱਕ ਇਹ ਇਸ ਦੇਸ਼ ਲਈ ਮਹਾਂ ਤਬਾਹੀ ਹੋਵੇਗਾ....ਇਹ ਸੁਤੰਤਰਤਾ, ਬਰਾਬਰੀ ਅਤੇ ਭਾਈਚਾਰੇ ਲਈ ਵੱਡਾ ਖ਼ਤਰਾ ਹੋਵੇਗਾ। ਕਿਉਂਕਿ ਇਸਦਾ ਡੈਮੋਕ੍ਰੇਸੀ ਨਾਲ ਕੋਈ ਮੇਲ ਨਹੀਂ, ਇਸ ਲਈ ਹਿੰਦੂ ਰਾਜ ਨੂੰ ਹੋਂਦ ਵਿੱਚ ਆਉਣ ਤੋਂ ਹਰ ਹਾਲਤ ਵਿੱਚ ਰੋਕਿਆ ਜਾਣਾ ਚਾਹੀਦਾ ਹੈ।" (187)

ਉਪਰੋਕਤ ਸਾਰੇ ਤੱਥ ਅਤੇ ਵਿਚਾਰ ਇਹ ਸਪੱਸ਼ਟ ਕਰਦੇ ਹਨ ਕਿ ਆਰ. ਐੱਸ. ਐੱਸ. ਆਪਣੇ ਰਾਜਨੀਤਿਕ ਵਿੰਗ, ਭਾਜਪਾ ਰਾਹੀਂ ਹਿੰਦੂ ਰਾਜ ਦੀ ਸਥਾਪਨਾ ਵਲ ਵਧ ਰਹੀ ਹੈ। ਲੋਕ ਸਭਾ ਅਤੇ ਰਾਜ ਸਭਾ ਵਿੱਚ ਬਹੁਮਤ ਦੇ ਸਿਰ 'ਤੇ ਉਹ ਡੈਮੋਕਰੇਸੀ ਨੂੰ ਲਾਗਾਤਾਰ ਢਾਹ ਲਾ ਰਹੀ ਹੈ। ਘੱਟ ਗਿਣਤੀਆਂ ਖਿਲਾਫ਼ ਲਾਗਤਾਰ ਮੁਹਿੰਮ ਜਾਰੀ ਹੈ। ਹੁਣੇ ਜਿਹੇ ਹੋਈ ਧਰਮ ਸੰਸਦ ਵਿੱਚ ਕਹੀਆਂ ਗਈਆਂ ਗੱਲਾਂ ਸਿੱਧ ਕਰਦੀਆਂ ਹਨ ਕਿ ਘੱਟ ਗਿਣਤੀਆਂ ਦੇ ਕਤਲੇਆਮ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਜਿਸ ਦਿਨ ਬੀ.ਜੇ.ਪੀ. ਨੂੰ ਪਾਰਲੀਮੈਂਟ ਵਿੱਚ ਦੋ-ਤਿਹਾਈ ਬਹੁਮਤ ਹਾਸਿਲ ਹੋ ਗਿਆ ਉਸੇ ਦਿਨ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨ ਦਿੱਤਾ ਜਾਵੇਗਾ ਅਤੇ ਮਨੂੰ ਸਿਮਰਤੀ ਨੂੰ ਦੇਸ਼ ਦਾ ਸੰਵਿਧਾਨ ਦਾ ਦਰਜਾ ਪ੍ਰਾਪਤ ਹੋ ਜਾਵੇਗਾ। ਅਜਿਹੀ ਤਬਾਹਕੁੰਨ ਸਥਿਤੀ ਬਣਨ ਤੋਂ ਰੋਕਣ ਲਈ ਸਮੁੱਚੀ ਲੋਕਾਈ ਨੂੰ ਇਕਮੁੱਠ ਹੋ ਕੇ ਇਸਦੇ ਵਿਰੋਧ ਵਿੱਚ ਨਿੱਤਰਣਾ ਹੋਵੇਗਾ। ਇਹੋ ਅਜੋਕੇ ਸਮੇਂ ਦੀ ਪਲੇਠੀ ਤੇ ਸਭ ਤੋਂ ਜ਼ਰੂਰੀ ਮੰਗ ਹੈ।

**(ਇਹ ਲੇਖ ਡਾਕਟਰ ਸ਼ਮਸੁਲ ਇਸਲਾਮ ਦੀ ਲਿਖੀ ਵੱਡਮੁੱਲੀ ਤੇ ਘਾਲਣਾਵਾਂ ਭਰਪੂਰ ਖੋਜ 'ਤੇ ਆਧਾਰਿਤ ਪੁਸਤਕ "ਸਾਵਰਕਰ ਬੇਨਕਾਬ**

# ਜਨਨੀ ਸੰਸਾਰ ਦੀ, ਮਾਲਕੀ ਹੱਕ ਤੋਂ ਵਿਹੂਣੀ

**(ਸਫ਼ਾ 2 ਦੀ ਬਾਕੀ)**

ਫਸਲ ਬੀਜਦਾ, ਖੇਤ ਵਾਹੁੰਦਾ ਹੈ, ਉਸ ਦੀ ਦੇਖ-ਭਾਲ ਕਰਦਾ, ਫਸਲ ਵੱਢਦਾ ਤੇ ਜਿਣਸ ਘਰ ਤੱਕ ਲਿਆਉਂਦਾ ਹੈ, ਉਸ ਫਸਲ ਦੀ ਉਪਜ ਤੋਂ ਪੈਦਾ ਕੀਤੀ ਆਰਥਿਕ ਉਪਜੀਵਕ ਦਾ ਉਹੀ ਵਿਅਕਤੀ (ਕਿਸਾਨ) ਹੱਕਦਾਰ ਹੈ।" ਪ੍ਰੰਤੂੰ ਜੇਕਰ ਦੇਖਿਆ ਜਾਵੇ ਤਾਂ! ਇਸ ਦੇ ਬਰਾਬਰ ਖੇਤੀ, ਖੇਤੀ ਦੇ ਸਹਾਇਕ ਧੰਦੇ, ਕੰਮ ਤੇ ਉਸ ਫਸਲ ਨੂੰ ਵਾਹੁਣ-ਬੀਜਣ, ਵੱਢਣ ਤੇ ਘਰ ਤੱਕ ਲਿਆਉਣ ਲਈ ਉਨ੍ਹਾਂ ਹੀ ਹਿੱਸਾ (ਮਿਹਨਤ) ਇਸ ਸਾਰੀ ਪ੍ਰੀਕ੍ਰਿਆ ਅੰਦਰ ਇਸਤਰੀ ਦਾ ਵੀ ਹੁੰਦਾ ਹੈ, ਜਿਨਾਂ ਕਿਸਾਨ ਦਾ। ਪ੍ਰੰਤੂ ਵਿੱਤੀ-ਵੰਡ ਸਮੇਂ ਉਸ ਨੂੰ (ਇਸਤਰੀ) ਇਸ ਹੱਕ ਤੋਂ ਵਾਝਿਆਂ ਕਰ ਦਿੱਤਾ ਜਾਂਦਾ ਹੈ। ਮੌਜੂਦਾ ਸਿਸਟਮ ਅੰਦਰ ਜੇਕਰ ਦੇਖਿਆ ਜਾਵੇ ਤਾਂ ਪੈਰ-ਪੈਰ 'ਤੇ ਘਰ ਵਿੱਚ ਤੇ ਬਾਹਰ ਵੀ ਇਸਤਰੀ ਵਲੋਂ ਘਰ ਦੀ ਆਰਥਿਕਤਾ ਨੂੰ ਬਿਹਤਰ ਬਣਾਉਣ ਲਈ ਪਾਏ ਗਏ ਯੋਗਦਾਨ ਨੂੰ ਅਣਗੌਲਿਆ ਕਰਕੇ ਉਸ ਦਾ ਮਾਨਸਿਕ ਤੇ ਸਰੀਰਕ ਸ਼ੋਸ਼ਣ ਹੋ ਰਿਹਾ ਹੈ। ਉਹ ਹਰ ਵਾਰੀ ਸ਼ੋਸ਼ਤ ਹੁੰਦੀ ਹੈ, ਕਿਉਂਕਿ ਉਸ ਵਲੋਂ ਘਰ, ਪ੍ਰੀਵਾਰ ਦੀ ਸਾਂਭ ਸੰਭਾਲ, ਬੱਚਿਆਂ ਦੀ ਦੀ ਪੈਦਾਇਸ਼, ਪਰਵਰਿਸ਼, ਘਰੇਲੂ ਕੰਮ ਅਤੇ ਬਾਹਰ ਦੇ ਕੰਮਾਂ ਅੰਦਰ ਜੋ ਇਸਤਰੀ ਯੋਗਦਾਨ ਪਾਉਂਦੀ ਹੈ, ਉਹ ਸਾਰੇ ਹੀ ਅਣਗੌਲੇ ਜਾਂਦੇ ਹਨ।

ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਮੁਤਾਬਿਕ "ਜਬਰਨ ਬੇ-ਦਖਲੀ ਜਾਂ ਗਰੀਬੀ ਦੇ ਖਤਰੇ ਨੂੰ ਘਟਾ ਕੇ 'ਸੱਚੀ-ਮੁੱਚੀ' ਜਮੀਨ ਦੀ ਮਾਲਕੀ ਨੂੰ ਸੁਰੱਖਿਅਤ ਤੇ ਮਜ਼ਬੂਤ ਕਰਕੇ ਇਸ ਦੀ ਘਰ ਵਿੱਚ ਸੌਦੇ-ਬਾਜੀ ਦੀ ਸ਼ਕਤੀ ਨੂੰ ਵਧਾਉਣ ਦੀ ਵਕਾਲਤ ਕਰਦੇ ਹਨ। ਉਨ੍ਹਾਂ ਦੇ ਹਿੱਸੇਦਾਰੀ ਵਿੱਚ ਸੁਧਾਰ ਕਰਦੇ ਹਨ।" ਪ੍ਰੰਤੂ ਜਮੀਨ ਉਪੱਰ ਇਸਤਰੀਆਂ ਦੇ ਅਧਿਕਾਰ ਨਾਂ ਹੋਣ ਕਰਕੇ ਉਸ ਨੂੰ ਇਸ ਦਾ "ਸਮਾਜਿਕ ਤੇ ਆਰਥਿਕ ਤੌਰ ਤੇ ਖਾਮਿਆਜਾ ਸਾਰੇ ਹੀ ਥਾਵਾਂ ਤੇ ਗੰਭੀਰਤਾ ਨਾਲ ਭੁਗਤਣਾ ਪੈਂਦਾ ਹੈ। ਇਸ ਤਰ੍ਹਾਂ ਸਰਕਾਰੀ ਯੋਜਨਾਵਾਂ ਅਤੇ ਹੋਰ ਸਰਕਾਰੀ ਸੁਵਿਧਾਵਾਂ, ਜਿਹੜੀਆਂ ਉਸ ਨੂੰ ਮਿਲਣੀਆਂ ਚਾਹੀਦੀਆਂ ਹਨ; ਜਮੀਨ ਦੀ ਮਾਲਕੀ, ਉਸ ਦੇ ਨਾਂ ਤੇ ਨਾ ਹੋਣ ਕਰ ਕੇ ਉਹ ਇਨ੍ਹਾਂ ਸੁਵਿਧਾਵਾਂ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ। ਕਿਉਂਕਿ ਜ਼ਮੀਨੀ ਮਲਕੀਅਤ ਅਧਾਰਿਤ ਹੀ ਇਕ ਕਿਸਾਨ ਨੂੰ ਜ਼ਮੀਨ ਦੇ ਨਾਂ ਦੇ ਰਿਕਾਰਡ ਤੇ ਹੀ ਸਾਰੀਆਂ ਤਰਜੀਹਾਂ ਦਿੱਤੀਆਂ ਜਾਦੀਆਂ ਹਨ। ਖੇਤੀ-ਬਾੜੀ ਮਹਿਕਮਾਂ ਉਸ ਜਮੀਨ ਦਾ ਰਿਕਾਰਡ ਕਿਸ ਦੇ ਨਾਂ ਤੇ ਹੈ, ਉਸੇ ਤਰ੍ਹਾਂ ਹੀ ਉਨ੍ਹਾਂ ਨਿਯਮਾਂ ਤਹਿਤ ਹੀ ਪਾਲਣਾ ਕਰਦਾ ਹੈ ਤੇ ਮਾਲੀ ਸਹੂਲਤਾਂ ਦਿੰਦਾ ਹੈ।

ਜ਼ਮੀਨ ਮਾਲਕੀ ਨੂੰ ਲੈ ਕੇ ਬਣਾਏ ਗਏ ਕਾਨੂੰਨਾਂ ਵਿੱਚ ਲਿੰਗਕ-ਗਣਨਾ ਦੀ ਵੀ ਜ਼ਰੂਰਤ ਹੈ; ਤਾਂ! ਜੋ ਜ਼ਮੀਨ ਸਬੰਧੀ ਬਣਾਏ ਗਏ ਕਾਨੂੰਨਾਂ ਅੰਦਰ ਜੋ ਘਾਟਾਂ ਹਨ, ਉਨ੍ਹਾਂ ਨੂੰ ਘੋਖ ਕੇ ਦੂਰ ਕੀਤਾ ਜਾ ਸਕੇ। ਫਰਵਰੀ 2019 'ਚ ਹੋਈ ਇਕ ਖੋਜ ਮੁਤਾਬਿਕ ਇਸਤਰੀਆਂ ਨੂੰ ਜ਼ਮੀਨ ਦਾ ਮਾਲਕਾਨਾ ਹੱਕ ਦੇਣ ਨਾਲ ਨਾ ਸਿਰਫ਼ ਇਸਤਰੀਆਂ ਨੂੰ ਹੀ, ਬਲਕਿ ਜ਼ੱਲਵਾਯੂ ਦੇ ਪ੍ਰੀਵਰਤਨ ਦੇ ਅਸਰ ਤੋਂ ਵੀ ਬਚਾਇਆ ਜਾ ਸਕਦਾ ਹੈ। ਜੇਕਰ ਦੇਖਿਆ ਜਾਵੇ ਦੁਨੀਆਂ ਭਰ ਵਿੱਚ ਜਿਨੇ ਵੀ ਕਿਸਾਨ ਜਾਂ ਲੋਕ ਖੇਤੀ ਕਿੱਤੇ ਨਾਲ ਜੁੜੇ ਹੋਏ ਹਨ ਉਹ ਆਪਣੇ ਗੁਜ਼ਾਰੇ ਲਈ ਜਮੀਨ ਤੇ ਹੋਰ ਪ੍ਰਾਕ੍ਰਿਤਿਕ ਸਾਧਨਾਂ ਤੇ ਪੂਰੀ ਤਰ੍ਹਾਂ ਨਿਰਭਰ ਹਨ। ਪ੍ਰੰਤੂ ਉਨ੍ਹਾਂ ਵਿਚੋਂ ਅੱਧੀ ਤੋਂ ਵੱਧ ਅਬਾਦੀ ਇਸਤਰੀਆਂ ਦੀ ਹੈ। ਪਰ! ਇਸ ਦੇ ਬਾਵਜੂਦ ਵੀ ਆਪਣੀ ਜ਼ਮੀਨ ਤੋਂ ਪ੍ਰਾਪਤ ਕੀਤੀ ਗਈ ਫ਼ਸਲ ਨਾਲ ਆਪਣਾ ਘਰ-ਬਾਰ ਚਲਾਉਣ ਵਾਲੇ ਕਿਸਾਨਾਂ ਵਿਚੋਂ ਸਿਰਫ਼ 40-ਫੀ-ਸੱਦ ਇਸਤਰੀਆਂ ਹੀ ਹਨ। ਅਫਰੀਕਾ ਤੇ ਪੂਰਬੀ ਏਸ਼ੀਆ ਵਿੱਚ ਇਸ ਤਰ੍ਹਾਂ ਦੀਆਂ ਇਸਤਰੀਆਂ ਦੀ ਗਿਣਤੀ ਹੋਰ ਵੀ ਘੱਟ ਹੈ। ਜਿੱਥੇ ਇਸਤਰੀ ਪ੍ਰੀਵਾਰ ਦੀਆਂ, ਘਰਾਂ ਦੀਆਂ, ਸਮਾਜਿਕ ਲੋੜਾਂ ਬੱਚਿਆਂ ਦਾ ਪਾਲਣ-ਪੋਸਣ ਆਦਿ ਸਾਰੀਆਂ ਹੀ ਜੁੰਮੇਵਾਰੀਆਂ ਨਿਭਾਉਂਦੀ ਹੈ। ਉਥੇ ਖੇਤੀ-ਬਾੜੀ ਦਾ ਕੰਮ ਤੇ ਡੰਗਰ-ਪਸ਼ੂ ਸਾਂਭਣ ਦੀ ਭੂਮਿਕਾ ਵੀ ਉਹ ਬਾਖੂਬੀ ਨਾਲ ਨਿਭਾਉਂਦੀ ਹੈ। ਇਸ ਲਈ ਇਸਤਰੀਆਂ ਵਲੋਂ ਇਹੋ ਜਿਹੀ ਸਮੁੱਚੀ ਨਿਭਾਈ ਗਈ ਭੂਮਿਕਾ ਦੀ ਸਾਨੂੰ ਕਦਰ ਵੀ ਕਰਨੀ ਚਾਹੀਦੀ ਹੈ। ਜੇਕਰ ਉਸ ਨੂੰ ਜ਼ਮੀਨ/ਜਾਇਦਾਦ ਦਾ ਅਧਿਕਾਰ ਦਿੱਤਾ ਜਾਵੇ ਤਾਂ ਇਸਤਰੀ ਨੂੰ ਸਮਾਜ ਵਿੱਚ ਇੱਜ਼ਤ ਵੀ ਮਿਲਦੀ ਹੈ ਤੇ ਸਮਾਜ ਵਿੱਚ ਉਸ ਦਾ ਸਨਮਾਨ ਵੀ ਵਧੇਗਾ ਤੇ ਇਕ ਉੱਚਾ ਦਰਜਾ ਵੀ ਮਿਲੇਗਾ। ਇਸ ਤਰ੍ਹਾਂ ਜਦੋਂ ਸਮੁੱਚੀ ਜੁੰਮੇਵਾਰੀ ਪਏਗੀ ਤਾਂ ਉਹ ਇਸਤਰੀਆਂ ਖੇਤੀ-ਸੁਰੱਖਿਆ, ਸਾਂਭ-ਸੰਭਾਲ, ਘਰ ਦੀ ਦੇਖਭਾਲ, ਬੱਚਿਆਂ ਲਈ ਚੰਗੀ ਸਿਹਤ ਤੇ ਹੋਰ ਸਮਾਜਿਕ ਖਰਚਿਆਂ ਦੀ ਵਰਤੋਂ ਨੂੰ ਬਿਹਤਰ ਤਰੀਕੇ ਨਾਲ ਨਿਭਾਏਗੀ।

ਦੇਸ਼ ਅੰਦਰ ਮੱਧ-ਯੁੱਗ ਤੋਂ ਲੈ ਕੇ ਅਜ਼ਾਦੀ ਦੇ ਬਾਦ ਵੀ ਖੇਤੀ ਪ੍ਰਧਾਨ ਭਾਰਤੀ ਸਮਾਜ ਅੰਦਰ "ਭੋਂਅ ਪ੍ਰਾਪਤੀ" (ਜ਼ਮੀਨ ਪ੍ਰਾਪਤੀ) ਲਈ ਚਲੇ ਅੰਦੋਲਨਾਂ ਵਿੱਚ ਵੀ ਇਸਤਰੀਆਂ ਦਾ ਸਭ ਤੋਂ ਵੱਡਾ ਯੋਗਦਾਨ ਰਿਹਾ ਹੈ। ਭੋਂਅ ਪ੍ਰਾਪਤੀ ਅਤੇ ਜਮੀਨੀ ਹੱਕ-ਹਕੂਕਾਂ ਲਈ ਸਾਮੰਤਵਾਦੀ ਯੁੱਗ ਤੇ ਗੁਲਾਮੀ ਵੇਲੇ ਬਰਤਾਨਵੀ ਸਾਮਰਾਜ ਵਿਰੁੱਧ ਅਤੇ ਮੌਜੂਦਾ ਪੂੰਜੀਵਾਦੀ ਰਾਸ਼ਟਰਵਾਦੀ ਸਰਕਾਰਾਂ ਵੇਲੇ ਅਨੇਕਾਂ ਕਿਸਾਨੀ ਅੰਦੋਲਨ ਚਲੇ ਸਨ। ਇਨ੍ਹਾਂ ਕਿਸਾਨੀ ਅੰਦੋਲਨਾਂ ਅੰਦਰ ਕਿਸਾਨ-ਇਸਤਰੀਆਂ ਤੇ ਗੈਰ ਕਿਸਾਨੀ ਇਸਤਰੀਆਂ ਦਾ ਵੀ ਇਕ ਵੱਡਾ ਯੋਗਦਾਨ ਰਿਹਾ ਹੈ। "ਬਾਰਡੋਲੀ ਕਿਸਾਨ ਅੰਦੋਲਨ" (ਗੁਜਰਾਤ) ਜੋ 11 ਨਵੰਬਰ 1925 ਤੋਂ 7 ਅਗਸਤ 1928 ਤੱਕ ਚੱਲਿਆ ਸੀ। ਇਸੇ ਤਰ੍ਹਾਂ "ਮੋਪਲਾ ਕਿਸਾਨ ਅੰਦੋਲਨ" (ਕੇਰਲਾ) ਜਿਸ ਵਿੱਚ ਇਸਤਰੀਆਂ ਨੇ ਵੀ ਵੱਧ ਚੜ੍ਹ ਕੇ ਹਿੱਸਾ ਲਿਆ। ਬੰਗਾਲ ਅੰਦਰ 1946 ਤੋਂ 1950 ਤੱਕ "ਤਿਭਾਗਾ ਕਿਸਾਨ ਅਦੋਲਨ" ਚਲਿਆ ਸੀ। "ਤਿੰਲਗਾਨਾ ਹਥਿਆਰਬੰਦ ਕਿਸਾਨ ਅੰਦੋਲਨ 1948 ਤੋਂ 1950", ਆਂਧਰਾ ਪ੍ਰਦੇਸ਼ ਵਿੱਚ ਵੀ ਇਸੇ ਹੀ ਤਰ੍ਹਾਂ ਦਾ ਕਿਸਾਨੀ ਅੰਦੋਲਨ ਚਲਿਆ। 25-ਫਰਵਰੀ 1959 ਖੁਸ਼ ਹੈਸੀਅਤੀ ਟੈਕਸ ਵਿਰੁੱਧ ਕਿਸਾਨ ਅੰਦੋਲਨ ਪੰਜਾਬ ਵਿੱਚ ਚੱਲਿਆ। ਜਿਸ ਵਿੱਚ 3 ਬੀਬੀਆਂ (ਜਿਨ੍ਹਾਂ ਵਿਚੋਂ ਇਕ ਖੇਤ ਮਜ਼ਦੂਰ ਬੀਬੀ ਵੀ ਸੀ) ਸ਼ਹੀਦ ਹੋ ਗਈਆਂ ਤੇ 5 (ਇਸਤਰੀਆਂ) ਬੀਬੀਆਂ ਜਖ਼ਮੀ ਹੋਈਆਂ ਸਨ। ਮੌਜੂਦਾ 'ਸੰਯੁਕਤ ਕਿਸਾਨ ਮੋਰਚੇ' ਵਲੋਂ, ਕਿਸਾਨ ਅੰਦੋਲਨ 2020-2021 ਦਿੱਲੀ ਬਾਰਡਰ 'ਤੇ ਜੋ ਇਕ ਸਾਲ ਤੋਂ ਵੱਧ ਸਮੇਂ ਤੱਕ ਚਲਿਆ। ਜਿਸ ਵਿੱਚ ਹਜ਼ਾਰਾਂ ਇਸਤਰੀਆਂ (ਜੋ ਕਿਸਾਨੀ ਤੇ ਗੈਰ ਕਿਸਾਨੀ ਸਨ) ਨੇ ਹਿੱਸਾ ਲਿਆ ਤੇ ਮੋਰਚੇ ਦੌਰਾਨ ਡੇੜ-ਦਰਜਨ ਤੋਂ ਵੱਧ ਇਸਤਰੀਆਂ ਸ਼ਹੀਦ ਹੋਈਆਂ। ਇਨ੍ਹਾਂ ਉਪਰੋਕਤ ਹਵਾਲਿਆਂ ਤੋਂ ਸਪਸ਼ਟ ਹੁੰਦਾ ਹੈ ਕਿ ਦੇਸ਼ ਅੰਦਰ "ਭੋਂਅ ਪ੍ਰਾਪਤੀ ਤੇ ਕਿਸਾਨੀ ਮੰਗਾਂ ਦੇ ਚੱਲੇ ਅੰਦਲੋਨਾਂ" ਅੰਦਰ ਮਰਦ ਕਿਸਾਨਾਂ ਦੇ ਬਰਾਬਰ ਇਸਤਰੀਆਂ ਦਾ ਹਿੱਸਾ ਕੋਈ ਘੱਟ ਨਹੀਂ ਸੀ। ਫਿਰ 'ਜਮੀਨ-ਜਾਇਦਾਦ' ਅੰਦਰ ਇਸਤਰੀਆਂ ਨੂੰ ਬਰਾਬਰ ਦਾ ਵਿਰਾਸਤੀ ਹੱਕ ਕਿਉਂ ਨਹੀਂ ਮਿਲਦਾ ਹੈ, ਇਕ ਗੰਭੀਰ ਸਵਾਲ ਸਾਡੇ ਸਾਹਮਣੇ ਹੈ?

ਬੜੇ ਦੁੱਖ ਦੀ ਗੱਲ ਹੈ ਕਿ ਹਰ ਲੜਕੀ (ਇਸਤਰੀ) ਜਦੋਂ ਉਸ ਦਾ ਵਿਆਹ ਨਹੀਂ ਹੁੰਦਾ ਉਹ ਪੇਕਿਆਂ ਦੇ ਘਰਾਂ ਦੇ ਕੰਮ-ਕਾਰ ਦੀ ਸਾਰੀ ਦੇਖਭਾਲ ਕਰਦੀ ਹੈ। ਉਹ ਭਾਂਵੇ ! ਪਿਉ ਤੇ ਭਰਾਵਾਂ ਤੇ ਹੀ ਨਿਰਭਰ ਹੁੰਦੀ ਹੈ। ਪਰ ! ਜਦੋਂ ਵਿਆਹੀ ਜਾਂਦੀ ਹੈ ਤਾਂ ਸਾਰੀ ਜ਼ਿੰਦਗੀ ਉਹ ਉਸ ਘਰ ਦੀਆਂ ਸਾਰੀਆਂ ਹੀ ਜ਼ਿੰਮੇਵਾਰੀਆਂ ਨਿਭਾਉਂਦੀ ਹੈ। ਪਹਿਲਾਂ ਮਾਂ-ਬਾਪ, ਭਰਾ ਤੇ ਫਿਰ ਪਤੀ ਤੇ ਪੁੱਤਰਾਂ ਦੇ ਅਧੀਨ ਰਹਿੰਦੀ ਹੈ। ਉਸ ਦਾ ਘਰ ਤਾਂ ਕੋਈ ਵੀ ਨਹੀਂ ਹੋਇਆ? ਇਸ ਤਰ੍ਹਾਂ ਉਹ ਜਮੀਨ/ਜਾਇਦਾਦ ਚਾਹੇ ਉਹ ਚੱਲ ਤੇ ਅਚੱਲ ਹੋਵੇ ਤੋਂ ਸਾਰੀ ਉਮਰ ਬੇ-ਦਖਲ ਹੀ ਰਹਿੰਦੀ ਹੈ। ਇਸ ਤਰ੍ਹਾਂ ਪਿਤਰ-ਸਤਾ ਨੂੰ ਨਿੱਜੀ ਜਾਇਦਾਦ ਨਾਲ ਜੋੜ ਕੇ ਦੇਖਿਆ ਜਾਂਦਾ ਹੈ ਤੇ ਇਸਤਰੀ ਨੂੰ ਸਿਰਫ ਕੰਮ-ਕਾਜ ਕਰਨ ਵਾਲੀ ਘਰੇਲੂ ਇਸਤਰੀ ਵਜੋਂ ਹੀ ਸਮਝਿਆ ਜਾਂਦਾ ਹੈ। ਜਿਸ ਦਾ ਘਰ ਵਿੱਚ ਵੀ ਤੇ ਬਾਹਰ ਵੀ ਸ਼ੋਸ਼ਣ ਹੀ ਹੁੰਦਾ ਹੈ।

ਭਾਰਤ ਵਿੱਚ ਇਹ ਪ੍ਰਥਾ ਵਿਰਾਸਤ ਤੋਂ ਵਿਰਾਸਤ, ਪੀੜ੍ਹੀ ਦਰ ਪੀੜ੍ਹੀ ਚਲੀ ਆ ਰਹੀ ਹੈ। ਇਹ ਹਰ ਇਕ ਇਸਤਰੀ ਦੀ ਕਹਾਣੀ ਹੈ ਕਿ ਜਮੀਨ/ਮਾਲਕੀ ਇਸਤਰੀ ਦੇ ਨਾਂ ਦੀ ਥਾਂ ਪੁਰਸ਼ ਨੂੰ ਵਾਰਸ ਬਣਾਇਆ ਜਾਂਦਾ ਹੈ। ਹਿੰਦੂ ਉਤੱਰਾਧਿਕਾਰੀ ਕਾਨੂੰਨ/ ਨਿਯਮ ਇਹ ਕਹਿੰਦਾ ਹੈ, ਕਿ ਜਮੀਨ ਦੇ ਮਾਲਕਾਂ ਦੀ ਮੌਤ ਤੋਂ ਬਾਦ ਜਮੀਨ ਮ੍ਰਿਤਕ ਦੀ ਵਿਧਵਾ ਤੇ ਉਨ੍ਹਾਂ ਦੇ ਬੱਚਿਆਂ 'ਚ ਵੰਡੀ ਜਾਵੇ। ਪਰ (ਪਤੀ) ਦੇ ਜਿਉਂਦੇ ਜੀਅ ਪਤਨੀ ਨੂੰ ਜਾਇਦਾਦ ਦੇਣ ਦੇ ਹੱਕ ਬਾਰੇ ਕੋਈ ਨਿਯਮ ਨਹੀਂ ਹੈ, ਪ੍ਰੰਤੂੰ ਅਸਲ ਵਿੱਚ ਇਸ ਤਰ੍ਹਾਂ ਹੁੰਦਾ ਨਹੀ ਹੈ। ਪਿਤਰ ਸਤਾ ਦੀਆਂ ਜੜ੍ਹਾਂ ਏਨੀਆਂ ਮਜ਼ਬੂਤ ਹਨ ਕਿ ਜ਼ਿਆਦਾਤਰ ਸਮਾਜਿਕ ਮਾਨਤਾਵਾਂ ਜੋ ਰੂੜੀਵਾਦੀ ਹਨ ਕਾਨੂੰਨੀ ਅਧਿਕਾਰ ਮੁਤਾਬਿਕ ਹੀ ਕੀਤੀਆਂ ਜਾਂਦੀਆਂ ਹਨ। 2017-18 ਦੇ ਆਰਥਿਕ ਸਰਵੇਖਣ ਦੇ ਬਾਦ ਪੁਰਸ਼ਾਂ ਵਲੋਂ ਸ਼ਹਿਰਾਂ ਵਿੱਚ ਕਮਾਈ ਕਰਨ ਲਈ ਜਾਣ ਕਰਕੇ ਖੇਤੀ ਦਾ ਧੰਦਾ ਇਸਤਰੀਆਂ ਵਲੋਂ ਕਰਨ ਕਰਕੇ ਇਕ ਬਹਿਸ ਦਾ ਹਿੱਸਾ ਬਣ ਗਿਆ ਹੈ। ਦੇਸ਼ ਵਿੱਚ ਇਸ ਵੇਲੇ 90 ਫੀ-ਸਦ ਤੋਂ ਵੀ ਵੱਧ ਮਾਮਲਿਆਂ 'ਚ ਖੇਤੀ ਯੋਗ ਜਮੀਨ ਵਿਰਾਸਤ ਰਾਹੀ ਹੀ ਅੱਗੋਂ ਲਈ ਜਾਂਦੀ ਹੈ। ਪਰ! ਇਥੇ ਇਸਤਰੀਆਂ ਨੂੰ ਆਪਣੇ ਪ੍ਰੀਵਾਰਾਂ ਵਿੱਚ ਹੀ ਗੰਭੀਰ ਭੇਦ-ਭਾਵ ਲੜਕੇ-ਲੜਕੀ ਦਾ ਹੋਣਾ ਕਰਕੇ ਗੰਭੀਰ ਸਾਹਮਣਾ ਕਰਨਾ ਪੈਂਦਾ ਹੈ। ਇਸ ਗੱਲ ਨੂੰ ਵੀ ਬਹੁਤ ਹੀ ਡੂੰਘਾਈ ਨਾਲ ਦੇਖਣਾ ਪਏਗਾ ਕਿ, ਜਦੋਂ ਇਸਤਰੀ ਘਰਾਂ ਵਿੱਚ ਬਿਨਾਂ ਭਿੰਨ-ਭੇਦ ਦੇ ਘਰ ਦੇ ਸਾਰੇ ਕੰਮ ਕਰਦੀ ਹੈ, ਪਸ਼ੂਆਂ ਦੀ ਸਾਂਭ ਸੰਭਾਲ, ਚਾਰਾ ਲਿਆਉਣ, ਸਾਫ-ਸਫਾਈ ਤੇ ਹੋਰ ਘਰਾਂ ਦੇ ਸਾਰੇ ਕੰਮ ਕਰਨ ਤੋਂ ਬਾਦ ਖੇਤੀ-ਬਾੜੀ ਦੇ ਕੰਮ ਵਿੱਚ ਪੂਰਨ ਯੋਗਦਾਨ ਪਾਉਂਦੀ ਹੈ ਤਾਂ ਉਸ ਵਲੋਂ ਪਾਏ ਇਸ ਯੋਗਦਾਨ ਦੀ ਵੀ ਕਦਰ ਕਰਨੀ ਚਾਹੀਦੀ ਹੈ, ਜੋ ਘਰਾਂ ਵਿੱਚ ਨਹੀਂ ਹੋ ਰਹੀ ਹੈ ?

ਅਸੀਂ ਇਨ੍ਹਾਂ ਤੱਥਾਂ ਨੂੰ ਅਣਗੌਲਿਆਂ ਨਹੀਂ ਕਰ ਸਕਦੇ, 'ਕਿ ਜਿਹਨਾਂ ਇਸਤਰੀਆਂ ਦੇ ਨਾਂ ਜਮੀਨ ਹੈ; ਉਨ੍ਹਾਂ ਦੀ ਸਮਾਜਿਕ ਤੇ ਆਰਥਿਕ ਸੱਥਿਤੀ ਵੀ ਮਜ਼ਬੂਤ ਹੈ।" ਪ੍ਰੰਤੂ ਫਿਰ ਵੀ ਕਾਮਕਾਜੀ ਇਸਤਰੀਆਂ ਦੀ ਮਿਹਨਤ-ਮੁਸ਼ਕਤ ਨੂੰ ਦੁਨੀਆਂ ਭਰ 'ਚ ਕਿਉਂ ਨਕਾਰਿਆ ਜਾ ਰਿਹਾ ਹੈ। ਰਾਜਸਤਾ ਅੰਦਰ ਮੌਜੂਦਾ ਮਰਦ ਪ੍ਰਧਾਨ ਸਮਾਜ ਮਰਦ ਜੱਦੀ ਜਮੀਨ ਜਾਇਦਾਦ ਤੇ ਆਪਣਾ ਹੀ ਮਾਲਕਾਨਾ ਹੱਕ ਜਿਤਾਉਂਦੇ ਹਨ; ਭਾਂਵੇ ਉਹ ਪੜ੍ਹੇ-ਲਿਖੇ ਹੋਣ ਜਾਂ ਅਨਪੜ੍ਹ ਹੋਣ ? ਪਰ ! ਉਨ੍ਹਾਂ ਦੇ ਮਨ ਵਿੱਚ ਇਹ ਗੱਲ ਘਰ ਕਰ ਗਈ ਹੈ ਕਿ ਜਮੀਨ ਪੁਰਸ਼ਾਂ ਦੇ ਨਾਂ ਹੀ ਹੋਵੇ? ਕੀ ਹੁਣ ਸਾਨੂੰ ਇਨ੍ਹਾਂ ਪ੍ਰਸਥਿਤੀਆਂ ਨੂੰ ਬਦਲਣਾ ਪਏਗਾ ਕਿਉਂਕਿ ਇਸਤਰੀ ਵੀ ਮਰਦ ਦੇ ਬਰਾਬਰ ਕੰਮ ਕਰਦੀ ਹੋਣ ਕਰਕੇ ਉਸ ਜਮੀਨ ਦੀ ਉਹ ਵੀ ਉਨੀ ਹੀ ਹਿੱਸੇਦਾਰ ਹੈ। ਪਰ; ਜਮੀਨ ਮਾਲਕੀ ਅੰਦਰ ਇਸਤਰੀ ਦੀ ਹਿੱਸੇਦਾਰੀ ਉਸ ਦੇ ਨਾਂ ਕਰਨ ਤੇ ਪੁਰਸ਼ ਨੂੰ ਕਿਉਂ ਇਤਰਾਜ਼ ਹੈ? ਇਹ ਇਕ ਸਵਾਲ ਉੱਭਰ ਕੇ ਸਾਡੇ ਸਮਾਜ ਸਾਹਮਣੇ ਹੁਣ ਆ ਰਿਹਾ ਹੈ। ਹਾਕਮਾਂ ਵਲੋਂ ਸੰਸਦ ਅੰਦਰ "ਥੋਕ ਦੇ ਵਿੱਚ ਹੋਰ ਕਾਨੂੰਨ" ਬਣਾਉਣ ਸਮੇਂ ਕੀ ਇਹੋ ਜਿਹੇ ਕਾਨੂੰਨ ਬਣਾਉਣ ਤੇ ਵੀ ਚਰਚਾ ਕਰਨ ਦੀ ਜ਼ਰੂਰਤ ਨਹੀਂ ਹੈ ? ਜਦੋਂ ਹੁਣ ਮੋਦੀ ਸਰਕਾਰ ਆਪਣੀ ਮਰਜ਼ੀ ਨਾਲ ਇਸਤਰੀਆਂ ਲਈ ਵਿਆਹ ਦੀ ਉਮਰ 18 ਤੋਂ 21 ਸਾਲ ਕਰਨ ਨੂੰ ਜੇ ਤਰਜੀਹ ਦਿੰਦੀ ਹੈ; ਤਾਂ ! ਉਹ ਜਮੀਨ ਜਾਇਦਾਦ ਵਿਚੋਂ ਇਸਤਰੀ ਦਾ ਹਿੱਸਾ ਦੇਣ ਲਈ ਕਿਉਂ ਨਹੀਂ ਕਾਨੂੰਨ ਬਣਾਉਂਦੀ ਹੈ?

# ਚੋਣ ਨਤੀਜਿਆਂ ਤੋਂ ਭਲੇ ਦੀ ਝਾਕ ਬਨਾਮ ਤਲਖ ਹਕੀਕਤਾਂ



ਬੂਟਾ ਸਿੰਘ ਨਵਾਂਸ਼ਹਿਰ
94634-74342




20 ਫਰਵਰੀ ਨੂੰ ਪੰਜਾਬ ’ਚ ਚੋਣਾਂ ਮੁਕੰਮਲ ਹੋਣ ਨਾਲ ਚੋਣਵਾਦੀ ਸਿਆਸਤ ਦਾ ਮਨੋਰਥ ਪੂਰਾ ਹੋ ਗਿਆ ਹੈ ਅਤੇ ਚੋਣਾਂ ਲਈ ਪੱਬਾਂ ਭਾਰ ਰਾਜਨੀਤਕ ਤਾਕਤਾਂ 10 ਮਾਰਚ ਦੇ ਨਤੀਜਿਆਂ ਦੀ ਉਡੀਕ ’ਚ ਆਰਾਮ ਫਰਮਾ ਰਹੀਆਂ ਹਨ। ਪੰਜਾਬ ਦੇ ਲੋਕ ਪੰਜ ਸਾਲ ਲਈ ਨਵੀਂ ਬਣਨ ਵਾਲੀ ਹਕੂਮਤ ਦੇ ਡੰਡੇ ਦੇ ਰਾਜ ਦੇ ਵੱਸ ਪੈ ਗਏ ਹਨ। ਫਿਰ ਵੀ ਆਮ ਲੋਕ ਇਸ ਭਰਮ ਨਾਲ ਸੰਤੁਸ਼ਟ ਹਨ ਕਿ ਉਨ੍ਹਾਂ ਨੇ ਆਪਣਾ ਵੋਟ ਦਾ ਹੱਕ ਵਰਤ ਕੇ ਸਰਕਾਰ ‘ਚੁਣ’ ਲਈ ਹੈ। ਵੋਟ ਦੇ ਹੱਕ ਦੀ ਵਰਤੋਂ ਕਿਵੇਂ ਹੋਈ ਇਸ ਬਾਰੇ ਉੱਘੜ ਰਹੀ ਜ਼ਮੀਨੀਂ ਹਕੀਕਤ ਅਣਕਿਆਸੀ ਨਹੀਂ ਹੈ। ਵੋਟ ਸਿਆਸਤ ਦਾ ਰਾਜਨੀਤਕ ਨਿਘਾਰ ਹੋਰ ਵੀ ਉੱਘੜ ਕੇ ਸਾਹਮਣੇ ਆਇਆ। ਇਹ ਚੋਣਾਂ ਤੋਂ ਪਹਿਲਾਂ ਹੀ ਸਪਸ਼ਟ ਸੀ ਕਿ ਪੰਜਾਬ ਦੇ ਬੁਨਿਆਦੀ ਮੁੱਦੇ ਕਿਸੇ ਵੀ ਪਾਰਟੀ ਦੇ ਏਜੰਡੇ ਉੱਪਰ ਨਹੀਂ ਅਤੇ ਚੋਣਾਂ ਲੋਕ-ਲੁਭਾਊ ਵਾਅਦਿਆਂ, ਪੈਸੇ, ਸ਼ਰਾਬ, ਡੇਰਾਵਾਦ, ਜਾਤਵਾਦੀ ਤੇ ਫਿਰਕੂ ਪਾਲਾਬੰਦੀ ਦੇ ਜ਼ੋਰ ਲੜੀਆਂ ਜਾਣਗੀਆਂ ਅਤੇ ਇਸੇ ਤਰ੍ਹਾਂ ਲੜੀਆਂ ਗਈਆਂ। ਕਿਸੇ ਵੀ ਪਾਰਟੀ ਨੇ ਨਵਉਦਾਰਵਾਦੀ ਆਰਥਕ ਮਾਡਲ ਬਾਰੇ ਮੁੜ-ਵਿਚਾਰ ਕਰਨ ਦੀ ਗੱਲ ਨਹੀਂ ਕੀਤੀ ਜੋ ਪਹਿਲਾਂ ਹੀ ਮੌਜੂਦ ਡੂੰਘੀਆਂ ਨਾਬਰਾਬਰੀਆਂ, ਸਮਾਜੀ ਅਨਿਆਂ ਅਤੇ ਅਮੀਰ-ਗ਼ਰੀਬ ਦੇ ਪਾੜੇ ਨੂੰ ਹੋਰ ਵਧਾਉਣ ਅਤੇ ਅਨਿਆਂਕਾਰੀ ਰਾਜ ਨੂੰ ਹੋਰ ਵੀ ਬੇਕਿਰਕ ਤਾਨਾਸ਼ਾਹ ਬਣਾਉਣ ਦਾ ਸੰਦ ਹੈ। ਇਹ ਸੰਭਵ ਹੀ ਨਹੀਂ ਹੈ ਕਿ ਨਵਉਦਾਰਵਾਦ ਦੀ ਪੈਰੋਕਾਰ ਹਾਕਮ ਜਮਾਤੀ ਸਿਆਸਤ ਦਾ ਕੋਈ ਹਿੱਸਾ ਇਸ ਮਾਡਲ ਨਾਲੋਂ ਨਾਤਾ ਤੋੜਨ ਬਾਰੇ ਸੋਚੇ।

ਨਵਾਂਸ਼ਹਿਰ ਹਲਕੇ ’ਚ ਚੋਣਾਂ ਤੋਂ ਮਹੀਨਾ ਪਹਿਲਾਂ ਹੀ ਇਕ ਕਰੋੜ ਰੁਪਏ ਕੀਮਤ ਦੀ ਨਜਾਇਜ਼ ਸ਼ਰਾਬ ਜ਼ਬਤ ਕੀਤੀ ਗਈ ਜੋ ਚੋਣਾਂ ਦੌਰਾਨ ਵੰਡੇ ਜਾਣ ਵਾਲੇ ਨਸ਼ਿਆਂ ਦੀ ਬੇਥਾਹ ਖੇਪ ਦਾ ਹਿੱਸਾ ਸੀ। ਗੁਰਦਾਸਪੁਰ ਜ਼ਿਲ੍ਹੇ ਦੇ ਕਈ ਹਲਕਿਆਂ ਵਿਚ ਪ੍ਰਤੀ ਪਰਿਵਾਰ 22000/25000 ਰੁਪਏ ਨਗਦ ਦੇ ਕੇ, ਸੈਲਫ਼ ਚੈੱਕ ਵੰਡ ਕੇ ਜਾਂ ਮਹਿੰਗੇ ਘਰੇਲੂ ਸਮਾਨ ਬਦਲੇ ਵੋਟਾਂ ਖ਼ਰੀਦਣ ਦੀਆਂ ਰਿਪੋਰਟਾਂ ਹਨ। ਇਹ ਪੂਰੇ ਪੰਜਾਬ ਵਿਚ ਵੋਟਾਂ ਹਾਸਲ ਕਰਨ ਲਈ ਵਿਆਪਕ ਤੌਰ ’ਤੇ ਅਪਣਾਏ ਬਦਕਾਰ ਤਰੀਕਿਆਂ ਦੀਆਂ ਨਮੂਨੇ ਦੀਆਂ ਮਿਸਾਲਾਂ ਹਨ। ਸਾਰੀਆਂ ਹਾਕਮ ਜਮਾਤੀ ਪਾਰਟੀਆਂ ਨੇ ਸ਼ਰਾਬ ਅਤੇ ਪੈਸਾ ਵੰਡਿਆ। ਨਗਦਨਾਮਾ, ਸ਼ਰਾਬ ਅਤੇ ਹੋਰ ਲਾਲਚ ਉਹ ਪੂੰਜੀ-ਨਿਵੇਸ਼ ਹੈ ਜੋ ਹਾਕਮ ਜਮਾਤੀ ਪਾਰਟੀਆਂ ਦੇ ਉਮੀਦਵਾਰ ਚੋਣ ਜਿੱਤ ਕੇ ਅਗਲੇ ਪੰਜ ਸਾਲ ਲਈ ਲੋਕਾਂ ਨੂੰ ਲੁੱਟਣ ਦਾ ਲਾਇਸੰਸ ਹਾਸਲ ਕਰਨ ਲਈ ਕਰਦੇ ਹਨ। ਮੁੱਖ ਪਾਰਟੀਆਂ ਦੇ ਲੱਗਭੱਗ ਸਾਰੇ ਉਮੀਦਵਾਰ ਕਰੋੜਪਤੀ ਹਨ ਅਤੇ ਇਨ੍ਹਾਂ ’ਚੋਂ ਵਾਹਵਾ ਗਿਣਤੀ ਦਾ ਪਿਛੋਕੜ ਮੁਜਰਿਮਾਂ ਦਾ ਹੈ। ਬਦਲਾਓ ਲਿਆਉਣ ਦੀ ਦਾਅਵੇਦਾਰ ਆਮ ਆਦਮੀ ਪਾਰਟੀ ਅਤੇ ਇਸ ਦੇ ਹਮਾਇਤੀ ਲੱਖ ਦਾਅਵੇ ਕਰਨ, ਹਕੀਕਤ ’ਚ ਇਹ ਕਿਸੇ ਵੀ ਪੱਖੋਂ ਕਾਂਗਰਸ-ਬੀ.ਜੇ.ਪੀ.--ਅਕਾਲੀ ਦਲ ਤੋਂ ਵੱਖਰੀ ਨਹੀਂ ਹੈ। ਕੇਜਰੀਵਾਲ-ਰਾਘਵ ਚੱਢਾ ਵੱਲੋਂ ਆਪਣੇ ਵਰਕਰਾਂ ਨਾਲ ਵਿਸ਼ਵਾਸਘਾਤ ਅਤੇ ਠੱਗੀ ਕਰਕੇ ਦੂਜੀਆਂ ਪਾਰਟੀਆਂ ’ਚੋਂ ਚੋਣਾਂ ਮੌਕੇ ‘ਆਮ ਆਦਮੀ’ ਬਣੇ ਦਲ-ਬਦਲੂਆਂ ਨੂੰ ਥੋਕ ’ਚ ਟਿਕਟਾਂ ਦਿੱਤੀਆਂ ਗਈਆਂ। ਟਿਕਟਾਂ ਦੀ ਸੇਲ ਤੋਂ ਗੁੱਸੇ ’ਚ ਆਏ ਵਰਕਰਾਂ ਨੇ ਜਲੰਧਰ ਵਿਚ ਰਾਘਵ ਚੱਢੇ ਦੀ ਚੰਗੀ ਭੁਗਤ ਸੰਵਾਰੀ। ‘ਆਮ ਆਦਮੀ ਪਾਰਟੀ’ ਨੇ ਵੋਟਾਂ ਲੈਣ ਲਈ ਜੋ ਤਰੀਕੇ ਅਪਣਾਏ, ਉਹ ਹੁਣ ਸਭ ਨੂੰ ਪਤਾ ਹਨ। ਕੇਜਰੀਵਾਲ ਦੇ ਅੰਨ੍ਹੇ ਭਗਤ ਅਜੇ ਵੀ ਇਹ ਮੰਨਣ ਲਈ ਤਿਆਰ ਨਹੀਂ ਕਿ ਇਸ ਪਾਰਟੀ ਦੀ ਰਾਜਸੀ ਖ਼ਸਲਤ ਕਾਂਗਰਸ-ਬੀ.ਜੇ.ਪੀ.-ਅਕਾਲੀ ਦਲ ਵਗੈਰਾ ਤੋਂ ਕਿਸੇ ਵੀ ਤਰ੍ਹਾਂ ਵੱਖਰੀ ਨਹੀਂ ਹੈ। ਉਨ੍ਹਾਂ ਦਾ ਇਹ ਜਵਾਬ ਹਾਸੋਹੀਣਾ ਹੈ ਕਿ ਕੇਜਰੀਵਾਲ ਉੱਪਰ ਕਿੰਤੂ-ਪ੍ਰੰਤੂ ਕਰਨ ਵਾਲਿਆਂ ਨੂੰ ਕਾਂਗਰਸ-ਅਕਾਲੀ ਦਲ ਦੇ ਚੁੰਗਲ ’ਚ ਫਸੇ ਰਹਿਣਾ ਪਸੰਦ ਹੈ ਅਤੇ ਉਹ ਬਦਲਾਓ ਨਹੀਂ ਲਿਆਉਣਾ ਚਾਹੁੰਦੇ। ਜਦਕਿ ਸਵਾਲ ਸੱਚੇ ਬਦਲਾਓ ਅਤੇ ਬਦਲਾਓ ਦੇ ਢੌਂਗ ਨੂੰ ਸਮਝਣ ਦਾ ਹੈ।

ਕਾਂਗਰਸ, ਬੀ.ਜੇ.ਪੀ., ਅਕਾਲੀ ਦਲ-ਬਸਪਾ ਅਤੇ ਆਮ ਆਦਮੀ ਪਾਰਟੀ ਨੇ ਵੋਟਰਾਂ ਨੂੰ ਭਰਮਾਉਣ ਲਈ ਲੋਕ ਲੁਭਾਊ ਵਾਅਦਿਆਂ ਅਤੇ ਧਿਆਨ-ਭਟਕਾਊ ਮੁੱਦਿਆਂ ਦਾ ਬੇਸ਼ਰਮੀ ਨਾਲ ਸਹਾਰਾ ਲਿਆ। ਨਸ਼ੇ, ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਅਤੇ ਮਾਫ਼ੀਆ ਦੀ ਪੁਸ਼ਤਪਨਾਹੀ ਕਰਨ ਦੇ ਮੁੱਦਿਆਂ ਉੱਪਰ ਕਾਂਗਰਸੀ ਅਤੇ ਅਕਾਲੀਆਂ ਨੂੰ ਘੇਰਨ ਦੀ ਮੁਹਿੰਮ ਬਹੁਤਾ ਜ਼ੋਰ ਨਹੀਂ ਫੜ ਸਕੀ। ਸਵਾਲਾਂ ਦਾ ਮਾਹੌਲ ਵੀ ਘੱਟੇ ਰੁਲ਼ ਗਿਆ। ਮੁੱਦਿਆਂ ਦੀ ਬਜਾਏ ਚਿਹਰਿਆਂ ਦੀ ਸਿਆਸਤ ਅਤੇ ਮੁੱਖ ਮੰਤਰੀ ਦੇ ਚਿਹਰਿਆਂ ਦੁਆਲੇ ਲੜੀ ਗਈ ਚੋਣ ਗਲੇ-ਸੜੇ ਰਾਜ ਪ੍ਰਬੰਧ ਦੀ ਬੇਸ਼ਰਮ ਨੁਮਾਇਸ਼ ਸੀ। ਕਾਂਗਰਸ ਨੇ ਚੰਨੀ ਨੂੰ ਮੁੱਖ ਮੰਤਰੀ ਥਾਪ ਕੇ ਦਲਿਤ ਵੋਟ ਬੈਂਕ ਨੂੰ ਭਰਮਾਉਣ ਦੀ ਐਸੀ ਚਾਲ ਚੱਲੀ ਕਿ ਬਾਦਲਕਿਆਂ ਨੂੰ ਬਸਪਾ ਨਾਲ ਮੁੜ ਚੋਣ ਗੱਠਜੋੜ ਕਰਨਾ ਪਿਆ। ਬਾਕੀ ਪਾਰਟੀਆਂ ਵੱਲੋਂ ਵੀ ਦਲਿਤ ਨੂੰ ਉੱਪ ਮੁੱਖ ਮੰਤਰੀ ਬਣਾਉਣ ਦੇ ਵਾਅਦੇ ਕੀਤੇ ਗਏ। ਗੁਪਤ ਤਰੀਕਿਆਂ ਦੁਆਰਾ ਰਸੂਖ਼ਵਾਨ ਦਲਿਤ ਚੌਧਰੀਆਂ ਨੂੰ ਵਰਤਣ ਦੇ ਨਾਲ-ਨਾਲ ਸਾਰੀਆਂ ਹੀ ਪਾਰਟੀਆਂ ਦੇ ਮੁੱਖ ਆਗੂ ਦਲਿਤ ਡੇਰਿਆਂ ਦੇ ਮੁਖੀਆਂ ਦੀ ਹਾਜ਼ਰੀ ਭਰਦੇ ਦੇਖੇ ਗਏ। ਭਾਵੇਂ ਡੇਰਾ ਬਿਆਸ ਦੇ ਕਰਤੇ-ਧਰਤੇ ਚੋਣਾਂ ’ਚ ਨਿਰਪੱਖ ਰਹਿਣ ਦੇ ਦਾਅਵੇ ਕਰਦੇ ਹਨ ਪਰ ਮੁੱਖ ਪਾਰਟੀਆਂ ਦੇ ਆਗੂਆਂ ਦੀਆਂ ਡੇਰਾ ਮੁਖੀ ਨਾਲ ਮਿਲਣੀਆਂ ਅਤੇ 2014 ਤੋਂ ਲੈ ਕੇ ਆਰ.ਐੱਸ.ਐੱਸ.-ਬੀ.ਜੇ.ਪੀ. ਦੇ ਪ੍ਰਮੁੱਖ ਆਗੂਆਂ ਦੀਆਂ ਡੇਰਾ ਮੁਖੀ ਨਾਲ ਹੁੰਦੀਆਂ ਆ ਰਹੀਆਂ ਗੁਪਤ ਮੀਟਿੰਗਾਂ ਡੇਰੇ ਦੀ ਹਮਾਇਤ ਲੈਣ ਲਈ ਹੀ ਕੀਤੀਆਂ ਗਈਆਂ ਹਨ।

ਬੀ.ਜੇ.ਪੀ. ਨੇ ਹਿੰਦੂ ਵੋਟਾਂ ਬਟੋਰਨ ਲਈ ਰਾਮ ਮੰਦਰ ਅਤੇ ਰਾਸ਼ਟਰਵਾਦ ਦੇ ਬ੍ਰਹਮ ਅਸਤਰ ਬਾਖ਼ੂਬੀ ਇਸਤੇਮਾਲ ਕੀਤੇ। ਸਿੱਖ ਭਾਈਚਾਰੇ ਨੂੰ ਭਰਮਾਉਣ ਲਈ ਸਿੱਖ ਭੇਖਧਾਰੀ ਸਾਧਾਂ-ਸੰਤਾਂ ਦੀ ਮੋਦੀ-ਅਮਿਤ ਸ਼ਾਹ ਨਾਲ ਵਿਸ਼ੇਸ਼ ਮਿਲਣੀ ਆਯੋਜਿਤ ਕਰਕੇ ਮੋਦੀ ਨੇ ਉਨ੍ਹਾਂ ਨੂੰ ਖਾਣਾ ਖ਼ੁਦ ਪਰੋਸਿਆ। ਮੋਦੀ-ਅਮਿਤ ਸ਼ਾਹ ਨੇ ਦਸਤਾਰਾਂ ਬੰਨ੍ਹਣ ਦੇ ਨਾਟਕ ਕੀਤੇ ਤਾਂ ਜੁ ਪੰਜਾਬ ਦੇ ਲੋਕ ਕਾਰਪੋਰੇਟਾਂ ਦੀ ਦਲਾਲ ਬੀ.ਜੇ.ਪੀ ਵੱਲੋਂ ਨਿਭਾਈ ਲੋਕ ਦੁਸ਼ਮਣੀ ਨੂੰ ਭੁੱਲ ਜਾਣ ਅਤੇ ਸਦਭਾਵਨਾ ਵਾਲਾ ਰਿਸ਼ਤਾ ਨਜ਼ਰ ਆਵੇ। ਉਮਰ ਕੈਦ ਭੁਗਤ ਰਹੇ ਬਲਾਤਕਾਰੀ ਸਾਧ ਰਾਮ ਰਹੀਮ ਨੂੰ ਪੈਰੋਲ ’ਤੇ ਜੇਲ੍ਹੋਂ ਬਾਹਰ ਲਿਆ ਕੇ ਡੇਰਾ ਸਿਰਸਾ ਦੇ ਪੈਰੋਕਾਰਾਂ ਦੀਆਂ ਵੋਟਾਂ ਹਾਸਲ ਕੀਤੀਆਂ ਗਈਆਂ। ਬਲਾਤਕਾਰੀ ਸਾਧ ਨੂੰ ਦਿੱਤੀ ਜ਼ੈੱਡ ਪਲੱਸ ਸੁਰੱਖਿਆ ਦੱਸਦੀ ਹੈ ਕਿ ਪੰਜਾਬ ਦੀ ਸੱਤਾ ਉੱਪਰ ਕਾਬਜ਼ ਹੋਣ ਅਤੇ ਆਪਣੀ ਪਕੜ ਬਣਾਉਣ ਲਈ ਆਰ.ਐੱਸ.ਐੱਸ.-ਬੀ.ਜੇ.ਪੀ. ਅੱਡੀ-ਚੋਟੀ ਦਾ ਜ਼ੋਰ ਲਗਾ ਰਹੀ ਹੈ। ਕੇਜਰੀਵਾਲ ਟੀਮ ਨੇ ਵੀ ਭਗਵੇਂ ਬਰਗੇਡ ਦੀ ਤਰਜ਼ ’ਤੇ ਤਿਰੰਗਾ ਯਾਤਰਾ ਕੱਢ ਕੇ ਅਤੇ ‘ਪੰਜਾਬ ’ਚ ਹਿੰਦੂਆਂ ਨੂੰ ਖ਼ਤਰਾ’ ਦਾ ਖ਼ਤਰਨਾਕ ਪੱਤਾ ਖੇਡ ਕੇ ਫਿਰਕੂ ਰਾਸ਼ਟਰਵਾਦੀ ਬਿਰਤਾਂਤ ਨੂੰ ਹਿੰਦੂ ਵੋਟਾਂ ਬਟੋਰਨ ਦਾ ਹਥਿਆਰ ਬਣਾਇਆ। ਚੋਣਾਂ ਦੌਰਾਨ ਪ੍ਰੋਫੈਸਰ ਭੁੱਲਰ ਦੀ ਰਿਹਾਈ ਦਾ ਮੁੱਦਾ ਉੱਠਿਆ। ਪਰ ਹਿੰਦੂ ਰਾਸ਼ਟਰਵਾਦ ਦੀ ਪੈਰੋਕਾਰ ਕੇਜਰੀਵਾਲ-ਭਗਵੰਤ ਮਾਨ ਜੁੰਡਲੀ ਗੁੰਮਰਾਹਕੁੰਨ ਬਿਆਨ ਦੇ ਕੇ ਪਿੱਛਾ ਛੁਡਾਉਣ ਦੀ ਕੋਸ਼ਿਸ਼ ਕਰਦੀ ਰਹੀ। ਭਾਵੇਂ ਪ੍ਰੋਫੈਸਰ ਭੁੱਲਰ ਦੀ ਰਿਹਾਈ ਅਤੇ ਬੇਅਦਬੀ ਦੇ ਮਾਮਲਿਆਂ ’ਚ ਕੋਈ ਕਾਰਵਾਈ ਨਾ ਹੋਣ ਬਾਰੇ ਸਿੱਖ ਭਾਈਚਾਰੇ ’ਚ ਭਾਰੀ ਰੋਸ ਅਤੇ ਖ਼ਾਸ ਕਰਕੇ ਦੀਪ ਸਿੱਧੂ ਦੀ ਮੌਤ ਨਾਲ ਬਣੀ ਹਮਦਰਦੀ ਦੀ ਲਹਿਰ ਦਾ ਫ਼ਾਇਦਾ ਮਾਨ ਦਲ ਦੇ ਉਮੀਦਵਾਰਾਂ ਨੂੰ ਹੋਵੇਗਾ ਜੋ ਕੇਜਰੀਵਾਲ ਦੇ ਉਮੀਦਵਾਰਾਂ ਦੀਆਂ ਵੋਟਾਂ ਤੋੜਨਗੇ, ਇਸ ਦੇ ਬਾਵਜੂਦ ਆਮ ਆਦਮੀ ਪਾਰਟੀ ਅਵਾਮ ਦੀਆਂ ਕਾਂਗਰਸ, ਅਕਾਲੀ ਦਲ ਅਤੇ ਭਾਜਪਾ-ਕੈਪਟਨ ਵਿਰੋਧੀ ਭਾਵਨਾਵਾਂ ਦਾ ਚੋਖਾ ਲਾਹਾ ਲੈਣ ਦੀ ਸਥਿਤੀ ’ਚ ਹੈ। ਇਹ ਮੋਦੀ ਹਕੂਮਤ ਵੱਲੋਂ ਥੋਪੇ ਤਿੰਨ ਖੇਤੀ ਕਾਨੂੰਨਾਂ ਵਿੱਚੋਂ ਇਕ ਕਾਨੂੰਨ ਬਾਰੇ ਨੋਟੀਫ਼ਿਕੇਸ਼ਨ ਜਾਰੀ ਕਰਨ ਦੀ ਆਪਣੀ ਲੋਕ ਦੁਸ਼ਮਣ ਭੂਮਿਕਾ ਨੂੰ ਲੁਕੋਣ ਅਤੇ ਫੈਡਰਲ ਢਾਂਚੇ ਨੂੰ ਲੈ ਕੇ ਤਿੱਖੇ ਸਵਾਲਾਂ ਤੋਂ ਆਮ ਲੋਕਾਂ ਦਾ ਧਿਆਨ ਹਟਾ ਕੇ ਉਨ੍ਹਾਂ ਨੂੰ ਕਥਿਤ ਬਦਲਾਓ ਦੇ ਝਾਂਸੇ ’ਚ ਫਸਾਉਣ ’ਚ ਕਾਮਯਾਬ ਰਹੀ। ਬਦਲਾਓ ਚਾਹੁੰਦੇ ਲੋਕਾਂ ਦੇ ਇਕ ਹਿੱਸੇ ’ਚ ਇਸ ਸੋਚ ਦਾ ਵੀ ਇਸ ਨੂੰ ਲਾਹਾ ਹੈ ਕਿ ਵੱਡੇ ਚੋਰਾਂ ਦੀ ਬਜਾਏ ਇਸ ਵਾਰ ਛੋਟੇ ਚੋਰ ਨੂੰ ਮੌਕਾ ਦੇ ਦੇਣਾ ਚਾਹੀਦਾ ਹੈ।

ਜਿੱਥੋਂ ਤੱਕ ਲੋਕ-ਲੁਭਾਊ ਵਾਅਦਿਆਂ ਦੀ ਗੱਲ ਹੈ, ਕਾਂਗਰਸ ਹਕੂਮਤ ਨੇ 2017 ਦੀ ਚੋਣ ਵਾਲੇ ਮੈਨੀਫੈਸਟੋ ਦੇ ਮੁੱਖ ਵਾਅਦਿਆਂ ’ਚੋਂ ਇਕ ਵੀ ਪੂਰਾ ਨਹੀਂ ਕੀਤਾ ਜਿਵੇਂ ਮੁਕੰਮਲ ਕਰਜ਼ਾ ਮਾਫ਼ੀ, ਨਸ਼ਿਆਂ ਅਤੇ ਰੇਤ-ਟਰਾਂਸਪੋਰਟ-ਕੇਬਲ ਮਾਫ਼ੀਆ ਦਾ ਖ਼ਾਤਮਾ, ਘਰ-ਘਰ ਰੋਜ਼ਗਾਰ ਅਤੇ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੇ ਵਾਅਦੇ। ਚੋਣਾਂ ਤੋਂ ਥੋੜ੍ਹੇ ਮਹੀਨੇ ਪਹਿਲਾਂ ‘ਪ੍ਰਾਪਤੀਆਂ’ ਪ੍ਰਚਾਰਨ ਲਈ ਕਰਜ਼ਾ ਮਾਫ਼ੀ ਅਤੇ ਨੌਕਰੀਆਂ ਦੇਣ ਦੇ ਫੋਕੇ ਐਲਾਨ ਕਰਕੇ ਅਤੇ ਮਾਮੂਲੀ ਨਸ਼ਾ ਤਸਕਰਾਂ, ਬਾਦਲਾਂ ਦੀਆਂ ਬੱਸਾਂ ਅਤੇ ਰੇਤ ਦੀਆਂ ਖੱਡਾਂ ਉੱਪਰ ਛਾਪੇ ਮਾਰਨ ਦਾ ਦਿਖਾਵਾ ਕਰਕੇ ਖ਼ੂਬ ਇਸ਼ਤਿਹਾਰਬਾਜ਼ੀ ਕੀਤੀ ਗਈ। ਹੁਣ ਸਰਕਾਰ ਬਣਾ ਕੇ ਪਹਿਲੇ ਦਿਨ ਹੀ 1 ਲੱਖ ਨੌਕਰੀਆਂ ਦੀਆਂ ਫ਼ਾਈਲਾਂ ਉੱਪਰ ਦਸਖ਼ਤ ਕਰਨ, ਪੰਜ ਸਾਲ ’ਚ ਪੰਜ ਲੱਖ ਸਰਕਾਰੀ ਨੌਕਰੀਆਂ ਦੇਣ, ਆਰਥਿਕਤਾ ’ਚ ਔਰਤਾਂ ਨੂੰ ਬਰਾਬਰ ਹਿੱਸੇਦਾਰ ਬਣਾਉਣ, ਮੁਫ਼ਤ ਸਿੱਖਿਆ, ਮੁਫ਼ਤ ਇਲਾਜ, ਪੰਜਵੀਂ, ਦਸਵੀਂ ਅਤੇ 12ਵੀਂ ਪਾਸ ਵਿਦਿਆਰਥਣਾਂ ਨੂੰ ਕ੍ਰਮਵਾਰ 5, 10 ਅਤੇ 20 ਹਜ਼ਾਰ ਰੁਪਏ ਦੇਣ, ਸ਼ਰਾਬ ਅਤੇ ਰੇਤ ਮਾਫ਼ੀਆ ਖ਼ਤਮ ਕਰਨ ਲਈ ਸ਼ਰਾਬ ਅਤੇ ਰੇਤ ਕਾਰਪੋਰੇਸ਼ਨਾਂ ਬਣਾਉਣ ਦੇ ਵਾਅਦੇ ਕੀਤੇ ਗਏ ਹਨ।

ਪੰਜਾਬ ਦੇ ਲੋਕ 10 ਸਾਲ ਅਕਾਲੀ-ਭਾਜਪਾ ਗੱਠਜੋੜ ਦੇ ਧਾੜਵੀ ਰਾਜ ਦੀ ‘ਰਾਜ ਨਹੀਂ ਸੇਵਾ’ ਦੇਖ ਚੁੱਕੇ ਹਨ। ਇਸ ਵਾਰ ਅਕਾਲੀ ਦਲ-ਬਸਪਾ ਗੱਠਜੋੜ ਨੇ ਆਪਣੇ ਮੈਨੀਫੈਸਟੋ ‘ਗੱਲ ਰਾਜ ਦੀ ਨਹੀਂ, ਗੱਲ ਪੰਜਾਬ ਦੀ’ ਵਿਚ ਸਰਕਾਰੀ ਅਤੇ ਨਿੱਜੀ ਖੇਤਰ ਵਿਚ 75ਫ਼ੀਸਦੀ ਨੌਕਰੀਆਂ ਪੰਜਾਬੀਆਂ ਲਈ ਰਾਖ਼ਵੀਆਂ ਕਰਨ, ਨੌਜਵਾਨਾਂ ਨੂੰ ਇਕ ਲੱਖ ਸਰਕਾਰੀ ਨੌਕਰੀਆਂ ਅਤੇ ਸਰਕਾਰੀ ਵਿਤੀ ਮੱਦਦ ਨਾਲ 10 ਲੱਖ ਪੱਕਾ ਰੋਜ਼ਗਾਰ ਦੇਣ, ਸਾਰੇ ਪਰਿਵਾਰਾਂ ਨੂੰ 400 ਯੂਨਿਟ ਮੁਫ਼ਤ ਬਿਜਲੀ ਦੇਣ, 10 ਲੱਖ ਦਾ ਮੁਫ਼ਤ ਸਿਹਤ ਬੀਮਾ ਕਰਨ, ਨੀਲੇ ਕਾਰਡ ਧਾਰਕ ਪਰਿਵਾਰਾਂ ਦੀਆਂ ਔਰਤ ਮੁਖੀਆਂ ਨੂੰ 2000 ਰੁਪਏ ਪ੍ਰਤੀ ਮਹੀਨਾ ਦੇਣ, ਬੇਘਰੇ ਪਰਿਵਾਰਾਂ ਨੂੰ ਪੰਜ ਲੱਖ ਘਰ ਅਤੇ ਪੰਜ ਮਰਲੇ ਦੇ ਪਲਾਟ ਦੇਣ, ਬੁਢਾਪਾ ਪੈਨਸ਼ਨ 1500 ਤੋਂ 3100 ਰੁਪਏ ਕਰਨ, ਦਲਿਤ ਲੜਕੀਆਂ ਲਈ ਸ਼ਗਨ ਸਕੀਮ ਮੌਜੂਦਾ 51000 ਰੁਪਏ ਤੋਂ ਵਧਾ ਕੇ 75000 ਰੁਪਏ ਕਰਨ, ਹਰ ਬਲਾਕ ’ਚ 5000 ਵਿਦਿਆਰਥੀਆਂ ਲਈ ਉੱਚ-ਪੇਸ਼ੇਵਰ ਆਧੁਨਿਕ ਸਕੂਲ ਖੋਲ੍ਹਣ, ਹਰ ਨੌਜਵਾਨ ਨੂੰ ਬਿਨਾਂ ਵਿਆਜ 5 ਲੱਖ ਰੁਪਏ ਕਰਜ਼ਾ ਦੇਣ, ਸ਼ਰਾਬ ਅਤੇ ਰੇਤ ਦੇ ਕਾਰੋਬਾਰਾਂ ਨੂੰ ਕਾਰਪੋਰੇਸ਼ਨਾਂ ਰਾਹੀਂ ਪਾਰਦਰਸ਼ੀ ਬਣਾਉਣ, ਸਾਰੇ ਪਿੰਡਾਂ ’ਚ ਸ਼ਹਿਰਾਂ ਵਾਂਗ ਜ਼ਮੀਨਦੋਜ਼ ਸੀਵਰ ਅਤੇ ਵਾਟਰ ਸਪਲਾਈ ਮੁਹੱਈਆ ਕਰਨ, ਪੱਕੀਆਂ ਗਲੀਆਂ ਅਤੇ ਸਟ੍ਰੀਟ ਲਾਈਟਾਂ ਮੁਹੱਈਆ ਕਰਨ ਦੇ ਵਾਅਦੇ ਕੀਤੇ ਹਨ। ਕਿਸਾਨਾਂ ਨੂੰ ਭਰਮਾਉਣ ਲਈ ਫ਼ਲਾਂ, ਸਬਜ਼ੀਆਂ ਅਤੇ ਦੁੱਧ ਉੱਪਰ ਐੱਮ.ਐੱਸ.ਪੀ. ਦੇਣ, 50000 ਰੁਪਏ ਪ੍ਰਤੀ ਏਕੜ ਫ਼ਸਲ ਬੀਮਾ ਸਕੀਮ ਸ਼ੁਰੂ ਕਰਨ, ਛੋਟੇ ਤੋਂ ਲੈ ਕੇ ਦਰਮਿਆਨੇ ਕਿਸਾਨਾਂ ਨੂੰ ਖੇਤੀ ਲਈ ਡੀਜ਼ਲ ਪ੍ਰਤੀ ਲੀਟਰ 10 ਰੁਪਏ ਸਸਤਾ ਦੇਣ ਅਤੇ ਖੇਤੀ ਖੇਤਰ ਦੇ ਵਿਕਾਸ ਲਈ ਹੋਰ ਵੱਡੇ-ਵੱਡੇ ਵਾਅਦੇ ਕੀਤੇ ਗਏ ਹਨ। ਦਲਿਤਾਂ ਨੂੰ ਭਰਮਾਉਣ ਲਈ ਵਿਸ਼ੇਸ਼ ਵਿਤੀ ਸਕੀਮਾਂ ਤੋਂ ਇਲਾਵਾ ਭਗਵਾਨ ਵਾਲਮੀਕੀ, ਡਾ. ਅੰਬੇਡਕਰ, ਗੁਰੂ ਰਵੀਦਾਸ ਅਤੇ ਬਾਬੂ ਕਾਂਸ਼ੀ ਰਾਮ ਦੇ ਨਾਮ ’ਤੇ ਕ੍ਰਮਵਾਰ ਮੈਡੀਕਲ/ਟੈਕਨੀਕਲ, ਸਟੱਡੀਜ਼ ਇਨ ਕੰਪੈਰੇਟਿਵ ਰਿਲੀਜ਼ਨਜ਼ ਅਤੇ ਮੈਡੀਕਲ ਯੂਨੀਵਰਸਿਟੀਆਂ ਖੋਲ੍ਹਣ ਦਾ ਭਰਮਾਊ ਵਾਅਦਾ ਕੀਤਾ ਗਿਆ ਹੈ।

ਕੇਜਰੀਵਾਲ ਨੇ ਦਿੱਲੀ ਮਾਡਲ ਦੀ ਤਰਜ਼ ’ਤੇ ‘ਪੰਜਾਬ ਮਾਡਲ’ ਪੇਸ਼ ਕਰਕੇ 16000 ਮੁਹੱਲਾ ਕਲੀਨਿਕਾਂ ਰਾਹੀਂ ਪੰਜਾਬ ਦੇ ਹਰ ਬਾਸ਼ਿੰਦੇ ਨੂੰ ਮੁਫ਼ਤ ਇਲਾਜ ਸਹੂਲਤ ਦੇਣ, ਹਰ ਤਰ੍ਹਾਂ ਦਾ ਮਾਫ਼ੀਆ ਖ਼ਤਮ ਕਰਨ, ਭ੍ਰਿਸ਼ਟਾਚਾਰ ਖ਼ਤਮ ਕਰਨ, ਬੇਅਦਬੀ ਦੇ ਮਾਮਲਿਆਂ ’ਚ ਨਿਆਂ ਦੇਣ ਅਤੇ ਸਭ ਬਾਲਗ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣ ਆਦਿ ਵਾਅਦਿਆਂ ਦੀ ਝੜੀ ਲਗਾਉਂਦਿਆਂ ਦਾਅਵਾ ਕੀਤਾ ਹੈ ਕਿ ਪੰਜਾਬ ਨੂੰ ਐਨਾ ਖ਼ੁਸ਼ਹਾਲ ਬਣਾ ਦਿਆਂਗੇ ਕਿ ਰੋਜ਼ਗਾਰ ਖ਼ਾਤਰ ਕੈਨੇਡਾ ਗਏ ਨੌਜਵਾਨ ਅਗਲੇ ਪੰਜ ਸਾਲਾਂ ’ਚ ਵਾਪਸ ਆ ਜਾਣਗੇ। ਦਿੱਲੀ ਮਾਡਲ ਦੀ ਅਸਲੀਅਤ ਕੀ ਹੈ, ਉਸ ਨੂੰ ਪੰਜਾਬ ’ਚ ਕੇਜਰੀਵਾਲ ਦੀ ਚੋਣ ਮੁਹਿੰਮ ਦੌਰਾਨ ਹੀ ਦਿੱਲੀ ਦੀਆਂ ਦਹਿ-ਹਜ਼ਾਰਾਂ ਆਂਗਨਬਾੜੀ ਵਰਕਰਾਂ ਨੇ ਆਪਣੀਆਂ ਮੰਗਾਂ ਲਈ ਰਾਜਧਾਨੀ ਵਿਚ ਲਗਾਤਾਰ ਧਰਨੇ-ਮੁਜ਼ਾਹਰੇ ਕਰਕੇ ਭਲੀਭਾਂਤ ਜੱਗ ਜ਼ਾਹਿਰ ਕਰ ਦਿੱਤਾ ਹੈ। ਸੰਘਰਸ਼ ਅਜੇ ਵੀ ਜਾਰੀ ਹਨ।

ਕਾਰਪੋਰੇਟ ਸਰਮਾਏਦਾਰੀ ਦੀ ਸਭ ਤੋਂ ਬੇਹਯਾ ਦਲਾਲ ਬੀ.ਜੇ.ਪੀ. ਨੇ ‘ਸੰਕਲਪ’ ਨਾਂ ਦੇ ਚੋਣ ਦਸਤਾਵੇਜ਼ ਵਿਚ ਪੰਜਾਬ ਦੀ ਆਰਥਿਕਤਾ ਨੂੰ ਮੁੜ-ਸੁਰਜੀਤ ਕਰਨ ਲਈ ਬੁਨਿਆਦੀ-ਢਾਂਚਾ ਉਸਾਰਨ ਉੱਪਰ ਪੰਜ ਸਾਲ ’ਚ ਇਕ ਲੱਖ ਕਰੋੜ ਰੁਪਏ ਖ਼ਰਚਣ, ਪੰਜ ਏਕੜ ਤੱਕ ਦੇ ਕਿਸਾਨਾਂ ਲਈ ਮੁਕੰਮਲ ਕਰਜ਼ਾ ਮਾਫ਼ੀ, ਬੇਅਦਬੀ ਦੇ ਕੇਸ ਜਲਦੀ ਨਿਬੇੜਨ ਲਈ ਫਾਸਟ ਟਰੈਕ ਅਦਾਲਤਾਂ ਬਣਾਉਣ, ਰਾਜ ਦੇ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਵਿਚ 75ਫ਼ੀ ਸਦੀ ਅਤੇ ਨਿੱਜੀ ਖੇਤਰ ਦੀਆਂ ਨੌਕਰੀਆਂ ਵਿਚ 50 ਫ਼ੀਸਦੀ ਰਿਜ਼ਰਵੇਸ਼ਨ ਦੇਣ, ਬੇਰੋਜ਼ਗਾਰਾਂ ਲਈ 4000 ਰੁਪਏ ਪ੍ਰਤੀ ਮਹੀਨਾ ਬੇਰੋਜ਼ਗਾਰੀ ਭੱਤਾ, ਠੇਕਾ ਆਧਾਰਿਤ ਨੌਕਰੀਆਂ ਸਮੇਤ ਸਰਕਾਰੀ ਨੌਕਰੀਆਂ ’ਚ ਔਰਤਾਂ ਲਈ 35ਫ਼ੀ ਸਦੀ ਰਿਜ਼ਰਵੇਸ਼ਨ ਦੇਣ, ਔਰਤਾਂ ਨੂੰ ਨਿਆਂ ਦੇਣ ਲਈ ਫਾਸਟ ਟਰੈਕ ਅਦਾਲਤਾਂ ਬਣਾਉਣ, ਪ੍ਰਵਾਸੀ ਭਾਰਤੀਆਂ ਵੱਲੋਂ ਛੱਡੀਆਂ ਔਰਤਾਂ ਦੇ ਕੇਸਾਂ ਨਾਲ ਨਜਿੱਠਣ ਲਈ ਵਿਸ਼ੇਸ਼ ਐਕਟ ਬਣਾਉਣ, ਸਰਹੱਦ ਪਾਰੋਂ ਨਸ਼ੇ, ਹਥਿਆਰਾਂ ਅਤੇ ਮਨੁੱਖੀ ਘੁਸਪੈਠ ਨੂੰ ਰੋਕਣ ਲਈ ਡਰੋਨਾਂ ਅਤੇ ਸੀਸੀਟੀਵੀ ਰਾਹੀਂ ਸਖ਼ਤੀ ਨਾਲ ਨਜ਼ਰ ਰੱਖਣ, ਇਲੈਕਟਰਿਕ ਵਾੜ ਅਤੇ ਸਰਹੱਦੀ ਚੌਕੀਆਂ ਉਸਾਰਨ, ਚੋਣਾਂ ਦੇ ਨਾਮਜ਼ਦਗੀ ਪੱਤਰ ਭਰਨ ਸਮੇਂ ਡੋਪ ਟੈਸਟ ਲਾਜ਼ਮੀ ਕਰਨ ਆਦਿ ਦੇ ਸਬਜ਼ਬਾਗ਼ ਦਿਖਾਏ। ਇਹ ਵੀ ਕਿਹਾ ਗਿਆ ਕਿ ਇਨ੍ਹਾਂ ਨੂੰ ਪਹਿਲੇ ਦਿਨ ਤੋਂ ਹੀ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਜਾਵੇਗਾ।

ਇਹ ਸਭ ਪੰਜਾਬ ਦੇ ਵਿਕਾਸ ਦੇ ਕਾਗਜ਼ੀ ਵਾਅਦੇ ਹਨ। ਇਨ੍ਹਾਂ ਨੂੰ ਅਮਲ ’ਚ ਲਿਆਉਣ ਦੀ ਨਾ ਕੋਈ ਠੋਸ ਨੀਤੀ ਹੈ ਨਾ ਇਨ੍ਹਾਂ ਪਾਰਟੀਆਂ ਦੀ ਨੀਅਤ ਸਾਫ਼ ਹੈ। ਕਿਸੇ ਪਾਰਟੀ ਕੋਲ ਵੀ ਇਸ ਦਾ ਜਵਾਬ ਨਹੀਂ ਹੈ ਕਿ ਉਪਰੋਕਤ ਵਾਅਦਿਆਂ ਨੂੰ ਪੂਰਾ ਕਰਨ ਲਈ ਰਾਜ ਦੀ ਸਰਕਾਰੀ ਆਮਦਨੀ ਵਧਾਉਣ ਦਾ ਸਰੋਤ ਕੀ ਹੋਵੇਗਾ ਕਿਉਂਕਿ ਪੰਜਾਬ ਦੇ ਸਿਰ ਪਹਿਲਾਂ ਹੀ 3 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ ਅਤੇ ਇਸ ਕਰਜ਼ੇ ਦਾ ਵਿਆਜ਼ ਮੋੜਨ ਲਈ ਵੀ ਸਰਕਾਰੀ ਜਾਇਦਾਦਾਂ ਗਹਿਣੇ ਰੱਖਣੀਆਂ ਪੈ ਰਹੀਆਂ ਹਨ ਜਾਂ ਕਰਜ਼ੇ-ਦਰ-ਕਰਜ਼ੇ ਲੈਣੇ ਪੈ ਰਹੇ ਹਨ। ਨਵਉਦਾਰਵਾਦ ਦਾ ਘੋਰ ਵਿਨਾਸ਼ਕਾਰੀ ਮਾਡਲ ਅਪਣਾ ਕੇ ਸਰਕਾਰੀ ਮਹਿਕਮਿਆਂ ਦਾ ਭੋਗ ਇਨ੍ਹਾਂ ਹਾਕਮ ਜਮਾਤੀ ਪਾਰਟੀਆਂ ਨੇ ਖ਼ੁਦ ਪਾਇਆ ਜੋ ਪੱਕੇ ਰੋਜ਼ਗਾਰ ਦਾ ਮੁੱਖ ਸਰੋਤ ਸੀ। ਅਕਾਲੀ ਅਤੇ ਕਾਂਗਰਸੀ ਆਗੂ ਹੁਣ ਖੇਤੀ ਆਧਾਰਿਤ ਸਨਅਤਾਂ ਲਗਾ ਕੇ ਰੋਜ਼ਗਾਰ ਦੇਣ ਦੇ ਵਾਅਦੇ ਕਰ ਰਹੇ ਹਨ ਜਦਕਿ ਇਨ੍ਹਾਂ ਦੀਆਂ ਸਰਕਾਰਾਂ ਨੇ ਹੀ ਪੰਜਾਬ ਦੀਆਂ ਧਾਗਾ ਅਤੇ ਸ਼ੂਗਰ ਮਿੱਲਾਂ ਦਾ ਨਿੱਜੀਕਰਨ ਕਰਕੇ ਅਤੇ ਬਿਜਲੀ ਬੋਰਡ ਤੇ ਹੋਰ ਸਰਕਾਰੀ ਮਹਿਕਮਿਆਂ ਵਿਚ ਠੇਕੇਦਾਰੀ ਸਿਸਟਮ

(ਬਾਕੀ ਸਫ਼ਾ 37 ’ਤੇ)

# ਸ਼ਰਧਾਂਜ਼ਲੀ ਸਮਾਗਮ ਨੇ ਦਿੱਤਾ ਪੈਗ਼ਾਮ ਜਾਰੀ ਰੱਖਣ ਦੀ ਲੋੜ ਹੈ ਬੱਬਰਾਂ ਦਾ ਸੰਗਰਾਮ









ਜਲੰਧਰ (ਬਲਜਿੰਦਰ ਸਿੰਘ) : ਮੁਲਕ ਦੀ ਆਜ਼ਾਦੀ ਲਈ ਚੱਲੀਆਂ ਇਨਕਲਾਬੀ ਕੌਮੀ ਮੁਕਤ ਲਹਿਰਾਂ 'ਚ ਨਿਵੇਕਲਾ ਸਥਾਨ ਰੱਖਦੀ ਬੱਬਰ ਅਕਾਲੀ ਲਹਿਰ 'ਚ 27 ਫਰਵਰੀ 1926 ਨੂੰ ਕਿਸ਼ਨ ਸਿੰਘ ਗੜਗੱਜ (ਵੜਿੰਗ, ਜਲੰਧਰ), ਕਰਮ ਸਿੰਘ (ਮਾਣਕੋ, ਜਲੰਧਰ), ਨੰਦ ਸਿੰਘ (ਘੁੜਿਆਲ, ਜਲੰਧਰ), ਸੰਤਾ ਸਿੰਘ (ਛੋਟੀ ਹਰਿਓਂ, ਲੁਧਿਆਣਾ), ਦਲੀਪ ਸਿੰਘ (ਧਾਮੀਆਂ, ਹੁਸ਼ਿਆਰਪੁਰ) ਅਤੇ ਧਰਮ ਸਿੰਘ (ਹਿਯਾਤਪੁਰ ਰੁੜਕੀ, ਹੁਸ਼ਿਆਰਪੁਰ), 27 ਫਰਵਰੀ 1927 ਨੂੰ ਨਿੱਕਾ ਸਿੰਘ (ਗਿੱਲ, ਲੁਧਿਆਣਾ), ਮੁਕੰਦ ਸਿੰਘ (ਜਵੱਧੀ ਕਲਾਂ, ਲੁਧਿਆਣਾ), ਬੰਤਾ ਸਿੰਘ (ਗੁਰੂਸਰ, ਲੁਧਿਆਣਾ), ਸੁੰਦਰ ਸਿੰਘ (ਲਹੁਕਾ, ਅੰਮ੍ਰਿਤਸਰ), ਗੁੱਜਰ ਸਿੰਘ (ਢੱਪਈ, ਲੁਧਿਆਣਾ) ਅਤੇ ਨਿੱਕਾ ਸਿੰਘ ਦੂਜਾ (ਆਲੋਵਾਲ, ਅੰਮ੍ਰਿਤਸਰ) ਲਾਹੌਰ ਕੇਂਦਰੀ ਜੇਲ੍ਹ ਅਤੇ 16 ਮਈ 1931 ਨੂੰ ਜਲੰਧਰ ਜੇਲ੍ਹ 'ਚ ਸ਼ਹੀਦ ਹੋਏ ਬੱਬਰਾਂ ਲਾਭ ਸਿੰਘ, ਭਾਨ ਸਿੰਘ (ਰੰਧਾਵਾ ਮਸੰਦਾਂ, ਜਲੰਧਰ) ਤੇ ਸਾਧੂ ਸਿੰਘ (ਸਾਧੜਾ, ਹੁਸ਼ਿਆਰਪੁਰ) ਦੀ ਯਾਦ 'ਚ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਪ੍ਰਭਾਵਸ਼ਾਲੀ ਸ਼ਰਧਾਂਜ਼ਲੀ ਸਮਾਗਮ ਕੀਤਾ ਗਿਆ।

ਇਸ ਸਮਾਗਮ 'ਚ ਹਰਿਓਂ ਖੁਰਦ (ਲੁਧਿਆਣਾ), ਸਾਧੜਾ, ਮਾਹਿਲਪੁਰ, ਪੰਡੋਰੀ ਗੰਗਾ ਸਿੰਘ, ਸਰਹਾਲਾ ਕਲਾਂ, ਕੋਟ ਫਤੂਹੀ (ਹੁਸ਼ਿਆਰਪੁਰ), ਰੰਧਾਵਾ ਮਸੰਦਾ, ਪੰਡੋਰੀ ਨਿੱਝਰਾਂ, ਜੌਹਲ (ਜਲੰਧਰ), ਦੌਲਤਪੁਰ (ਨਵਾਂਸ਼ਹਿਰ) ਆਦਿ ਪਿੰਡਾਂ ਤੋਂ ਪੁੱਜੇ ਪਰਿਵਾਰਕ ਮੈਂਬਰਾਂ ਅਤੇ ਸਮੂਹ ਨਗਰਾਂ ਦਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਗ਼ਦਰ ਪਾਰਟੀ ਦਾ ਝੰਡਾ ਅਤੇ ਕਿਤਾਬਾਂ ਦਾ ਸੈਟ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਇਸ ਮੌਕੇ ਬੱਬਰ ਰਤਨ ਸਿੰਘ ਰੱਕੜ ਦੇ ਪੋਤਰੇ ਜੁਝਾਰ ਸਿੰਘ ਦਾ ਭੇਜਿਆ ਸੁਨੇਹਾ ਪੜ੍ਹਕੇ ਸੁਣਾਇਆ ਗਿਆ।

ਜਨਰਲ ਸਕੱਤਰ ਗੁਰਮੀਤ ਸਿੰਘ ਨੇ ਜੀ ਆਇਆਂ ਕਹਿੰਦਿਆਂ ਕਿਹਾ ਕਿ ਦੇਸ਼ ਭਗਤ ਯਾਦਗਾਰ ਕਮੇਟੀ ਬੱਬਰ ਅਕਾਲੀ ਲਹਿਰ ਦੇ ਇਤਿਹਾਸ ਨੂੰ ਸਿਜਦਾ ਕਰਦਿਆਂ ਨਵੀਂ ਪੀੜ੍ਹੀ ਨੂੰ ਰੌਸ਼ਨੀ ਦਿੰਦੀ ਰਹੇਗੀ।

ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਵਿਜੈ ਬੰਬੇਲੀ ਨੇ ਇਤਿਹਾਸਕ ਤੱਥਾਂ ਦੇ ਹਵਾਲੇ ਨਾਲ ਬੋਲਦਿਆਂ ਕਿਹਾ ਕਿ ਬੱਬਰ ਅਕਾਲੀ ਲਹਿਰ ਧਰਮ, ਫ਼ਿਰਕੇ, ਜਾਤ-ਪਾਤ ਅਤੇ ਇਲਾਕੇ ਤੋਂ ਉਪਰ ਉੱਠਕੇ ਸਮੂਹ ਦੇਸ਼ ਵਾਸੀਆਂ ਦੀ ਆਜ਼ਾਦੀ ਲਈ ਉੱਠੀ ਲਹਿਰ ਸੀ, ਜਿਸ ਵਿੱਚ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਨੇ ਜੋਟੀਆਂ ਪਾ ਕੇ ਅਥਾਹ ਕੁਰਬਾਨੀਆਂ ਕੀਤੀਆਂ। ਉਹਨਾਂ ਕਿਹਾ ਕਿ ਬੱਬਰ ਅਕਾਲੀ ਲਹਿਰ ਦੀਆਂ ਮਾਣਮੱਤੀਆਂ ਪੈੜਾਂ ਨੂੰ ਸੰਭਾਲਣ ਅਤੇ ਉਹਨਾਂ 'ਤੇ ਅੱਗੇ ਤੁਰਨ ਦੀ ਲੋੜ ਹੈ।

ਇਤਿਹਾਸ ਕਮੇਟੀ ਦੇ ਕਨਵੀਨਰ ਚਰੰਜੀ ਲਾਲ ਕੰਗਣੀਵਾਲ ਨੇ ਦੱਸਿਆ ਕਿ ਪੰਜਾਬ ਦੀ ਮਿੱਟੀ ਵਿੱਚ ਸਮੋਈ ਮਹਾਨ ਇਤਿਹਾਸਕ/ਸਭਿਆਚਾਰਕ ਵਿਰਾਸਤ ਵਿਚੋਂ ਉੱਠੀ ਬੱਬਰ ਅਕਾਲੀ ਲਹਿਰ ਨੇ ਲਹੂ ਸੰਗ ਇਤਿਹਾਸ ਸਿਰਜਕੇ ਸਾਬਤ ਕੀਤਾ ਕਿ ਲੋਕ, ਗੁਲਾਮੀ, ਦਾਬੇ, ਲੁੱਟ-ਖਸੁੱਟ, ਵਿਤਕਰੇ ਅਤੇ ਅਨਿਆਂ ਖਿਲਾਫ਼ ਸਦਾ ਲੜਦੇ ਰਹੇ ਹਨ ਅਤੇ ਨਿਆਂ ਭਰੇ ਸਮਾਜ ਦੀ ਸਿਰਜਣਾ ਲਈ ਇਹ ਸੰਘਰਸ਼ ਜਾਰੀ ਰੱਖਣਗੇ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬੱਬਰ ਅਕਾਲੀ ਲਹਿਰ ਦਾ ਇਤਿਹਾਸ ਅੱਜ ਸਾਡੇ ਲਈ ਉਸ ਮੌਕੇ ਮਾਰਗ-ਦਰਸ਼ਕ ਹੈ, ਜਦੋਂ ਸਾਮਰਾਜੀ ਤਾਕਤਾਂ ਸਾਡੇ ਕੁਦਰਤੀ ਮਾਲ ਖਜ਼ਾਨੇ, ਧਨ, ਧਰਤੀ, ਕਿਰਤ ਉਪਰ ਡਾਕੇ ਇਹਨਾਂ ਖਿਲਾਫ਼ ਵਿਸ਼ਾਲ ਲੋਕ ਲਹਿਰ ਖੜ੍ਹੀ ਕਰਨਾ ਹੀ ਬੱਬਰ ਅਕਾਲੀ ਲਹਿਰ ਨੂੰ ਪ੍ਰਣਾਮ ਕਰਨਾ ਹੈ।

ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਗ਼ਦਰ ਲਹਿਰ ਦਾ ਅਗਲਾ ਵਰਕਾ ਬੱਬਰ ਅਕਾਲੀ ਲਹਿਰ ਹੈ, ਜਿਸ ਦੇ ਸੁਪਨੇ ਸਾਕਾਰ ਕਰਨ ਲਈ ਜਦੋ ਜਹਿਦ ਜਾਰੀ ਹੈ ਅਤੇ ਜਾਰੀ ਰਹੇਗੀ। ਦੇਸ਼ ਭਗਤ ਕਮੇਟੀ ਇਸ ਇਤਿਹਾਸ ਨੂੰ ਸੰਭਾਲਣ ਅਤੇ ਅਗੇ ਲਿਜਾਣ 'ਚ ਲਈ ਵਚਨਬੱਧ ਹੈ।

ਸਮਾਗਮ 'ਚ ਹੱਥ ਖੜ੍ਹੇ ਕਰਕੇ ਪਾਸ ਮਤਿਆਂ 'ਚ ਮੰਗ ਕੀਤੀ ਗਈ ਕਿ ਯੂਕਰੇਨ ਦੀ ਧਰਤੀ 'ਤੇ ਲੋਕਾਂ ਨੂੰ ਜੰਗ ਵਿੱਚ ਝੋਕਣ ਦੇ ਕਾਰਨਾਮੇ ਬੰਦ ਕੀਤੇ ਜਾਣ ਅਤੇ ਯੂਕਰੇਨ ਪੜ੍ਹਦੇ ਵਿਦਿਆਰਥੀਆਂ ਅਤੇ ਭਾਰਤੀ ਲੋਕਾਂ ਦੀ ਸੁਰਖਿਅਤ ਘਰ ਵਾਪਸੀ ਕੀਤੀ ਜਾਵੇ। ਜੇਲ੍ਹੀਂ ਡਕੇ ਬੁੱਧੀਜੀਵੀਆਂ ਨੂੰ ਰਿਹਾਅ ਕੀਤਾ ਜਾਵੇ। ਹਿਜਾਬ ਅਤੇ ਦਸਤਾਰ ਜ਼ਬਰੀ ਉਤਾਰਨ ਦੇ ਫ਼ਰਮਾਨ ਮੜ੍ਹਨੇ ਬੰਦ ਕੀਤੇ ਜਾਣ। ਜੱਲ੍ਹਿਆਂਵਾਲੇ ਬਾਗ਼ ਦੇ ਮੂਲ ਸਰੂਪ ਦੀ ਬਹਾਲੀ ਕੀਤੀ ਜਾਵੇ। ਕਦੇ ਜੰਗ ਕਦੇ ਕਰੋਨਾ ਦੀ ਆੜ੍ਹ ਹੇਠ ਲੋਕਾਂ 'ਤੇ ਚੌਤਰਫ਼ੇ ਹੱਲੇ ਬੋਲਣੇ ਬੰਦ ਕੀਤੇ ਜਾਣ।

ਬੱਬਰਾਂ ਦੇ ਪਰਿਵਾਰਾਂ ਤੇ ਨਗਰਾਂ ਦੇ ਸਨਮਾਨ ਮੌਕੇ ਮੰਚ 'ਤੇ ਕਮੇਟੀ ਦੇ ਮੀਤ ਪ੍ਰਧਾਨ ਸੀਤਲ ਸਿੰਘ ਸੰਘਾ, ਖਜ਼ਾਨਚੀ ਰਣਜੀਤ ਸਿੰਘ ਔਲਖ, ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਬਲਬੀਰ ਕੌਰ ਬੁੰਡਾਲਾ, ਮੰਗਤ ਰਾਮ ਪਾਸਲਾ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਕੁਲਬੀਰ ਸੰਘੇੜਾ, ਹਰਵਿੰਦਰ ਭੰਡਾਲ ਤੇ ਹਰਮੇਸ਼ ਮਾਲੜੀ ਵੀ ਹਾਜ਼ਰ ਸਨ।

ਸਮਾਗਮ ਦਾ ਮੰਚ ਸੰਚਾਲਨ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।





NEW SERVICE BY CARE INC
Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ
CARE AUDIOLOGY

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca



Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal Health Insurance



Harvinder Singh
587-574-0029
harvinder.h.singh@sunlife.com

Sun Life Assurance Company of Canada is a member of the Sun Life group of companies.
© Sun Life Assurance Company of Canada, 2021.





Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਕਸ਼ਮੀਰ: ਫਾਸ਼ੀਵਾਦੀ ਜਬਾੜਿਆਂ 'ਚ ਪਿਸ ਰਹੀ ਪੱਤਰਕਾਰੀ



ਬੂਟਾ ਸਿੰਘ ਨਵਾਂਸ਼ਹਿਰ
94634-74342

5 ਫਰਵਰੀ ਨੂੰ ਜੰਮੂ-ਕਸ਼ਮੀਰ ਪੁਲਿਸ ਨੇ ਉੱਘੇ ਨੌਜਵਾਨ ਪੱਤਰਕਾਰ ਫਾਹਦ ਸ਼ਾਹ ਨੂੰ ਗ੍ਰਿਫ਼ਤਾਰ ਕਰਕੇ ਅਨਿਸ਼ਚਿਤ ਸਮੇਂ ਲਈ ਜੇਲ੍ਹ ਵਿਚ ਬੰਦ ਕਰ ਦਿੱਤਾ। ਫਾਹਦ 'ਦ ਕਸ਼ਮੀਰ ਵਾਲਾ' ਮੈਗਜ਼ੀਨ ਅਤੇ ਆਨਲਾਈਨ ਨਿਊਜ਼ ਪੋਰਟਲ ਦਾ ਸੰਪਾਦਕ ਹੈ ਅਤੇ ਉਸ ਨੇ 2009 'ਚ ਵਿਦਿਆਰਥੀ ਵਜੋਂ 'ਦ ਕਸ਼ਮੀਰ ਵਾਲਾ' ਬਲਾਗ ਤੋਂ ਪੱਤਰਕਾਰੀ ਦਾ ਸਫ਼ਰ ਸ਼ੁਰੂ ਕੀਤਾ ਸੀ। ਥੋੜ੍ਹੇ ਸਮੇਂ 'ਚ ਹੀ ਉਸ ਦਾ ਬਲਾਗ ਪ੍ਰਮਾਣਿਕ ਅਤੇ ਬੇਬਾਕ ਮੀਡੀਆ ਵਜੋਂ ਮਕਬੂਲ ਹੋ ਗਿਆ। ਜੰਮੂ-ਕਸ਼ਮੀਰ ਉੱਪਰ ਥੋਪੇ ਫ਼ੌਜੀ ਰਾਜ ਦੀ ਬੇਖ਼ੌਫ਼ ਹੋ ਕੇ ਰਿਪੋਰਟਿੰਗ ਕਰਨ ਵਾਲਾ ਇਹ ਨਿਧੜਕ ਪੱਤਰਕਾਰ ਹਕੂਮਤ ਨੂੰ ਰੜਕ ਰਿਹਾ ਸੀ। ਭਾਰਤੀ ਹੁਕਮਰਾਨਾਂ ਨੂੰ ਸਭ ਤੋਂ ਵੱਧ ਉਹ ਪੱਤਰਕਾਰ ਚੁਭਦੇ ਹਨ ਜੋ ਬਦੇਸ਼ੀ ਮੀਡੀਆ ਲਈ ਲਿਖਦੇ ਹਨ ਕਿਉਂਕਿ ਇਸ ਨਾਲ 'ਭਾਰਤੀ ਲੋਕਤੰਤਰ ਦਾ ਆਲਮੀ ਅਕਸ ਵਿਗੜਦਾ ਹੈ।' ਫਾਹਦ ਸਿਰਫ਼ ਆਪਣੇ ਬਲਾਗ ਤੱਕ ਸੀਮਤ ਨਹੀਂ ਸੀ, ਪਛਾਣਾਂ ਦੇ ਸੰਘਰਸ਼ ਅਤੇ ਮਨੁੱਖੀ ਹੱਕਾਂ ਬਾਰੇ ਉਸ ਦੀਆਂ ਲਿਖਤਾਂ Foreign Affairs, TIME ਅਤੇ Foreign Policy ਸਮੇਤ ਨਾਮਵਰ ਅੰਤਰਰਾਸ਼ਟਰੀ ਰਸਾਲਿਆਂ ਵਿਚ ਛਪਦੀਆਂ ਰਹਿੰਦੀਆਂ ਹਨ। ਉਸ ਨੂੰ ਫਰਵਰੀ 2020 ਵਿੱਚ ਦਿੱਲੀ ਦੀ ਫਿਰਕੂ ਹਿੰਸਾ ਦੀ ਰਿਪੋਰਟਿੰਗ ਲਈ ਵਿਆਖਿਆਤਮਕ ਫੀਚਰ ਲੇਖਣੀ ਵਿਚ ਵੱਕਾਰੀ 25th Human Rights Press Awards 2021 ਨਾਲ ਸਨਮਾਨਿਤ ਕੀਤਾ ਗਿਆ ਸੀ।

ਉਸ ਦੀ ਗ੍ਰਿਫ਼ਤਾਰੀ ਹਾਲ ਹੀ ਵਿਚ ਹੋਏ ਇਕ ਮੁਕਾਬਲੇ ਬਾਰੇ ਰਿਪੋਰਟਿੰਗ ਦੇ ਬਹਾਨੇ ਕੀਤੀ ਗਈ। ਦੱਖਣੀ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਵਿਚ ਹੋਏ ਇਸ ਮੁਕਾਬਲੇ ਬਾਰੇ 'ਦ ਕਸ਼ਮੀਰ ਵਾਲਾ' ਅਤੇ ਹੋਰ ਮੀਡੀਆ ਵੱਲੋਂ ਜੋ ਰਿਪੋਰਟ ਛਾਪੀ ਗਈ ਉਸ ਵਿਚ ਪੱਤਰਕਾਰੀ ਦੇ ਅਸੂਲ ਅਨੁਸਾਰ ਪੁਲਿਸ ਦੇ ਦਾਅਵੇ ਸਮੇਤ ਦੋਨੋਂ ਪੱਖ ਦਿੱਤੇ ਗਏ ਸਨ। ਉਸ ਵਿਵਾਦਪੂਰਨ ਮੁਕਾਬਲੇ 'ਚ ਮਾਰੇ ਜਾਣ ਵਾਲਿਆਂ 'ਚ ਇਕ ਸਥਾਨਕ ਨਾਬਾਲਗ ਕਸ਼ਮੀਰੀ ਨੌਜਵਾਨ ਵੀ ਸੀ। ਉਸ ਦੇ ਪਰਿਵਾਰ ਨੇ ਦੱਸਿਆ ਕਿ ਉਨ੍ਹਾਂ ਦੇ ਲੜਕੇ ਨੂੰ ਗ਼ਲਤ ਮਾਰਿਆ ਗਿਆ ਹੈ ਅਤੇ ਉਹ ਬੇਕਸੂਰ ਸੀ। ਇਸ ਰਿਪੋਰਟ ਨਾਲ ਮੁਕਾਬਲੇ ਦੀ ਕਹਾਣੀ ਦਾ ਪਾਜ ਖੁੱਲ੍ਹ ਗਿਆ। ਹਕੂਮਤ ਅਨੁਸਾਰ ਪਰਿਵਾਰ ਦਾ ਪੱਖ ਛਾਪਣਾ ਹੀ 'ਗ਼ੈਰਕਾਨੂੰਨੀ' ਹੈ। ਤਿੰਨ ਦਿਨ ਬਾਦ ਪੁਲਿਸ ਨੇ ਤਿੰਨ ਹੋਰ ਪੱਤਰਕਾਰਾਂ ਸਮੇਤ ਫਾਹਦ ਸ਼ਾਹ ਨੂੰ ਥਾਣੇ ਆ ਕੇ ਬਿਆਨ ਦਰਜ ਕਰਾਉਣ ਲਈ ਕਿਹਾ। ਥਾਣੇ ਪਹੁੰਚਣ 'ਤੇ ਉਸ ਨੂੰ ਦੱਸਿਆ ਗਿਆ ਕਿ ਉਸ ਦੇ ਖਿਲਾਫ਼ ਕੇਸ ਦਰਜ ਹੈ ਅਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਵਿਰੁੱਧ ਯੂ.ਏ.ਪੀ.ਏ., ਰਾਜਧ੍ਰੋਹ ਦੀ ਧਾਰਾ 124-ਏ ਅਤੇ ਆਈ.ਪੀ.ਸੀ. ਦਾ ਸੈਕਸ਼ਨ 505 ਤਹਿਤ ਕੇਸ ਦਰਜ ਕੀਤਾ ਗਿਆ ਹੈ। ਇਹ ਸੰਗੀਨ ਧਾਰਾਵਾਂ ਇਹ ਯਕੀਨੀ ਬਣਾਉਣ ਲਈ ਲਗਾਈਆਂ ਜਾਂਦੀਆਂ ਹਨ ਤਾਂ ਜੁ ਮੁਲਜ਼ਮ ਜ਼ਮਾਨਤ ਲੈ ਕੇ ਆਪਣੇ ਕੇਸ ਦੀ ਕਾਨੂੰਨੀ ਪੈਰਵੀ ਨਾ ਕਰ ਸਕੇ। ਇਹ ਇਕ ਖੁੱਲ੍ਹੀ ਐੱਫ.ਆਈ.ਆਰ. ਹੈ ਜਿਸ ਦੇ ਆਧਾਰ 'ਤੇ ਪੁਲਿਸ ਜਿਸ ਵੀ ਵਿਅਕਤੀ ਨੂੰ ਚਾਹੇ ਨਾਮਜ਼ਦ ਕਰਕੇ ਗ੍ਰਿਫ਼ਤਾਰ ਕਰ ਸਕਦੀ ਹੈ। ਜੇ ਇਸ ਕੇਸ ਵਿਚ ਝੂਠੇ ਸਬੂਤਾਂ ਦੇ ਆਧਾਰ 'ਤੇ ਪੁਲਿਸ ਪੱਤਰਕਾਰ ਨੂੰ ਦੋਸ਼ੀ ਠਹਿਰਾਉਣ 'ਚ ਕਾਮਯਾਬ ਹੋ ਜਾਂਦੀ ਹੈ ਤਾਂ ਉਸ ਨੂੰ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ। ਬਿਨਾਂ ਮੁਕੱਦਮਾ ਚਲਾਏ ਵੀ ਉਸ ਨੂੰ ਸਾਲਾਂ ਤੱਕ ਜੇਲ੍ਹ 'ਚ ਸੜਨਾ ਪੈ ਸਕਦਾ ਹੈ। ਇਸ ਦੀ ਮਿਸਾਲ ਪੱਤਰਕਾਰ ਆਸਿਫ਼ ਸੁਲਤਾਨ ਹੈ ਜੋ 2018 ਤੋਂ ਲੈ ਕੇ ਜੇਲ੍ਹ 'ਚ ਬੰਦ ਹੈ। ਇਕ ਹੋਰ ਪੱਤਰਕਾਰ ਸਜਾਦ ਗੁੱਲ ਪਿਛਲੇ ਮਹੀਨੇ ਤੋਂ ਜੇਲ੍ਹ ਵਿਚ ਹੈ।

ਮਹਿਜ਼ ਰਿਪੋਰਟਿੰਗ ਦੇ ਆਧਾਰ 'ਤੇ ਪੱਤਰਕਾਰ ਉੱਪਰ ਯੂ.ਏ.ਪੀ.ਏ. (ਇਸ ਦਾ ਦਹਿਸ਼ਤਵਾਦ ਨੂੰ ਸ਼ਹਿ ਦੇਣ ਅਤੇ ਮੱਦਦ ਕਰਨ ਦਾ ਸੈਕਸ਼ਨ) ਲਗਾਏ ਜਾਣ ਤੋਂ ਸਪਸ਼ਟ ਹੈ ਕਿ ਉਸ ਦੀ ਗ੍ਰਿਫ਼ਤਾਰੀ ਦਾ ਮਨੋਰਥ ਨਿਧੜਕ ਪੱਤਰਕਾਰਾਂ ਨੂੰ ਰਿਪੋਰਟਿੰਗ ਕਰਨ ਤੋਂ ਰੋਕਣਾ ਅਤੇ ਖ਼ੌਫ਼ ਦਾ ਮਾਹੌਲ ਪੈਦਾ ਕਰਕੇ ਬਾਕੀ ਮੀਡੀਆ ਨੂੰ ਸੰਦੇਸ਼ ਦੇਣਾ ਹੈ ਕਿ ਬੇਬਾਕ ਰਿਪੋਰਟਿੰਗ ਕਰਨ ਲਈ ਉਨ੍ਹਾਂ ਨੂੰ ਕਿਸ ਤਰ੍ਹਾਂ ਦੀ ਕੀਮਤ ਚੁਕਾਉਣੀ ਪਵੇਗੀ। ਸੰਦੇਸ਼ ਸਾਫ਼ ਹੈ: ਹਕੂਮਤ ਦੀ ਬੋਲੀ ਬੋਲਣਾ ਸ਼ੁਰੂ ਕਰ ਦਿਓ ਜਾਂ ਜੇਲ੍ਹ ਜਾਣ ਲਈ ਤਿਆਰ ਰਹੋ। ਮੀਡੀਆ ਪਾਲਿਸੀ 2020 ਰਾਹੀਂ ਪ੍ਰੈੱਸ ਦੀ ਆਜ਼ਾਦੀ ਹਥਿਆ ਕੇ ਦਿੱਲੀ ਹਕੂਮਤ ਨੇ ਪਹਿਲਾਂ ਹੀ ਐਸੇ ਹਾਲਾਤ ਬਣਾ ਦਿੱਤੇ ਹਨ ਕਿ ਪੱਤਰਕਾਰ ਸਵੈ-ਸੈਂਸਰਸ਼ਿਪ ਦੇ ਆਦੀ ਹੋ ਜਾਣ। ਇਸ ਨੀਤੀ ਅਨੁਸਾਰ ਦਿੱਲੀ ਹਕੂਮਤ ਦਾ ਥਾਪਿਆ ਨੌਕਰਸ਼ਾਹ ਅਧਿਕਾਰੀ ਇਹ ਤੈਅ ਕਰਦਾ ਹੈ ਕਿ ਕਿਹੜੀ ਖ਼ਬਰ 'ਝੂਠੀ' ਹੈ ਅਤੇ ਕਿਹੜੀ 'ਸੱਚੀ', ਕਿਹੜੀ ਸਮੱਗਰੀ ਸਾਹਿਤਿਕ ਚੋਰੀ ਅਤੇ ਅਨੈਤਿਕ ਹੈ ਅਤੇ ਕਿਹੜੀ ਰਾਸ਼ਟਰ ਵਿਰੋਧੀ। ਜੋ ਸੱਤਾ ਨੂੰ ਗਵਾਰਾ ਨਹੀਂ, ਉਸ ਨੂੰ ਰਾਸ਼ਟਰ ਵਿਰੋਧੀ ਅਤੇ ਜਾਅਲੀ ਖ਼ਬਰ ਕਰਾਰ ਦੇ ਦਿੱਤਾ ਜਾਂਦਾ ਹੈ। ਸੀਨੀਅਰ ਪੱਤਰਕਾਰ ਗੌਹਰ ਗਿਲਾਨੀ ਅਤੇ ਫਰੀਲਾਂਸ ਫੋਟੋ ਜਰਨਲਿਸਟ ਬੀਬੀ ਮਸਰਤ ਜ਼ਾਹਰਾ ਵਿਰੁੱਧ ਪਿਛਲੇ ਸਾਲ ਅਪ੍ਰੈਲ 'ਚ ਯੂ.ਏ.ਪੀ.ਏ. ਤਹਿਤ ਕੇਸ ਦਰਜ ਕੀਤੇ ਜਾ ਚੁੱਕੇ ਹਨ। ਗੌਹਰ ਗਿਲਾਨੀ ਨੂੰ ਸ਼ੋਪੀਆਂ ਦੇ ਕਾਰਜਕਾਰੀ ਮੈਜਿਸਟ੍ਰੇਟ ਵੱਲੋਂ 7 ਫਰਵਰੀ ਨੂੰ ਅਦਾਲਤ 'ਚ ਪੇਸ਼ ਹੋਣ ਲਈ ਕਿਹਾ ਗਿਆ ਇਸ ਬਹਾਨੇ ਕਿ ਉਸ ਦਾ ਤੌਰ-ਤਰੀਕਾ "ਜਨਤਕ ਹਿਤ" ਦੇ ਖ਼ਿਲਾਫ਼ ਹੈ। ਪੁਲਿਸ ਨੇ ਪੁਲਵਾਮਾ ਜ਼ਿਲ੍ਹਾ ਅਦਾਲਤ ਨੂੰ ਦੱਸਿਆ ਕਿ ਉਹ ਉਸ ਨੂੰ ਗ੍ਰਿਫ਼ਤਾਰ ਕਰਨ ਤੋਂ ਅਸਮਰੱਥ ਹਨ ਕਿਉਂਕਿ ਉਹ ਭਗੌੜਾ ਹੈ। ਉਸ ਨੂੰ ਗ੍ਰਿਫ਼ਤਾਰ ਕਰਨ ਲਈ ਮਾਹੌਲ ਬਣਾਇਆ ਜਾ ਰਿਹਾ ਹੈ। ਗੀਲਾਨੀ ਦੀ ਕਿਰਦਾਰਕੁਸ਼ੀ ਕਰਨ ਲਈ ਗੋਦੀ ਮੀਡੀਆ ਵੱਲੋਂ 'ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਜਿਨਸੀ ਸ਼ੋਸ਼ਣ ਦਾ ਖ਼ੁਲਾਸਾ ਕਰਨ ਵਾਲੀਆਂ' ਕਥਿਤ ਕਸ਼ਮੀਰੀ ਲੜਕੀਆਂ ਦੇ ਹਵਾਲੇ ਨਾਲ ਲਗਾਤਾਰ ਘਿਣਾਉਣੀ ਮੁਹਿੰਮ ਚਲਾਈ ਜਾ ਰਹੀ ਹੈ। ਇਕ ਸੁਤੰਤਰ ਪੱਤਰਕਾਰ ਆਕਾਸ਼ ਹਸਨ, ਜੋ ਮੁੱਖ ਤੌਰ 'ਤੇ ਕੌਮਾਂਤਰੀ ਪ੍ਰੈੱਸ ਲਈ ਲਿਖਦਾ ਹੈ, ਨੂੰ ਪਿਛਲੇ ਦੋ ਸਾਲਾਂ 'ਚ ਸੱਤ ਵਾਰ ਪੁੱਛਗਿੱਛ ਲਈ ਸੱਦਿਆ ਗਿਆ। ਉਸ ਦੇ ਮਾਂ-ਪਿਓ ਤੋਂ ਵੀ ਕਈ ਵਾਰ ਉਨ੍ਹਾਂ ਦੇ ਵਿਤੀ ਵਸੀਲਿਆਂ ਬਾਰੇ ਪੁੱਛਗਿੱਛ ਕੀਤੀ ਗਈ ਹੈ। ਕਈ ਵਾਰ ਤਾਂ ਪੱਤਰਕਾਰਾਂ ਨੂੰ ਪੁੱਛਗਿੱਛ ਕਰਤਾ ਅਧਿਕਾਰੀਆਂ ਦਾ ਲੈਕਚਰ ਵੀ ਸੁਣਨਾ ਪੈਂਦਾ ਹੈ ਕਿ ਪੱਤਰਕਾਰੀ ਕਿਵੇਂ ਕਰੀਦੀ ਹੈ।






ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੀ ਸੁਰੱਖਿਆ ਬਾਰੇ ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਨੁਮਾਇੰਦੇ ਨੇ ਪਿਛਲੇ ਸਾਲ ਵਿਸ਼ੇਸ਼ ਚਿੱਠੀ ਲਿਖ ਕੇ ਫਾਹਦ ਅਤੇ ਸਜਾਦ ਗੁੱਲ ਸਮੇਤ ਚਾਰ ਪੱਤਰਕਾਰਾਂ ਦੀ ਸੁਰੱਖਿਆ ਦਾ ਮਾਮਲਾ ਭਾਰਤ ਸਰਕਾਰ ਕੋਲ ਉਠਾਇਆ ਸੀ। ਪਿਛਲੇ ਮਹੀਨੇ 'ਕਸ਼ਮੀਰ ਵਾਲਾ' ਲਈ ਕੰਮ ਕਰਨ ਰਹੇ ਪੱਤਰਕਾਰ ਸਜਾਦ ਗੁੱਲ ਨੂੰ ਜਾਬਰ ਪਬਲਿਕ ਸੇਫ਼ਟੀ ਐਕਟ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਜਿਸ ਨੂੰ ਜੰਮੂ ਦੀ ਜੇਲ੍ਹ ਵਿਚ ਖ਼ਤਰਨਾਕ ਮੁਜਰਿਮਾਂ ਨਾਲ ਕੈਦ ਰੱਖਿਆ ਗਿਆ ਹੈ। ਪੁਲਿਸ ਨੇ ਉਸ ਦੀ ਗ੍ਰਿਫ਼ਤਾਰੀ ਦੀ ਵਜ੍ਹਾ ਇਹ ਦੱਸੀ ਸੀ ਕਿ ਉਹ ਲੋਕਾਂ ਨੂੰ "ਹਿੰਸਾ ਕਰਨ ਅਤੇ ਜਨਤਕ ਅਮਨ-ਅਮਾਨ ਨੂੰ ਭੰਗ ਕਰਨ ਲਈ" ਭੜਕਾ ਰਿਹਾ ਸੀ ਅਤੇ ਉਹ ਸੋਸ਼ਲ ਮੀਡੀਆ ਉੱਪਰ "ਅਫ਼ਵਾਹਾਂ ਫੈਲਾਉਣ ਅਤੇ ਝੂਠੇ ਬਿਰਤਾਂਤ ਪ੍ਰਚਾਰਨ ਦਾ ਆਦੀ" ਹੈ। ਉਸ ਨੇ ਇਕ ਕਸ਼ਮੀਰੀ ਖਾੜਕੂ ਦੇ ਮਾਰੇ ਜਾਣ ਤੋਂ ਬਾਦ ਟਵਿੱਟਰ ਉੱਪਰ ਸਿਰਫ਼ ਇਕ ਵੀਡੀਓ ਕਲਿੱਪ ਸਾਂਝਾ ਕੀਤਾ ਸੀ ਜੋ ਭਾਰਤੀ ਰਾਜ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਬਾਬਤ ਸੀ। ਗਿਆਰਾਂ ਦਿਨ ਹਿਰਾਸਤ 'ਚ ਰਹਿਣ ਤੋਂ ਬਾਦ ਉਸ ਨੂੰ ਜ਼ਮਾਨਤ ਮਿਲੀ। ਲੇਕਿਨ ਰਿਹਾਅ ਹੋਣ ਤੋਂ ਪਹਿਲਾਂ ਹੀ ਅਧਿਕਾਰੀਆਂ ਨੇ ਉਸ ਉੱਪਰ ਪਬਲਿਕ ਸੇਫ਼ਟੀ ਐਕਟ ਤਹਿਤ ਨਵਾਂ ਕੇਸ ਪਾ ਦਿੱਤਾ ਜੋ ਕਿਸੇ ਵੀ ਵਿਅਕਤੀ ਨੂੰ ਦੋ ਸਾਲ ਤੱਕ ਬਿਨਾਂ ਮੁਕੱਦਮਾ ਚਲਾਏ ਜੇਲ੍ਹ 'ਚ ਬੰਦ ਰੱਖਣ ਦੀ ਇਜਾਜ਼ਤ ਦਿੰਦਾ ਹੈ।

ਜਿੱਥੋਂ ਤੱਕ ਫਾਹਦ ਦਾ ਸਵਾਲ ਹੈ, ਯੂ.ਐੱਨ. ਦੀ ਚਿੱਠੀ ਅਨੁਸਾਰ ਉਸ ਨੂੰ ਜੂਨ 2017 ਅਤੇ ਜਨਵਰੀ 2021 ਦਰਮਿਆਨ ਛੇ ਕੇਸਾਂ ਦਾ ਸਾਹਮਣਾ ਕਰਨਾ ਪਿਆ। ਐਡੀਟਰਜ਼ ਗਿਲਡ ਆਫ ਇੰਡੀਆ ਨੇ ਵੀ ਆਪਣੇ ਬਿਆਨ ਵਿਚ ਕਿਹਾ ਹੈ ਕਿ ਪਿਛਲੇ ਕੁਝ ਸਾਲਾਂ 'ਚ ਸ਼ਾਹ ਨੂੰ ਉਸ ਦੀਆਂ ਲਿਖਤਾਂ ਕਾਰਨ ਕਈ ਵਾਰ ਪੁੱਛਗਿੱਛ ਅਤੇ ਨਜ਼ਰਬੰਦੀ ਦਾ ਸਾਹਮਣਾ ਕਰਨਾ ਪਿਆ ਹੈ। ਉਸ ਦੇ ਘਰ ਨੂੰ ਵੀ ਨੁਕਸਾਨ ਪਹੁੰਚਾਇਆ ਗਿਆ।

ਇਕ ਪਾਸੇ, ਦਿੱਲੀ ਹਕੂਮਤ ਦਾਅਵਾ ਕਰ ਰਹੀ ਹੈ ਕਿ ਜੰਮੂ-ਕਸ਼ਮੀਰ ਵਿਚ ਹਾਲਾਤ ਸੁਧਰ ਰਹੇ ਹਨ, ਦੂਜੇ ਪਾਸੇ ਪ੍ਰੈੱਸ ਅਤੇ ਮੀਡੀਆ ਦੀ ਆਜ਼ਾਦੀ ਦਾ ਗਲਾ ਘੁੱਟਣ ਅਤੇ ਪੱਤਰਕਾਰਾਂ ਨੂੰ ਦਹਿਸ਼ਤਜ਼ਦਾ ਕਰਨ ਲਈ ਭਾਰਤੀ ਰਾਜ ਹੋਰ ਵੀ ਹਮਲਾਵਰ ਤੇਵਰ ਦਿਖਾ ਰਿਹਾ ਹੈ। ਦਸੰਬਰ 2021 'ਚ ਕਸ਼ਮੀਰ ਪੁਲਿਸ ਦੇ ਆਈ.ਜੀ. ਨੇ ਇਕਨਾਮਿਕ ਟਾਈਮਜ਼ ਨਾਲ ਇਕ ਇੰਟਰਵਿਊ 'ਚ ਦੱਸਿਆ ਸੀ ਕਿ 2016 ਤੋਂ ਲੈ ਕੇ ਪੱਤਰਕਾਰਾਂ ਵਿਰੁੱਧ ਪੁਲਿਸ ਵੱਲੋਂ 8 ਯੂ.ਏ.ਪੀ.ਏ. ਕੇਸਾਂ ਸਮੇਤ 49 ਕੇਸ ਦਰਜ ਕੀਤੇ ਗਏ ਹਨ। ਮੀਡੀਆ ਉੱਪਰ ਹਮਲਾ ਐਨਾ ਤਿੱਖਾ ਹੈ ਕਿ ਪੱਤਰਕਾਰ ਸੰਸਥਾਵਾਂ ਵੀ ਪ੍ਰੈੱਸ/ਮੀਡੀਆ ਦੀ ਆਜ਼ਾਦੀ ਨੂੰ ਬਚਾਉਣ ਅਤੇ ਪੱਤਰਕਾਰਾਂ ਦੀ ਰਾਖੀ ਲਈ ਕੁਝ ਕਰਨ ਤੋਂ ਬੇਵੱਸ ਹਨ। ਪਿਛਲੇ ਦੋ ਸਾਲਾਂ 'ਚ 40 ਤੋਂ ਵੱਧ ਪੱਤਰਕਾਰਾਂ ਨੂੰ ਛਾਪੇਮਾਰੀ ਜਾਂ ਪੁਲਿਸ ਦੀ ਪੁੱਛਗਿੱਛ ਦਾ ਸਾਹਮਣਾ ਕਰਨਾ ਪਿਆ ਹੈ। ਕਈਆਂ ਨੂੰ ਕਾਲੀ ਸੂਚੀ 'ਨੋ-ਫਲਾਈ' ਵਿਚ ਰੱਖਿਆ ਗਿਆ ਹੈ ਅਤੇ ਉਹ ਫਲਾਈਟ ਲੈ ਕੇ ਬਦੇਸ਼ ਨਹੀਂ ਜਾ ਸਕਦੇ। ਧਾਰਾ 370 ਨੂੰ ਖ਼ਤਮ ਕੀਤੇ ਜਾਣ ਤੋਂ ਬਾਦ ਪੱਤਰਕਾਰਾਂ ਅਤੇ ਮਨੁੱਖੀ ਹੱਕਾਂ ਦੇ ਘਾਣ ਵਿਰੁੱਧ ਆਵਾਜ਼ ਉਠਾਉਣ ਵਾਲੇ ਕਾਰਕੁੰਨ ਉੱਪਰ ਹਮਲਿਆਂ 'ਚ ਖ਼ਾਸ ਕਰਕੇ ਤੇਜ਼ੀ ਆਈ ਹੈ। ਉੱਘੇ ਕਾਰਕੁੰਨ ਖ਼ੁਰਮ ਪਰਵੇਜ਼ ਨੂੰ ਮੁੜ ਗ੍ਰਿਫ਼ਤਾਰ ਕਰਕੇ ਯੂ.ਏ.ਪੀ.ਏ. ਲਗਾ ਕੇ ਜੇਲ੍ਹ ਵਿਚ ਡੱਕ ਦਿੱਤਾ ਗਿਆ ਹੈ। ਭਾਰਤ ਵਿਚ ਬੇਬਾਕ ਪੱਤਰਕਾਰ ਰਾਣਾ ਅਯੂਬ ਨੂੰ ਝੂਠੇ ਕੇਸਾਂ ਅਤੇ ਭਗਵੀਂ ਟਰੌਲ ਆਰਮੀ ਵੱਲੋਂ ਸੋਸ਼ਲ ਮੀਡੀਆ ਉੱਪਰ ਦਿਨ-ਰਾਤ ਕਿਰਦਾਰਕੁਸ਼ੀ ਰਾਹੀਂ ਮਾਨਸਿਕ ਤੌਰ 'ਤੇ ਤੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਭਾਰਤ ਸਰਕਾਰ ਦੇ ਇਸ਼ਾਰੇ 'ਤੇ ਜੰਮੂ-ਕਸ਼ਮੀਰ ਪੁਲਿਸ ਅਤੇ ਪ੍ਰਸ਼ਾਸਨ ਵੱਲੋਂ ਲਗਾਤਾਰ ਬਾਂਹ ਮਰੋੜ ਤਰੀਕੇ ਅਪਣਾਏ ਜਾ ਰਹੇ ਹਨ। ਪੱਤਰਕਾਰਾਂ ਨੂੰ ਆਪਣੀ ਡਿਊਟੀ ਕਰਨ ਤੋਂ ਰੋਕਿਆ ਜਾ ਰਿਹਾ ਹੈ। ਉਨ੍ਹਾਂ ਨੂੰ ਆਪਣੀ ਰਿਪੋਰਟ ਦਾ ਸਰੋਤ ਦੱਸਣ ਲਈ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਹੈ। 'ਕਸ਼ਮੀਰ ਟਾਈਮਜ਼' ਦੀ ਸੰਪਾਦਕ ਸਿਰਕੱਢ ਪੱਤਰਕਾਰ ਬੀਬੀ ਅਨੁਰਾਧਾ ਭਸੀਨ ਦੱਸਦੇ ਹਨ ਕਿ ਅਧਿਕਾਰੀ ਰਿਪੋਰਟਾਂ 'ਚ ਇਕ ਵੀ ਆਲੋਚਨਾਤਮਕ ਸ਼ਬਦ ਬਰਦਾਸ਼ਤ ਨਹੀਂ ਕਰ ਰਹੇ। ਸਰਕਾਰੀ ਇਮਾਰਤ 'ਚ ਉਸ ਦੇ ਅਖ਼ਬਾਰ ਦਾ ਦਫ਼ਤਰ ਵੀ ਅਧਿਕਾਰੀਆਂ ਨੇ ਬਿਨਾਂ ਨੋਟਿਸ ਦਿੱਤੇ ਸੀਲ ਕਰ ਦਿੱਤਾ ਸੀ ਅਤੇ ਸਟਾਫ਼ ਨੂੰ ਸਮਾਨ ਵੀ ਨਹੀਂ ਸੀ ਚੁੱਕਣ ਦਿੱਤਾ। ਪਿਛਲੇ ਸਾਲ ਮੀਡੀਆ ਨਿਗਰਾਨ ਸੰਸਥਾ 'ਰਿਪੋਰਟਰਜ਼ ਵਿਦਆਊਟ ਬੌਰਡਰਜ਼' ਦੇ ਪ੍ਰੈੱਸ ਦੀ ਆਜ਼ਾਦੀ ਦੇ ਆਲਮੀ ਸੂਚਕ-ਅੰਕ 'ਚ ਭਾਰਤ ਦਾ 142ਵਾਂ ਸਥਾਨ ਨਿਸ਼ਚਿਤ ਕੀਤਾ ਗਿਆ ਸੀ ਅਤੇ ਇਹ ਅਫ਼ਗਾਨਿਸਤਾਨ ਅਤੇ ਜ਼ਿੰਬਾਵੇ ਤੋਂ ਹੇਠਾਂ ਸੀ। ਕਸ਼ਮੀਰ ਵਿਚ ਪ੍ਰੈੱਸ ਦੀ ਆਜ਼ਾਦੀ ਦੀ ਹਾਲਤ ਇਸ ਤੋਂ ਵੀ ਬਦਤਰ ਹੈ ਜਿੱਥੇ ਆਲੋਚਨਾ ਕਰਨ ਨੂੰ ਵੀ ਵੱਖਵਾਦ ਕਰਾਰ ਦਿੱਤਾ ਜਾ ਰਿਹਾ ਹੈ। ਇੱਥੇ ਹੀ ਬਸ ਨਹੀਂ, ਜਦੋਂ ਕਸ਼ਮੀਰ ਪ੍ਰੈੱਸ ਕਲੱਬ ਦੀ ਸਾਲਾਨਾ ਚੋਣ ਹੋਣ ਵਾਲੀ ਸੀ, ਉਦੋਂ ਕੁਝ ਸਰਕਾਰੀ ਜੀ-ਹਜ਼ੂਰੀਏ ਪੱਤਰਕਾਰਾਂ ਅਤੇ ਅਖ਼ਬਾਰ ਮਾਲਕਾਂ ਨੇ ਹਥਿਆਰਬੰਦ ਪੁਲਿਸ ਅਤੇ ਸਲਾਮਤੀ ਦਸਤਿਆਂ ਦੀ ਛਤਰਛਾਇਆ ਹੇਠ ਸਟਾਫ਼ ਨੂੰ ਬੰਦੀ ਬਣਾ ਕੇ ਕਲੱਬ ਦੇ ਦਫ਼ਤਰ ਅਤੇ ਇਸ ਦੇ ਪ੍ਰਬੰਧਕੀ ਅਦਾਰੇ ਉੱਪਰ ਗ਼ੈਰਕਾਨੂੰਨੀ ਕਬਜ਼ਾ ਕਰ ਲਿਆ। ਇਨ੍ਹਾਂ ਜੀ-ਹਜ਼ੂਰੀਆਂ 'ਚ ਮੁੱਖ ਸਲੀਮ ਪੰਡਿਤ ਸੀ ਜਿਸ ਦੀ ਮੈਂਬਰਸ਼ਿੱਪ ਪ੍ਰੈੱਸ ਕਲੱਬ ਨੇ ਨਵੰਬਰ 2019 'ਚ ਇਸ ਕਰਕੇ ਖ਼ਾਰਜ ਕਰ ਦਿੱਤੀ ਸੀ ਕਿ ਉਸ ਦੀ ਝੂਠੀ ਰਿਪੋਰਟਿੰਗ ਨੇ ਪੱਤਰਕਾਰੀ ਨੂੰ ਬਦਨਾਮ ਕੀਤਾ ਸੀ। ਐਡੀਟਰਜ਼ ਗਿਲਡ ਅਤੇ ਆਲਮੀ ਪੱਤਰਕਾਰ ਸੰਸਥਾਵਾਂ ਨੇ ਪ੍ਰੈੱਸ ਕਲੱਬ ਉੱਪਰ ਕਬਜ਼ੇ ਨੂੰ "ਅਣਐਲਾਨਿਆ ਰਾਜ-ਪਲਟਾ" ਅਤੇ "ਗ਼ੈਰਕਾਨੂੰਨੀ ਕਬਜ਼ਾ" ਕਹਿ ਕੇ ਇਸ ਦੀ ਨਿਖੇਧੀ ਕੀਤੀ, ਫਿਰ ਵੀ ਹਕੂਮਤ ਪਿੱਛੇ ਨਹੀਂ ਹਟੀ। ਕਲੱਬ ਬੰਦ ਕਰ ਦਿੱਤਾ ਗਿਆ ਅਤੇ ਜਿੱਥੇ ਪ੍ਰੈੱਸ ਕਲੱਬ ਬਣਾਇਆ ਗਿਆ ਸੀ ਉਹ ਜ਼ਮੀਨ ਵਾਪਸ ਲੈ ਲਈ ਗਈ। ਇਹ ਰਾਜ-ਪਲਟਾ ਐਨਾ ਘਿਣਾਉਣਾ ਸੀ ਕਿ ਦੋ ਸਾਬਕਾ ਮੁੱਖ ਮੰਤਰੀਆਂ ਸਮੇਤ ਭਾਰਤ ਪੱਖੀ ਮੁੱਖ ਕਸ਼ਮੀਰੀ ਸਿਆਸਤਦਾਨਾਂ ਨੇ ਵੀ ਇਸ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ। ਅਗਸਤ 2019 ਤੋਂ ਲੈ ਕੇ ਕਲੱਬ ਤੀਜੀ ਸੰਸਥਾ ਹੈ ਜਿਸ ਦੀ ਆਰ.ਐੱਸ.ਐੱਸ.-ਬੀ.ਜੇ.ਪੀ. ਹਕੂਮਤ ਨੇ ਚੋਣ ਨਹੀਂ ਹੋਣ ਦਿੱਤੀ। ਬਹਾਨਾ ਇਹ ਘੜ ਲਿਆ ਕਿ ਨਵੇਂ ਕਾਨੂੰਨ ਤਹਿਤ ਇਸ ਦੀ ਰਜਿਸਟ੍ਰੇਸ਼ਨ ਨਹੀਂ ਹੋਈ। ਇਸ ਤੋਂ ਪਹਿਲਾਂ ਕਸ਼ਮੀਰ ਹਾਈਕੋਰਟ ਬਾਰ ਐਸੋਸੀਏਸ਼ਨ ਅਤੇ ਕਸ਼ਮੀਰ ਚੈਬਰ ਆਫ਼ ਕਾਮਰਸ ਦੀਆਂ ਚੋਣਾਂ ਵੀ ਧੱਕੇ ਨਾਲ ਰੋਕ ਦਿੱਤੀਆਂ ਗਈਆਂ ਸਨ। ਧਾਰਾ 370 ਨੂੰ ਖ਼ਤਮ ਕੀਤੇ ਜਾਣ ਤੋਂ ਬਾਦ ਜੰਮੂ-ਕਸ਼ਮੀਰ ਦੇ ਐਕਟ ਰੱਦ ਹੋ ਗਏ ਸਨ ਅਤੇ ਸਾਰੀਆਂ ਸੰਸਥਾਵਾਂ ਨੂੰ ਸੁਸਾਇਟੀ ਰਜਿਸਟ੍ਰੇਸ਼ਨ ਐਕਟ-1860 ਤਹਿਤ ਮੁੜ ਰਜਿਸਟ੍ਰੇਸ਼ਨ ਕਰਾਉਣ ਲਈ ਕਿਹਾ ਜਾ ਰਿਹਾ ਹੈ। ਮੁੜ ਰਜਿਸਟ੍ਰੇਸ਼ਨ ਦੇ ਬਹਾਨੇ ਰਜਿਸਟ੍ਰੇਸ਼ਨ ਰੋਕ ਕੇ ਸੰਸਥਾਵਾਂ ਉੱਪਰ ਕਬਜ਼ਾ ਕਰਨ ਦਾ ਇਹੀ ਦੁਸ਼ਟ ਤਰੀਕਾ ਪ੍ਰੈੱਸ ਕਲੱਬ ਦੇ ਮਾਮਲੇ 'ਚ ਅਖ਼ਤਿਆਰ ਕੀਤਾ ਗਿਆ ਹੈ।

ਕਲੱਬ ਨੂੰ ਬੰਦ ਕਰਨ ਦਾ ਮਨੋਰਥ ਪੱਤਰਕਾਰਾਂ ਨੂੰ ਸੰਸਥਾਗਤ ਹਮਾਇਤ ਅਤੇ ਸਰਪ੍ਰਸਤੀ ਤੋਂ ਵਿਰਵੇ ਕਰਨਾ ਹੈ। ਕੌਮਾਂਤਰੀ ਪੱਤਰਕਾਰਾਂ ਦੇ ਕਸ਼ਮੀਰ ਵਿਚ ਦਾਖ਼ਲ ਹੋਣ ਦੀ ਪਹਿਲਾਂ ਹੀ ਮਨਾਹੀ ਹੈ। ਇਹ ਸਿਰਫ਼ ਸਥਾਨਕ ਪੱਤਰਕਾਰ ਹਨ ਜਿਨ੍ਹਾਂ ਦੀਆਂ ਰਿਪੋਰਟਾਂ ਦੁਨੀਆ ਨੂੰ ਕਸ਼ਮੀਰ ਦੀ ਜ਼ਮੀਨੀ ਹਕੀਕਤ ਦੀ ਜਾਣਕਾਰੀ ਦਿੰਦੀਆਂ ਹਨ। ਆਨਲਾਈਨ ਅਖ਼ਬਾਰਾਂ ਅਤੇ ਸਥਾਨਕ ਪੱਤਰਕਾਰਾਂ ਨੂੰ ਦਬਾਉਣਾ ਦਿੱਲੀ ਹਕੂਮਤ ਜ਼ਰੂਰੀ ਸਮਝਦੀ ਹੈ ਤਾਂ ਜੁ ਕਸ਼ਮੀਰ ਦੇ ਸੰਤਾਪ ਦੀ ਕਹਾਣੀ ਦੁਨੀਆ ਨੂੰ ਪਤਾ ਨਾ ਲੱਗੇ।

ਜਮਹੂਰੀ ਮੁੱਲਾਂ ਨੂੰ ਬਚਾਉਣ ਲਈ ਇਸ ਫਾਸ਼ੀਵਾਦੀ ਹਮਲੇ ਵਿਰੁੱਧ ਡੱਟਣਾ ਜ਼ਰੂਰੀ ਹੈ। ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਇਹ ਫਾਸ਼ੀਵਾਦੀ ਮੀਡੀਆ ਨੀਤੀ ਪੂਰੇ ਮੁਲਕ ਨੂੰ ਆਪਣੀ ਲਪੇਟ 'ਚ ਲੈ ਲਵੇਗੀ।






# ਕਾਰਪੋਰੇਟ ਗਲਬਾ ਚੋਣ ਮੁੱਦਾ ਕਿਉਂ ਨਾ ਬਣਿਆ?



ਸੁਖਪਾਲ ਸਿੰਘ
98760-63523



ਪੰਜਾਬ ਚੋਣ ਦੰਗਲ ਵਿਚ ਸਾਰੀਆਂ ਪਾਰਟੀਆਂ ਆਪੋ-ਆਪਣੇ ਚੋਣ ਮੁੱਦੇ ਲੋਕਾਂ ਸਾਹਮਣੇ ਰੱਖ ਰਹੀਆਂ ਹਨ ਪਰ ਸਾਰੀਆਂ ਪਾਰਟੀਆਂ ਦੇ ਚੋਣ ਮਨੋਰਥ ਪੱਤਰਾਂ ਅਤੇ ਚੋਣ ਰੈਲੀਆਂ ਵਿਚੋਂ ਅਰਥਚਾਰੇ ਦੇ ਅਸਲ ਮੁੱਦੇ ਗਾਇਬ ਹਨ। ਕਿਸਾਨਾਂ ਨੇ ਵਿਸ਼ਵਵਿਆਪੀ ਸ਼ਾਨਾਂਮੱਤਾ ਇਤਿਹਾਸਕ ਅੰਦੋਲਨ ਜਿੱਤਿਆ। ਇਸ ਅੰਦੋਲਨ ਦਾ ਧੁਰਾ ਕਾਰਪੋਰੇਟ ਜਗਤ ਨੂੰ ਖੇਤੀ ਸੈਕਟਰ ਦੇ ਕੰਟਰੋਲ ਤੋਂ ਰੋਕਣਾ ਸੀ। ਉਸ ਸਮੇਂ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਸਹਿਮਤ ਸਨ ਕਿ ਤਿੰਨ ਖੇਤੀ ਕਾਨੂੰਨਾਂ ਰਾਹੀਂ ਕਾਰਪੋਰੇਟਾਂ ਦਾ ਖੇਤੀ ਉੱਪਰ ਕਬਜ਼ਾ ਹੋ ਜਾਵੇਗਾ। ਰਾਹੁਲ ਗਾਂਧੀ ਨੂੰ ਪੰਜਾਬ ਫੇਰੀ ਦੌਰਾਨ ਇਹ ਕਹਿਣਾ ਪਿਆ ਕਿ ਮੌਜੂਦਾ ਕੇਂਦਰ ਸਰਕਾਰ ਕਾਰਪੋਰੇਟਾਂ ਦੀ ਹੱਥ-ਠੋਕਾ ਸਰਕਾਰ ਹੈ ਪਰ ਅਫਸੋਸ, ਕਾਰਪੋਰੇਟ ਜਗਤ ਦੇ ਖੇਤੀ ਅਤੇ ਅਰਥਚਾਰੇ ਦੇ ਦੂਜੇ ਸੈਕਟਰਾਂ ਉੱਤੇ ਗ਼ਲਬੇ ਨੂੰ ਰੋਕਣ ਦੇ ਮੁੱਦੇ ਦਾ ਕਿਸੇ ਵੀ ਸਿਆਸੀ ਪਾਰਟੀ ਨੇ ਆਪਣੇ ਚੋਣ ਪ੍ਰਚਾਰ ਜਾਂ ਚੋਣ ਮੈਨੀਫੈਸਟੋ ਵਿਚ ਜਿਕਰ ਤੱਕ ਨਹੀਂ ਕੀਤਾ।

ਅਰਥਚਾਰੇ ਦੇ ਸਨਮੁਖ ਲਗਭਗ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਕਾਰਪੋਰੇਟ ਸੈਕਟਰ ਦੇ ਕੰਟਰੋਲ ਵਿਚ ਹੈ। ਅਰਥਚਾਰੇ ਨੂੰ ਮੁੱਖ ਰੂਪ ਵਿਚ ਤਿੰਨ ਸੈਕਟਰਾਂ ਵਿਚ ਵੰਡਿਆ ਜਾਂਦਾ ਹੈ: ਖੇਤੀ, ਉਦਯੋਗ ਅਤੇ ਸੇਵਾਵਾਂ। ਉਦਯੋਗਾਂ ਅਤੇ ਸੇਵਾਵਾਂ ਦੇ ਖੇਤਰ ਵਿਚ ਕਾਰਪੋਰੇਟ ਦਾ ਵੱਡਾ ਕੰਟਰੋਲ ਹੈ। ਖੇਤੀ ਸੈਕਟਰ ਵਿਚ ਵੀ ਖੇਤੀ ਇਨਪੁਟਸ ਕਾਰਪੋਰੇਟ ਹੀ ਤਿਆਰ ਕਰਦਾ ਹੈ। ਹਰੀ ਕ੍ਰਾਂਤੀ ਦਾ ਮਾਡਲ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਖਾਦਾਂ, ਕੀੜੇਮਾਰ ਦਵਾਈਆਂ, ਮਸ਼ੀਨਰੀ ਅਤੇ ਤਕਨੀਕ ਰਾਹੀਂ ਕਾਰਪੋਰੇਟ ਸੈਕਟਰ ਨੇ ਖੇਤੀ ਵਿਚ ਆਪਣਾ ਕੰਟਰੋਲ ਵਧਾਇਆ। ਉਸ ਵਕਤ ਖੇਤੀ ਉਤਪਾਦਨ ਵਿਚ ਇਕਦਮ ਵਾਧੇ ਨੇ ਕਿਸਾਨਾਂ ਦੀ ਆਮਦਨ ਵਿਚ ਵਾਧਾ ਕੀਤਾ। ਇਸ ਕਰਕੇ ਵੱਡੀ ਗਿਣਤੀ ਲੋਕਾਂ ਅਤੇ ਨੀਤੀ ਘਾੜਿਆਂ ਨੇ ਖੇਤੀ ਦੇ ਇਸ ਮਾਡਲ ਦੇ ਅਗਾਊਂ ਰਿਣਾਤਮਕ ਪ੍ਰਭਾਵ ਅਣਗੌਲੇ ਕਰ ਦਿੱਤੇ ਸਨ। ਅੱਜ ਪੰਜਾਬ ਦੀ ਖੇਤੀ ਵਿਚ ਕਰਜਾ, ਕਿਸਾਨਾਂ ਮਜ਼ਦੂਰਾਂ ਦੀਆਂ ਖ਼ੁਦਕਸ਼ੀਆਂ, ਛੋਟੀ ਕਿਸਾਨੀ ਦਾ ਖੇਤੀ ਵਿਚੋਂ ਬਾਹਰ ਜਾਣਾ ਵਰਗੀਆਂ ਵੱਡੀਆਂ ਆਰਥਿਕ ਸਮੱਸਿਆਵਾਂ ਆਣ ਖੜ੍ਹੀਆਂ ਹਨ। ਇਸ ਤੋਂ ਇਲਾਵਾ ਪਾਣੀ ਦਾ ਪੱਧਰ ਨੀਵਾਂ ਹੋਣਾ, ਵਾਤਾਵਰਨ ਤੇ ਮਿੱਟੀ ਦੀ ਸਿਹਤ ਵਿਚ ਵਿਗਾੜ ਵਰਗੀਆਂ ਸਾਰੀਆਂ ਅਲਾਮਤਾਂ ਹਰੀ ਕ੍ਰਾਂਤੀ ਦੇ ਮਾਡਲ ਕਰਕੇ ਪੈਦਾ ਹੋਈਆਂ ਪਰ ਉਸ ਵਕਤ ਹਰੀ ਕ੍ਰਾਂਤੀ ਦੇ ਇਸ ਮਾਡਲ ਰਾਹੀਂ ਖੇਤੀ ਉੱਪਰ ਕਾਰਪੋਰੇਟਾਂ ਦੇ ਗਲਬੇ ਦਾ ਨਾ ਕਿਸੇ ਸਿਆਸੀ ਪਾਰਟੀ ਨੇ ਅਤੇ ਨਾ ਹੀ ਨੀਤੀ ਘਾੜਿਆਂ ਨੇ ਵਿਰੋਧ ਕੀਤਾ।

ਸਪੱਸ਼ਟ ਹੈ ਕਿ ਜਿੱਥੇ ਹਰੀ ਕ੍ਰਾਂਤੀ ਦਾ ਮਾਡਲ ਸਿਰਫ਼ ਖੇਤੀ ਇਨਪੁਟਸ (ਖਾਦਾਂ, ਬੀਜਾਂ, ਮਸ਼ੀਨਰੀ ਆਦਿ) ਨੂੰ ਹੀ ਕੰਟਰੋਲ ਕਰਦਾ ਸੀ, ਉਥੇ ਮਨਸੂਖ ਹੋਏ ਤਿੰਨ ਖੇਤੀ ਕਾਨੂੰਨਾਂ ਨੇ ਖੇਤੀ ਇਨਪੁਟਸ ਦੇ ਨਾਲ ਨਾਲ ਖੇਤੀ ਆਊਟਪੁੱਟ, ਭਾਵ ਫਸਲ ਨੂੰ ਵੀ ਕੰਟਰੋਲ ਕਰਨਾ ਸੀ।

ਅਸਲ ਵਿਚ ਵਿਸ਼ਵ ਅਰਥਚਾਰਾ ਗੰਭੀਰ ਆਰਥਿਕ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਉਦਯੋਗ ਅਤੇ ਨਿਰਮਾਣ ਖੇਤਰ ਵਿਚ ਆਰਥਿਕ ਵਿਕਾਸ ਦੀ ਦਰ ਰਿਣਾਤਮਿਕ (ਮਨਫੀ) ਹੋ ਰਹੀ ਹੈ। ਇਸੇ ਕਰਕੇ ਸੇਵਾਵਾਂ ਦੇ ਖੇਤਰ ਵਿਚ ਵੀ ਖੜੋਤ ਆ ਰਹੀ ਹੈ। ਨਵ-ਉਦਾਰਵਾਦ ਦੇ ਮੌਜੂਦਾ ਦੌਰ ਵਿਚ ਕਾਰਪੋਰੇਟ ਦਾ ਪੂੰਜੀ ਨਿਵੇਸ਼ ਨਹੀਂ ਹੋ ਰਿਹਾ। ਇਸ ਕਰਕੇ ਕਾਰਪੋਰੇਟ ਜਗਤ ਖੇਤੀ ਸੈਕਟਰ ਵਿਚ ਨਿਵੇਸ਼ ਦੀਆਂ ਵੱਡੀਆਂ ਸੰਭਾਵਨਾਵਾਂ ਦੇਖ ਰਿਹਾ ਹੈ। ਨਵੇਂ ਖੇਤੀ ਕਾਨੂੰਨ ਵੀ ਇਸੇ ਪ੍ਰਸੰਗ ਵਿਚ ਲਿਆਂਦੇ ਸਨ। ਖੇਤੀ ਉਤਪਾਦਨ ਅਤੇ ਮੰਡੀਕਰਨ ਵਿਚ ਵੱਡੇ ਨਿਵੇਸ਼ ਦੀਆਂ ਸੰਭਾਵਨਾਵਾਂ ਹਨ। ਅਸਲ ਵਿਚ ਸਰਕਾਰਾਂ ਕਾਰਪੋਰੇਟ ਖੇਤੀ ਦੇ ਪੱਖ ਵਿਚ ਹਨ ਜਿਸ ਵਿਚ ਕੰਪਨੀਆਂ ਵੱਲੋਂ ਮਨਸੂਈ ਬੌਧਿਕਤਾ ਰਾਹੀਂ ਕੰਪਿਊਟਰਾਇਜ਼ੇਸ਼ਨ ਅਤੇ ਰੋਬੋਟਾਈਜੇਸ਼ਨ ਰਾਹੀਂ ਖੇਤੀ ਵੱਡੇ ਪੱਧਰ ਤੇ ਕੀਤੀ ਜਾਵੇਗੀ। ਇਸ ਖੇਤੀ ਨਾਲ ਆਪਣੀ ਮਾਲਕੀ ਵਾਲੀ ਜ਼ਮੀਨ ਤੇ ਖੇਤੀ ਖੁੱਸ ਕੇ ਕੰਪਨੀਆਂ ਕੋਲ ਚਲੀ ਜਾਵੇਗੀ ਜਿਸ ਵਿਚ ਕਿਸਾਨਾਂ ਕੋਲੋਂ ਜ਼ਮੀਨ, ਫ਼ਸਲ ਤੇ ਉਪਜੀਵਕਾ ਚਲੀ ਜਾਵੇਗੀ ਅਤੇ ਕਿਸਾਨੀ ਦਾ ਉਜਰਤੀ ਮਜ਼ਦੂਰਾਂ ਵਿਚ ਰੂਪਾਂਤਰਨ ਹੋ ਜਾਵੇਗਾ। ਅਸਲ ਵਿਚ ਕਾਰਪੋਰੇਟ ਜਗਤ ਦੇ ਵੱਡੇ ਪ੍ਰੈਸ਼ਰ ਕਰਕੇ ਸਾਰੀਆਂ ਸਿਆਸੀ ਪਾਰਟੀਆਂ ਕਾਰਪੋਰੇਟ ਨੀਤੀਆਂ ਦੇ ਪੱਖ ਵਿਚ ਹੀ ਆਪਣੇ ਚੋਣ ਮੈਨੀਫੈਸਟੋ ਤਿਆਰ ਕਰਦੀਆਂ ਹਨ।

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਪਰ ਹੈਰਾਨੀ ਹੈ ਕਿ ਸਾਡੇ ਕੋਲ ਅਜੇ ਤੱਕ ਕੋਈ ਖੇਤੀ ਨੀਤੀ ਨਹੀਂ। ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਨੇ ਦੋ ਖੇਤੀ ਨੀਤੀਆਂ ਤਿਆਰ ਕਰਨ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਨੀਤੀਆਂ ਦੇ ਡਰਾਫਟ ਰੂਪ ਵਿਚ ਪਿਆ ਹੋਣਾ ਹੀ ਕਮਿਸ਼ਨ ਦੀ ਮਰਯਾਦਾ ਅਤੇ ਸਾਰਥਿਕਤਾ ਵੱਲ ਝਾਤ ਪਾਉਂਦਾ ਹੈ। ਇਸੇ ਤਰ੍ਹਾਂ ਪੰਜਾਬ ਰਾਜ ਕੋਲ ਕੋਈ ਉਦਯੋਗ ਨੀਤੀ ਵੀ ਨਹੀਂ ਹੈ। ਸਿਆਸੀ ਪਾਰਟੀਆਂ ਦੇ ਚੋਣ ਮਨੋਰਥ ਪੱਤਰਾਂ ਵਿਚੋਂ ਇਹ ਮੁੱਦੇ ਗਾਇਬ ਹਨ। ਪੰਜਾਬ ਵਿਚ ਸਭ ਤੋਂ ਵੱਡਾ ਮਸਲਾ ਰੁਜ਼ਗਾਰ ਦਾ ਹੈ। ਇੱਥੇ ਨਾ ਖੇਤੀ, ਨਾ ਉਦਯੋਗ ਅਤੇ ਨਾ ਹੀ ਸੇਵਾਵਾਂ ਦਾ ਸੈਕਟਰ ਰੁਜ਼ਗਾਰ ਦੇ ਰਿਹਾ ਹੈ। ਖੇਤੀ ਵਿਚ ਦੋ ਫ਼ਸਲੀ ਖੇਤੀ ਚੱਕਰ ਅਤੇ ਮਸ਼ੀਨਰੀਕਰਨ ਕਰਕੇ ਰੁਜ਼ਗਾਰ ਦੇ ਮੌਕੇ ਘਟ ਰਹੇ ਹਨ। ਪੰਜਾਬ ਦੇ ਔਸਤਨ ਕਿਸਾਨ ਤੇ ਮਜ਼ਦੂਰ ਨੂੰ ਸਿਰਫ਼ ਢਾਈ ਮਹੀਨੇ ਸਾਲਾਨਾ ਹੀ ਕੰਮ ਮਿਲਦਾ ਹੈ। ਖੇਤੀ ਵਿਚੋਂ ਵਿਹਲੀ ਹੋਈ ਇਸ ਵਸੋਂ ਨੂੰ ਉਦਯੋਗ ਅਤੇ ਸੇਵਾਵਾਂ ਦਾ ਖੇਤਰ ਵੀ ਰੁਜ਼ਗਾਰ ਨਹੀਂ ਦੇ ਰਿਹਾ। ਸੂਬੇ ਵਿਚ ਹਰ ਰੋਜ਼ ਛੇ ਉਦਯੋਗਿਕ ਇਕਾਈਆਂ ਬੰਦ ਹੋ ਰਹੀਆਂ ਹਨ। ਨਵ-ਉਦਾਰਵਾਦੀ ਮਾਡਲ ਅਧੀਨ ਸਰਕਾਰੀ ਸੈਕਟਰ ਦਾ ਭੋਗ ਪਾਇਆ ਜਾ ਰਿਹਾ ਹੈ। ਖਾਲੀ ਪਈਆਂ ਅਸਾਮੀਆਂ ਭਰੀਆਂ ਨਹੀਂ ਜਾ ਰਹੀਆਂ। ਮੌਜੂਦਾ ਸੱਤਾਧਾਰੀ ਪਾਰਟੀ ਨੇ 2017 ਵਿਚ ਇੱਕ ਪਰਿਵਾਰ ਵਿਚ ਇਕ ਵਿਅਕਤੀ ਨੂੰ ਨੌਕਰੀ ਦੇਣ, ਭਾਵ ਸੂਬੇ ਵਿਚ 55 ਲੱਖ ਘਰਾਂ ਵਿਚ ਰੁਜਗਾਰ ਮੁਹੱਈਆ ਕਰਾਉਣ ਦਾ ਵਾਅਦਾ ਕੀਤਾ ਸੀ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਨੇ 2012 ਵਿਚ 10 ਲੱਖ ਨੌਜਵਾਨਾਂ ਨੂੰ ਰੁਜਗਾਰ ਦੇਣ ਦਾ ਵਾਅਦਾ ਕੀਤਾ ਸੀ। ਇਨ੍ਹਾਂ ਵਾਅਦਿਆਂ ਤੋਂ ਬਾਅਦ ਵੀ ਪੰਜਾਬ ਵਿਚ ਬੇਰੁਜਗਾਰੀ ਦਰ 7.8 ਫੀਸਦ ਹੈ ਜੋ ਕੌਮੀ ਪੱਧਰ ਤੇ 6.1 ਫੀਸਦ ਹੈ। ਅਸਲ ਵਿਚ ਸਾਡੇ ਅਰਥਚਾਰੇ ਵਿਚ ਰੁਜਗਾਰ ਰਹਿਤ ਵਿਕਾਸ ਹੋਇਆ ਹੈ। ਇਸੇ ਕਰਕੇ ਵਿਦੇਸ਼ੀ ਪਰਵਾਸ ਅਤੇ ਨੌਜਵਾਨਾਂ ਵਿਚ ਨਸ਼ਿਆਂ ਦਾ ਰੁਝਾਨ ਵਧਿਆ ਹੈ। ਜਦੋਂ ਤਕ ਅਸੀਂ ਕਾਰਪੋਰੇਟ ਸੈਕਟਰ ਨੂੰ ਨੱਥ ਨਹੀਂ ਪਾਵਾਂਗੇ ਅਤੇ ਸਰਕਾਰੀ ਸੈਕਟਰ ਵਿਕਸਤ ਨਹੀਂ ਕਰਾਂਗੇ, ਉਦੋਂ ਤਕ ਲੋਕਾਂ ਨੂੰ ਰੁਜਗਾਰ ਮੁਹੱਈਆ ਨਹੀਂ ਕਰਵਾਇਆ ਜਾ ਸਕਦਾ ਪਰ ਇਹ ਮੁੱਦੇ ਚੋਣ ਪ੍ਰੋਗਰਾਮਾਂ ਵਿਚੋਂ ਗਾਇਬ ਹਨ। ਸਾਰੀਆਂ ਸਿਆਸੀ ਪਾਰਟੀਆਂ ਦੇ ਚੋਣ ਮੈਨੀਫੈਸਟੋ ਦੇਖਣ ਤੋਂ ਪਤਾ ਲੱਗਦਾ ਹੈ ਕਿ ਇਨ੍ਹਾਂ ਦੁਆਰਾ ਚੁੱਕੇ ਮੁੱਦਿਆਂ ਨੂੰ ਉਦੋਂ ਤੱਕ ਪੂਰ ਨਹੀਂ ਚਾੜ੍ਹਿਆ ਜਾ ਸਕਦਾ ਜਦੋਂ ਤਕ ਅਰਥਚਾਰੇ ਨੂੰ ਕਾਰਪੋਰੇਟ ਦੇ ਕੰਟਰੋਲ ਤੋਂ ਮੁਕਤ ਨਹੀਂ ਕੀਤਾ ਜਾਂਦਾ। ਇਸ ਕਾਰਜ ਲਈ ਵੱਡੇ ਪੱਧਰ ਤੇ ਸਰਕਾਰੀ ਨਿਵੇਸ਼ ਦੀ ਜ਼ਰੂਰਤ ਹੈ। ਸਿਆਸੀ ਪਾਰਟੀਆਂ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਉਹ ਨਾ ਤਾਂ ਕਾਰਪੋਰੇਟਾਂ ਦੀ ਸਹਾਇਤਾ ਬਿਨਾਂ ਚੋਣਾਂ ਵਿਚ ਜਿੱਤ ਪ੍ਰਾਪਤ ਕਰ ਸਕਦੀਆਂ ਹਨ ਅਤੇ ਨਾ ਹੀ ਸਰਕਾਰ ਚਲਾ ਸਕਦੀਆਂ ਹਨ।

ਅੱਜ ਪੰਜਾਬ ਉੱਪਰ ਤਿੰਨ ਲੱਖ ਕਰੋੜ ਰੁਪਏ ਦਾ ਕਰਜਾ ਹੈ, ਇਸ ਹਿਸਾਬ ਨਾਲ ਹਰ ਵਿਅਕਤੀ ਸਿਰ ਇੱਕ ਲੱਖ ਰੁਪਏ ਦਾ ਕਰਜ਼ਾ ਬਣਦਾ ਹੈ। ਇਕ ਪਾਸੇ ਸਰਕਾਰ ਕਰਜ਼ਈ ਹੈ, ਦੂਜੇ ਪਾਸੇ ਮਿਹਨਤਕਸ਼ ਲੋਕ ਵੀ ਕਰਜੇ ਹੇਠ ਹਨ। ਹਰ ਕਿਸਾਨ ਪਰਿਵਾਰ ਸਿਰ ਦਸ ਲੱਖ ਰੁਪਏ ਅਤੇ ਹਰ ਮਜ਼ਦੂਰ ਪਰਿਵਾਰ ਸਿਰ ਅੱਸੀ ਹਜਾਰ ਰੁਪਏ ਦਾ ਕਰਜਾ ਹੈ। ਫਿਰ ਪੰਜਾਬ ਦੀ ਕਮਾਈ ਜਾ ਕਿੱਧਰ ਰਹੀ ਹੈ? ਦੇਸ਼ ਅਤੇ ਸੂਬੇ ਵਿਚ ਆਰਥਿਕ ਅਸਮਾਨਤਾ ਦਾ ਪਾੜਾ ਵਧ ਰਿਹਾ ਹੈ। ਜਦੋਂ ਕੁਝ ਮੁੱਠੀ ਭਰ ਘਰਾਣੇ ਵੱਧ ਅਮੀਰ ਹੁੰਦੇ ਹਨ ਤਾਂ ਉਹ ਸਾਡੀਆਂ ਸਿਆਸੀ ਪਾਰਟੀਆਂ ਦੇ ਪ੍ਰੋਗਰਾਮਾਂ ਨੂੰ ਵੱਧ ਪ੍ਰਭਾਵਿਤ ਕਰਦੇ ਹਨ।

ਅਸੀਂ ਜਾਣਦੇ ਹਾਂ ਕਿ ਪੰਜਾਬ ਦੀ ਖੇਤੀ ਨੂੰ ਵਿਸ਼ਵ ਵਪਾਰ ਸੰਸਥਾ, ਵਿਸ਼ਵ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਦੀਆਂ ਨੀਤੀਆਂ ਬਹੁਤ ਪ੍ਰਭਾਵਿਤ ਕਰਦੀਆਂ ਹਨ। ਵਿਸ਼ਵ ਵਪਾਰ ਸੰਸਥਾ ਦਾ ਖੇਤੀ ਉੱਪਰ ਇਕਰਾਰਨਾਮਾ ਖੇਤੀ ਨੂੰ ਸਬਸਿਡੀਆਂ ਦੇਣ ਤੋਂ ਵਰਜਦਾ ਹੈ। ਕਿਸਾਨ ਅੰਦੋਲਨ ਦੌਰਾਨ ਖੇਤੀ ਦੇ ਨਵੇਂ ਤਿੰਨ ਕਾਨੂੰਨਾਂ ਨੂੰ ਖਤਮ ਕਰਾਉਣਾ ਅਤੇ ਫਸਲਾਂ ਲਈ ਐੱਮਐੱਸਪੀ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦੀ ਮੰਗ ਰੱਖੀ ਗਈ ਸੀ। ਕੇਂਦਰ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਤਾਂ ਰੱਦ ਕਰ ਦਿੱਤੇ ਹਨ ਪਰ ਸਰਕਾਰ ਫਸਲਾਂ ਦੀ ਖਰੀਦ ਸਬੰਧੀ ਐੱਮਐੱਸਪੀ ਉੱਪਰ ਫਿਲਹਾਲ ਚੁੱਪ ਹੈ। ਫਸਲਾਂ ਦੀ ਕਾਨੂੰਨੀ ਗਾਰੰਟੀ ਦੇਣ ਵਾਸਤੇ ਵਿਸ਼ਵ ਵਪਾਰ ਸੰਸਥਾ ਦੀਆਂ ਨੀਤੀਆਂ ਰੋਕ ਲਾ ਰਹੀਆਂ ਹਨ। ਇਸੇ ਕਰਕੇ ਸਿਆਸੀ ਪਾਰਟੀਆਂ ਫਸਲਾਂ ਦੀ ਕਾਨੂੰਨੀ ਗਾਰੰਟੀ ਦੇਣ ਨੂੰ ਚੋਣ ਮੁੱਦਾ ਨਹੀਂ ਬਣਾਉਂਦੀਆਂ। ਕੇਂਦਰ ਸਰਕਾਰ ਦੇ ਤਾਜ਼ਾ ਬਜਟ ਤੋਂ ਸਾਫ਼ ਹੈ ਕਿ ਸਰਕਾਰ ਨੇ ਖੇਤੀ ਵਿਚ ਪੂੰਜੀ ਲਾਉਣ ਤੋਂ ਆਪਣੇ ਹੱਥ ਕਾਫ਼ੀ ਪਿੱਛੇ ਖਿੱਚੇ ਹਨ। ਖੇਤੀ ਵਿਚ ਕੁਲ ਬਜਟ ਦੀ ਪ੍ਰਤੀਸ਼ਤਤਾ ਰਾਸ਼ੀ ਘਟਾਈ ਗਈ ਹੈ, ਫਸਲਾਂ ਦੀ ਖਰੀਦ ਲਈ ਰਾਸ਼ੀ ਵਿਚ ਕਮੀ ਕੀਤੀ ਗਈ ਹੈ। ਸਪੱਸ਼ਟ ਹੈ ਕਿ ਸਾਡਾ ਬਜਟ ਕਾਰਪੋਰੇਟਾਂ ਦੇ ਗਲਬੇ ਨੂੰ ਹੋਰ ਵਧਾਏਗਾ ਪਰ ਸਿਆਸੀ ਪਾਰਟੀਆਂ ਨੇ ਇਹ ਮੁੱਦਾ ਆਪਣੇ ਚੋਣ ਪ੍ਰੋਗਰਾਮਾਂ ਦਾ ਹਿੱਸਾ ਨਹੀਂ ਬਣਾਇਆ।

ਪੰਜਾਬ ਦੇ ਅਰਥਚਾਰੇ ਵਿਚ ਕੁੱਲ ਸਰਕਾਰੀ ਪੂੰਜੀ ਨਿਵੇਸ਼ ਦੀ ਦਰ ਕੌਮੀ ਪੱਧਰ ਨਾਲੋਂ ਅੱਧੀ ਹੈ। ਇਸੇ ਕਰਕੇ ਨਾ ਸਰਕਾਰੀ ਖੇਤਰ ਵਿਚ ਕੋਈ ਪੈਦਾਵਾਰ ਹੋ ਰਹੀ ਹੈ ਅਤੇ ਨਾ ਹੀ ਰੁਜਗਾਰ ਮੁਹੱਈਆ ਹੋ ਰਿਹਾ ਹੈ। ਅਸਲ ਵਿਚ ਅਰਥਚਾਰੇ ਦੇ ਵਿਕਾਸ ਲਈ ਅਜਿਹੇ ਮਾਡਲ ਦੀ ਜ਼ਰੂਰਤ ਹੈ ਜਿਸ ਵਿਚ ਸਹਿਕਾਰੀ ਖੇਤਰ ਅਧੀਨ ਖੇਤੀ ਅਤੇ ਉਦਯੋਗਾਂ ਦੇ ਅਗਾਊਂ ਸੰਬੰਧਾਂ ਨੂੰ ਵਿਕਸਤ ਕੀਤਾ ਜਾਵੇ। ਇਹ ਮਾਡਲ ਸਾਡੇ ਆਪਣੇ ਸਾਧਨ, ਆਪਣੇ ਹੁਨਰ ਅਤੇ ਆਪਣੀ ਜ਼ਰੂਰਤ ਮੁਤਾਬਕ ਵਿਕਸਤ ਕੀਤਾ ਜਾਵੇ। ਇਹ ਕਾਰਜ ਕਾਰਪੋਰੇਟ ਪੱਖੀ ਪਾਰਟੀਆਂ ਨਹੀਂ, ਲੋਕ ਪੱਖੀ ਸਰਕਾਰਾਂ ਹੀ ਕਰ ਸਕਦੀਆਂ ਹਨ।

*ਪ੍ਰਮੁੱਖ ਅਰਥ-ਸ਼ਾਸਤਰੀ, ਪੀਏਯੂ, ਲੁਧਿਆਣਾ।










# ਰਵੀਸ਼ ਕੁਮਾਰ ਦੀ ਕਿਤਾਬ ਦੀ ਭੂਮਿਕਾ 'ਚੋਂ ਕੁੱਝ ਅੰਸ਼ ਦਾ ਅਨੁਵਾਦ

**ਅਨੁਵਾਦ : ਵਰਿੰਦਰ ਦੀਵਾਨਾ**




2019 ਆ ਚੁੱਕਿਆ ਹੈ, ਦੁਨੀਆਂ ਇੱਕ ਨਵੇਂ ਰੰਗ 'ਚ ਸਾਡੇ ਸਾਹਮਣੇ ਹੈ। ਜਦੋਂ ਮੈਂ ਇਹ ਭੂਮਿਕਾ ਲਿਖਣ ਬੈਠਾ, ਉਦੋਂ ਹੀ ਵੱਟਸਐਪ 'ਤੇ ਇਹ ਮੈਸੇਜ ਆਇਆ "ਅੱਜ ਤੇਰੀ ਲਿੰਚਿਗ ਕੀਤੀ ਜਾਵੇਗੀ।" ਲਿੰਚਿਗ ਅੰਗਰੇਜ਼ੀ 'ਚ ਲਿਖਿਆ ਹੈ ਅਤੇ ਸਪੈਲਿੰਗ ਗਲਤ ਹਨ; ਦੀ ਥਾਂ ਲਿਖਿਆ ਗਿਆ ਹੈ।ਅਸੀਂ ਜਿਸ ਲਿੰਚਿਗ ਦੇ ਖਤਰੇ ਦੀ ਗੱਲ ਕਰਦੇ ਹਾਂ, ਉਹ ਹੁਣ ਕੁੱਝ ਲੋਕਾਂ ਲਈ ਰੋਜ਼ ਦਾ ਕੰਮ ਹੋ ਗਿਆ ਹੈ।ਕਿਸੇ ਦੇ ਅਸਹਿਮਤ ਹੋਣ 'ਤੇ ਉਸਦੀ ਲਿੰਚਿਗ ਕਰਨ ਦਾ ਖਿਆਲ ਆਉਣਾ, ਹੁਣ ਆਮ ਜਿਹੀ ਗੱਲ ਹੈ। ਝਾਰਖੰਡ 'ਚ 17 ਜੂਨ ਨੂੰ ਤਰਬੇਜ਼ ਅੰਸਾਰੀ ਨਾਂ ਦੇ ਨੌਜਵਾਨ ਨੂੰ ਲੋਕ ਰਾਤ ਇੱਕ ਵਜੇ ਤੋਂ ਸਵੇਰੇ ਛੇ ਵਜੇ ਤੱਕ ਖੰਭੇ ਨਾਲ ਬੰਨ੍ਹ ਕੇ ਕੁੱਟਦੇ ਰਹੇ। ਪੁਲਿਸ ਪਛੜ ਕੇ ਆਉਦੀ ਹੈ। ਤਰਬੇਜ਼ ਨੂੰ ਹਸਪਤਾਲ ਲਜਾਇਆ ਜਾਂਦਾ ਹੈ। ਡਾਕਟਰ ਉਸਦਾ ਬਲੱਡ ਪ੍ਰੈਸ਼ਰ ਰਿਕਾਰਡ ਤੱਕ ਨਹੀਂ ਕਰਦੇ ਹਨ। ਉਹ ਮਰ ਜਾਂਦਾ ਹੈ।

ਇਹੋ ਜਿਹੀ ਜੇਹੀ ਭੀੜ ਸੀ ਜਿਸਨੇ ਦਿੱਲੀ ਦੀ ਨੇੜੇ ਬੁਲੰਦਪੁਰ 'ਚ ਇੰਸਪੈਕਟਰ ਸੁਬੋਧ ਕੁਮਾਰ ਸਿੰਘ ਨੂੰ ਮਾਰਿਆ ਸੀ। ਉਹ ਉਸ ਭੀੜ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਜੋ ਮਹਾਵ ਪਿੰਡ ਦੇ ਖੇਤਾਂ 'ਚ ਗਾਂ ਦਾ ਪਿੰਜਰ ਵੇਖ ਕੇ ਹਿੰਸਾ 'ਤੇ ਉਤਰ ਆਈ ਸੀ। ਇਹ 2018 ਦੇ ਦਸੰਬਰ ਦੀ ਘਟਨਾ ਹੈ। ਉਦੋਂ ਇਸ ਤਰ੍ਹਾਂ ਦੀ ਹਿੰਸਾ ਗਾਂ ਦੇ ਨਾਂ 'ਤੇ ਹੋਇਆ ਕਰਦੀ ਸੀ।ਲੇਕਿਨ ਜਿਉਂ ਹੀ ਗਾਂਵਾਂ ਦੀ ਹਾਲਤ 'ਤੇ ਰਿਪੋਰਟ ਆਉਣ ਲੱਗੀ ਕਿ ਇਹ ਗਊਸ਼ਲਾਵਾਂ 'ਚ ਬਗੈਰ ਖੁਰਾਕ ਤੋਂ ਮਰ ਰਹੀਆਂ ਹਨ, ਗਾਂਵਾਂ ਦੇ ਖੁੱਲ੍ਹੇ ਅਵਾਰਾ ਫਿਰਨ ਨਾਲ ਖੇਤੀ ਦਾ ਉਜਾੜਾ ਹੋ ਰਿਹਾ ਹੈ, ਕਿਸਾਨ ਗੁੱਸੇ ਹਨ, ਰਾਜਨੀਤੀ ਨੇ ਗਾਂ ਨੂੰ ਛੱਡ ਦਿੱਤਾ ਹੈ। ਤਾਂ ਵੀ ਇਸਦੇ ਨਾਂ 'ਤੇ ਕੀਤਾ ਜਾਣ ਵਾਲਾ ਕੰਮ ਜਾਰੀ ਹੈ ਕੰਮ ਡਰ ਅਤੇ ਹਿੰਸਾ ਦਾ।ਇਸਨੂੰ ਜਾਰੀ ਰੱਖਣ ਲਈ "ਜੈ ਸ਼੍ਰੀ ਰਾਮ" ਦਾ ਨਾਅਰਾ ਆ ਗਿਆ ਹੈ। ਉਹੀ ਭੀੜ ਹੁਣ "ਜੈ ਸ਼੍ਰੀ ਰਾਮ" ਬਲਵਾਉਣ ਦੇ ਨਾਂ 'ਤੇ ਸਰਗਰਮ ਹੈ। ਉਹ ਤਰਬੇਜ਼ ਅੰਸਾਰੀ ਤੋਂ ਅਜਿਹਾ ਕਰਵਾਉਣ ਲਈ ਉਤਾਰੂ ਹੁੰਦੀ ਹੈ। ਉਹ "ਜੈ ਸ਼੍ਰੀ ਰਾਮ" ਬੋਲਦਾ ਹੈ, ਪਰ ਬਚ ਨਹੀਂ ਸਕਿਆ।

ਜੋ ਇਹ 'ਭੀੜ' ਹੈ, ਸਿਰਫ਼ ਸ਼ਬਦ ਨਹੀਂ ਹੈ। ਇਸ ਵਿੱਚ ਬਹੁਤ ਸਾਰੇ ਲੋਕ ਹਨ। ਕੁੱਟ-ਮਾਰ ਵਾਲੇ, ਕੁੱਟ-ਮਾਰ ਵੇਖ ਕੇ ਚੁੱਪ ਰਹਿਣ ਵਾਲੇ ਅਤੇ ਆਪਣੇ ਮੋਬਾਇਲ ਫੋਨ 'ਤੇ ਵੀਡਿਉ ਬਣਾਉਣ ਵਾਲੇ। ਉਹ ਉਦੋਂ ਵੀ ਚੁੱਪ ਹਨ ਜਦੋਂ ਬਹੁਗਿਣਤੀ ਸਮਾਜ ਦੇ ਦਰਜਨਾਂ ਬੱਚੇ ਇਸ ਤਰ੍ਹਾਂ ਦੀ ਹਿੰਸਾ ਦੇ ਦੋਸ਼ਾਂ 'ਚ ਜੇਲ੍ਹ 'ਚ ਹਨ ਜਾਂ ਮੁਕੱਦਮਿਆਂ ਦੇ ਬੋਝ ਥੱਲੇ ਹਨ। ਅਵਾਰਾ ਭੀੜ ਦੀ ਉਸਾਰੀ ਤੇਜ਼ ਚਾਲ ਨਾਲ ਚੱਲ ਰਹੀ ਹੈ। ਇਹ ਭੀੜ ਕਦੋਂ, ਕਿੱਥੇ ਆ ਜਾਵੇਗੀ, ਪਤਾ ਨਹੀਂ।

ਇਹ ਆਮ ਗੱਲ ਨਹੀਂ ਸੀ ਕਿ ਲੋਕਸਭਾ 'ਚ ਸੰਸਦ ਮੈਂਬਰ ਅਸਦੂਦੀਨ ਔਵੈਸੀ ਦੇ ਸਹੁੰ ਚੁੱਕਣ ਮੌਕੇ "ਜੈ ਸ਼੍ਰੀ ਰਾਮ" ਦਾ ਨਾਅਰਾ ਲਾਇਆ ਗਿਆ। ਇਹ ਨਾਅਰਾ ਰਾਮ ਦੇ ਪਿਆਰ 'ਚ ਲਾਇਆ ਨਾਅਰਾ ਨਹੀਂ ਸੀ। ਇਹ ਔਵੈਸੀ ਨੂੰ ਡਰਾਉਣ ਜਾਂ ਚਿੜਾਉਣ ਲਈ ਸੀ। ਜੁਆਬ 'ਚ ਔਵੈਸੀ ਨੇ "ਅੱਲਾ ਹੂੰ ਅਕਬਰ" ਦਾ ਨਾਅਰਾ ਲਾਇਆ। ਨਾਅਰਾ ਬਨਾਮ ਨਾਅਰਾ ਦਾ ਇਹ ਪ੍ਰਸੰਗ ਲੋਕਸਭਾ ਦੀ ਕਾਰਵਾਈ ਤੋਂ ਕੱਢ ਦਿੱਤਾ ਗਿਆ, ਪਰ ਸੜਕਾਂ 'ਤੇ ਹੋਣ ਵਾਲੀ ਕਾਰਵਾਈ ਦਾ ਇਹ ਕਰਮ ਬਣ ਗਿਆ। ਫਿਰਕਾਪ੍ਰਸਤ ਗੱਲਾਂ ਹੁਣ ਰਾਸ਼ਟਰਵਾਦੀ ਦੱਸੀਆਂ ਜਾਣ ਲੱਗੀਆਂ ਹਨ। ਡਰਾਇੰਗ ਰੂਮ ਦੀ ਰਾਤ ਦੀ ਚਰਚਾ 'ਚ ਫਿਰਕੂਪ੍ਰਸਤੀ ਚੰਗੇ ਖਾਣੇ ਤੋਂ ਬਾਅਦ ਦੀ ਮਠਿਆਈ ਬਣ ਗਈ ਹੈ। ਸੰਪਰਦਾਇਕਤਾ ਸਿਰਫ਼ ਕਰੂਪ, ਘ੍ਰਣਿਤ ਰੂਪ 'ਚ ਹੀ ਨਹੀਂ ਦਿਸਦੀ ਹੈ। ਇਹ ਚੰਗੇ ਸੰਸਕਾਰਾਂ 'ਚ ਵੀ ਥਾਂ ਬਣਾਉਦੀ ਹੈ। ਫ਼ਰਕ ਇਹੀ ਹੈ ਕਿ ਜੋ ਪੜ੍ਹੇ ਲਿਖੇ ਬੇਰੁਜ਼ਗਾਰ ਹਨ ਉਹ ਚੰਗੇ ਵਾਕਾਂ ਅਤੇ ਤਰਕਾਂ ਨੂੰ ਘੜਨ ਦੀ ਯੋਗਤਾ ਨਹੀਂ ਰੱਖਦੇ। ਸਿੱਧਾ ਮਾਰਦੇ ਹਨ। ਜੋ ਪੜ੍ਹੇ-ਲਿਖੇ ਲੋਕ ਹਨ ਉਹ ਕੁੱਟ-ਮਾਰ ਦਾ ਨੁਕਸਾਨ ਜਾਣਦੇ ਹਨ, ਇਸ ਲਈ ਹਿੰਸਾ ਦੇ ਸਮਰਥਨ ਦਾ ਨਰਮ ਰਸਤਾ ਅਪਣਾਉਣੇ ਹਨ। ਉਹ ਨੀਵੇਂ ਸੁਰ 'ਚ ਕਿਸੀ ਨੂੰ ਸਿੱਧਾ ਕਰਨ ਜਾਂ ਸਬਕ ਸਿਖਾਉਣ ਦੀ ਰਾਜਨੀਤੀ ਦਾ ਸਮਰਥਨ ਕਰਦੇ ਹਨ, ਜਿਨ੍ਹਾਂ ਨੂੰ ਅਸੀਂ ਚੰਗੇ ਅਤੇ ਜਿੰਮੇਦਾਰ ਲੋਕ ਹਨ।

ਨਾਫ਼ਰਮਾਨੀ ਲਹਿਰ ਪੂਰੇ ਜੋਬਨ ਉੱਤੇ ਸੀ। ਪੰਜਾਬ ਕਿਸੇ ਨਾਲੋਂ ਪਿੱਛੇ ਨਹੀਂ ਰਿਹਾ। ਪੰਜਾਬ ਵਿੱਚ ਸਿੱਖ ਉੱਠੇ। ਘੂਕ ਨੀਂਦਰ ਤੋਂ ਉੱਠੇ ਅਤੇ ਉੱਠੇ ਵੀ ਪੂਰੇ ਜ਼ੋਰਾਂ ਨਾਲ। ਅਕਾਲੀ ਲਹਿਰ ਸ਼ੁਰੂ ਹੋਈ ਸ਼ਹੀਦੀਆਂ ਦੀ ਝੜੀ ਲੱਗ ਗਈ। ਮਾਸਟਰ ਮੋਤਾ ਸਿੰਘ, ਖਾਲਸਾ ਮਿਡਲ ਸਕੂਲ ਮਾਹਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿਛਲੇ ਹੈੱਡਮਾਸਟਰ ਨੇ ਇੱਕ ਤਕਰੀਰ ਕੀਤੀ। ਉਹਨਾਂ ਦੇ ਵਰੰਟ ਨਿਕਲੇ। ਪਰ ਬਾਦਸ਼ਾਹ ਦੀ ਪ੍ਰਾਹੁਣਾਚਾਰੀ ਉਹਨਾਂ ਨੂੰ ਮਨਜ਼ੂਰ ਨਹੀਂ ਸੀ। ਉਹਨਾਂ ਦੀਆਂ ਤਕਰੀਰਾਂ ਫਿਰ ਵੀ ਹੁੰਦੀਆਂ ਰਹੀਆਂ। ਕੋਟ ਫਤੂਹੀ ਨਾਂ ਦੇ ਇੱਕ ਪਿੰਡ ਵਿੱਚ ਭਾਰੀ ਦਿਵਾਨ ਸਜਿਆ। ਪੁਲਿਸ ਨੇ ਚਾਰੇ ਪਾਸਿਓਂ ਘੇਰਾ ਪਾ ਲਿਆ। ਫਿਰ ਵੀ ਮਾਸਟਰ ਮੋਤਾ ਸਿੰਘ ਨੇ ਤਕਰੀਰ ਕੀਤੀ। ਅਖੀਰ ਪ੍ਰਧਾਨ ਦੀ ਆਗਿਆ ਨਾਲ ਸਾਰੇ ਸਰੋਤੇ ਉੱਠ ਪਏ। ਮਾਸਟਰ ਜੀ ਵੀ ਪਤਾ ਨਹੀਂ ਕਿਧਰ ਗਏ। ਬਹੁਤ ਦਿਨ ਇਸ ਤਰ੍ਹਾਂ ਹੀ ਲੁਕਣ ਮੀਟੀ ਖੇਡੀ ਜਾਂਦੀ ਰਹੀ। ਸਰਕਾਰ ਨੂੰ ਖੁਖਲਾਹਟ ਹੋਈ। ਅੰਤ ਵਿੱਚ ਇੱਕ ਹਮਜੋਲੀ ਨੇ ਧੋਖਾ ਦਿੱਤਾ ਅਤੇ ਡੇਢ ਸਾਲ ਬਾਅਦ ਇੱਕ ਦਿਨ ਮਾਸਟਰ ਸਾਹਿਬ ਫੜ ਲਏ ਗਏ। ਇਹ ਪਹਿਲਾ ਦ੍ਰਿਸ਼ ਸੀ-ਉਸ ਭਿਆਨਕ ਨਾਟਕ ਦਾ।

ਗੁਰੂ ਕੇ ਬਾਗ ਦਾ ਮੋਰਚਾ ਲੱਗਾ। ਨਿਹੱਥਿਆਂ ਉੱਤੇ ਜਦ ਭਾੜੇ ਦੇ ਟੱਟੂ ਟੁੱਟ ਪੈਂਦੇ, ਉਹਨਾਂ ਨੂੰ ਕੁੱਟ-ਕੁੱਟ ਅਧਮਰੇ ਕਰ ਦੇਂਦੇ, ਦੇਖਣ ਸੁਣਨ ਵਾਲਿਆਂ ਵਿੱਚੋਂ ਕੌਣ ਹੋਵੇਗਾ ਜਿਸ ਦਾ ਦਿਲ ਕੰਬ ਨਾ ਉੱਠਿਆ ਹੋਵੇ। ਚਾਰੇ ਪਾਸੇ ਗ੍ਰਿਫਤਾਰੀਆਂ ਦਾ ਦੌਰ ਸੀ। ਸਰਦਾਰ ਕਿਸ਼ਨ ਸਿੰਘ ਗੜਗੱਜ ਦੇ ਨਾਂ ਵਰੰਟ ਨਿਕਲੇ ਪਰ ਉਹ ਵੀ ਤਾਂ ਇਸੇ ਪਾਰਟੀ ਦੇ ਸਨ। ਉਹਨਾਂ ਗ੍ਰਿਫਤਾਰ ਹੋਣਾ ਨਾ ਮੰਨਿਆ। ਪੁਲਸ ਹੱਥ ਧੋ ਕੇ ਪਿੱਛੇ ਪੈ ਗਈ ਪਰ ਫਿਰ ਵੀ ਬਚਦੇ ਹੀ ਰਹੇ। ਉਹਨਾਂ ਦਾ ਜਥੇਬੰਦ ਕੀਤਾ ਹੋਇਆ ਆਪਣਾ ਇੱਕ ਇਨਕਲਾਬੀ ਦਲ ਸੀ। ਨਿਹੱਥਿਆਂ ਉੱਪਰ ਕੀਤੇ ਜ਼ੁਲਮ ਨੂੰ ਉਹ ਸਹਾਰ ਨਾ ਸਕੇ। ਇਸ ਇਲਕਲਾਬੀ ਲਹਿਰ ਦੇ ਨਾਲ-ਨਾਲ ਉਹਨਾਂ ਹਥਿਆਰਾਂ ਦੀ ਵਰਤੋਂ ਵੀ ਜਰੂਰੀ ਸਮਝੀ।

ਇੱਕ ਪਾਸੇ ਕੁੱਤੇ ਸ਼ਿਕਾਰੀ ਉਹਨਾਂ ਦੀ ਸੂਹ ਕੱਢਣ ਲਈ ਘੁੰਮਦੇ ਫਿਰਦੇ ਸਨ ਦੂਜੇ ਪਾਸੇ ਫ਼ੈਸਲਾ ਹੋਇਆ ਕਿ ਝੋਲੀ ਚੁੱਕਾਂ ਦਾ ਸੁਧਾਰ ਕੀਤਾ ਜਾਵੇ। ਸਰਦਾਰ ਕਿਸ਼ਨ ਸਿੰਘ ਜੀ ਕਹਿੰਦੇ ਸਨ ਕਿ ਆਪਣੀ ਹਿਫ਼ਾਜ਼ਤ ਲਈ ਸਾਨੂੰ ਹਥਿਆਰਬੰਦ ਜ਼ਰੂਰ ਹੋਣਾ ਚਾਹੀਦਾ ਹੈ। ਪਰ ਅਜੇ ਕੋਈ ਹੋਰ ਕਦਮ ਨਹੀਂ ਚੁੱਕਣਾ ਚਾਹੀਦਾ। ਪਰ ਬਹੁਸੰਮਤੀ ਦੂਜੇ ਪਾਸੇ ਸੀ। ਅੰਤ ਵਿੱਚ ਇਹ ਫ਼ੈਸਲਾ ਹੋਇਆ ਕਿ ਤਿੰਨ ਆਦਮੀ (ਆਪਣੇ) ਨਾਵਾਂ ਦਾ ਐਲਾਨ ਕਰ ਦੇਣ ਅਤੇ ਸਾਰੀ ਜ਼ਿੰਮੇਵਾਰੀ ਆਪਣੇ ਉੱਪਰ ਲੈ ਲੈਣ ਅਤੇ ਝੋਲੀ ਚੁੱਕਾਂ ਦਾ ਸੁਧਾਰ ਅਰੰਭ ਕਰ ਦੇਣ। ਸ. ਕਰਮ ਸਿੰਘ, ਧੰਨਾ ਸਿੰਘ ਅਤੇ ਉਦੇ ਸਿੰਘ ਜੀ ਅੱਗੇ ਵਧੇ। ਇਹ ਠੀਕ ਸੀ ਜਾਂ ਗਲਤ। ਇਸ ਨੂੰ ਇੱਕ ਪਾਸੇ ਰੱਖ ਕੇ ਜ਼ਰਾ-ਉਸ ਸਮੇਂ ਦੀ ਕਲਪਨਾ ਤਾਂ ਕਰੋ ਜਦ ਇਹਨਾਂ ਨਵੀਨ ਬਹਾਦਰਾਂ ਨੇ ਸਹੁੰ ਚੁੱਕੀ ਸੀ।

"ਅਸੀਂ ਦੇਸ਼ ਸੇਵਾ ਵਿੱਚ ਆਪਣਾ ਸਰਬੰਸ ਕੁਰਬਾਨ ਕਰ ਦੇਵਾਂਗੇ, ਅਸੀਂ ਇਹ ਪ੍ਰਤਿੱਗਿਆ ਕਰਦੇ ਹਾਂ ਕਿ ਲੜਦੇ-ਲੜਦੇ ਮਰ ਜਾਵਾਂਗੇ ਪਰ ਜੇਲ੍ਹ ਜਾਣਾ ਮਨਜ਼ੂਰ ਨਹੀਂ ਕਰਾਂਗੇ।"

ਜਿਹਨਾਂ ਨੇ ਆਪਣੇ ਪਰਿਵਾਰ ਦਾ ਮੋਹ ਤਿਆਗ ਦਿੱਤਾ ਸੀ ਉਹ ਜਦੋਂ ਇਹੋ ਜਿਹੀ ਸਹੁੰ ਚੁੱਕ ਰਹੇ ਸਨ, ਉਸ ਸਮੇਂ ਕਿੰਨਾ ਸੋਹਣਾ ਦਿਲਚਸਪ ਪਵਿੱਤਰਤਾ ਨਾਲ ਸੰਜੋਇਆ ਹੋਇਆ ਨਜ਼ਾਰਾ ਹੋਵੇਗਾ। ਆਤਮ-ਤਿਆਗ ਦੀ ਹੱਦ ਕਿੱਥੇ ਹੈ? ਸਾਹਸ ਦੇ ਅੰਤ ਦੇ ਨਿਵਾਸ ਕਿੱਧਰ ਹੈ?

ਸ਼ਾਮ ਚੁਰਾਸੀ ਹੁਸ਼ਿਆਰਪੁਰ ਬਰਾਂਚ ਰੇਲਵੇ ਲਾਇਨ ਦੇ ਇੱਕ ਸਟੇਸ਼ਨ ਦੇ ਨੇੜੇ ਸਭ ਤੋਂ ਪਹਿਲਾਂ ਇੱਕ ਸੂਬੇਦਾਰ 'ਤੇ ਹੱਥ ਸਾਫ ਕੀਤਾ ਗਿਆ। ਉਸ ਤੋਂ ਬਾਅਦ ਇਹਨਾਂ ਤਿੰਨਾਂ ਜਣਿਆਂ ਨੇ ਆਪਣੇ ਨਾਵਾਂ ਦਾ ਵੀ ਐਲਾਨ ਕਰ ਦਿੱਤਾ। ਸਰਕਾਰ ਪੂਰੀ ਤਾਕਤ ਲਾ ਕੇ ਇਹਨਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਪਰ ਸਫਲਤਾ ਨਾ ਮਿਲੀ। ਰੁੜਕੇ ਕਲਾਂ ਨੂੰ ਸ. ਕਿਸ਼ਨ ਸਿੰਘ ਗੜਗੱਜ ਫਿਰ ਗਏ। ਉਹਨਾਂ ਦੇ ਨਾਲ ਇੱਕ ਨੌਜਵਾਨ ਵੀ ਸੀ ਜੋ ਉੱਥੇ ਹੀ ਜ਼ਖਮੀ ਹੋਣ ਕਾਰਨ ਫੜਿਆ ਗਿਆ। ਪਰ ਕਿਸ਼ਨ ਸਿੰਘ ਉੱਥੋਂ ਵੀ ਆਪਣੇ ਹਥਿਆਰਾਂ ਦੀ ਸਹਾਇਤਾ ਨਾਲ ਬਚ ਨਿਕਲੇ। ਰਸਤੇ ਵਿੱਚ ਇੱਕ ਸਾਧ ਮਿਲਿਆ। ਉਹਨੇ ਇਹਨਾਂ ਨੂੰ ਦੱਸਿਆ ਕਿ ਉਸ ਕੋਲ ਇੱਕ ਇਹੋ ਜਿਹੀ ਬੂਟੀ ਹੈ ਜਿਸ ਨਾਲ ਮਨ ਚਾਹਿਆ ਕੰਮ ਅਸਾਨੀ ਨਾਲ ਕੀਤਾ ਜਾ ਸਕਦਾ ਹੈ। ਝਾਂਸੇ ਵਿੱਚ ਆ ਕੇ ਇੱਕ ਦਿਨ ਇਹ ਹਥਿਆਰ ਰੱਖ ਕੇ ਸਾਧੂ ਕੋਲ ਗਏ।

ਦਵਾਈ ਰਗੜਨ ਲਈ ਦੇ ਕੇ ਸਾਧੂ ਬੂਟੀ ਲੈਣ ਗਿਆ। ਪੁਲਿਸ ਨੂੰ ਲੈ ਕੇ ਆਇਆ। ਸਰਦਾਰ ਸਾਹਿਬ ਫੜੇ ਗਏ। ਇਹ ਸਾਧੂ ਸੀ.ਆਈ.ਡੀ. ਦੇ ਮਹਿਕਮੇ ਦਾ ਸਬ-ਇੰਸਪੈਕਟਰ ਸੀ। ਬੱਬਰ ਅਕਾਲੀਆਂ ਨੇ ਆਪਣਾ ਕੰਮ ਖੂਬ ਜ਼ੋਰ ਨਾਲ ਸ਼ੁਰੂ ਕਰ ਦਿੱਤਾ। ਕਿੰਨੇ ਹੀ ਸਰਕਾਰ ਦੇ ਪਿੱਠੂ ਮਾਰ ਦਿੱਤੇ ਗਏ। ਦੁਆਬਾ (ਬਿਆਸ ਅਤੇ ਸਤਲੁਜ ਦੇ ਵਿੱਚ) ਜਲੰਧਰ ਅਤੇ ਹੁਸ਼ਿਆਰਪੁਰ ਦਾ ਜ਼ਿਲ੍ਹਾ ਪਹਿਲਾਂ ਹੀ ਭਾਰਤ ਦੇ ਸਿਆਸੀ ਨਕਸ਼ੇ ਵਿੱਚ ਪ੍ਰਸਿੱਧ ਹੈ। 1915 ਦੇ ਸ਼ਹੀਦਾਂ ਵਿੱਚ ਵੀ ਜ਼ਿਆਦਾਤਰ ਇਹਨਾਂ ਹੀ ਜ਼ਿਲ੍ਹਿਆਂ ਦੇ ਲੋਕ ਸਨ।

ਹੁਣ ਫਿਰ ਇੱਥੋਂ ਹੀ ਸਰਗਰਮੀਆਂ ਹੋਈਆਂ। ਪੁਲਿਸ ਮਹਿਕਮੇ ਨੇ ਸਾਰੀ ਤਾਕਤ ਖਰਚ ਕਰ ਦਿੱਤੀ। ਪਰ ਕੁਝ ਨਾ ਬਣਿਆ। ਜਲੰਧਰ ਤੋਂ ਕੁਝ ਦੂਰ ਇੱਕ ਬਿਲਕੁਲ ਛੋਟੀ ਜਿਹੀ ਨਦੀ ਹੈ। ਉਹਦੇ ਕੰਢੇ ਇੱਕ ਪਿੰਡ ਵਿੱਚ ਸ. ਕਰਮ ਸਿੰਘ ਜੀ, ਸ. ਧੰਨਾ ਸਿੰਘ ਜੀ, ਸ. ਉਦੇ ਸਿੰਘ ਜੀ ਅਤੇ ਸ. ਅਨੂਪ ਸਿੰਘ ਇੱਕ ਦੋ ਆਦਮੀਆਂ ਨਾਲ ਬੈਠੇ ਸਨ। ਬੈਠਿਆਂ-ਬੈਠਿਆਂ ਸ. ਧੰਨਾ ਸਿੰਘ ਨੇ ਕਿਹਾ-ਬਾਬਾ ਕਰਮ ਸਿੰਘ ਜੀ। ਸਾਨੂੰ ਇੱਥੋਂ ਇਸੇ ਵਕਤ ਤੁਰ ਪੈਣਾ ਚਾਹੀਦਾ ਹੈ, ਮੈਨੂੰ ਕਿਸੇ ਮਾੜੀ ਗੱਲ ਦੇ ਹੋਣ ਦਾ ਸੰਸਾ ਹੋ ਰਿਹਾ ਹੈ। 75 ਸਾਲ ਦੇ ਬਜ਼ੁਰਗ ਸ.ਕਰਮ ਸਿੰਘ ਨੇ ਜ਼ਰਾ ਵੀ ਧਿਆਨ ਨਾ ਦਿੱਤਾ। ਪਰ ਸ.ਧੰਨਾ ਸਿੰਘ ਆਪਣੇ ਨਾਲ 18 ਸਾਲ ਦੇ ਸ.ਦਲੀਪ ਸਿੰਘ ਨੂੰ ਲੈ ਕੇ ਚਲੇ ਗਏ।

ਬੈਠਿਆਂ-ਬੈਠਿਆਂ ਸ.ਕਰਮ ਸਿੰਘ ਜੀ ਨੇ ਸ. ਅਨੂਪ ਸਿੰਘ ਵੱਲ ਬੜੇ ਧਿਆਨ ਨਾਲ ਵੇਖਦਿਆਂ ਕਿਹਾ-ਅਨੂਪ ਸਿੰਘ ਤੂੰ ਚੰਗਾ ਆਦਮੀ ਨਹੀਂ। ਪਰ ਇਸ ਦੇ ਬਾਅਦ ਉਹਨਾਂ ਆਪਣੀ ਇਸ ਗੱਲ ਵੱਲ ਧਿਆਨ ਨਾ ਦਿੱਤਾ। ਗੱਲਾਂ ਅਜੇ ਹੋ ਹੀ ਰਹੀਆਂ ਸਨ ਕਿ ਪੁਲਿਸ ਆ ਧਮਕੀ। ਸਾਰੇ ਬੰਬ ਸ.ਅਨੂਪ ਸਿੰਘ ਦੇ ਕਬਜ਼ੇ ਵਿੱਚ ਸਨ। ਇਹ ਪਿੰਡ ਵਿੱਚ ਲੁਕ ਗਏ। ਪੁਲਿਸ ਨੇ ਲੱਖ ਟੱਕਰਾਂ ਮਾਰੀਆਂ ਪਰ ਅਸਫਲ ਰਹੀ। ਅੰਤ ਵਿੱਚ ਪੁਲਿਸ ਵੱਲੋਂ ਐਲਾਨ ਕੀਤਾ ਗਿਆ ਕਿ ਬਾਗੀਆਂ ਨੂੰ ਬਾਹਰ ਕੱਢੋ ਨਹੀਂ ਤਾਂ ਪਿੰਡ ਨੂੰ ਅੱਗ ਲਾ ਦਿੱਤੀ ਜਾਵੇਗੀ। ਪਰ ਪਿੰਡ ਵਾਲੇ ਡਟੇ ਰਹੇ।

ਹਲਾਤ ਨੂੰ ਵੇਖ ਕੇ ਸਾਰੇ ਆਪ ਹੀ ਬਾਹਰ ਨਿਕਲ ਗਏ। ਸਾਰੇ ਬੰਬ ਅਨੂਪ ਸਿੰਘ ਲੈ ਕੇ ਭੱਜਿਆ ਅਤੇ ਜਾ ਕੇ ਪੁਲਿਸ ਦੇ ਹਵਾਲੇ ਹੋ ਗਿਆ ਬਾਕੀ ਚਾਰੇ ਜਣੇ ਉੱਥੇ ਹੀ ਘਿਰੇ ਹੋਏ ਖੜੇ ਸਨ। ਪੁਲਿਸ ਦੇ ਕਪਤਾਨ ਨੇ ਕਿਹਾ ਕਰਮ ਸਿੰਘ ਹਥਿਆਰ ਸੁੱਟ ਦਿਓ, ਤੁਹਾਨੂੰ ਮਾਫ਼ ਕਰ ਦਿੱਤਾ ਜਾਵੇਗਾ। ਬਹਾਦਰ ਨੇ ਲਲਕਾਰ ਕੇ ਜਵਾਬ ਦਿੱਤਾ ਕਿ ਅਸੀਂ ਆਪਣੇ ਦੇਸ਼ ਲਈ ਸੱਚੇ ਇਨਕਲਾਬੀ ਵਾਂਗ ਲੜਦੇ ਲੜਦੇ ਸ਼ਹੀਦ ਹੋ ਜਾਵਾਂਗੇ । ਪਰ ਹਥਿਆਰ ਨਹੀਂ ਸੁੱਟ ਸਕਦੇ। ਉਹਨਾਂ ਆਪਣੇ ਤਿੰਨ ਸਾਥੀਆਂ ਨੂੰ ਲਲਕਾਰਿਆ। ਉਹ ਸ਼ੇਰ ਵਾਂਗ ਗਰਜ ਉੱਠੇ। ਲੜਾਈ ਛਿੜ ਪਈ। ਖ਼ੂਬ ਤਾੜ-ਤਾੜ ਗੋਲੀਆਂ ਚੱਲੀਆਂ। ਗੋਲੀ ਬਾਰੂਦ ਖਤਮ ਹੋਣ 'ਤੇ ਉਹ ਛੱਪੜ ਵਿੱਚ ਕੁੱਦ ਪਏ ਗੋਲੀਆਂ ਦੇ ਮੀਂਹ ਨਾਲ ਸਾਰੇ ਸੂਰਮੇ ਸ਼ਹੀਦ ਹੋ ਗਏ।

ਸ. ਕਰਮ ਸਿੰਘ ਦੀ ਉਮਰ 75 ਸਾਲ ਸੀ। ਉਹ ਕਨੇਡਾ ਰਹਿ ਚੁੱਕੇ ਸਨ। ਉਨ੍ਹਾਂ ਦਾ ਇਖ਼ਲਾਕ ਪਵਿੱਤਰ ਅਤੇ ਚਰਿੱਤਰ ਆਦਰਸ਼ਕ ਸੀ, ਸਰਕਾਰ ਸਮਝਿਆ ਕਿ ਬੱਬਰ ਅਕਾਲੀ ਖਤਮ ਹੋ ਗਏ, ਪਰ ਨਿੱਤ ਤਰੱਕੀ ਕਰ ਰਹੇ ਸਨ। 18 ਵਰ੍ਹਿਆਂ ਦਾ ਦਲੀਪ ਸਿੰਘ ਇੱਕ ਬਹੁਤ ਸੁਣੱਖਾ, ਸਿਹਤਮੰਦ ਨੌਜਵਾਨ ਸੀ ਅਤੇ ਉਸਦਾ ਡਾਕੂਆਂ ਨਾਲ ਸਾਥ ਹੋ ਗਿਆ ਸੀ। ਧੰਨਾ ਸਿੰਘ ਦੀ ਸਿੱਖਿਆ ਨੇ ਉਸ ਨੂੰ ਡਾਕੂ ਤੋਂ ਇੱਕ ਸੱਚਾ ਇਨਕਲਾਬੀ ਬਣਾ ਦਿੱਤਾ। ਸਰਦਾਰ ਬੰਤਾ ਸਿੰਘ ਅਤੇ ਵਰਿਆਮ ਸਿੰਘ ਆਦਿ ਕਈ ਪ੍ਰਸਿੱਧ ਡਾਕੂ ਡਾਕੇਜਨੀ ਛੱਡ ਕੇ ਇਹਨਾਂ ਵਿੱਚ ਆ ਰਲੇ।

ਇਹਨਾਂ ਸਭਨਾ ਵਿੱਚ ਮੌਤ ਦਾ ਡਰ ਨਹੀਂ ਸੀ। ਉਹ ਆਪਣੇ ਪਿਛਲੇ ਕੁਕਰਮਾ ਨੂੰ ਧੋ ਦੇਣਾ ਚਾਹੁੰਦੇ ਸਨ। ਇਹਨਾਂ ਦੀ ਗਿਣਤੀ ਜਲਦੀ ਵਧਦੀ ਜਾ ਰਹੀ ਸੀ, ਇੱਕ ਦਿਨ 'ਮਾਨਹਾਣਾ' ਨਾਂ ਦੇ ਪਿੰਡ ਵਿੱਚ ਸ.ਧੰਨਾ ਸਿੰਘ ਬੈਠੇ ਸਨ, ਪੁਲਸ ਆ ਗਈ। ਕਈ ਦਿਨਾਂ ਦੇ ਉਨੀਂਦੇ ਕਾਰਨ ਧੰਨਾ ਸਿੰਘ ਜੀ ਸੁੱਤੇ ਪਏ ਫੜ ਲਏ ਗਏ। ਹੱਥਾਂ ਵਿੱਚ ਹੱਥਕੜੀ ਲਾ ਦਿੱਤੀ ਗਈ ਅਤੇ ਉਹਨਾਂ ਨੂੰ ਬਾਹਰ ਲਿਆਦਾਂ ਗਿਆ। ਬਾਹਰ ਸਿਪਾਹੀ ਅਤੇ ਦੋ ਅੰਗਰੇਜ਼ ਉਹਨਾਂ ਨੂੰ ਘੇਰ ਕੇ ਖੜੇ ਹੋ ਗਏ। ਠੀਕ ਉਸੇ ਵਕਤ ਧਮਾਕਾ ਹੋਇਆ। ਧੰਨਾ ਸਿੰਘ ਨੇ ਬੰਬ ਚਲਾ ਦਿੱਤਾ ਸੀ, ਉਹ ਆਪ ਵੀ ਮਰੇ ਅਤੇ ਨਾਲ ਹੀ ਇੱਕ ਅੰਗਰੇਜ਼ ਅਫਸਰ ਅਤੇ ਦਸ ਸਿਪਾਹੀ। ਬਾਕੀ ਬੁਰੀ ਤਰ੍ਹਾਂ ਜ਼ਖਮੀ ਹੋਏ।

ਇੰਝ ਹੀ ਮੁੰਡੇਰ ਨਾਂ ਦੇ ਪਿੰਡ ਵਿੱਚ ਬੰਤਾ ਸਿੰਘ, ਜਵਾਲਾ ਸਿੰਘ ਆਦਿ ਕਈ ਲੋਕ ਘਿਰ ਗਏ। ਇਹ ਸਾਰੇ ਛੱਤ ਉੱਤੇ ਬੈਠੇ ਸਨ। ਗੋਲੀ ਚੱਲੀ ਕੁੱਝ ਚਿਰ ਤੱਕ ਚੰਗੀ ਤੜਪ ਹੁੰਦੀ ਰਹੀ ਪਰ ਪੁਲਿਸ ਨੇ ਮਿੱਟੀ ਦਾ ਤੇਲ ਛਿੜਕ ਕੇ ਘਰ ਨੂੰ ਅੱਗ ਲਾ ਦਿੱਤੀ ਫਿਰ ਵੀ ਵਰਿਆਮ ਸਿੰਘ ਬਚ ਨਿਕਲੇ ਅਤੇ ਬੰਤਾ ਸਿੰਘ ਉੱਥੇ ਹੀ ਮਾਰੇ ਗਏ।

ਜੇ ਇਸ ਤੋਂ ਪਹਿਲਾਂ ਦੀਆਂ ਇੱਕ ਦੋ ਹੋਰ ਵਾਰਦਾਤਾਂ ਦਾ ਵਰਨਣ ਕਰ ਦਿੱਤਾ ਜਾਵੇ ਤਾਂ ਗੈਰ ਜ਼ਰੂਰੀ ਨਹੀਂ ਹੋਵੇਗਾ। ਬੰਤਾ ਸਿੰਘ ਬਹੁਤ ਹੌਸਲੇ ਵਾਲੇ ਸਨ। ਇਕ ਵੇਰ ਸ਼ਾਇਦ ਜਲੰਧਰ ਛਾਉਣੀ ਵਿੱਚ ਜਾ ਕੇ ਰਸਾਲੇ ਵਿੱਚ ਪਹਿਰੇ ਉੱਤੇ ਖੜੇ ਸਿਪਾਹੀ ਦੀ ਘੋੜੀ ਅਤੇ ਰਫ਼ਲ ਖੋਹ ਕੇ ਲਿਆਏ ਸਨ। ਜਿਨ੍ਹਾਂ ਦਿਨਾਂ ਵਿੱਚ ਪੁਲਿਸ ਦੇ ਦਸਤੇ ਇਹਨਾਂ ਦੀ ਭਾਲ ਵਿੱਚ ਮਾਰੇ-ਮਾਰੇ ਫਿਰਦੇ ਸਨ ਕਿਤੇ ਜੰਗਲ ਵਿੱਚ ਕਿਸੇ ਦਸਤੇ ਨਾਲ ਇਹਨਾਂ ਦੀ ਮੁਲਾਕਾਤ ਹੋ ਗਈ। ਸਰਦਾਰ ਬੰਤਾ ਸਿੰਘ ਨੇ ਫੌਰਨ ਚਣੌਤੀ ਦਿੱਤੀ-"ਜੇ ਹਿੰਮਤ ਹੈ ਤਾਂ ਦੋ ਹੱਥ ਕਰ ਲਉ।" ਖੈਰ ਉੱਧਰ ਤਾਂ ਸਨ ਪੈਸੇ ਦੇ ਗੁਲਾਮ ਤੇ ਇੱਧਰ ਆਤਮ-ਤਿਆਗ ਵਾਲੇ ਇਨਸਾਨ। ਤੁਲਨਾ ਕਿਵੇਂ ਹੋ ਸਕਦੀ ਹੈ? ਸਿਪਾਹੀਆਂ ਦਾ ਦਸਤਾ ਚੁੱਪ-ਚਾਪ ਚਲਾ ਗਿਆ।

ਇਹਨਾਂ ਨੂੰ ਫੜਨ ਲਈ ਖਾਸ ਤੌਰ 'ਤੇ ਪੁਲਿਸ ਤਾਇਨਾਤ ਕੀਤੀ ਗਈ ਸੀ ਪਰ ਉਹਦੀ ਸੀ ਇਹ ਹਾਲਤ। ਖੈਰ ਗ੍ਰਿਫਤਾਰੀਆਂ ਦੀ ਭਰਮਾਰ ਸੀ। ਪਿੰਡ-ਪਿੰਡ ਪੁਲਿਸ ਤਾਜ਼ੀਰੀ ਚੌਂਕੀਆਂ ਬਿਠਾਈਆਂ ਜਾਣ ਲੱਗੀਆਂ। ਹੌਲੇ-ਹੌਲੇ ਬੱਬਰਾਂ ਦਾ ਜ਼ੋਰ ਘਟਣ ਲੱਗਾ। ਹੁਣ ਤੱਕ ਤਾਂ ਜਿਵੇਂ ਇਹਨਾਂ ਦਾ ਰਾਜ ਸੀ ਜਿੱਥੇ ਜਾਂਦੇ ਕੁਝ ਲੋਕ ਖੁਸ਼ੀ ਤੇ ਚਾਅ ਨਾਲ ਕੁਝ ਡਰ ਅਤੇ ਸਹਿਮ ਨਾਲ ਇਹਨਾਂ ਦੀ ਆਉ ਭਗਤ ਕਰਦੇ। ਸਰਕਾਰ ਦੇ ਪਿੱਠੂ ਇਕਦਮ ਡਰੇ ਬੈਠੇ ਸਨ। ਸੂਰਜ ਚੜ੍ਹਨ ਤੋਂ ਪਹਿਲਾਂ ਅਤੇ ਸੂਰਜ ਛਿਪਣ ਤੋਂ ਬਾਅਦ ਘਰ ਤੋਂ ਨਿਕਲਣ ਦਾ ਹੌਸਲਾ ਹੀ ਉਹਨਾਂ ਨੂੰ ਨਹੀਂ ਸੀ ਪੈਂਦਾ। ਇਹ ਉਹਨੀਂ ਦਿਨੀ ਹੀਰੋ ਸਮਝੇ ਜਾਂਦੇ ਸਨ। ਉਹ ਬੀਰ ਸਨ ਤੇ ਉਹਨਾਂ ਦੀ ਪੂਜਾ-ਪੀਰ ਪੂਜਾ ਸਮਝੀ ਜਾਂਦੀ ਸੀ। ਪਰ ਹੌਲੀ-ਹੌਲੀ ਉਹਨਾਂ ਦਾ ਜ਼ੋਰ ਖਤਮ ਹੋ ਗਿਆ। ਸੈਂਕੜੇ ਹੀ ਫੜੇ ਗਏ। ਮੁਕੱਦਮੇ ਸ਼ੁਰੂ ਹੋਏ।

ਵਰਿਆਮ ਸਿੰਘ ਇਕੱਲੇ ਬਚੇ ਹੋਏ ਸਨ। ਜਲੰਧਰ ਹੁਸ਼ਿਆਰਪੁਰ ਵਿੱਚ ਪੁਲਿਸ ਦਾ ਜ਼ਿਆਦਾ ਜ਼ੋਰ ਦੇਖ ਕੇ ਉਹ ਲਾਇਲਪੁਰ ਜਾ ਰਹੇ। ਉੱਥੇ ਇੱਕ ਦਿਨ ਬਿਲਕੁਲ ਘਿਰ ਗਏ, ਪਰ ਚੰਗੀ ਤਰ੍ਹਾਂ ਸ਼ਾਨ ਨਾਲ ਲੜਦਿਆਂ ਬਚ ਨਿਕਲੇ। ਪਰ ਬਹੁਤ ਥੱਕ ਗਏ। ਕੋਈ ਸਾਥੀ ਵੀ ਨਹੀਂ ਸੀ। ਹਾਲਤ ਬੜੀ ਅਜੀਬ ਸੀ। ਇੱਕ ਦਿਨ ਢੇਸੀਆਂ ਨਾਂ ਦੇ ਪਿੰਡ ਆਪਣੇ ਮਾਮੇ ਕੋਲ ਗਏ। ਹਥਿਆਰ ਬਾਹਰ ਰੱਖੇ ਹੋਏ ਸਨ। ਸ਼ਾਮ ਦੀ ਰੋਟੀ ਖਾਣ ਦੇ ਬਾਅਦ ਆਪਣੇ ਹਥਿਆਰਾਂ ਕੋਲ ਜਾ ਰਹੇ ਸਨ ਕਿ ਪੁਲਿਸ ਆ ਧਮਕੀ, ਘਿਰ ਗਏ। ਅੰਗਰੇਜ਼ ਨਾਇਕ ਨੇ ਉਹਨਾਂ ਨੂੰ ਪਿੱਛੋਂ ਦੀ ਆ ਕੇ ਫੜ ਲਿਆ। ਉਹਨਾਂ ਦੀ ਕਿਰਪਾਨ ਨੇ ਹੀ ਉਹਨਾਂ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ। ਫਿਰ ਉਹ ਥੱਲੇ ਡਿੱਗ ਪਏ। ਹੱਥਕੜੀ ਲਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਵਿਅਰਥ ਗਈਆਂ ਤਾਂ ਗੋਲੀ ਨਾਲ ਮਾਰ ਦਿੱਤੇ ਗਏ। ਇਸ ਮੌਕੇ 'ਤੇ ਇੱਕ ਅੰਗਰੇਜ਼ ਵੀ ਬੁਰੀ ਤਰ੍ਹਾਂ ਜ਼ਖਮੀ ਹੋਇਆ ਸੀ। ਇਹ ਘਟਨਾ 1924 ਦੇ ਅਖੀਰ ਦੀ ਹੈ- (8 ਜੂਨ 1924)। ਦੋ ਵਰ੍ਹੇ ਦੀ ਪੂਰੀ ਸਖ਼ਤੀ ਦੇ ਬਾਅਦ ਅਕਾਲੀ ਜੱਥੇ ਦਾ ਅੰਤ ਹੋ ਗਿਆ। ਉੱਧਰ ਮੁਕੱਦਮੇ ਚੱਲਣ ਲੱਗੇ ਜਿਸਦਾ ਨਤੀਜਾ ਉੱਪਰ ਲਿਖ ਆਏ ਹਾਂ। ਅਤੇ ਉਸ ਦਿਨ ਇਨ੍ਹਾਂ ਸੂਰਬੀਰਾਂ ਨੇ ਛੇਤੀ ਫ਼ਾਂਸੀ 'ਤੇ ਚੜ੍ਹਾਏ ਜਾਣ ਦੀ ਮੰਗ ਕੀਤੀ ਸੀ। ਉਨ੍ਹਾਂ ਦੀ ਇਹ ਇੱਛਾ ਪੂਰੀ ਹੋ ਗਈ। ਉਹ ਸ਼ਾਂਤ ਹੋ ਗਏ।

**- ਸ਼ਹੀਦ ਭਗਤ ਸਿੰਘ**

**ਲਲਕਾਰ 'ਚੋਂ ਧੰਨਵਾਦ ਸਹਿਤ**



ਯਸ਼ ਪਾਲ
98145 35005

# ਕੌਮੀ ਸਿੱਖਿਆ ਨੀਤੀ-2020 ਦਾ ਵਿਰੋਧ ਕਿਉਂ ?



1.ਕੌਮੀ ਸਿੱਖਿਆ ਨੀਤੀ (NEP) 2020 ਮੂਲੋਂ ਹੀ ਗ਼ੈਰ ਜਮਹੂਰੀ ਢੰਗ ਨਾਲ, ਸੰਸਦ 'ਚ ਪੇਸ਼/ਪਾਸ ਕਰੇ ਬਗੈਰ ਹੀ ਲਾਗੂ ਕੀਤੀ ਜਾ ਰਹੀ ਹੈ ਜਦ ਕਿ ਇਸ ਅੰਦਰ ਦਹਾਕਿਆਂ ਤੋਂ ਪਹਿਲਾਂ ਚੱਲ ਰਹੀ ਸਿੱਖਿਆ ਨੀਤੀ ਨੂੰ ਮੁੱਢੋਂ-ਸੁੱਢੋਂ ਹੀ ਬਦਲਣ ਦੀ ਤਜਵੀਜ਼ ਪੇਸ਼ ਕੀਤੀ ਗਈ ਹੈ।

2.NEP-2020 ਨੂੰ ਲਾਗੂ ਕਰਨਾ ਗ਼ੈਰ-ਸੰਵਿਧਾਨਿਕ ਵੀ ਹੈ ਕਿਉਂਕਿ ਇਹ ਰਾਜਾਂ ਦੇ ਕਾਨੂੰਨੀ ਸੰਵਿਧਾਨਿਕ ਅਧਿਕਾਰਾਂ ਨੂੰ ਉਲੰਘ ਕੇ ਬਣਾਈ ਗਈ ਹੈ। ਸੰਵਿਧਾਨ ਦੀ ਧਾਰਾ 246 (ਸੱਤਵੀਂ ਸੂਚੀ) ਤਹਿਤ ਸਿੱਖਿਆ ਸਮਵਰਤੀ ਸੂਚੀ'ਚ ਦਰਜ ਹੈ। ਭਾਵ ਇਹ ਖੇਤਰ ਕੇਂਦਰ ਤੇ ਰਾਜਾਂ ਦੋਹਾਂ ਦੇ ਸਮਾਨ ਅਧਿਕਾਰਾਂ ਦੇ ਦਾਇਰੇ 'ਚ ਆਉਂਦਾ ਹੈ। ਇਸ ਪੱਖੋਂ ਰਾਜਾਂ ਦੀਆਂ ਵਿਧਾਨ ਸਭਾਵਾਂ ਦੀ ਪ੍ਰਵਾਨਗੀ ਲਏ ਬਗੈਰ ਅਤੇ ਇੱਥੋਂ ਤੱਕ ਕਿ ਸਭਨਾਂ ਰਾਜਾਂ ਦੇ ਸਿੱਖਿਆ ਮੰਤਰੀਆਂ ਦੀ ਸ਼ਮੂਲੀਅਤ ਵਾਲੇ ਅਦਾਰੇ' ਕੇਂਦਰੀ ਸਿੱਖਿਆ ਸਲਾਹਕਾਰ ਬੋਰਡ' (3125) ਦੀ ਵੀ ਰਾਇ ਲਏ ਬਗੈਰ ਹੀ, ਕਰੋਨਾ ਮਹਾਂਮਾਰੀ ਦਾ ਲਾਹਾ ਖੱਟਦਿਆਂ ਤੱਤ-ਭੜੱਥੇ NEP ਨੂੰ ਕੇਵਲ ਕੇਂਦਰੀ ਵਜ਼ਾਰਤ ਦੀ ਮਨਜ਼ੂਰੀ ਰਾਹੀਂ ਹੀ ਲਾਗੂ ਕਰਨਾ ਗੈਰਸੰਵਿਧਾਨਕ ਤੇ ਗ਼ੈਰ ਕਾਨੂੰਨੀ ਹੈ।

3. NEP-2020 ਇਸ ਪੱਖੋਂ ਵੀ ਗ਼ੈਰ-ਸੰਵਿਧਾਨਿਕ ਹੈ ਕਿ ਇਸ ਨੇ ਪ੍ਰਾਇਮਰੀ ਤੋਂ ਲੈਕੇ ਯੂਨੀਵਰਸਟੀ ਪੱਧਰ ਦੀ ਉਚੇਰੀ ਸਿੱਖਿਆ ਤੱਕ ਰਾਜਾਂ ਨੂੰ ਸੰਵਿਧਾਨਿਕ ਤੌਰ 'ਤੇ ਮਿਲੇ ਅਕਾਦਮਿਕ ਤੇ ਸਿੱਖਿਆ ਪੱਧਤੀ ਸੰਬੰਧੀ ਫ਼ੈਸਲੇ ਲੈਣ ਦੇ ਅਧਿਕਾਰਾਂ ਨੂੰ ਖੋਹ ਕੇ, ਪਾਠਕ੍ਰਮ ਪ੍ਰਣਾਲੀ, ਪ੍ਰੀਖਿਆ, ਮੁੱਲੰਕਣ, ਯੋਗਤਾ ਆਦਿ ਸਭਨਾਂ ਦਾ ਕੇਂਦਰੀਕਰਨ ਕਰਕੇ ਕੇਂਦਰੀ ਏਜੰਸੀਆਂ/ਅਦਾਰਿਆਂ ਦੇ ਅਧੀਨ ਕਰ ਦਿੱਤਾ ਹੈ।

4. NEP-2020, ਸੰਵਿਧਾਨ 'ਚ ਦਰਜ 'ਸਮਾਨਤਾ ਦੇ ਬੁਨਿਆਦੀ ਅਧਿਕਾਰ' ਨੂੰ ਜਿਸ ਪ੍ਰਤੀ ਰਾਜ ਪਾਬੰਦ ਹੈ, ਉਲੰਘਦੀ ਹੈ। ਇਹ ਨੀਤੀ 10-15 ਕਿੱਲੋਮੀਟਰ ਦੇ ਘੇਰੇ ਵਾਲੇ ਸਭਨਾਂ ਪ੍ਰਾਇਮਰੀ/ਮਿਡਲ/ਹਾਈ/ ਸੈਕੰਡਰੀ ਸਕੂਲਾਂ ਨੂੰ 'ਸਕੂਲ ਕੰਪਲੈਕਸ' ਨਾਲ ਜੋੜਣ ਦੀ ਯੋਜਨਾ ਰਾਹੀਂ, ਇੱਕ ਅਧਿਆਪਕੀ ਸਕੂਲ, ਈ-ਸਿੱਖਿਆ ਤੇ 'ਓਪਨ ਸਕੂਲਿੰਗ' ਰਾਹੀਂ ਆਰਥਿਕ-ਸਮਾਜਿਕ ਤੌਰ'ਤੇ ਪਛੜੀ ਲਗਭਗ 80% ਆਬਾਦੀ ਨੂੰ ਮਿਆਰੀ ਸਿੱਖਿਆ ਹਾਸਲ ਕਰਨ ਦੇ ਸਮਾਨ ਅਧਿਕਾਰ ਤੋਂ ਵਾਂਝਿਆਂ ਕਰਦੀ ਹੈ।

5. NEP-2020 ਅੰਦਰ ਜਿੱਥੇ ਪਾਠਕ੍ਰਮ ਪ੍ਰਣਾਲੀ ਰਾਹੀਂ ਵਿਦਿਆਰਥੀਆਂ ਨੂੰ ਮਾਨਵੀ ਤੇ ਸੰਵਿਧਾਨਿਕ ਕਦਰਾਂ ਸਿਖਾਉਣ ਦੀ ਗੱਲ ਲਿਖੀ ਗਈ ਹੈ ਉੱਥੇ ਦੇਸ਼ ਭਗਤੀ, ਕੁਰਬਾਨੀ, ਸਵੱਛਤਾ, ਸ਼ਾਂਤੀ, ਜ਼ੁੰਮੇਵਾਰੀ ਆਦਿ ਦਾ ਤਾਂ ਜ਼ਿਕਰ ਹੈ ਪਰੰਤੂ ਸੰਵਿਧਾਨ ਦੀ ਪ੍ਰਸਤਾਵਨਾ (Preamble) ਅੰਦਰ ਦਰਜ ਇਸ ਦੀ ਮੂਲ ਭਾਵਨਾ ਦੀ ਤਰਜਮਾਨੀ ਕਰਦੇ ਸ਼ਬਦ' ਲੋਕ ਤੰਤਰ', 'ਧਰਮ ਨਿਰਲੇਪਤਾ 'ਤੇ 'ਸਮਾਜਵਾਦ' ਗਾਇਬ ਹਨ। ਉਂਞ ਮੋਦੀ ਸਰਕਾਰ ਵੱਲੋਂ ਸਿੱਖਿਆ ਨੀਤੀ ਜਾਰੀ ਕਰਨ ਤੋਂ ਪਹਿਲਾਂ ਹੀ, ਕਰੋਨਾ ਦੇ ਬਹਾਨੇ ਸਕੂਲੀ ਸਿੱਖਿਆ ਦੇ ਸਿਲੇਬਸ ਘੱਟ ਕਰਨ ਦੇ ਨਾਂ ਹੇਠ, ਉਕਤ ਮੂਲ ਭਾਵਨਾ ਨਾਲ ਜੁੜੇ ਸਮੁੱਚੇ ਪਾਠ ਕੱਢ ਕੇ ਆਪਣੇ ਫਿਰਕੂ ਸਮਾਜਿਕ-ਸਭਿਆਚਾਰਕ ਏਜੰਡੇ ਨੂੰ ਜ਼ਾਹਿਰ ਕਰ ਦਿੱਤਾ ਸੀ।

6. NEP-2020, 'ਕਾਬਲੀਅਤ'ਦੀ ਗਲਤ ਸਮਝਦਾਰੀ ਵਾਲੀ ਧਾਰਨਾ ਤਹਿਤ, ਦਾਖਲੇ, ਭਰਤੀ, ਤਰੱਕੀ ਕਰਨ ਸਮੇਂ ਰਾਖਵੇਂਕਰਨ ਦੀ ਸੰਵਿਧਾਨਿਕ ਵਿਵਸਥਾ ਨੂੰ ਅਤੇ ਵਜ਼ੀਫ਼ੇ, ਹੋਸਟਲ, ਛੋਟਾਂ-ਰਿਆਇਤਾਂ ਆਦਿ ਦੀਆਂ ਕਾਨੂੰਨੀ ਵਿਵਸਥਾਵਾਂ ਨੂੰ ਨਜ਼ਰ-ਅੰਦਾਜ਼ ਕਰਦੀ ਹੈ।

7. NEP-2020 ਅੰਦਰ ਦਰਜ ਅਨੇਕਾਂ ਮਨਮੋਹਕ, ਭਰਮਾਊ-ਲੱਛੇਦਾਰ ਸ਼ਬਦਾਂ (ਪਹੁੰਚ, ਸਮਾਨਤਾ, ਉਦਾਰ-ਮਿਆਰੀ ਸਿੱਖਿਆ, ਖੁਦਮੁਖਤਿਆਰੀ, ਵਿਗਿਆਨਕ, ਆਲੋਚਨਾਤਮਿਕ ਚਿੰਤਨ ਆਦਿ)ਦੇ ਓਹਲੇ ਇਹ ਨੀਤੀ ਮੋਦੀ ਸਰਕਾਰ ਵੱਲੋਂ ਪਹਿਲਾਂ ਹੀ ਆਰਥਿਕ-ਸਮਾਜਿਕ ਖੇਤਰ ਅੰਦਰ ਲਾਗੂ ਕੀਤੇ ਜਾ ਰਹੇ ਰਣਨੀਤਿਕ ਏਜੰਡੇ ਦੇ ਅਨੁਸਾਰੀ ਹੀ ਪ੍ਰਾਇਮਰੀ ਤੋਂ ਲੈਕੇ ਯੂਨੀਵਰਸਟੀ ਤੱਕ ਦੀ ਸਿੱਖਿਆ ਦੇ ਕੇਂਦਰੀਕਰਨ, ਨਿੱਜੀਕਰਨ/ ਕਾਰਪੋਰੇਟੀਕਰਨ ਤੇ ਭਗਵੇਂਕਰਨ ਦੀ ਮੂਲ ਚੂਲ ਦੁਆਲੇ ਹੀ ਘੁੰਮਦੀ ਹੈ।

8. NEP-2020 ਰਾਹੀਂ ਪ੍ਰੀ-ਪ੍ਰਾਇਮਰੀ ਤੋਂ ਯੂਨੀਵਰਸਟੀ ਤੱਕ ਦਾ ਸਮੁੱਚਾ ਸਿੱਖਿਆ ਖੇਤਰ ਇੱਕੋ ਕੇਂਦਰੀਕਰਤ ਅਦਾਰੇ ਅਧੀਨ ਕਰ ਦਿੱਤਾ ਗਿਆ ਹੈ। ਪਹਿਲਾਂ ਚੱਲ ਰਹੇ 'ਕੇਂਦਰੀ ਸਿੱਖਿਆ ਸਲਾਹਕਾਰ ਬੋਰਡ' ਦਾ ਭੋਗ ਪਾ ਕੇ (ਜਿਸ ਵਿੱਚ ਸਾਰੇ ਰਾਜਾਂ ਦੇ ਸਿੱਖਿਆ ਮੰਤਰੀ ਸ਼ਾਮਲ ਸਨ) ਉਸ ਦੀ ਜਗ੍ਹਾ ਇੱਕ ਚੋਟੀ ਦਾ ਅਦਾਰਾ 'ਰਾਸ਼ਟਰੀ ਸਿੱਖਿਆ ਆਯੋਗ' (NEC) ਗਠਿਤ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਹੋ ਅਦਾਰਾ ਹੀ ਮੁਲਕ ਭਰ ਦੀ ਪ੍ਰੀ ਪ੍ਰਾਇਮਰੀ ਤੋਂ ਲੈਕੇ ਯੂਨੀਵਰਸਟੀ ਪੱਧਰ ਦੀ ਸਿੱਖਿਆ ਦਾ ਸੰਚਾਲਨ ਕਰੇਗਾ। ਪਾਠਕ੍ਰਮ ਪ੍ਰਣਾਲੀ, ਸਿੱਖਿਆ ਵਿਧੀ, ਅਧਿਆਪਨ ਵਿਧੀ, ਪਰੀਖਿਆ-ਮੁਲਾਂਕਣ ਵਿਧੀ, ਖੋਜ, ਭਾਸ਼ਾ, ਗਿਆਨ, ਪ੍ਰਬੰਧਨ ਆਦਿ ਸਭ ਕੁੱਝ। ਸਿੱਖਿਆ ਦਾ ਸਰੂਪ ਕੀ ਹੋਵੇਗਾ, ਇਹੋ ਅਦਾਰਾ ਹੀ ਤਹਿ ਕਰੇਗਾ। ਇਸ ਅਦਾਰੇ ਦਾ ਚੇਅਰਮੈਨ ਕੇਂਦਰੀ ਸਿੱਖਿਆ ਮੰਤਰੀ ਹੋਵੇਗਾ ਤੇ ਬਾਕੀ ਹੋਰ ਵੱਖ ਵੱਖ ਵਿਭਾਗਾਂ ਦੇ ਕੇਂਦਰੀ ਮੰਤਰੀ, ਅਫਸਰ-ਸ਼ਾਹ ਤੇ 'ਪੇਸ਼ਾਵਰ' ਮਿਲਾ ਕੇ ਕੁੱਲ 30 ਮੈਂਬਰ ਹੋਣਗੇ। ਤੇ ਕੀਤੀ ਗਈ ਇਹ ਵਿਵਸਥਾ ਸਮੁੱਚੀ ਸਿੱਖਿਆ ਦਾ ਮੁਕੰਮਲ ਕੇਂਦਰੀਕਰਨ ਤੇ ਕਾਰਪੋਰੇਟਕਰਨ ਦੀ ਦਿਸ਼ਾ ਸੇਧ ਹੀ ਹੈ। ਮਤਲਬ, ਮੁਲਕ ਦੀ ਸਮੁੱਚੀ ਸਿੱਖਿਆ ਕੇਂਦਰ ਸਰਕਾਰ ਦੇਰਾਜਨੀਤਿਕ-ਸਮਾਜਿਕ-ਸਭਿਆਚਾਰਕ ਏਜੰਡੇ ਦੇ ਸਾਂਚੇ 'ਚ ਹੀ ਢਾਲੀ ਜਾਵੇਗੀ।

9. NEP-2020 ਅੰਦਰ ਉਚੇਰੀ ਸਿੱਖਿਆ ਦੇ ਸਭਨਾਂ ਵੱਖ ਵੱਖ ਖੇਤਰਾਂ (ਮੈਡੀਕਲ, ਤਕਨਾਲੋਜੀ, ਕਾਨੂੰਨ, ਸਪੋਰਟਸ, ਅਧਿਆਪਨ ਆਦਿ) ਦੇ ਵੱਖ ਵੱਖ ਕਾਲਜ, ਯੂਨੀਵਰਸਟੀਜ਼ ਬੰਦ ਕਰ ਕੇ ਬਹੁ-ਖੇਤਰੀ, ਬਹੁ-ਵਿਧਾਈ, ਸਵੈ ਨਿਰਭਰ, ਖੁਦ-ਮੁਖ਼ਤਿਆਰ 3000 ਜਾਂ ਇਸ ਤੋਂ ਵੱਧ ਵਿਦਿਆਰਥੀ ਵਾਲੀਆਂ ਸੰਸਥਾਵਾਂ ਬਣਾਉਣ ਵੱਲ ਵਧਣ ਦੀ ਯੋਜਨਾ ਬਣਾਈ ਗਈ ਹੈ। ਪਾਠਕ੍ਰਮ ਪ੍ਰਣਾਲੀ, ਸਿੱਖਿਆ ਵਿਧੀ ਵੀ ਸੋਧੀ ਜਾਵੇਗੀ। ਇਨ੍ਹਾਂ ਵੱਡ-ਆਕਾਰੀ ਸੰਸਥਾਵਾਂ ਨੂੰ ਹੁਣ ਵਾਂਗ ਪ੍ਰਿੰਸੀਪਲ/ਵਾਈਸ ਚਾਂਸਲਰ ਨਹੀਂ ਚਲਾਉਣਗੇ ਸਗੋਂ ਪ੍ਰਸ਼ਾਸਨਿਕ ਤਜਰਬੇ ਵਾਲੇ ਅਧਿਕਾਰੀਆਂ ਤੇ ਆਧਾਰਿਤ' ਬੋਰਡ ਆਫ ਡਾਇਰੈਕਟਰਜ' ਚਲਾਵੇਗਾ। ਇਹ ਬੋਰਡ ਕਾਰਪੋਰੇਟ ਸੰਸਥਾਵਾਂ ਵਾਂਗ ਅਧਿਆਪਕ ਤੇ ਹੋਰ ਅਮਲੇ ਦੀ ਭਰਤੀਕਰਨ ਅਤੇ ਉਨ੍ਹਾਂ ਦੀ ਤਨਖ਼ਾਹ/ ਉਜਰਤ ਤੇ ਸੇਵਾ ਸ਼ਰਤਾਂ ਤਹਿ ਕਰਨ ਲਈ ਖੁਦ-ਮੁਖ਼ਤਿਆਰ ਤੇ ਆਜ਼ਾਦ ਹੋਵੇਗਾ। ਇਸ ਮੂਲ ਤਬਦੀਲੀ ਨਾਲ ਜਿੱਥੇ ਪਿੰਡਾਂ, ਸ਼ਹਿਰਾਂ, ਕਸਬਿਆਂ ਅੰਦਰ ਚੱਲ ਰਹੇ ਸੈਂਕੜੇ ਹਜ਼ਾਰਾਂ ਕਾਲਜ ਬੰਦ ਹੋ ਜਾਣਗੇ ਜਿਨ੍ਹਾਂ ਅੰਦਰ ਗਰੀਬ ਤੇ ਮੱਧ ਵਰਗੀ ਲੋਕਾਂ ਦੇ ਲੱਖਾਂ ਬੱਚੇ ਪੜ੍ਹ ਰਹੇ ਹਨ ਅਤੇ ਲੱਖਾਂ ਹੀ ਅਧਿਆਪਕ ਪੜ੍ਹਾ ਰਹੇ ਹਨ ਉੱਥੇ ਹਜ਼ਾਰਾਂ ਦੀ ਗਿਣਤੀ 'ਚ ਚੱਲ ਰਹੇ ਮੈਡੀਕਲ, ਲਾਅ, ਸਪੋਰਟਸ, ਤਕਨੀਕੀ ਤੇ ਅਧਿਆਪਨ ਕਾਲਜ ਯੂਨੀਵਰਸਿਟੀਆਂ ਅਤੇ ਆਈ.ਆਈ.ਟੀਜ, ਆਈ.ਆਈ.ਐਮਜ ਸਭ ਦਾ ਭੋਗ ਪੈ ਜਾਵੇਗਾ। ਨੀਤੀ ਦਸਤਾਵੇਜ਼ ਅੰਦਰ ਹੀ ਇਹ ਦਰਜ ਹੈ ਕਿ ਇਹ ਨਕਲ ਅਮਰੀਕਾ ਦੇ ਮਾਡਲ ਦੀ ਕੀਤੀ ਗਈ ਹੈ।

10. NEP-2020 'ਚ ਇਨ੍ਹਾਂ ਵੱਡ-ਆਕਾਰੀ ਯੂਨੀਵਰਸਿਟੀਆਂ ਅੰਦਰ ਆਪਣੇ ਕਾਰਪੋਰੇਟ ਏਜੰਡੇ ਤਹਿਤ ਸਿੱਧਾ ਵਿਦੇਸ਼ੀ ਪੂੰਜੀ ਨਿਵੇਸ਼ (649) ਦੀ ਸੌਖ ਤੇ ਸਹੂਲੀਅਤ ਮੁਹੱਈਆ ਕਰਨ ਦੀ ਮੱਦ ਵੀ ਦਰਜ ਹੈ।

11. NEP-2020 ਅੰਦਰ ਸਮੁੱਚੀ ਉਚੇਰੀ ਸਿੱਖਿਆ ਦੇ ਕੇਂਦਰੀਕਰਨ ਦੀ ਸਪਸ਼ਟ ਦਿਸ਼ਾ-ਸੇਧ ਹੈ। ਉਚੇਰੀ ਸਿੱਖਿਆ, ਮੈਡੀਕਲ ਸਿੱਖਿਆ, ਤਕਨੀਕੀ ਸਿੱਖਿਆ ਆਦਿ ਦਾ ਸੰਚਾਲਨ ਕਰਨ ਵਾਲੇ ਪਹਿਲੇ ਕੇਂਦਰੀ ਅਦਾਰੇ-ਯੂ.ਜੀ.ਸੀ, ਮੈਡੀਕਲ ਕੌਂਸਲ, ਤਕਨੀਕੀ ਕੌਂਸਲ ਆਦਿ ਸਭ ਭੰਗ ਕਰ ਕੇ ਇੱਕੋ-ਇੱਕ ਸੰਚਾਲਨ ਅਦਾਰਾ 'ਕੌਮੀ ਉਚੇਰੀ ਸਿੱਖਿਆ ਸੰਚਾਲਕ ਕਮਿਸ਼ਨ' ਕਾਇਮ ਕੀਤਾ ਜਾਵੇਗਾ ਜਿਹੜਾ ਮੁਲਕ ਭਰ ਦੇ(ਸਮੇਤ ਸਭਨਾਂ ਰਾਜਾਂ ਦੇ) ਕਾਲਜ/ ਯਨੀਵਰਸਟੀਆਂ ਦੀ ਸਿੱਖਿਆ, ਫੰਡਿੰਗ, ਮਾਨਤਾ, ਅਕਾਦਮਿਕ ਮਾਪ-ਦੰਡ ਆਦਿ ਸਭ ਕੁੱਝ ਦਾ ਸੰਚਾਲਨ ਕਰੇਗਾ। ਇੱਥੇ ਵੀ, ਸਿੱਖਿਆ ਸੰਵਿਧਾਨ ਦੀ ਸਮਵਰਤੀ ਸੂਚੀ 'ਚ ਹੋਣ ਦੇ ਬਾਵਜੂਦ,ਰਾਜਾਂ ਤੋਂ ਇਹ ਅਧਿਕਾਰ ਖੋਹ ਲਏ ਗਏ ਹਨ।

12. NEP-2020 ਅੰਦਰ, ਤਕਨਾਲੋਜੀ ਦੀ ਆੜ 'ਚ ਅਧਿਆਪਕ ਦੀ ਭੂਮਿਕਾ ਨੂੰ ਮਨਫੀ ਕਰਨ ਦੀ ਸਾਜਿਸ਼ ਵੀ ਹੈ। ਉਂਞ ਤਾਂ ਸਮੁੱਚੀ ਸਿੱਖਿਆ ਨੂੰ ਹੀ 'ਆਨ ਲਾਈਨ' ਵਿਧੀ ਵੱਲ ਮੋੜਾ ਦੇ ਕੇ ਅਧਿਆਪਕ ਦੀ ਅਹਿਮ ਭੂਮਿਕਾ ਨੂੰ ਘਟਾਉਣ ਦੀ ਦਿਸ਼ਾ-ਸੇਧ ਹੈ (ਜਿਸ ਦੀ ਕਵਾਇਦ ਕੋਰੋਨਾ ਦੇ ਬਹਾਨੇ ਕੀਤੀ ਵੀ ਜਾ ਰਹੀ ਹੈ) ਪਰੰਤੂ ਉਚੇਰੀ ਸਿੱਖਿਆ 'ਤੇ ਵਧੇਰੇ ਜ਼ੋਰ ਦਿੰਦਿਆਂ ਸਭ ਕਿਸਮ ਦੀਆਂ ਸੰਸਥਾਵਾਂ ਨੂੰ 'ਆਨ ਲਾਈਨ ਪ੍ਰੋਗਰਾਮ 'ਤੇ 'ਓਪਨ ਡਿਸਟੈਂਟ ਲਰਨਿੰਗ (ODL)' ਚਲਾਉਣ ਦੀ ਖੁੱਲ ਦਿੱਤੀ ਗਈ ਹੈ। ਤੇ ਆਖਿਰਕਾਰ ਅਰਬਾਂ-ਖਰਬਾਂ ਰੁਪਏ ਦੇ ਇਸ ਕਾਰੋਬਾਰ ਨੂੰ ਕਾਰਪੋਰੇਟ ਸੈਕਟਰ ਹੀ ਚਲਾਵੇਗਾ। ਇਸ ਦੀ ਤੱਦੀ ਇਸ 'ਚੋਂ ਝਲਕਦੀ ਹੈ ਕਿ ਕੇਂਦਰ ਸਰਕਾਰ ਵੱਲੋਂ ਸਿੱਖਿਆ ਨੀਤੀ ਜਾਰੀ ਕਰਨ ਤੋਂ ਪਹਿਲਾਂ ਹੀ 250 ਦੇ ਲਗਭਗ ਯੂਨੀਵਰਸਿਟੀਆਂ ਨੂੰ 'ਆਨ ਲਾਈਨ' ਪ੍ਰੋਗਰਾਮ ਚਾਲੂ ਕਰਨ ਦੀ ਆਗਿਆ ਦੇ ਦਿੱਤੀ ਹੈ।

13. NEP-2020 ਅੰਦਰ ਅਧਿਆਪਕ ਦੀ ਭੂਮਿਕਾ ਦਾ ਜ਼ਿਕਰ ਬੱਚਿਆਂ ਅਤੇ ਰਾਸ਼ਟਰ ਦੇ ਭਵਿੱਖ-ਨਿਰਮਾਤਾ ਵੱਜੋਂ ਕਰਕੇ, ਉਸਦੀ ਭਰਤੀ ਦੀ ਯੋਗਤਾ ਤੇ ਸ਼ਰਤਾਂ ਤਾਂ ਪਹਿਲਾਂ ਨਾਲੋਂ ਕਰੜੀਆਂ ਕਰ ਦਿੱਤੀਆਂ ਹਨ ਪਰੰਤੂ ਅਧਿਆਪਕ ਦੀਆਂ ਸੇਵਾ ਸ਼ਰਤਾਂ ਤੇ ਉਸ ਦੇ ਤਨਖ਼ਾਹ ਢਾਂਚੇ ਦਾ ਕਿਧਰੇ ਵੀ ਜ਼ਿਕਰ ਨਹੀਂ ਹੈ। ਨਾ ਹੀ ਪਾਠ-ਕ੍ਰਮ ਪ੍ਰਣਾਲੀ ਤੇ ਸਿੱਖਿਆ ਵਿਧੀ ਘੜਣ 'ਚ ਉਸ ਦੀ ਮਾੜੀ-ਮੋਟੀ ਸ਼ਮੂਲੀਅਤ ਕਰਵਾਉਣ ਦਾ ਕਿਤੇ ਨਾਂ-ਨਿਸ਼ਾਨ ਹੈ।

14. NEP-2020 ਮੁਲਕ ਭਰ 'ਚ ਸਕੂਲੀ ਸਿੱਖਿਆ ਨਾਲ ਜੁੜੀਆਂ 10 ਲੱਖ ਦੇ ਲਗਭਗ ਅਧਿਆਪਕਾਂ ਦੀਆਂ ਖਾਲੀ ਪਈਆਂ ਪੋਸਟਾਂ ਨੂੰ ਭਰਨ ਅਤੇ ਠੇਕਾ/ਮਾਣ ਭੱਤੇ 'ਤੇ ਕੰਮ ਕਰ ਰਹੇ ਤਰ੍ਹਾਂ ਤਰ੍ਹਾਂ ਦੇ 6 ਲੱਖ ਦੇ ਲਗਭਗ ਅਧਿਆਪਕਾਂ ਨੂੰ ਰੈਗੂਲਰ ਕਰਨ ਬਾਰੇ ਸਿੱਖਿਆ ਨੀਤੀ ਚੁੱਪ ਹੈ। ਹਾਂ, ਉਚੇਰੀ ਸਿੱਖਿਆ ਅੰਦਰ ਜੋ ਭਰਤੀ ਦੀ ਗੱਲ ਕੀਤੀ ਗਈ ਹੈ ਉਹ ਵੀ ਸੰਸਥਾਵਾਂ ਦੇ 'ਬੋਰਡ ਆਫ ਡਾਇਰੈਕਟਰਜ' ਵੱਲੋਂ ਇੱਕ ਮਿਥੇ ਸਮੇਂ ਲਈ ਠੇਕੇ 'ਤੇ ਹੀ ਹੋਵੇਗੀ। ਅਸਲ'ਤ 'ਭਾੜੇ ਤੇ ਰੱਖੋ ਤੇ ਕੱਢੋ' ਦੀ ਨੀਤੀ ਹੋਵੇਗੀ ਕਾਰਪੋਰੇਟ ਅਦਾਰਿਆਂ ਵਾਂਗ ਹੀ।

15. NEP-2020 ਅੰਦਰ ਜਿੱਥੇ ਅਧਿਆਪਨ-ਸਿੱਖਣ ਦੇ ਅਮਲ ਅੰਦਰ ਅਧਿਆਪਕ ਦੀ ਅਹਿਮ ਭੂਮਿਕਾ ਨੂੰ ਗੌਣ/ ਮਨਫੀ ਕਰਨ ਦੇ ਜ਼ਾਹਰਾ ਸੰਕੇਤ ਝਲਕਦੇ ਹਨ ਉੱਥੇ ਅਧਿਆਪਕਾਂ ਦੀ ਆਕਾਰ-ਘਟਾਈ ਦੇ ਲੁਕਵੇਂ ਮਨਸੂਬਿਆਂ ਦੀ ਵੀ ਬੋਅ ਮਾਰਦੀ ਹੈ। 'ਸਰੋਤਾਂ ਦੀ ਕੁਸ਼ਲ ਵੰਡ ਅਤੇ ਕਾਰਗਰ ਪ੍ਰਬੰਧਨ' ਦੀ ਆੜ 'ਚ ਲਾਗੂ ਕੀਤਾ ਜਾ ਰਿਹਾ 'ਸਕੂਲ ਕੰਪਲੈਕਸ' ਦਾ ਸੰਕਲਪ, ਇਸੇ ਦਿਸ਼ਾ 'ਚ ਪੁੱਟਿਆ ਗਿਆ ਕਦਮ ਹੈ। 'ਸਕੂਲ ਕੰਪਲੈਕਸ' ਨਾਲ ਜੁੜੇ 10-15 ਕਿਲੋਮੀਟਰ ਤੱਕ ਦੇ ਘੇਰੇ ਵਾਲੇ ਸਾਰੇ ਸਕੂਲਾਂ 'ਚ ਨਾ ਹੀ ਸਾਰੇ ਵੱਖ ਵੱਖ ਵਿਸ਼ਿਆਂ ਦੇ ਅਧਿਆਪਕ ਹੀ ਲਾਏ ਜਾਣਗੇ ਅਤੇ ਨਾ ਹੀ ਅਧਿਆਪਨ-ਸਿੱਖਣ/ ਖੇਡਣ ਦਾ ਮੂਲ ਢਾਂਚਾ ਮੁਹੱਈਆ ਕੀਤਾ ਜਾਵੇਗਾ। ਕੰਪਲੈਕਸ ਸਕੂਲ ਦੇ ਅਧਿਆਪਕ ਹੀ ਉਨ੍ਹਾਂ ਸਕੂਲਾਂ 'ਚ ਪੜ੍ਹਾਉਣ ਜਾਇਆ ਕਰਨਗੇ ਅਤੇ ਇਨ੍ਹਾਂ ਸਕੂਲਾਂ ਦੇ ਬੱਚੇ ਖੇਡ ਮੈਦਾਨ/ ਲਾਇਬਰੇਰੀ/ ਕੰਪਿਊਟਰ ਆਦਿ ਦੀ ਵਰਤੋਂ ਲਈ 'ਕੰਪਲੈਕਸ ਸਕੂਲਾਂ' 'ਚ ਆਇਆ ਕਰਨਗੇ। ਆਕਾਰ-ਘਟਾਈ ਦੀ ਇਹ ਯੋਜਨਾ ਛੋਟੇ-ਮੋਟੇ ਸਕੂਲਾਂ ਦੇ ਖ਼ਾਤਮੇ ਤੱਕ ਜਾਵੇਗੀ।

16. NEP-2020 ਦੀ ਹੇਠਲੇ ਪੱਧਰ 'ਤੇ ਵੱਡ-ਆਕਾਰੀ 'ਸਕੂਲ ਕੰਪਲੈਕਸ' ਦੀ (ਕੁੱਟਲ) ਨੀਤੀ, ਅਸਲ 'ਚ ਸਮੁੱਚੀ ਸਿੱਖਿਆ ਦੇ ਕੇਂਦਰੀਕਰਨ, ਨਿੱਜੀਕਰਨ/ ਕਾਰਪੋਰੇਟੀਕਰਨ ਦਾ ਭਰੂਣ ਰੂਪ ਹੀ ਹੈ। 'ਸਕੂਲ ਕੰਪਲੈਕਸ' ਵਾਂਗ ਹੀ, ਉਚੇਰੀ ਸਿੱਖਿਆ ਦੀਆਂ ਵੱਡ-ਆਕਾਰੀ ਸੰਸਥਾਵਾਂ ਦੇ (ਮੋਦੀ ਸਰਕਾਰ ਦੇ ਸਭਨਾਂ ਖੇਤਰਾਂ ਦੇ ਮੁਕੰਮਲ ਨਿੱਜੀਕਰਨ ਦੇ ਚੱਲ ਰਹੇ ਏਜੰਡੇ ਮੁਤਾਬਕ) ਕਾਰਪੋਰੇਟ ਘਰਾਣਿਆਂ ਦੀ ਮਾਲਕੀ ਵਾਲੇ, ਪੀ.ਪੀ.ਪੀ ਦੇ ਨਾਂਅ ਹੇਠ ਵਿਸ਼ੇਸ਼ 'ਸਿੱਖਿਆ ਖਿੱਤੇ' ਬਣਾਏ ਜਾਣਗੇ। ਆਲੇ ਦੁਆਲੇ ਦੇ ਸਭ ਛੋਟੇ-ਮੋਟੇ ਕਾਲਜ/ ਯੂਨੀਵਰਸਟੀਆਂ ਦਾ ਭੋਗ ਪੈ ਜਾਵੇਗਾ। ਤੇ 'ਸਿੱਖਿਆ ਵਿਚਾਰੀ, ਪਰ-ਉਪਕਾਰੀ' ਦੀ ਜਗ੍ਹਾ ਇੱਕ 'ਮੁਨਾਫਾ ਬਖ਼ਸ਼ ਕਾਰੋਬਾਰ' ਬਣ ਜਾਵੇਗੀ। ਸਾਮਰਾਜੀ ਵਿੱਤੀ ਸੰਸਥਾਵਾਂ, 'ਸੰਸਾਰ ਬੈਂਕ-ਮੁੱਦਰਾ ਕੋਸ਼-ਵਿਸ਼ਵ ਵਪਾਰ ਸੰਗਠਨ' ਦੀ ਤਿੱਕੜੀ ਦਾ ਹੀ ਹੈ ਇਹ ਏਜੰਡਾ ਜੋ ਲਾਗੂ ਕੀਤਾ ਜਾ ਰਿਹਾ ਹੈ।

17. NEP-2020 ਵੱਲੋਂ 'ਸਿੱਖਿਆ ਦਾ ਮਾਧਿਅਮ ਮਾਤ ਭਾਸ਼ਾ' ਹੋਵੇ ਨੂੰ ਅਮਲੀ ਤੌਰ 'ਤੇ ਨਜ਼ਰ-ਅੰਦਾਜ ਕੀਤਾ ਗਿਆ ਹੈ। ਇਹ ਸਵੀਕਾਰ ਕਰ ਕੇ ਕਿ ਬੱਚੇ ਨੂੰ ਸੰਕਲਪਾਂ ਦੀ ਵਧੇਰੇ ਚੰਗੀ ਤਰ੍ਹਾਂ ਸਮਝ ਆਪਣੀ ਮਾਤ ਭਾਸ਼ਾ ਰਾਹੀਂ ਹੀ ਪੈਂਦੀ ਹੈ, ਸਿੱਖਿਆ ਦੇ ਮਾਧਿਅਮ ਵੱਜੋਂ ਮਾਤ ਭਾਸ਼ਾ ਕੇਵਲ ਗਰੇਡ 5 ਤੱਕ ਹੀ ਸੁਝਾਈ ਗਈ ਹੈ ਪਰ ਉਸ 'ਚ ਵੀ ਇਹ ਲਿਖ ਕੇ ਚੋਰ-ਮੋਰੀ ਰੱਖ ਲਈ ਗਈ ਹੈ ਕਿ "ਜੇ/ਜਿੱਥੇ ਵੀ ਸੰਭਵ ਹੋਵੇ।" ਇਸ ਤੋਂ ਅੱਗੇ ਤਾਂ ਵੈਸੇ ਹੀ ਖੁੱਲ੍ਹ ਦੇ ਦਿੱਤੀ ਗਈ ਹੈ। ਗਰੇਡ 9 ਤੋਂ ਤਾਂ ਗਣਿਤ ਤੇ ਸਾਇੰਸ ਵਿਸ਼ਿਆਂ ਨੂੰ ਅੰਗਰੇਜ਼ੀ'ਚ ਹੀ ਪੜ੍ਹਾਉਣ ਨੂੰ ਤਰਜੀਹ ਦਿੱਤੀ ਗਈ ਹੈ। ਇਸ ਤੋਂ ਬਿਨਾਂ ਮਾਤ ਭਾਸ਼ਾ ਨੂੰ 'ਘਰੇਲੂ ਭਾਸ਼ਾ/ ਸਥਾਨਕ ਭਾਸ਼ਾ/ ਖੇਤਰੀ ਭਾਸ਼ਾ ਨਾਲ ਵੀ ਰਲ-ਗੱਡ ਕੀਤਾ ਗਿਆ ਹੈ।

18. NEP-2020, ਪ੍ਰੀ-ਪ੍ਰਾਇਮਰੀ ਤੋਂ ਲੈ ਕੇ ਉਚੇਰੀ ਸਿੱਖਿਆ ਤੱਕ 'ਦਾਨੀ ਸੰਸਥਾਵਾਂ' ਦੀ ਸ਼ਮੂਲੀਅਤ ਦੇ ਨਾਂ ਹੇਠ ਅਤੇ ਪੀਪੀਪੀ ਮਾਡਲ ਦੀ ਆੜ 'ਚ ਸਿੱਖਿਆ ਦੇ ਨਿੱਜੀਕਰਨ/ ਵਪਾਰੀਕਰਨ/ ਕਾਰਪੋਰੇਟੀਕਰਨ ਨੂੰ ਹੱਲਾ-ਸ਼ੇਰੀ ਦਿੰਦੀ ਹੈ। ਸਰਕਾਰ ਪੂੰਜੀ ਨਿਵੇਸ਼ ਨੂੰ ਨਕਾਰਦੀ ਹੈ। ਸਿੱਖਿਆ ਉੱਪਰ ਜੀਡੀਪੀ ਦੇ 6% ਤੱਕ ਅਗਲੇ 10 ਸਾਲਾਂ ਤੱਕ ਪੂੰਜੀ ਨਿਵੇਸ਼ ਕਰਨ'ਚ ਉਕਤ ਨਿੱਜੀ/ ਕਾਰਪੋਰੇਟ ਨਿਵੇਸ਼ ਵੀ ਸ਼ਾਮਲ ਹੈ।

19. NEP-2020 ਦੀ ਜਿੱਥੇ ਇੱਕ ਦਿਸ਼ਾ ਸੇਧ, ਮੋਦੀ ਸਰਕਾਰ ਵੱਲੋਂ ਆਪਣੇ ਨਵ-ਉਦਾਰਵਾਦੀ ਆਰਥਿਕ ਏਜੰਡੇ 'ਚ ਢਾਲ ਕੇ ਸਿੱਖਿਆ ਨੂੰ ਕੇਂਦਰੀਕਰਨ/ ਨਿੱਜੀਕਰਨ ਰਾਹੀਂ ਕਾਰਪੋਰੇਟ ਸੈਕਟਰ ਦੇ ਹਵਾਲੇ ਕਰਨ ਦੀ ਹੈ ਉੱਥੇ ਦੂਜੀ ਦਿਸ਼ਾ-ਸੇਧ ਸਿੱਖਿਆ ਦੇ 'ਭਾਰਤੀਕਰਨ' ਦੇ ਨਾਂ ਹੇਠ, 'ਭਾਰਤੀ ਪ੍ਰੰਪਰਾਵਾਂ ਤੇ ਕਦਰਾਂ, ਭਾਰਤੀ ਲੋਕਾਚਾਰ, ਭਾਰਤੀ ਸੰਸਕ੍ਰਿਤੀ-ਦਰਸ਼ਨ, ਭਾਰਤੀ ਭਾਸ਼ਾ ਦੇ ਬਹਾਨੇ ਆਪਣਾ ਪੁਰਾਤਨ ਰੂੜ੍ਹੀਵਾਦੀ ਫਿਰਕੂ ਸਮਾਜੀ-ਸਭਿਆਚਾਰਕ ਏਜੰਡਾ ਠੋਸਣ ਦੀ ਹੈ। ਸੰਸਕ੍ਰਿਤ ਭਾਸ਼ਾ ਨੂੰ ਹਰ ਪੱਧਰ 'ਤੇ ਤਰਜੀਹ ਦੇਣਾ ਵੀ ਇਸੇ ਏਜੰਡੇ ਦਾ ਹਿੱਸਾ ਹੀ ਹੈ। ਇਸੇ ਦਿਸ਼ਾ-ਸੇਧ 'ਚ ਹੀ ਪਾਠਕ੍ਰਮ ਪ੍ਰਣਾਲੀ ਬਦਲੀ ਜਾ ਰਹੀ ਹੈ, ਸਿਲੇਬਸਾਂ ਵਿੱਚੋਂ 'ਕੁੱਝ' ਪਾਠ ਕੱਢੇ ਜਾ ਰ ਹਨ ਪਰ 'ਕੁੱਝ ਹੋਰ' ਪਾਏ ਵੀ ਜਾਣਗੇ। ਇਸ ਨੀਤੀ ਅੰਦਰ ਤਾਂ ਅਧਿਆਪਕ ਸਿਖਲਾਈ ਲਈ ਵੀ ਇਹ ਸ਼ਰਤ ਰੱਖੀ ਗਈ ਹੈ ਕਿ "ਅਧਿਆਪਕ ਦਾ ਭਾਰਤੀ ਕਦਰਾਂ, ਭਾਸ਼ਾਵਾਂ, ਗਿਆਨ, ਲੋਕਾਚਾਰ ਤੇ ਪ੍ਰੰਪਰਾਵਾਂ ਨਾਲ ਜੁੜਿਆ ਹੋਣਾ ਲਾਜ਼ਮੀ ਹੈ।" ਇਸ ਨੀਤੀ ਅੰਦਰ 'ਮੁਢਲੀ ਬਾਲ ਸੰਭਾਲ ਤੇ ਸਿੱਖਿਆ' ਤੋਂ ਲੈਕੇ ਉਚੇਰੀ ਸਿੱਖਿਆ ਤੱਕ ਵੱਡੀ ਪੱਧਰ 'ਤੇ ਚੋਰ-ਮੋਰੀ ਰਾਹੀਂ 'ਵਲੰਟੀਅਰ', 'ਸਮਾਜ ਸੇਵਾ' 'ਕੌਂਸਲਰ', 'ਨਾਮੀ ਸਖਸ਼ੀਅਤ' ਆਦਿ ਭਰਤੀ ਕਰਨ ਦੀ ਕੀਤੀ ਗਈ ਵਿਵਸਥਾ ਵੀ ਹਾਕਮ ਪਾਰਟੀ ਦੇ ਵਿਚਾਰਧਾਰਕ ਏਜੰਡੇ ਦੇ ਪਾਸਾਰ ਦੀ ਹੀ ਲੁਕਵੀਂ ਚਾਲ ਹੈ।

20. NEP-2020 ਦੀ ਤਿੰਨ ਪੰਨਿਆਂ ਦੀ ਭੂਮਿਕਾ 'ਚ ਇਸ ਨੀਤੀ ਨੂੰ 21ਵੀਂ ਸਦੀ ਦੀ ਸਿੱਖਿਆ ਨੀਤੀ ਕਿਹਾ ਗਿਆ ਹੈ ਜਿਸ ਰਾਹੀ 'ਮੁਲਕ ਦੇ ਵਿਕਾਸ ਦੀਆਂ ਵਧ ਰਹੀਆਂ ਲੋੜਾਂ' ਨੂੰ ਸੰਬੋਧਿਤ ਹੋਣਾ ਹੈ। ਤੇ ਇਸ ਨੀਤੀ ਦੇ ਜਾਰੀ ਹੋਣ ਤੋਂ ਅਗਲੇ ਦਿਨ ਪ੍ਰਧਾਨ ਮੰਤਰੀ ਮੋਦੀ ਵੱਲੋਂ ਆਪਣੇ ਭਾਸ਼ਣ 'ਚ ਕਿਹਾ ਗਿਆ ਕਿ "ਇਹ ਸਿੱਖਿਆ ਨੀਤੀ 'ਨਿਊ ਇੰਡੀਆ' ਦੀ ਨੀਤੀ ਹੈ" ਮੋਦੀ ਦੇ 'ਨਿਊ ਇੰਡੀਆ' ਤੇ 'ਵਿਕਾਸ' ਦੇ ਨਕਸ਼ ਕੀ ਹਨ ਜੋ ਉਘੜ ਕੇ ਦਿਸ ਰਹੇ ਹਨ; ਸੰਪੂਰਨ ਨਿੱਜੀਕਰਨ ਦੀ ਨੀਤੀ ਦੇ 'ਕਾਰਪੋਰੇਟ ਪੱਖੀ ਆਰਥਿਕ ਵਿਕਾਸ ਮਾਡਲ' ਦੀਆਂ ਨੀਂਹਾਂ 'ਤੇ ਉਸਰਿਆ, ਪੁਰਾਤਨ ਰੂੜ੍ਹੀਵਾਦੀ ਫਿਰਕੂ ਪ੍ਰੰਪਰਾਵਾਂ ਤੇ ਕਦਰਾਂ ਨੂੰ ਪ੍ਰਣਾਇਆ 'ਨਿਊ ਇੰਡੀਆ'!

# ਨਸ਼ਾ-ਮੁਕਤ ਸਮਾਜ ਲਈ ਕੀ ਕਰਨਾ ਲੋੜੀਏ ?

ਡਾ. ਅੰਮ੍ਰਿਤ*



ਪੰਜਾਬ ਵਿੱਚ ਨਸ਼ਿਆਂ ਦੀ ਵਰਤੋਂ ਬਾਰੇ ਸਮੇਂ-ਸਮੇਂ ਸਰਵੇਖਣਾਂ ਦੀਆਂ ਰਿਪੋਰਟਾਂ ਆਉਂਦੀਆਂ ਰਹਿੰਦੀਆਂ ਹਨ। ਬਹੁਤੇ ਸਰਵੇਖਣਾਂ ਅਨੁਸਾਰ 50-70% ਨੌਜਵਾਨਾਂ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਅਤੇ ਕਿਸੇ ਨਾ ਕਿਸੇ ਨਸ਼ੇ ਦੀ ਲਤ ਲੱਗੀ ਹੋਣ ਦੀ ਗੱਲ ਸਾਹਮਣੇ ਆਉਂਦੀ ਹੈ। ਚਾਹੇ ਸਮੇਂ ਦੇ ਢੀਠ ਤੇ ਬੇਸ਼ਰਮ ਹਾਕਮ ਇਹਨਾਂ ਸਰਵੇਖਣਾਂ ਨੂੰ ਝੁਠਲਾਉਣ ਲਈ ਰਾਤ ਨੂੰ ਕੂਕਦੇ ਕੁੱਤਿਆਂ ਜਿੰਨੀ ਉੱਚੀ ਆਵਾਜ਼ ਵਿੱਚ ਪ੍ਰੈਸ-ਕਾਨਫਰੰਸਾਂ ਕਰਦੇ ਹਨ ਪਰ ਸਮਾਜਕ ਜੀਵਨ ਵਿੱਚ ਵਿਚਰਦਾ ਇੱਕ ਆਮ ਸਧਾਰਨ ਪੰਜਾਬੀ ਬਾਸ਼ਿੰਦਾ ਨਸ਼ਿਆਂ ਦੁਆਰਾ ਪੰਜਾਬ ਦੇ ਲੋਕਾਂ ਦੀ ਕੀਤੀ ਜਾ ਰਹੀ ਬਰਬਾਦੀ ਬਾਰੇ ਭਲੀਭਾਂਤ ਜਾਣੂ ਹੈ, ਇਸ ਲਈ ਕਿਸੇ ਪ੍ਰਮਾਣ ਦੀ ਲੋੜ ਨਹੀਂ। ਨਸ਼ਿਆਂ ਦੀ ਸਮੱਸਿਆ ਇਕੱਲੇ ਪੰਜਾਬ ਦੀ ਸਮੱਸਿਆ ਨਹੀਂ, ਦੁਨੀਆਂ ਭਰ ਵਿੱਚ ਮਨੁੱਖਤਾ ਇਸ ਕੋਹੜ ਨਾਲ ਜੂਝ ਰਹੀ ਹੈ ਅਤੇ ਇਸਦੇ ਦਾਗ਼ ਹਰ ਜਗ੍ਹਾ ਮਨੁੱਖੀ ਰੂਹਾਂ ਨੂੰ ਕਰੂਪ ਕਰ ਰਹੇ ਹਨ, ਨਸ਼ਾ-ਮੁਕਤ ਸਮਾਜ ਸਮੁੱਚੀ ਮਨੁੱਖਤਾ ਦਾ ਸੁਪਨਾ ਹੈ, ਜੋ ਇੱਕ ਦਿਨ ਹਕੀਕਤ ਬਣੇਗਾ, ਇਸਦਾ ਸਾਨੂੰ ਯਕੀਨੋਂ ਬਾਹਰਾ ਭਰੋਸਾ ਹੈ। ਖੈਰ, ਪਿੱਛੇ ਜਿਹੇ ਪੰਜਾਬ ਦੇ ਬੁੱਧੀਜੀਵੀਆਂ ਜਿੰਨ੍ਹਾਂ ਵਿੱਚ ਪ੍ਰਸਿੱਧ ਅਰਥਸ਼ਾਸ਼ਤਰੀ ਡਾ. ਸਰਦਾਰਾ ਸਿੰਘ ਜੌਹਲ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਚਮਨ ਲਾਲ, ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਗਾਂਧੀ, ਸ਼ਹੀਦ ਭਗਤ ਸਿੰਘ ਦੇ ਭਾਣਜੇ ਡਾ. ਜਗਮੋਹਣ, ਬਾਬਾ ਫਰੀਦ ਯੂਨੀਵਰਸਿਟੀ ਦੇ ਸਾਬਕਾ ਉਪ-ਕੁਲਪਤੀ ਡਾ.ਸ਼ਵਿੰਦਰ ਸਿੰਘ ਗਿੱਲ ਤੇ ਹੋਰ ਸ਼ਾਮਲ ਹਨ, ਵੱਲੋਂ ਨਸ਼ਿਆਂ ਦੀ ਸਮੱਸਿਆ ਉੱਤੇ ਚੰਡੀਗੜ੍ਹ ਵਿਖੇ ਸੈਮੀਨਾਰ ਕਰਕੇ ਇੱਕ ਬਹੁਤ ਦੀ ਸਵਾਗਤਯੋਗ ਪਹਿਲ ਕੀਤੀ ਗਈ ਹੈ, ਜਿਸ ਵਿੱਚ ਉਹਨਾਂ ਨੇ ਪੰਜਾਬ ਅੰਦਰ ਨਸ਼ਿਆਂ ਦੀ ਸਮੱਸਿਆ ਨੂੰ ਨੱਥ ਪਾਉਣ ਲਈ ਸੁਝਾਅ ਵੀ ਦਿੱਤੇ ਹਨ ਅਤੇ ਇਸ ਲਈ ਇੱਕ ਯੋਜਨਾ ਉਲੀਕਣ ਦੀ ਗੱਲ ਵੀ ਕੀਤੀ ਹੈ। ਅਸੀਂ ਇੱਥੇ ਉਹਨਾਂ ਦੇ ਸੁਝਾਵਾਂ ਤੇ ਦਲੀਲਾਂ ਉੱਤੇ ਚਰਚਾ ਕਰਾਂਗੇ।

ਨਸ਼ਿਆਂ ਦੀ ਸਮੱਸਿਆ ਨੂੰ ਖਤਮ ਕਰਨ ਲਈ, ਜਾਂ ਘੱਟ ਕਰਨ ਲਈ ਇਸ ਸੈਮੀਨਾਰ ਦੌਰਾਨ ਜੋ ਨੁਕਤੇ ਉੱਭਰੇ, ਉਹਨਾਂ 'ਚੋਂ ਮੁੱਖ ਸਨ ਨਸ਼ਿਆਂ ਦੇ ਸ਼ਿਕਾਰ ਵਿਅਕਤੀਆਂ ਦਾ ਅਪਰਾਧੀਕਰਨ ਖਤਮ ਕੀਤਾ ਜਾਵੇ, ਪੰਜਾਬ ਵਿੱਚ ਪ੍ਰਚਲਿਤ ਰਵਾਇਤੀ ਨਸ਼ਿਆਂ (ਜਿੰਨ੍ਹਾਂ ਵਿੱਚ ਅਫ਼ੀਮ, ਭੁੱਕੀ, ਡੋਡੇ, ਸੁੱਖਾ ਆਦਿ ਆਉਂਦੇ ਹਨ) ਉੱਤੇ ਪਾਬੰਦੀ ਖਤਮ ਕੀਤੀ ਜਾਵੇ ਅਤੇ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ। ਕੁਝ ਹੋਰ ਨੁਕਤੇ ਵੀ ਹਨ, ਜਿੰਨ੍ਹਾਂ ਉੱਤੇ ਗੱਲ ਕਰਾਂਗੇ। ਸਭ ਤੋਂ ਪਹਿਲਾਂ, ਨਸ਼ੇ ਦੇ ਸ਼ਿਕਾਰ ਵਿਅਕਤੀ ਦੇ ਅਪਰਾਧੀਕਰਨ ਨੂੰ ਖਤਮ ਕਰਨ ਬਾਰੇ। ਇਸ ਦਾ ਅਰਥ ਇਹ ਹੈ ਕਿ ਅੱਜ ਪੁਲਿਸ-ਕਾਨੂੰਨ ਨਸ਼ੇ ਦੇ ਸ਼ਿਕਾਰ ਵਿਅਕਤੀ ਨੂੰ ਹੀ ਅਪਰਾਧੀ ਦੀ ਤਰ੍ਹਾਂ ਦੇਖਦਾ ਹੈ ਜਦਕਿ ਉਹ ਇੱਕ ਮਰੀਜ਼ ਹੈ, ਉਹ ਇੱਕ ਅਜਿਹਾ ਬਦਨਸੀਬ ਹੈ ਜਿਸਦੀ ਜ਼ਿੰਦਗੀ ਨਸ਼ੇ ਨੇ ਤਬਾਹ ਕਰ ਦਿੱਤੀ ਹੈ। ਅਜਿਹੇ ਇਨਸਾਨ ਦਾ ਇਲਾਜ ਹੋਣਾ ਚਾਹੀਦਾ ਹੈ, ਉਸਨੂੰ ਫਿਰ ਤੋਂ ਨਾਰਮਲ ਜੀਵਨ ਜਿਉਣ ਲਈ ਤਿਆਰ ਕਰਨਾ ਚਾਹੀਦਾ ਹੈ, ਨਾ ਕਿ ਉਸ ਨੂੰ ਅਪਰਾਧੀ ਐਲਾਨ ਕੇ ਜੇਲ੍ਹ-ਕੋਠੜੀਆਂ ਵਿੱਚ ਸੁੱਟ ਕੇ ਪਹਿਲਾਂ ਤੋਂ ਹੀ ਜਰਜਰ ਹੋ ਚੁੱਕੀ ਮਨੁੱਖੀ ਰੂਹ ਨੂੰ ਹੋਰ ਕੁਚਲਿਆ ਜਾਣਾ ਚਾਹੀਦਾ ਹੈ। ਇਸ ਦਿਸ਼ਾ ਵਿੱਚ ਪਹਿਲਾ ਕਦਮ ਇਹ ਬਣਦਾ ਹੈ ਕਿ ਨਸ਼ੇ ਦੇ ਸ਼ਿਕਾਰ ਵਿਅਕਤੀ ਨੂੰ ਅਪਰਾਧੀ ਐਲਾਨਣਾ ਤੇ ਉਸਨੂੰ ਸਜ਼ਾ ਦੇਣੀ ਬੰਦ ਕੀਤੀ ਜਾਵੇ। ਜੇ ਕਿਸੇ ਵਿਅਕਤੀ ਕੋਲੋਂ ਆਪਣੀ ਨਿੱਜੀ ਵਰਤੋਂ ਲਈ ਜਿਸਦਾ ਕਿ ਉਹ ਆਦੀ ਹੋ ਚੁੱਕਾ ਹੁੰਦਾ ਹੈ, ਕੋਈ ਨਸ਼ੀਲੀ ਚੀਜ਼ ਮਿਲ ਜਾਂਦੀ ਹੈ ਤਾਂ ਉਸ ਉੱਤੇ ਕਾਨੂੰਨੀ ਧਾਰਾਵਾਂ ਲਗਾ ਕੇ ਸਲਾਖਾਂ ਪਿੱਛੇ ਸੁੱਟਣਾ ਬੰਦ ਕੀਤਾ ਜਾਵੇ। ਲੱਗਭੱਗ ਇਹ ਸਾਰੀ ਗੱਲ ਉਪਰੋਕਤ ਸੈਮੀਨਾਰ ਵਿੱਚ ਵੀ ਆਉਂਦੀ ਹੈ, ਪਰ ਸਿਰਫ਼ ਇੰਨਾ ਕਰਨਾ ਕਾਫ਼ੀ ਨਹੀਂ ਹੋਵੇਗਾ। ਸਾਨੂੰ ਸਰਕਾਰ ਤੋਂ ਇਹ ਮੰਗ ਕਰਨੀ ਚਾਹੀਦੀ ਹੈ ਕਿ ਸਰਕਾਰ ਨਸ਼ੇ ਦੇ ਸ਼ਿਕਾਰ ਵਿਅਕਤੀਆਂ ਦੇ ਮੈਡੀਕਲ ਇਲਾਜ ਦੀਆਂ ਸਹੂਲਤਾਂ ਪੈਦਾ ਕਰੇ ਅਤੇ ਸਰਕਾਰ ਇਹ ਸਹੂਲਤਾਂ ਮੁਫ਼ਤ ਮੁਹੱਈਆ ਕਰਵਾਏ, ਨਾ ਕਿ ਨਸ਼ੇ ਦੇ ਸ਼ਿਕਾਰ ਲੋਕਾਂ ਨੂੰ ਲੋਟੂ ਨਿੱਜੀ ਕਲੀਨਿਕਾਂ ਦੇ ਰਹਿਮੋ-ਕਰਮ ਉੱਤੇ ਛੱਡ ਦਿੱਤਾ ਜਾਵੇ ਜਿਹੜੇ ਨਸ਼ਾ ਛੁੜਾਉਣ ਦੇ ਨਾਂ ਉੱਤੇ ਪਹਿਲਾਂ ਤੋਂ ਹੀ ਆਰਥਿਕ ਤੌਰ 'ਤੇ ਝੰਬੇ ਲੋਕਾਂ ਦੀ ਹੋਰ ਛਿੱਲ ਲਾਹੁੰਦੇ ਹਨ। ਸਿਰਫ਼ ਗੈਰ-ਅਪਰਾਧੀਕਰਨ ਕਰਕੇ ਨਸ਼ੇ ਦੇ ਸ਼ਿਕਾਰ ਵਿਅਕਤੀ ਨੂੰ ਇਲਾਜ ਦੀ ਸੁਵਿਧਾ ਨਾ ਮੁਹੱਈਆ ਕਰਉਣ ਦਾ ਮਤਲਬ ਉਸਨੂੰ ਉਸਦੀ ਹੋਣੀ ਉੱਤੇ ਛੱਡ ਦੇਣਾ ਹੋਵੇਗਾ ਜੋ ਕਿ ਆਪਣੇ-ਆਪ ਵਿੱਚ ਹੀ ਇੱਕ ਸਜ਼ਾ ਹੈ। ਨਾਲ ਹੀ ਇਹ ਮੰਗ ਹੋਵੇ ਕਿ ਸਰਕਾਰ ਵੱਲੋਂ ਇਹਨਾਂ ਲੋਕਾਂ ਦੇ ਮੁੜ-ਵਸੇਬੇ ਦਾ ਪ੍ਰਬੰਧ ਵੀ ਕੀਤਾ ਜਾਵੇ ਤਾਂ ਕਿ ਉਹ ਵਾਪਸ ਨਾਰਮਲ ਜ਼ਿੰਦਗੀ ਵਿੱਚ ਜਾ ਸਕਣ।

ਕੁਝ ਦੇਸ਼ਾਂ ਵਿੱਚ ਇਸ ਤਰ੍ਹਾਂ ਦੇ ਕਦਮ ਉਠਾਏ ਗਏ ਹਨ ਜਿੱਥੇ ਕਾਫ਼ੀ ਸਕਾਰਤਮਕ ਨਤੀਜੇ ਸਾਹਮਣੇ ਆਏ ਹਨ। ਅਜਿਹਾ ਤਜ਼ਰਬਾ ਸਭ ਤੋਂ ਪਹਿਲਾਂ 1917 ਵਿੱਚ ਅਕਤੂਬਰ ਇਨਕਲਾਬ ਤੋਂ ਬਾਅਦ ਰੂਸ ਵਿੱਚ ਕਮਿਊਨਿਸਟ ਸਰਕਾਰ ਨੇ ਰੂਸੀ ਸਮਾਜ ਲਈ ਸਰਾਪ ਬਣ ਚੁੱਕੀ ਸ਼ਰਾਬਖੋਰੀ ਨੂੰ ਦੂਰ ਕਰਨ ਲਈ ਕੀਤਾ ਸੀ। ਫਿਰ ਇਸ ਤੋਂ ਬਾਅਦ ਅਜਿਹਾ ਹੀ ਤਜ਼ਰਬਾ ਚੀਨ ਵਿੱਚ ਹੋਇਆ ਜਿੱਥੇ ਬਸਤੀਵਾਦੀ ਅੰਗਰੇਜ਼ਾਂ ਦੁਆਰਾ ਸਮੁੱਚੇ ਦੇਸ਼ ਨੂੰ ਅਫ਼ੀਮ ਦਾ ਆਦੀ ਬਣਾ ਦਿੱਤਾ ਸੀ। 1949 ਦੇ ਇਨਕਲਾਬ ਤੋਂ ਬਾਅਦ ਚੀਨ ਵਿੱਚ ਸਮਾਜ ਵਿੱਚੋਂ ਅਫ਼ੀਮ ਦਾ ਕੋਹੜ ਖਤਮ ਕਰਨ ਲਈ ਗੈਰ-ਅਪਰਾਧੀਕਰਨ ਦਾ ਕਦਮ ਚੁੱਕਿਆ, ਇਹ ਤਜ਼ਰਬੇ ਬੇਹੱਦ ਸਫ਼ਲ ਰਹੇ। ਅਸਲ ਵਿੱਚ ਸਮਾਜਵਾਦੀ ਦੇਸ਼ਾਂ ਦੇ ਇਹਨਾਂ ਤਜ਼ਰਬਿਆਂ ਨੇ ਹੀ ਨਸ਼ਿਆਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਨਵੇਂ ਰਾਹ ਦਿਖਾਏ ਹਨ, ਇਹਨਾਂ ਤਜ਼ਰਬਿਆਂ ਨੂੰ ਅਧਾਰ ਬਣਾ ਕੇ ਹੀ ਅੱਜ ਕੋਸ਼ਿਸ਼ਾਂ ਹੋ ਰਹੀਆਂ ਹਨ ਅਤੇ ਚੰਡੀਗੜ੍ਹ ਦੇ ਸੈਮੀਨਾਰ ਵਿੱਚ ਬੋਲਣ ਵਾਲ਼ੇ ਵਿਦਵਾਨ ਵੀ ਬਹੁਤ ਹੱਦ ਤੱਕ ਇਹਨਾਂ ਤਜ਼ਰਬਿਆਂ ਤੋਂ ਜਾਣੂ ਹਨ। ਅਜਿਹੇ ਤਜ਼ਰਬਿਆਂ ਦੇ ਤਾਜ਼ਾ ਉਦਾਹਰਨ ਪੁਰਤਗਾਲ ਤੇ ਬਰਾਜ਼ੀਲ ਹਨ ਜਿੱਥੇ ਨਸ਼ਿਆਂ ਦੀ ਸਮੱਸਿਆ ਘਟੀ ਤਾਂ ਹੈ ਪਰ ਓਨੀ ਨਹੀਂ ਜਿੰਨੀ ਕਿ ਰੂਸ ਤੇ ਚੀਨ ਵਿੱਚ ਘਟੀ ਸੀ ਜਿਸਦੇ ਆਪਣੇ ਕਾਰਨ ਹਨ ਜਿਨ੍ਹਾਂ ਬਾਰੇ ਅਸੀਂ ਅੱਗੇ ਗੱਲ ਕਰਦੇ ਹਾਂ।

ਦੂਜਾ ਨੁਕਤਾ ਹੈ ਰਵਾਇਤੀ ਨਸ਼ਿਆਂ ਨੂੰ ਪਾਬੰਦੀ ਮੁਕਤ ਕਰਨ ਦਾ। ਇਸ ਪਿੱਛੇ ਜਿਹੜਾ ਤਰਕ ਉਪਰੋਕਤ ਸੈਮੀਨਾਰ ਦੌਰਾਨ ਸਾਹਮਣੇ ਆਇਆ, ਉਹ ਇਹ ਹੈ ਕਿ ਇਸ ਨਾਲ ਨਸ਼ਿਆਂ ਦੀ ਸਮਗਲਿੰਗ, ਨਸ਼ਾ-ਮਾਫ਼ੀਆ ਅਤੇ ਨਸ਼ਿਆਂ ਵਿੱਚ ਹੁੰਦੀ ਮੁਨਾਫ਼ਾਖੋਰੀ ਨੂੰ ਠੱਲ੍ਹ ਪਵੇਗੀ ਅਤੇ ਲੋਕ "ਘੱਟ ਖਤਰਨਾਕ" ਰਵਾਇਤੀ ਨਸ਼ਿਆਂ ਦੀ ਥਾਂ "ਵੱਧ ਖਤਰਨਾਕ" ਮੈਡੀਕਲ ਤੇ ਸਿੰਥੈਟਿਕ ਨਸ਼ਿਆਂ ਦੀ ਲਤ ਲੱਗਣ ਤੋਂ ਬਚੇ ਰਹਿਣਗੇ ਤੇ ਲੋਕਾਂ ਦਾ ਆਰਥਿਕ ਨੁਕਸਾਨ ਵੀ ਘੱਟ ਹੋਵੇਗਾ। ਇਹ ਬੜੇ ਤਿਲਕਵੇਂ ਤਰਕ ਹਨ। ਪਹਿਲਾਂ ਤਾਂ ਘੱਟ ਖਤਰਨਾਕ ਅਤੇ ਵੱਧ ਖਤਰਨਾਕ ਨਸ਼ਿਆਂ ਦੀ ਦਲੀਲ ਵੀ ਬਹੁਤੀ ਦਰੁਸਤ ਨਹੀਂ ਹੈ, ਕੋਈ ਵੀ ਨਸ਼ਾ ਜਦੋਂ ਵਿਅਕਤੀ ਦੀ ਸਮਾਜਕ ਜ਼ਿੰਦਗੀ ਅਤੇ ਵਿਅਕਤੀਗਤ ਜਿੰਦਗੀ ਨੂੰ ਪ੍ਰਭਾਵਿਤ ਕਰਨ ਲੱਗੇ, ਵਿਅਕਤੀ ਦਾ ਉਸ ਨਸ਼ੇ ਤੋਂ ਬਿਨਾਂ ਸਰੀਰਕ ਤੇ ਮਾਨਸਿਕ ਰੂਪ ਵਿੱਚ ਟਿਕਾਅ ਵਿੱਚ ਰਹਿ ਸਕਣਾ ਅਸੰਭਵ ਬਣ ਜਾਵੇ ਤਾਂ ਸਾਰੇ ਨਸ਼ੇ ਹੀ ਇੱਕੋ ਜਿੰਨੇ ਖਤਰਨਾਕ ਹਨ, ਇਹ ਚਾਹੇ ਅਫ਼ੀਮ ਜਾਂ ਭੁੱਕੀ ਹੋਵੇ ਤੇ ਚਾਹੇ ਕੋਈ ਹੋਰ ਮੈਡੀਕਲ ਨਸ਼ਾ ਹੋਵੇ। ਅਫ਼ੀਮ ਨੇ ਚੀਨ ਦਾ ਕੀ ਹਾਲ ਕੀਤਾ ਸੀ, ਇਸ ਬਾਰੇ ਇਤਿਹਾਸ ਵਿੱਚ ਜਾ ਕੇ ਜਾਣਿਆ ਜਾ ਸਕਦਾ ਹੈ। ਅਸਲ ਵਿੱਚ ਅਜਿਹੀ ਸੋਚ ਪਿੱਛੇ ਅਸਲ ਕਾਰਨ ਪੁਰਾਣੇ ਪੇਂਡੂ ਜੀਵਨ ਪ੍ਰਤੀ ਅਤੀ-ਆਦਰਸ਼ ਨਜ਼ਰੀਆ ਅਪਣਾਉਣਾ ਹੈ ਕਿ ਬੀਤੇ ਵਿੱਚ ਸਭ ਚੰਗਾ ਹੁੰਦਾ ਸੀ ਅਤੇ ਅੱਜ ਦੀਆਂ ਸਮੱਸਿਆਵਾਂ ਦਾ ਹੱਲ ਬੀਤੇ ਵੱਲ ਮੁੜਨ 'ਚ ਦੇਖਣਾ ਹੈ ਜਿਵੇਂ ਕਿ ਪ੍ਰੋ. ਚਮਨ ਲਾਲ ਦੇ ਇਹ ਕਹਿਣ ਕਿ "ਪਹਿਲਾਂ ਪੋਸਤੀ ਨੂੰ ਸਾਡੇ ਸਮਾਜ ਵਿੱਚ ਨਫ਼ਰਤ ਨਾਲ ਨਹੀਂ ਦੇਖਿਆ ਜਾਂਦਾ ਸੀ" ਅਤੇ "ਪੋਸਤੀ ਪੰਜਾਬੀ ਗੀਤਾਂ ਤੇ ਸੱਭਿਆਚਾਰ ਦਾ ਅੰਗ ਸੀ" ਤੋਂ ਦਿਖਾਈ ਦਿੰਦਾ ਹੀ ਹੈ। ਪਰ ਜਿੰਨ੍ਹਾਂ ਦੇ ਘਰ ਦਾ ਕੋਈ ਮੈਂਬਰ ਪੋਸਤੀ ਹੁੰਦਾ, ਉਹਨਾਂ ਨੂੰ ਪਤਾ ਹੁੰਦਾ ਹੈ ਕਿ ਉਹ ਵਿਅਕਤੀ ਘਰ ਲਈ ਤੇ ਸਮਾਜ ਲਈ ਕਿੰਨੀ ਵੱਡੀ ਸਮੱਸਿਆ ਬਣ ਚੁੱਕਿਆ ਹੁੰਦਾ ਹੈ। ਮੁਹੰਮਦ ਸਦੀਕ, ਕਰਤਾਰ ਰਮਲੇ ਜਾਂ ਚਾਂਦੀ ਰਾਮ ਜਿਹੇ ਗਾਇਕਾਂ ਦੇ ਗੀਤ ਸੁਣ ਕੇ ਅਜਿਹੀਆਂ ਪ੍ਰਸਤਾਵਨਾਵਾਂ ਪੇਸ਼ ਕਰਨੀਆਂ ਵਿਦਵਾਨਾਂ ਲਈ ਸ਼ੋਭਦਾ ਨਹੀਂ। ਸਾਡੇ ਸਮਾਜ ਵਿੱਚ ਤਾਂ ਹੋਰ ਵੀ ਕਈ ਘਟੀਆ ਤੇ ਮਨੁੱਖ-ਦੋਖੀ ਗੱਲਾਂ ਨੂੰ ਨਫ਼ਰਤ ਨਾਲ਼ ਨਹੀਂ ਦੇਖਿਆ ਜਾਂਦਾ, ਤਾਂ ਕੀ ਉਹਨਾਂ ਨੂੰ ਵੀ ਅਸੀਂ ਮਾਨਤਾ ਦੇ ਦੇਈਏ!! ਅਸਲ ਵਿੱਚ ਨਸ਼ਿਆਂ ਦਾ ਅਜਿਹਾ ਵਰਗੀਕਰਨ ਕਰਨਾ ਹੀ ਗ਼ਲਤ ਹੈ ਅਤੇ ਇਹ ਆਮ ਲੋਕਾਂ ਅੰਦਰ ਚੰਗੇ-ਮਾੜੇ ਨਸ਼ੇ ਦੀ ਗ਼ਲਤ ਧਾਰਨਾ ਪੈਦਾ ਕਰਨਾ ਹੈ ਜੋ ਕਿ ਪਹਿਲਾਂ ਹੀ ਸਾਡੇ ਸਮਾਜ ਵਿੱਚ ਲੋਕ-ਮਾਨਸਿਕਤਾ ਦਾ ਹਿੱਸਾ ਹੈ, ਜਿਵੇਂ ਬਹੁਤ ਸਾਰੇ ਲੋਕ ਸੋਚਦੇ ਹਨ ਕਿ ਅਫ਼ੀਮ ਖਾਣ ਨਾਲ ਸਿਹਤ ਬਣਦੀ ਹੈ, ਅਫ਼ੀਮ ਖਾਣੀ ਅਮੀਰੀ ਦੀ ਨਿਸ਼ਾਨੀ ਹੈ ਆਦਿ। ਬਾਕੀ ਰਹੀ ਆਰਥਿਕ ਨੁਕਸਾਨ ਦੀ ਗੱਲ, ਰਵਾਇਤੀ ਨਸ਼ਿਆਂ ਨੇ ਕਿਸੇ ਦਾ ਆਰਥਿਕ ਨੁਕਸਾਨ ਨਾ ਕੀਤਾ ਹੋਵੇ, ਇਹ ਵੀ ਸਮਾਜਕ ਹਾਲਤਾਂ ਤੋਂ ਟੁੱਟਿਆ ਵਿਅਕਤੀ ਹੀ ਸੋਚ ਸਕਦਾ ਹੈ।

ਜਿੱਥੋਂ ਤੱਕ ਨਸ਼ਿਆਂ ਦੀ ਸਮਗਲਿੰਗ, ਨਸ਼ਾ-ਮਾਫ਼ੀਆ ਨੂੰ ਨੱਥ ਪਾਉਣ ਲਈ ਸਰਕਾਰਾਂ ਉੱਤੇ ਦਬਾਅ ਬਣਾਉਣ ਦੀ ਗੱਲ ਹੈ,ਅਜਿਹਾ ਕਰਨਾ ਇਕਦਮ ਦਰੁਸਤ ਹੈ, ਅਜਿਹਾ ਹੋਣਾ ਚਾਹੀਦਾ ਹੈ। ਪਰ ਸਮਗਲਿੰਗ ਤੇ ਨਸ਼ਾ-ਮਾਫ਼ੀਆ ਦੇ ਮੁਨਾਫ਼ਿਆਂ ਨੂੰ ਘੱਟ ਕਰਨ ਜਾਂ ਖਤਮ ਕਰਨ ਲਈ "ਰਵਾਇਤੀ" ਨਸ਼ਿਆਂ ਨੂੰ ਪਾਬੰਦੀ-ਮੁਕਤ ਕਰਨ ਦੀ ਦਲੀਲ ਵਿੱਚ ਕੋਈ ਦਮ ਨਹੀਂ ਹੈ। ਅਸਲ ਵਿੱਚ ਇਹ ਦਲੀਲ ਵੀ ਕਿਤੇ ਨਾ ਕਿਤੇ ਰੂਸ ਵਿੱਚ ਹੋਏ ਤਜ਼ਰਬਿਆਂ ਤੋਂ ਲਈ ਗਈ ਹੈ। ਰੂਸ ਵਿੱਚ ਹੋਏ ਤਜ਼ਰਬੇ ਅਧੀਨ ਸਰਕਾਰੀ ਤੌਰ ਉੱਤੇ ਸ਼ਰਾਬ ਦੀ ਪੈਦਾਵਾਰ ਬੰਦ ਕਰ ਦਿੱਤੀ ਗਈ ਸੀ ਅਤੇ ਇਸਨੂੰ ਵੇਚੇ ਜਾਣ ਉੱਤੇ ਪਾਬੰਦੀ ਲਗਾ ਦਿੱਤੀ ਗਈ ਸੀ, ਠੇਕੇ ਬੰਦ ਕਰ ਦਿੱਤੇ ਗਏ ਪਰ ਕਿਸੇ ਵਿਅਕਤੀ ਵੱਲੋਂ ਆਪਣੀ ਵਰਤੋਂ ਲਈ ਸ਼ਰਾਬ ਕੱਢਣ ਉੱਤੇ ਕੋਈ ਪਾਬੰਦੀ ਨਹੀਂ ਸੀ। ਬਿਲਕੁਲ ਅਜਿਹੀ ਗੱਲ ਡਾ. ਸਰਦਾਰਾ ਸਿੰਘ ਜੌਹਲ ਹੁਰਾਂ ਨੇ ਸੈਮੀਨਾਰ ਦੌਰਾਨ ਕੀਤੀ, ਉਹਨਾਂ ਨੇ ਬੱਸ ਸ਼ਰਾਬ ਦੀ ਥਾਂ ਪੋਸਤ ਦੀ ਖੇਤੀ ਦੀ ਗੱਲ ਕੀਤੀ। ਪਰ ਜਿਸ ਸਮਾਜ ਵਿੱਚ ਅਸੀਂ ਰਹਿ ਰਹੇ ਹਾਂ, ਉਹ ਇੱਕ ਮੁਨਾਫ਼ਾ-ਕੇਂਦਰਤ ਸਰਮਾਏਦਾਰਾ ਸਮਾਜ ਹੈ, ਰੂਸ ਜਾਂ ਚੀਨ ਦਾ ਸਮਾਜਵਾਦੀ ਸਮਾਜ ਨਹੀਂ। ਮੌਜੂਦਾ ਸਮਾਜ ਦੇ ਸੰਦਰਭ ਵਿੱਚ ਇਹ ਸੋਚਣਾ ਕਿ ਰਵਾਇਤੀ ਨਸ਼ਿਆਂ ਦੇ ਪਾਬੰਦੀ-ਮੁਕਤ ਹੋ ਜਾਣ ਉੱਤੇ ਇਹ ਮੁਨਾਫ਼ਾ ਕੁੱਟਣ ਦਾ ਸਾਧਨ ਨਹੀਂ ਬਣਨਗੇ, ਪੂਰੀ ਤਰ੍ਹਾਂ ਗਲਤ ਹੈ ਸਗੋਂ ਮਾਮਲਾ ਉਲਟ ਸਕਦਾ ਹੈ ਅਤੇ ਨਾ ਹੀ ਇਹਨਾਂ ਨੂੰ ਪਾਬੰਦੀ-ਮੁਕਤ ਕਰਨਾ ਸਮਗਲਿੰਗ ਤੇ ਨਸ਼ਾ-ਮਾਫ਼ੀਆ ਜਿਹੜੇ ਕਿ ਮਹਿੰਗੇ, ਸਿੰਥੈਟਿਕ ਨਸ਼ੇ ਵੇਚਦੇ ਹਨ, ਨੂੰ ਨੱਥ ਪਾਉਣ ਲਈ ਕਿਸੇ ਵੀ ਪੱਖੋਂ ਜ਼ਰੂਰੀ ਹੈ। ਸਮਗਲਿੰਗ ਤੇ ਨਸ਼ਾ-ਮਾਫ਼ੀਏ ਨੂੰ ਨੱਥ ਪਾਉਣਾ ਇੱਕ ਸਿਆਸੀ ਇੱਛਾ-ਸ਼ਕਤੀ ਦਾ ਸੁਆਲ ਹੈ, ਇਸ ਲਈ ਸਰਕਾਰ ਉੱਤੇ ਲੋਕ-ਲਹਿਰ ਖੜੀ ਕਰਕੇ ਦਬਾਅ ਬਣਾਉਣਾ ਹੀ ਇੱਕੋ-ਇੱਕ ਕਾਰਗਰ ਹਥਿਆਰ ਹੈ। ਇਸਦੇ ਨਾਲ ਹੀ ਮੌਜੂਦਾ ਪ੍ਰਬੰਧ ਵਿੱਚ ਨਸ਼ਿਆਂ ਦੀ ਪੈਦਾਵਾਰ ਉੱਤੇ ਮੁਕੰਮਲ ਪਾਬੰਦੀ ਦੀ ਮੰਗ ਕਰਨਾ (ਸਮੇਤ ਸ਼ਰਾਬ ਦੇ ਠੇਕੇ ਬੰਦ ਕਰਵਾਉਣ ਦੀ ਮੰਗ ਕਰਨ ਦੇ) ਵਧੇਰੇ ਦਰੁਸਤ ਪਹੁੰਚ ਹੈ। ਮੈਡੀਕਲ ਖੇਤਰ ਵਿੱਚ ਦਵਾਈ ਵਜੋਂ ਹੁੰਦੀ ਵਰਤੋਂ ਲਈ ਅਫ਼ੀਮ ਦੀ ਖੇਤੀ ਸਰਕਾਰ ਵੱਲੋਂ ਖੁਦ ਕੀਤੀ ਜਾ ਸਕਦੀ ਹੈ, ਪਰ ਆਮ ਲੋਕਾਂ ਨੂੰ ਅਫ਼ੀਮ ਦੀ ਖੇਤੀ ਦੀ ਖੁੱਲ੍ਹ ਦੇਣਾ ਕਿਸੇ ਵੀ ਪੱਖੋਂ ਸਹੀ ਨਹੀਂ ਹੈ, ਅਫ਼ੀਮ ਦੀ ਖੇਤੀ ਦੀ ਖੁੱਲ੍ਹ ਤਾਂ ਸਮਾਜਵਾਦੀ ਚੀਨ ਵਿੱਚ ਵੀ ਨਹੀਂ ਦਿੱਤੀ ਗਈ ਸੀ।

ਦੂਜਾ, ਰੂਸ ਵਿੱਚ ਸ਼ਰਾਬ ਦੀ ਘਰੇਲੂ ਪੈਦਾਵਾਰ ਨੂੰ ਪਾਬੰਦੀ-ਮੁਕਤ ਕਰਨ ਦੇ ਨਾਲ਼-ਨਾਲ਼ ਉੱਥੇ ਉਸ ਸਮੇਂ ਅਜਿਹੀਆਂ ਸਮਾਜਕ ਹਾਲਤਾਂ ਪੈਦਾ ਹੋ ਰਹੀਆਂ ਸਨ ਜਿੰਨ੍ਹਾਂ ਵਿੱਚ ਵਿਅਕਤੀ ਨੂੰ ਨਸ਼ਿਆਂ ਦੀ ਵਰਤੋਂ ਵੱਲ ਪ੍ਰੇਰਨ ਵਾਲੀਆਂ ਸਥਿਤੀਆਂ ਖਤਮ ਹੋ ਰਹੀਆਂ ਸਨ ਅਤੇ ਵਿਅਕਤੀ ਸਮਾਜ ਨਾਲ ਇਕਮਿਕ ਹੋ ਰਿਹਾ ਸੀ, ਸਮਾਜ ਵਿੱਚੋਂ ਬੇਗਾਨਗੀ ਘੱਟ ਰਹੀ ਸੀ, ਲੋਕ ਇਨਕਲਾਬੀ ਹਾਲਤਾਂ ਵਿੱਚ ਵਿਚਰ ਰਹੇ ਸਨ ਅਤੇ ਉਹ ਮਨੁੱਖਤਾ ਦੇ ਬਿਹਤਰ ਭਵਿੱਖ ਦੀ ਉਸਾਰੀ ਲਈ ਸਰਗਰਮ ਸਨ ਪਰ ਮੌਜੂਦਾ ਭਾਰਤੀ ਸਮਾਜ ਵਿੱਚ ਅਜਿਹੀਆਂ ਹਾਲਤਾਂ ਬਿਲਕੁਲ ਨਹੀਂ ਹਨ। ਹਾਲਤਾਂ ਦੀ ਭਿੰਨਤਾ ਨੂੰ ਧਿਆਨਗੋਚਰੇ ਨਾ ਰੱਖਣਾ ਕਈ ਵਾਰੀ ਬਹੁਤ ਹੀ ਗ਼ਲਤ ਨਤੀਜਿਆਂ ਵੱਲ ਲਿਜਾ ਸਕਦਾ ਹੈ। ਸੈਮੀਨਾਰ 'ਚ ਹੋਈਆਂ ਗੱਲਾਂ ਵਿੱਚ ਵੀ ਇਹ ਦਿਖਾਈ ਦਿੰਦਾ ਹੈ। ਬੀਤੇ ਦੇ ਗੁਣਗਾਨ ਦਾ ਰੁਝਾਨ ਤਾਂ ਅਸੀਂ ਦੇਖ ਹੀ ਚੁੱਕੇ ਹਾਂ, ਦੂਜੀ ਗ਼ਲਤਫ਼ਹਿਮੀ ਜੋ ਦਿਖ ਰਹੀ ਹੈ ਉਹ ਇਹ ਹੈ ਕਿ ਸਮਾਜਕ ਹਾਲਤਾਂ ਨਾਲੋਂ ਤੋੜ ਕੇ ਕਿਸੇ ਸਮੱਸਿਆ ਨੂੰ ਦੇਖਣਾ। ਜਿਵੇਂ ਇੱਥੇ ਨਸ਼ਿਆਂ ਦੀ ਵਰਤੋਂ ਪਿੱਛੇ ਜਿੱਥੇ ਵਿਅਕਤੀਗਤ ਪ੍ਰੇਸ਼ਾਨੀ, ਬੇਰੁਜ਼ਗਾਰੀ ਵੀ ਇੱਕ ਕਾਰਨ ਵਜੋਂ ਜ਼ਿਕਰਅਧੀਨ ਆਏ ਤਾਂ ਹਨ, ਪਰ ਨਾਲ ਹੀ ਨਸ਼ਿਆਂ ਦੀ ਸਮਗਲਿੰਗ ਤੇ ਨਸ਼ਿਆਂ ਉੱਤੇ ਪਾਬੰਦੀ ਨੂੰ ਜ਼ਿਆਦਾ ਵੱਡਾ ਕਾਰਨ ਬਣਾ ਕੇ ਪੇਸ਼ ਕਰਨ ਦੀ ਪ੍ਰਵਿਰਤੀ ਦਿਖ ਰਹੀ ਹੈ। ਵਿਦਵਾਨਾਂ ਨੂੰ ਲੱਗਦਾ ਹੈ ਕਿ ਨਸ਼ਿਆਂ ਉੱਤੇ ਪਾਬੰਦੀ ਹਟਾਉਣ ਨਾਲ (ਕਿਉਂਕਿ ਪੁਰਾਣੇ ਸਮਾਜ, ਭਾਵ ਜਗੀਰੂ ਭਾਰਤੀ ਸਮਾਜ ਵਿੱਚ ਅਜਿਹੀ ਸਖ਼ਤ ਪਾਬੰਦੀ ਨਹੀਂ ਸੀ ਇਸ ਲਈ ਨਸ਼ਾਖੋਰੀ ਇੱਡੀ ਵੱਡੀ ਸਮੱਸਿਆ ਨਹੀਂ ਸੀ ਜਿੰਨੀ ਅੱਜ ਬਣ ਕੇ ਸਾਹਮਣੇ ਆਈ ਹੈ) ਨਾਲ਼ ਸਾਰਾ ਮਸਲਾ ਠੀਕ ਹੋ ਜਾਵੇਗਾ। ਉਹ ਇਹ ਨਹੀਂ ਦੇਖ ਰਹੇ ਕਿ ਜਗੀਰੂ ਸਮਾਜ ਵਿੱਚ ਭਾਈਚਾਰਕ ਤੰਦਾਂ ਬਹੁਤ ਹੱਦ ਤੱਕ ਕਾਇਮ ਰਹਿੰਦੀਆਂ ਹਨ, ਸਾਂਝੇ ਪਰਿਵਾਰ ਹੁੰਦੇ ਹਨ ਜਿਸ ਕਾਰਨ ਬੇਗਾਨਗੀ ਨਹੀਂ ਹੁੰਦੀ ਜਿਵੇਂ ਕਿ ਅੱਜ ਭਾਵ ਸਰਮਾਏਦਾਰਾ ਸਮਾਜ ਵਿੱਚ ਹੈ। ਅੱਜ ਕਿਸੇ ਵਿਅਕਤੀ ਦੇ ਕਿਸੇ ਵੀ ਕਾਰਨ ਮਾਨਸਿਕ ਪ੍ਰੇਸ਼ਾਨੀ ਵਿੱਚ ਘਿਰ ਜਾਣ ਸਮੇਂ ਉਸ ਨੂੰ ਸਹਾਰਾ ਦੇਣ ਵਾਲ਼ਾ ਕੋਈ ਨਹੀਂ ਹੁੰਦਾ, ਸਿੱਟੇ ਵਜੋਂ ਨਸ਼ਿਆਂ ਵੱਲ ਚਲੇ ਜਾਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਦੂਜਾ, ਬੇਗਾਨਗੀ ਆਪਣੇ-ਆਪ ਵਿੱਚ ਹੀ ਵਿਅਕਤੀ ਨੂੰ "ਭੀੜ ਵਿੱਚ ਇਕੱਲਾ" ਕਰ ਦਿੰਦੀ ਹੈ, ਬੇਗਾਨਗੀ ਖੁਦ ਹੀ ਮੌਜੂਦਾ ਢਾਂਚੇ ਅੰਦਰ ਬਹੁਤੇ ਲੋਕਾਂ ਦੀਆਂ ਮਾਨਸਿਕ ਪ੍ਰੇਸ਼ਾਨੀਆਂ ਦਾ ਕਾਰਨ ਹੈ ਅਤੇ ਬੇਗਾਨਗੀ ਦਾ ਸ਼ਿਕਾਰ ਵਿਅਕਤੀ ਦੂਜੇ ਮਨੁੱਖਾਂ ਅਤੇ ਕੁਦਰਤ ਨਾਲ ਵਿਚਰਨ, ਸਮਾਂ ਬਿਤਾਉਣ ਦੀ ਥਾਂ ਇਕੱਲੇ ਰਹਿ ਕੇ ਨਸ਼ੇ ਦੀ ਹਾਲਤ ਵਿੱਚ ਰਹਿਣ ਨੂੰ ਵਧੇਰੇ ਤਰਜੀਹ ਦਿੰਦਾ ਹੈ। ਤੀਜਾ, ਬੇਗਾਨਗੀ ਨਾਲ ਗ੍ਰਸਤ ਸਮਾਜ ਅੰਦਰ ਵਿਅਕਤੀ ਦਾ ਜਨਮ ਤੋਂ ਵਿਕਾਸ ਹੀ ਇਸ ਤਰ੍ਹਾਂ ਹੁੰਦਾ ਹੈ ਕਿ ਉਸ ਕੋਲ ਆਤਮਿਕ ਦੌਲਤ ਲੱਗਭੱਗ ਹੁੰਦੀ ਹੀ ਨਹੀਂ, ਉਸ ਕੋਲੋਂ ਰਚਨਾਤਮਕਤਾ ਤੇ ਸਿਰਜਣਸ਼ੀਲਤਾ ਇਸ ਹੱਦ ਤੱਕ ਖੋਹ ਲਈ ਜਾਂਦੀ ਹੈ ਕਿ ਉਹ ਇੱਕ ਅਜੀਬ ਕਿਸਮ ਦਾ "ਵਿਹਲਾ" ਹੋ ਜਾਂਦਾ ਹੈ, ਭਾਵ ਉਸ ਕੋਲ ਮਨੁੱਖੀ ਸਰਗਰਮੀਆਂ ਦੀ ਇੰਨੀ ਅਣਹੋਂਦ ਹੋ ਜਾਂਦੀ ਹੈ ਕਿ ਉਸ ਕੋਲ ਕਰਨ ਲਈ ਨਸ਼ੇ, ਸ਼ਾਪਿੰਗ (ਜੋ ਖੁਦ ਇੱਕ ਤਰ੍ਹਾਂ ਦਾ ਨਸ਼ਾ ਹੈ), ਸੈਕਸ ਤੇ ਔਰਤਾਂ ਦੀਆਂ ਗੱਲਾਂ ਤੋਂ ਬਿਨਾਂ ਕੁਝ ਰਹਿ ਨਹੀਂ ਜਾਂਦਾ ਅਤੇ ਮਨੋਰੰਜਨ ਦਾ ਸ੍ਰੋਤ ਵੀ ਉਸ ਕੋਲ ਇਹੀ ਰਹਿ ਜਾਂਦੇ ਹਨ। ਆਤਮਿਕ ਗਿਰਾਵਟ ਦੀਆਂ ਇਹ ਨਿਵਾਣਾਂ ਮਨੁੱਖ ਨੇ ਜਗੀਰੂ ਸਮਾਜ ਅੰਦਰ ਅਜੇ ਛੋਹੀਆਂ ਨਹੀਂ ਸਨ, ਇਸ ਲਈ ਵੀ ਨਸ਼ਾਖੋਰੀ ਇੰਨੀ ਭਿਆਨਕ ਨਹੀਂ ਸੀ ਜਿੰਨੀ ਅੱਜ ਹੈ, ਇਸ ਲਈ ਅੱਜ ਦੇ ਸਮਾਜ ਵਿੱਚ ਵੀ ਨਸ਼ਿਆਂ ਦੀ ਸਮੱਸਿਆ ਦਾ ਮੁੱਖ ਕਾਰਨ ਨਸ਼ਿਆਂ ਉੱਤੇ ਪਾਬੰਦੀ ਨਹੀਂ ਹੈ, ਸਗੋਂ ਸਮਾਜਕ ਹਾਲਤਾਂ ਹਨ। ਸਮਾਜਵਾਦੀ ਦੇਸ਼ਾਂ ਅੰਦਰ ਇਹਨਾਂ ਸਮਾਜਕ ਹਾਲਤਾਂ ਨੂੰ ਬਦਲਿਆ ਜਾ ਰਿਹਾ ਸੀ, ਇਸ ਲਈ ਨਸ਼ਿਆਂ ਉੱਤੇ ਪਾਬੰਦੀ ਹਟਾਉਣ ਜਿਹੇ ਕਦਮ ਕਾਮਯਾਬ ਰਹੇ, ਪਰ ਇਹਨਾਂ ਕਦਮਾਂ ਦੀ ਹੂਬਹੂ ਕਾਪੀ ਭਾਰਤ ਦੇ ਮੌਜੂਦਾ ਸਮਾਜ ਵਿੱਚ ਲਾਗੂ ਕਰਨ ਬਾਰੇ ਯੋਜਨਾ ਘੜਨੀ ਹਾਲਤਾਂ ਤੋਂ ਟੁੱਟੀ ਸੋਚ ਹੈ।

ਬੇਰੁਜ਼ਗਾਰੀ ਦੀ ਹਾਲਤ ਵੀ ਬਹੁਤ ਸਾਰੇ ਲੋਕਾਂ ਨੂੰ ਨਸ਼ਿਆਂ ਦੀ ਦਲਦਲ ਵੱਲ ਧੱਕਦੀ ਹੈ, ਇਹ ਸੱਚ ਹੈ ਕਿਉਂਕਿ ਇੱਕ ਪਾਸੇ ਤਾਂ ਇਹ ਮਾਨਸਿਕ ਪ੍ਰੇਸ਼ਾਨੀ ਦਾ ਕਾਰਨ ਬਣਦੀ ਹੈ ਅਤੇ ਦੂਜਾ ਇਹ ਪਹਿਲਾਂ ਹੀ "ਵਿਹਲੇ" ਵਿਅਕਤੀ ਨੂੰ ਹੋਰ "ਵਿਹਲਾ" ਕਰ ਦਿੰਦੀ ਹੈ। ਇਸਦੇ ਹੱਲ ਲਈ ਡਾ.ਜੌਹਲ ਕਹਿੰਦੇ ਹਨ, "ਰੁਜਗਾਰ ਪੈਦਾ ਕਰਨ ਦੀ ਲੋੜ ਹੈ। ਉਦਯੋਗ ਨੂੰ ਪਿੰਡਾਂ ਵਿੱਚ ਲੈ ਕੇ ਜਾਉ। ਵੱਡੇ ਉਦਯੋਗ ਪੰਜਾਬ ਨੂੰ ਮਾਫਕ ਨਹੀਂ। ਪਿੰਡਾ ਵਿੱਚ ਛੋਟੇ ਉਦਯੋਗਾਂ ਨੂੰ ਸਬਸਿਡੀ ਦੇਕੇ ਪ੍ਰਫੁੱਲਤ ਕੀਤਾ ਜਾਵੇ। ਗਰੀਨ ਉਦਯੋਗਾਂ ਨੂੰ ਪ੍ਰਫੁੱਲਤ ਕੀਤਾ ਜਾਵੇ। ਰੋਜ਼ਗਾਰ ਲਈ ਉਦਯੋਗਾਂ ਲਈ ਖੇਤਰ ਨਿਸ਼ਚਿਤ ਕੀਤਾ ਜਾਵੇ ਤਾਂ ਕਿ ਸਥਾਨਕ ਲੋਕਾਂ ਨੂੰ ਰੋਜਗਾਰ ਮਿਲ ਸਕੇ।" ਵੱਡੇ ਉਦਯੋਗ ਪੰਜਾਬ ਨੂੰ ਮਾਫ਼ਕ ਨਹੀਂ(!), ਇਹ ਕਿਸ ਤਰ੍ਹਾਂ(?), ਇਹ ਸਵਾਲ ਤਾਂ ਡਾ. ਜੌਹਲ ਨੂੰ ਪੁੱਛਣਾ ਬਣਦਾ ਹੀ ਹੈ ਕਿ ਇਹ ਕਿਹੜਾ ਸਿਆਸੀ ਆਰਥਿਕਤਾ ਦਾ "ਗ੍ਰੰਥ" ਹੈ ਜੋ ਉਹਨਾਂ ਨੂੰ ਇਹ ਗਿਆਨ ਦਿੰਦਾ ਹੈ। ਬਾਕੀ ਮਾਫ਼ਕ ਨਾ-ਮਾਫ਼ਕ ਦਾ ਸੁਆਲ ਹੈ ਹੀ ਨਹੀਂ, ਸਰਮਾਇਆ ਆਪਣੇ ਮੁਨਾਫ਼ੇ ਨੂੰ ਅੱਗੇ ਰੱਖ ਕੇ ਉਦਯੋਗ ਖੜੇ ਕਰਦਾ ਹੈ, ਇਸ ਲਈ ਉਹ ਕਿੱਥੇ ਉਦਯੋਗ ਲਗਾਵੇ ਜਾਂ ਨਾ ਲਗਾਵੇ, ਇਹ ਤੈਅ ਕਰਨਾ ਸੰਭਵ ਹੀ ਨਹੀਂ ਹੈ। ਖੈਰ, ਇੱਥੇ ਮੁੱਦਾ ਇਹ ਨਹੀਂ ਹੈ, ਡਾ. ਜੌਹਲ ਦੇ ਬਾਕੀ ਸੁਝਾਅ ਵੀ ਮੌਜੂਦਾ ਸਰਮਾਏਦਾਰਾ ਢਾਂਚੇ ਵਿੱਚ ਸੰਭਵ ਹੀ ਨਹੀਂ ਹਨ। ਪਰ ਇੰਨੀ ਗੱਲ ਜ਼ਰੂਰ ਹੈ ਕਿ "ਹਰ ਹੱਥ ਨੂੰ ਰੁਜ਼ਗਾਰ" ਦੀ ਮੰਗ ਨੂੰ ਲੈ ਕੇ ਸਰਕਾਰ ਨੂੰ ਕਟਹਿਰੇ ਵਿੱਚ ਖੜਾ ਕੀਤਾ ਜਾਣਾ ਚਾਹੀਦਾ ਹੈ ਅਤੇ ਮੌਜੂਦਾ ਢਾਂਚੇ ਵਿੱਚ ਇਸਦੀ ਅਸੰਭਵਤਾ ਦਿਖਾਈ ਜਾਣੀ ਚਾਹਦੀ ਹੈ।

ਨਸ਼ਿਆਂ ਖਿਲਾਫ਼ ਲੜਾਈ ਵਿੱਚ ਇੱਕ ਅਹਿਮ ਹਿੱਸੇ ਵਜੋਂ ਸੱਭਿਆਚਾਰਕ ਮੁਹਿੰਮ ਖੜੀ ਕਰਨ ਦੀ ਲੋੜ ਦਾ ਜ਼ਿਕਰ ਕਿਤੇ ਵੀ ਨਹੀਂ ਆਇਆ। ਅਜੋਕੇ ਸਮਾਜ ਵਿੱਚ ਇਹ ਇੱਕ ਅਹਿਮ ਮੋਰਚਾ ਹੈ ਜਿਸ ਤੋਂ ਬਿਨਾਂ ਨਸ਼ਿਆਂ ਖਿਲਾਫ਼ ਕੋਈ ਵੀ ਲੜਾਈ ਮਹਿਜ਼ ਰਸਮ-ਅਦਾਇਗੀ ਬਣ ਕੇ ਰਹਿ ਜਾਵੇਗੀ। ਸਮਾਜ ਵਿੱਚ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਪਤਨਸ਼ੀਲ ਸੱਭਿਆਚਾਰ ਦਾ ਬਦਲ ਦੇਣਾ ਹੋਵੇਗਾ, ਪੜ੍ਹਨ-ਲਿਖਣ ਦਾ ਰੁਝਾਨ ਪੈਦਾ ਕਰਨਾ, ਨੌਜਵਾਨਾਂ ਵਿੱਚ ਰਚਨਾਤਮਕਤਾ ਤੇ ਸਿਰਜਣਸ਼ੀਲਤਾ ਨੂੰ ਹੱਲਾਸ਼ੇਰੀ ਦੇਣਾ, ਉਹਨਾਂ ਅੰਦਰ ਸਮਾਜ ਦੀਆਂ ਸਮੱਸਿਆਵਾਂ ਦੀ ਸਮਝ ਪੈਦਾ ਕਰਨਾ ਤੇ ਉਹਨਾਂ ਖਿਲਾਫ਼ ਲੜਨ ਦੀ ਦਿਸ਼ਾ ਦੇਣਾ ਹੋਵੇਗਾ। ਇਸ ਲਈ ਲਾਇਬ੍ਰੇਰੀਆਂ ਦਾ ਜਾਲ ਵਿਛਾਉਣਾ, ਜਿਮ ਖੋਲਣੇ, ਸਾਇੰਸ ਕਲੱਬ ਕਾਇਮ ਕਰਨੇ ਅਤੇ ਹੋਰ ਤਰ੍ਹਾਂ-ਤਰ੍ਹਾਂ ਦੀਆਂ ਲੋਕ-ਪੱਖੀ ਬਦਲਵੇਂ ਸੱਭਿਆਚਾਰ ਦੀਆਂ ਸੰਸਥਾਵਾਂ ਖੜ੍ਹੀਆਂ ਕਰਨੀਆਂ ਹੋਣਗੀਆਂ।

ਸਭ ਤੋਂ ਉੱਤੇ ਇਸ ਸੈਮੀਨਾਰ ਵਿੱਚ ਹੋਈਆਂ ਗੱਲਾਂ ਵਿੱਚ ਜੋ ਘਾਟ ਨਜ਼ਰ ਆਈ, ਉਹ ਇਹ ਹੈ ਕਿ ਨਸ਼ਿਆਂ ਖਿਲਾਫ਼ ਲੜਾਈ ਨੂੰ ਸਮਾਜ ਦੀਆਂ ਬਾਕੀ ਸਮੱਸਿਆਵਾਂ ਨਾਲੋਂ ਟੁੱਟੀ ਹੋਈ ਲੜਾਈ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ, ਨਸ਼ੇ ਸਮਾਜਕ-ਆਰਥਿਕ ਢਾਂਚੇ ਨਾਲ ਜੁੜੇ ਹੋਏ ਹਨ, ਇਸ ਲਈ ਮੌਜੂਦਾ ਲੋਕ-ਦੋਖੀ ਢਾਂਚੇ ਦਾ ਬਦਲ ਉਸਾਰਨ ਦੇ ਯਤਨਾਂ ਦਾ ਹਿੱਸਾ ਹੋਣ ਤੋਂ ਬਿਨਾਂ ਨਸ਼ਿਆਂ ਖਿਲਾਫ਼ ਕੋਈ ਵੀ ਮੁਹਿੰਮ ਕੁਝ ਵਕਤੀ ਤੇ ਛੋਟੀਆਂ-ਮੋਟੀਆਂ ਕਾਮਯਾਬੀਆਂ ਤਾਂ ਹਾਸਲ ਕਰ ਸਕਦੀ ਹੈ ਪਰ ਨਸ਼ਾ-ਮੁਕਤ ਸਮਾਜ ਬਣਾਉਣ ਦੇ ਟੀਚੇ ਤੱਕ ਨਹੀਂ ਪੁੱਜ ਸਕਦੀ ਹੈ। ਕੋਈ ਕਹਿ ਸਕਦਾ ਹੈ ਕਿ ਜਿੰਨਾ ਚਿਰ ਸਮਾਜਵਾਦ ਨਹੀਂ ਆਉਂਦਾ, ਤਾਂ ਕੀ ਓਨਾ ਚਿਰ ਇਸ ਦਿਸ਼ਾ ਵਿੱਚ ਕੁਝ ਨਾ ਕੀਤਾ ਜਾਵੇ। ਸਾਡਾ ਅਜਿਹਾ ਮਤਲਬ ਬਿਲਕੁਲ ਵੀ ਨਹੀਂ ਹੈ। ਸਾਡਾ ਕਹਿਣ ਦਾ ਭਾਵ ਸਿਰਫ਼ ਇੰਨਾ ਹੈ ਕਿ ਜਦੋਂ ਕਿਸੇ ਸਮੱਸਿਆ ਬਾਰੇ ਗੱਲ ਕੀਤੀ ਜਾਂਦੀ ਹੈ ਤਾਂ ਉਸਦੀ ਜੜ੍ਹ ਸਮੇਤ ਗੱਲ ਹੋਣੀ ਚਾਹੀਦੀ ਹੈ, ਸਿਰਫ਼ ਫੁੱਲ-ਪੱਤੀਆਂ ਦੀ ਬਾਤ ਪਾਕੇ ਮਸਲੇ ਉੱਤੇ ਵਿਚਾਰ-ਚਰਚਾ ਨੂੰ ਪੂਰਾ ਨਹੀਂ ਮੰਨਿਆ ਜਾ ਸਕਦਾ। ਜਿਵੇਂ ਕਿ ਨਸ਼ਿਆਂ ਵਾਲ਼ੇ ਮਸਲੇ ਬਾਰੇ ਹੀ ਹੈ, ਮੌਜੂਦਾ ਸਰਮਾਏਦਾਰਾ ਢਾਂਚਾ ਇਸ ਸਮੱਸਿਆ ਦੀ ਜੜ੍ਹ ਹੈ ਅਤੇ ਨਸ਼ਿਆਂ ਖਿਲਾਫ਼ ਲੜਾਈ ਮੌਜੂਦਾ ਢਾਂਚੇ ਨੂੰ ਉਖਾੜ ਕੇ ਹੀ ਪੂਰੀ ਤਰ੍ਹਾਂ ਖਤਮ ਹੋ ਸਕਦੀ ਹੈ, ਇਸ ਤੱਥ ਨੂੰ ਗੋਲ਼ ਕਰਨਾ, ਚਾਹੇ ਉਹ ਕਿਵੇਂ ਵੀ ਹੋਵੇ, ਨਸ਼ਿਆਂ ਖਿਲਾਫ਼ ਲੜਾਈ ਨੂੰ ਕਮਜ਼ੋਰ ਹੀ ਕਰੇਗਾ। ਇਹ ਠੀਕ ਹੈ ਕਿ ਮੌਜੂਦਾ ਢਾਂਚੇ ਅੰਦਰ ਜਿੰਨਾ ਸੰਭਵ ਹੋ ਸਕਦਾ ਹੈ, ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਫੌਰੀ ਮੰਗਾਂ, ਯੋਜਨਾਵਾਂ ਵੀ ਬਣਨਗੀਆਂ ਪਰ ਉਹ ਵੀ ਤਾਂ ਹੀ ਸਹੀ ਢੰਗ ਨਾਲ ਬਣਨਗੀਆਂ ਜੇ ਮਸਲੇ ਦੀ ਜੜ੍ਹ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ।

**ਲਲਕਾਰ 'ਚੋਂ ਧੰਨਵਾਦ ਸਹਿਤ**

## ਯੁੱਧ ਦੇ ਵਿਰੁੱਧ ਇਕ ਕਵਿਤਾ

1.
ਬੇਸ਼ੱਕ ਮੈਨੂੰ ਬੇਦਖਲ ਕਰ ਦਿਓ
ਇਸ ਮੁਲਕ
ਇਸ ਦੁਨੀਆਂ
ਇਸ ਜਹਾਨ ਤੋਂ
ਪਰ ਮੈਂ
ਇਕ ਅਪਰਾਧ ਕਰਨਾ ਚਾਹੁੰਦਾ ਹਾਂ
ਮੈਂ ਚਾਹੁੰਦਾ ਹਾਂ
ਬਗੈਰ ਹਥਿਆਰਾਂ ਵਾਲੀ ਇਕ ਦੁਨੀਆਂ
ਮੈਂ ਚਾਹੁੰਦਾ ਹਾਂ
ਹਜ਼ਰਤ ਨੂਹ ਦੇ ਵਾਂਗੂੰ
ਮੈਂ ਵੀ ਇਕ ਕਿਸ਼ਤੀ ਬਣਾਵਾਂ
ਅਤੇ ਦੁਨੀਆਂ ਦੇ ਸਾਰੇ ਹਥਿਆਰ
ਰੱਖਦਿਆਂ ਉਸ ਵਿਚ
ਅਤੇ ਫੋਲਦਿਆਂ ਉਸ ਨੂੰ
ਕਿਸੇ ਡੂੰਘੇ ਸਮੁੰਦਰ ਦੀ ਘੁੰਮਣਘੇਰੀ ਵਿਚ।

ਮੈਂ ਬੇਦਖਲ ਕਰ ਦੇਣੀ ਚਾਹੁੰਦਾ ਹਾਂ
ਦੁਨੀਆ ਭਰ ਦੀ ਸਮੁੱਚੀ ਪੁਲਿਸ ਫੋਰਸ
ਖੋਹ ਲੈਣਾ ਚਾਹੁੰਦਾ ਹਾਂ
ਫੌਜੀਆਂ ਤੋਂ ਸਾਰੇ ਮੈਡਲ
ਜਿਹੜੇ ਸਰਹੱਦਾਂ ਉਤੇ ਕੀਤੇ
ਦੂਸਰਿਆਂ ਦੇ ਖ਼ੂਨ ਦਾ ਹਿਸਾਬ ਹਨ

ਮੈਂ ਸਰਹੱਦਾਂ ਨੂੰ ਮਿਟਾ ਦੇਣਾ ਚਾਹੁੰਦਾ ਹਾਂ
ਜਾਂ ਫਿਰ
ਉਥੇ ਬਿਠਾ ਦੇਣਾ ਚਾਹੁੰਦਾ ਹਾਂ
ਫੌਜੀਆਂ ਦੀ ਥਾਂ
ਦੀਵਾਨਿਆਂ ਨੂੰ
ਮੀਰਾਂ ਨੂੰ,
ਸੂਰ
ਕਬੀਰ
ਖਾਸਰੋ
ਫਰੀਦ
ਮੀਰ
ਗਾਲਿਬ
ਫੈਜ਼
ਜਾਲਿਬ
ਅਤੇ ਨਿਜਾ ਫਾਜਿਲੀ ਨੂੰ

ਇਤਿਹਾਸ ਦੀਆਂ ਕਿਤਾਬਾਂ 'ਚੋਂ
ਪੂੰਝ ਦੇਣੀਆਂ ਚਾਹੁੰਦਾ ਹਾਂ
ਜਿੱਤਾਂ ਦੀਆਂ ਸਾਰੀਆਂ ਗਾਥਾਵਾਂ
ਹਾਰਾਂ ਦੀਆਂ ਬੇਚੈਨੀਆਂ
ਢਹਿ ਢੇਰੀ ਕਰ ਦੇਣਾ ਚਾਹੁੰਦਾ ਹਾਂ
ਕਿਲ੍ਹਿਆਂ 'ਤੇ ਮਹਿਲਾਂ 'ਚ ਟੰਗੇ
ਜੰਗਾਂ/ਯੁੱਧਾਂ ਦੇ ਪ੍ਰਤੀਕ ਚਿੰਨ੍ਹ

ਸੰਗ੍ਰਹਿ ਆਲਿਆਂ 'ਚ ਰੱਖੇ ਹਥਿਆਰਾਂ ਦੀ ਥਾਂ
ਰੱਖ ਦੇਣਾ ਚਾਹੁੰਦਾ ਹਾਂ
ਦੁਨੀਆਂ ਭਰ ਦੇ ਪ੍ਰੇਮ ਪੱਤਰ
ਮੈਂ ਮੁੜ ਜਾਣਾ ਚਾਹੁੰਦਾ ਹਾਂ
ਹਜ਼ਾਰਾਂ ਸਾਲ ਪਿਛੇ
ਅਤੇ ਮਿਟਾ ਦੇਣਾ ਚਾਹੁੰਦੇ ਹਾਂ
ਸਾਰੇ ਧਰਮ ਗ੍ਰੰਥਾਂ 'ਚੋਂ
ਯੁੱਧ ਦੇ ਕਿੱਸੇ

ਖੋਹ ਲੈਣਾ ਚਾਹੁੰਦੇ ਹਾਂ
ਰਾਮ ਦੇ ਹੱਥਾਂ 'ਚੋਂ ਧਨੁਸ਼
ਰਾਜਿਆਂ, ਸ਼ਹਿਨਸ਼ਾਹਾਂ ਦੇ ਹੱਥੋਂ ਤਲਵਾਰਾਂ
ਮਿਟਾ ਦੇਣਾ ਚਾਹੁੰਦਾ ਹਾਂ
ਕਰਬਲਾਂ ਦੀ ਇਬਾਦਤ

ਮੈਂ ਕੁਰੂਕਸ਼ੇਤਰ
ਕਰਬਲਾ
ਅਤੇ ਹੋਰ ਸਾਰੇ
ਯੁੱਧ ਦੇ ਮੈਦਾਨਾਂ ਨੂੰ
ਯੁੱਧ ਦੇ ਮੈਦਾਨਾਂ ਨੂੰ
ਲਿਖ ਦੇਣਾ ਚਾਹੁੰਦਾ ਹਾਂ
ਖੇਡ ਦੇ ਮੈਦਾਨ
ਮੈਂ ਕਵਿਤਾਵਾਂ 'ਚੋਂ
ਚੂਸ ਲੈਣਾ ਚਾਹੁੰਦਾ ਹਾਂ
ਬੀਰ ਰਸ

ਇਕ ਕੱਪ ਚਾਹ ਦੇ ਬਦਲੇ
ਸੂਰਜ ਦੀ ਤਪਸ਼ ਨੂੰ
ਦੇ ਦੇਣਾ ਚਾਹੁੰਦਾ ਹਾਂ
ਸਾਰੀਆਂ ਡਿਕਸ਼ਨਰੀਆਂ ਵਿਚਲੇ
ਸਾਰੇ ਹਿੰਸਕ ਸ਼ਬਦ

ਹਿੰਸਾ ਦੇ ਵਿਰੁੱਧ
ਕਹੇ ਅਤੇ ਲਿਖੇ ਗਏ
ਮੈਂ ਆਪਣੇ ਹਿੰਸਕ ਸ਼ਬਦਾਂ ਦੇ ਲਈ
ਮੁਆਫ਼ੀ ਚਾਹੁੰਦਾ ਹਾਂ।

**-ਫਿਰੋਜ਼ ਖਾਂ**
**ਅਨੁਵਾਦ : ਨਰਭਿੰਦਰ**
93544-30211

## ਸੁਰਗ ਨਰਕ

ਜੱਫੀ ਤੇ ਜੱਫਾ ਦੋਵੇਂ
ਕਿਸੇ ਨੂੰ ਬਾਹਵਾਂ ਵਿਚ ਲਪੇਟਣ ਦੀ ਕਿਰਿਆ
ਜੱਫੀ ਜੱਫਾ ਭੈਣ ਭਰਾ
ਕਹਿਣ ਸੁਣਨ ਨੂੰ ਮਿਲਦੇ ਜੁਲਦੇ
ਬਿਲਕੁਲ ਉਲਟ ਸੁਭਾਅ
ਜੱਫੀ ਕਦਰ, ਜੱਫਾ ਜਬਰ
ਜੱਫੀ ਸਰੂਰ, ਜੱਫਾ ਗਰੂਰ
ਜੱਫੀ ਮੇਲ ਜੋੜ, ਜੱਫਾ ਨੂੜ ਤੋੜ-ਮਰੋੜ
ਜੱਫੀ ਨਿੱਘ,
ਜੱਫੀ ਦੇਣਾ ਤੇ ਇਕ ਹੋਣਾ
ਜੱਫਾ ਹਿੰਸਾ,
ਕਬਜ਼ਾ, ਜਬਰੀ ਖੋਹਣਾ
ਜੱਫੀ ਵਾਅਦਾ ਤੇ ਇਕਰਾਰ,
ਜੱਫਾ ਦਾਅਵੇ ਦਾ ਇਜ਼ਹਾਰ
ਜੱਫੀ ਕੋਮਲਤਾ, ਦੋ ਤਰਫਾ ਮੇਲ
ਅਦਾਨ ਪ੍ਰਦਾਨ ਪਾ ਦਿੰਦਾ ਜਾਨ
ਜੱਫਾ ਦੂਜੇ ਦਾ ਘੁੱਟ ਦਿੰਦਾ ਸਾਹ
ਤੇ ਲੈਂਦਾ ਸੂਤ ਪਰਾਣ
ਜੱਫੀ ਸਬਰ, ਸੰਤੋਖ, ਪਿਆਰ
ਜੱਫਾ ਲੋਭ, ਮੋਹ, ਹੰਕਾਰ
ਜੱਫੀ ਉਡਣੇ ਦਾ ਉਤਸ਼ਾਹ
ਜੱਫਾ ਰੋਕ ਖੜੋਵੇ ਰਾਹ
ਜੱਫੀ ਹਲੀਮੀ ਤੇ ਨਰਮਾਈ
ਜੱਫਾ ਹੈਂਕੜ ਤੇ ਕਰੜਾਈ
ਜੱਫੀ ਧਰਵਾਸ ਤੇ ਵਿਸ਼ਵਾਸ
ਜੱਫੀ ਸੁਲਾਹ, ਸਿਆਣਪ, ਸਹਿਮਤੀ
ਜੱਫੀ ਮਮਤਾ, ਸਮਰਪਣ, ਦੋਸਤੀ
ਜੱਫੇ ਬਾਰੇ ਕੁਛ ਹੋਰ ਨਹੀਂ ਕਹਿਣਾ
ਜੱਫੀ ਜੱਫਾ ਮਿਲਦੇ ਜੁਲਦੇ ਨਾਂ
ਲਗਦੇ ਭੈਣ ਭਰਾ
ਪਰ ਦੋਹਾਂ ਵਿਚ ਫਰਕ ਬਹੁਤ ਹੈ
ਬਿਲਕੁਲ ਉਲਟ ਸੁਭਾਅ

**- ਜਸਵੰਤ ਸਿੰਘ ਜੀਰਖ**

## ਚੋਣਾਂ

ਇਸ ਵਾਰੀ ਵੀ ਚੋਣਾਂ ਦੇ ਵਿੱਚ
ਕੁੱਝ ਹਾਰੇ, ਕੁੱਝ ਜਿੱਤੇ ਨੇ
ਪਤਾ ਨਹੀਂ ਕਿ ਗਲਤ ਜਾਂ
ਲੋਕਾਂ ਠੀਕ ਫੈਸਲੇ ਦਿੱਤੇ ਨੇ
ਖੇਲ੍ਹ ਤਮਾਸੇ ਫੇਰ ਦਿਖਾਏ ਵੋਟਾਂ ਨੇ
ਲੋਕਾਂ ਹੱਥੋਂ ਲੋਕ ਹਰਾਏ ਵੋਟਾਂ ਨੇ।

ਬੰਦਾ ਜਦ ਇਕ ਵਸਤੂ ਬਣ ਕੇ ਰਹਿ ਜਾਵੇ
ਮੁੱਲ ਇਸਦਾ ਫਿਰ ਵਿੱਚ ਰੁਪਈਆਂ ਪੈ ਜਾਵੇ
ਕਿੰਨੇ ਸਸਤੇ ਲੋਕ ਵਿਕਾਏ ਵੋਟਾਂ ਨੇ.....

ਭੀੜ ਜਹੀ ਵਿੱਚ ਵਟ ਜਾਂਦੇ ਨੇ ਲੋਕ ਅਜੇ
ਆਪਣੇ ਹੀ ਰਸਤੇ ਲੈਂਦੇ ਰੋਕ ਅਜੇ
ਕੈਸੇ ਕੈਸੇ ਕਹਿਰ ਕਮਾਏ ਵੋਟਾਂ ਨੇ.........

ਰੰਗ ਬਰੰਗੇ ਪਰ ਕੀ ਕਰਨ ਪਰਿੰਦੇ ਜਦ
ਅੰਬਰ ਦੀ ਥਾਂ ਪਿੰਜਰੇ ਹੀ ਉਹ ਦਿੰਦੇ ਜਦ
ਜਾਲ ਵਿਛਾ ਕੇ ਚੋਗੇ ਪਾਏ ਵੋਟਾਂ ਨੇ...

ਚੋਣ ਨਿਸਾਨਾਂ ਉੱਤੇ ਮੋਹਰ ਲਗਾ ਆਏ
ਪਤਾ ਨਹੀਂ ਇਹ ਕੀਹਨੂੰ ਵੋਟਾਂ ਪਾ ਆਏ
ਭੋਲੇ ਭਾਲੇ ਲੋਕ ਫਸਾਏ ਵੋਟਾਂ ਨੇ...

'ਕੰਗ' ਲੋਕਾਂ ਨੂੰ ਲੋਕ ਸਿੰਘਾਸਨ ਮਿਲਿਆ ਨਾ
ਭਾਸਨ ਮਿਲੇ ਬਥੇਰੇ, ਰਾਸਨ ਮਿਲਿਆ ਨਾ
ਰੰਗ ਬਰੰਗੇ ਖਾਬ ਦਿਖਾਏ ਵੋਟਾਂ ਨੇ
ਲੋਕਾਂ ਹੱਥੋਂ ਲੋਕ ਹਰਾਏ ਵੋਟਾਂ ਨੇ

**-ਹਰਜਿੰਦਰ ਕੰਗ**

ਸਥਾਪਤੀ ਦੀ ਚਿਤਾਉਣੀ

## ਤੈਨੂੰ ਵੀ ਬੰਦਾ ਬਣਾ ਦਿਆਂਗੇ

ਕਦੀ ਅੰਬਰ ਦਾ ਟਿੱਮਟਿਮਾਉਂਦਾ ਤਾਰਾ ਬਣ ਜਾਨੈਂ
ਕਦੀ ਦਿਸਹੱਦਿਆਂ 'ਤੇ ਤੈਰਦੀ ਸੂਹੀ ਭਾਅ
ਕਦੀ ਸੱਜਰੀ ਸਵੇਰ ਦੀ ਧੁੱਪ ਬਣ ਖਿੜ ਜਾਨੈਂ
ਕਦੀ ਸੌਣ 'ਚ ਵੱਗਦੀ ਪੁਰੇ ਦੀ ਵਾਅ
ਤੇਰੀ ਇਹ ਮੂੰਹ-ਜ਼ੋਰ ਔਕਾਤ
ਤੇਰੀ ਇਸ ਔਕਾਤ ਨੂੰ ਵੀ ਸਹਿਮ ਦੀ ਪਟਾਰੀ ਪਾ ਦਿਆਂਗੇ
ਜ਼ਰਾ ਠਹਿਰ ਤੈਨੂੰ ਵੀ ਬੰਦਾ ਬਣਾ ਦਿਆਂਗੇ
ਸੂਈ ਦੇ ਨੱਕੇ ਥਾਣੀਂ ਲੰਘਾ ਦਿਆਂਗੇ
ਕਦੀ ਤੂੰ ਸੁਫ਼ਨਾ ਬਣ ਤੁਰਦੈਂ
ਕਦੀ ਉਕਾਬ ਦੀ ਪਰਵਾਜ਼
ਕਦੀ ਸਾਗਰਾਂ 'ਚ ਡੁੱਬਕੀਆਂ ਲਾਉਨੈਂ
ਕਦੀ ਅੱਥਰੀਆਂ ਲਹਿਰਾਂ 'ਤੇ ਸਵਾਰ
ਤੂੰ ਇਸ ਕਦਰ ਬਦਮਸਤ
ਤੇਰੀ ਇਸ ਬਿਰਤੀ ਨੂੰ ਵੀ ਨੱਥ ਪਾ ਦਿਆਂਗੇ
ਜ਼ਰਾ ਠਹਿਰ ----
ਕਦੀ ਰੁਮਕਦੀ ਪਾਉਣ ਦਾ ਬੁੱਲ੍ਹਾ ਬਣ ਜਾਨੈਂ
ਕਦੀ ਅਹਿਲ ਰੁੱਖਾਂ ਦੀ ਸਰਸਰਾਹਟ
ਕਦੀ ਚੰਨ ਨੂੰ ਲੋਰੀਆਂ ਦਿੰਦੀ ਝੀਲ ਦੀ ਤਰੰਗ ਬਣ ਜਾਨੈਂ
ਕਦੀ ਢਾਰਿਆਂ ਦੇ ਦਰਾਂ 'ਤੇ ਬਹਾਰ ਦੀ ਆਹਟ
ਤੇਰੀ ਇਹ ਬੇਮੁਹਾਰ ਫ਼ਿਤਰਤ
ਤੇਰੀ ਇਸ ਫ਼ਿਤਰਤ ਨੂੰ ਵੀ ਰੀਂਗਣ ਦਾ ਅੰਦਾਜ਼ ਸਿਖਾ ਦਿਆਂਗੇ
ਜ਼ਰਾ ਠਹਿਰ ----
ਕਦੀ ਤੂੰ ਮਾਂ ਦੀਆਂ ਲੋਰੀਆਂ ਬਣ ਜਾਨੈਂ
ਕਦੀ ਝੂਲਦੇ ਝੂਲਿਆਂ ਦੇ ਝੋਲ
ਕਦੀ ਬੁੱਲਾਂ 'ਤੇ ਖੇਡਦੀ ਮੁਸਕਰਾਹਟ ਬਣ ਜਾਨੈਂ
ਕਦੀ ਮੁਹੱਬਤ ਦੀ ਨਜ਼ਮ ਦੇ ਬੋਲ
ਤੇਰਾ ਇਹ ਪਾਕ ਜਜ਼ਬਿਆਂ ਦਾ ਚਸ਼ਮਾ
ਤੇਰੇ ਇਸ ਚਸ਼ਮੇ ਨੂੰ ਵੀ ਮੰਡੀ ਦੀ ਭੇਂਟ ਚੜ੍ਹਾ ਦਿਆਂਗੇ
ਜ਼ਰਾ ਠਹਿਰ ----
ਕਦੀ ਤੂੰ ਰੋਟੀ ਬਣ ਜਾਨੈਂ
ਕਦੀ ਸੁੰਨ-ਮਸਾਣਾਂ 'ਚ ਗੂੰਜਦਾ ਗੀਤ
ਕਦੀ ਸੋਕੜੇ-ਮਾਰੇ ਖੇਤਾਂ ਦੀ ਗਰਜ਼ ਬਣ ਜਾਨੈਂ
ਕਦੀ ਪਿਆਸੀਆਂ ਰੂਹਾਂ ਦਾ ਸੰਗੀਤ
ਤੇਰੀ ਫਿਜ਼ਾ 'ਚ ਮਹਿਕ ਉੱਠਣ ਦੀ ਲੋਚਾ
ਤੇਰੀ ਇਸ ਲੋਚਾ ਨੂੰ ਵੀ ਖੁਦਕਸ਼ੀਆਂ ਦੀ ਫਸਲ ਬਣਾ ਦਿਆਂਗੇ
ਜ਼ਰਾ ਠਹਿਰ ----
ਕਦੀ ਤੂੰ ਅਦਨਿਆਂ ਦੀ ਗੈਰਤ ਬਣ ਜਾਨੈਂ
ਕਦੀ ਨਿਤਾਣਿਆਂ ਦਾ ਤਾਣ
ਕਦੀ ਲਿਤਾੜਿਆਂ ਦੀ ਮੜਕ ਬਣ ਜਾਨੈਂ
ਕਦੀ ਰੁਲਦੇ-ਖੁਲਦਿਆਂ ਦਾ ਖੌਲਦਾ ਮਾਣ
ਤੇਰੀ ਇਹ ਜੂਝਣਹਾਰ ਤਾਂਘ
ਇਸ ਤਾਂਘ ਨੂੰ ਵੀ ਸਪੁਰਦੇ-ਜੱਲਾਦ ਕਰਾ ਦਿਆਂਗੇ
ਜ਼ਰਾ ਠਹਿਰ ਤੈਨੂੰ ਵੀ ਬੰਦਾ ਬਣਾ ਦਿਆਂਗੇ
ਸੂਈ ਦੇ ਨੱਕੇ ਥਾਣੀਂ ਲੰਘਾ ਦਿਆਂਗੇ
ਜ਼ਰਾ ਠਹਿਰ ----

• • •

## ਡਾਲਰ ਹੀ ਮਾਈ-ਬਾਪ ਹੈ

ਯਾਰੋ ਇੱਥੇ ਤਾਂ ਬਣੇ ਇਹ ਹਾਲਾਤ ਨੇ
ਭੁੱਲੇ ਆਪਣੇ ਲੋਕ , ਭੁੱਲੇ ਜਮਾਤ ਨੇ
ਤਨ-ਮਨ ਵੀ ਗੈਰ ਹੋਇਆ
ਬੱਸ ਡਾਲਰ ਨਾਲ ਹੋਇਆ ਆਤਮਸਾਤ ਐ
ਇੱਥੇ ਕੋਈ ਕਿਸੇ ਦਾ ਸਕਾ ਨਹੀਂ
ਬੱਸ ਡਾਲਰ ਹੀ ਮਾਈ-ਬਾਪ ਐ

ਯਾਰੋ ਇੱਥੇ ਸੱਭ ਕੁੱਝ ਰੁਲਿਆ
ਸਭਨਾਂ ਨੂੰ ਆਪਣਾ ਆਪਾ ਭੁੱਲਿਆ
ਚੱਤੋ ਪਹਿਰ ਦੌੜ-ਭੱਜਦਾ
ਕਿਹਾ ਲੱਗਿਆ ਜਿੰਦ ਨੂੰ ਸਰਾਪ ਐ
ਇੱਥੇ ਕੋਈ ਕਿਸੇ ਦਾ ਸਕਾ ਨਹੀਂ
ਬੱਸ ਡਾਲਰ ਹੀ ਮਾਈ-ਬਾਪ ਐ

ਹੋਣਹਾਰ ਧੀਆਂ-ਪੁੱਤ ਵਾਹੋਦਾਹੀ ਆਉਂਦੇ ਨੇ
ਰੋਟੀ-ਰੋਜ਼ੀ ਲਈ ਬੂਹੇ ਤੇ ਬੂਹਾ ਖੜਕਾਉਂਦੇ ਨੇ
ਰੁਲ ਰਹੀਆਂ ਸੋਹਲ ਸੱਧਰਾਂ
ਬਾਲ-ਵਰੇਸ ਸੁਫਨਿਆਂ ਦੀ ਉੱਡ ਰਹੀ ਖ਼ਾਕ ਐ
ਇੱਥੇ ਕੋਈ ਕਿਸੇ ਦਾ ਸਕਾ ਨਹੀਂ
ਬੱਸ ਡਾਲਰ ਹੀ ਮਾਈ-ਬਾਪ ਐ

ਭਾਵੇਂ ਸ਼ਾਮ ਐ ਭਾਵੇਂ ਸਵੇਰ ਐ
ਜਿੰਦ ਬਣੀ ਮੁਸ਼ੱਕਤ ਦਾ ਕੋਹਲੂ-ਗੇੜ ਐ
ਸੱਭ ਫੁਰਸਤ ਲਈ ਤਰਸਦੇ
ਹੰਢਾ ਰਹੇ ਡਾਲਰ ਦਾ ਪ੍ਰਤਾਪ ਐ
ਇੱਥੇ ਕੋਈ ਕਿਸੇ ਦਾ ਸਕਾ ਨਹੀਂ
ਬੱਸ ਡਾਲਰ ਹੀ ਮਾਈ-ਬਾਪ ਐ
ਕੁੱਝ ਆਪਣਿਆਂ ਗਲ ਵੀ ਛੁਰੀ ਚਲਾਉਂਦੇ ਨੇ
ਠੱਗੀ-ਠੋਰੀ ਕਰਕੇ ਲਾਟ ਕਹਾਉਂਦੇ ਨੇ
ਰਿਸ਼ਤਿਆਂ ਦਾ ਵਰਕਾ ਪਾੜਿਆ
ਐਸਾ ਡਾਲਰ ਦਾ ਚੜ੍ਹਿਆ ਤਾਪ ਐ
ਇੱਥੇ ਕੋਈ ਕਿਸੇ ਦਾ ਸਕਾ ਨਹੀਂ
ਬੱਸ ਡਾਲਰ ਹੀ ਮਾਈ-ਬਾਪ ਐ

ਇੱਥੇ ਲਿਆਕਤ ਵੀ ਡੰਡੌਤ ਕਰਦੀ ਐ
ਡਾਲਰ ਦਾ ਪਾਣੀ ਭਰਦੀ ਐ
ਸੱਭ ਕੁੱਝ ਦਾ ਡਾਲਰ ਪੈਮਾਨਾ ਐ
ਡਾਲਰ ਹੀ ਪੁੰਨ , ਡਾਲਰ ਹੀ ਪਾਪ ਐ
ਇੱਥੇ ਕੋਈ ਕਿਸੇ ਦਾ ਸਕਾ ਨਹੀਂ
ਬੱਸ ਡਾਲਰ ਹੀ ਮਾਈ-ਬਾਪ ਐ

ਧਰਤ ਬੇਗਾਨੀ 'ਤੇ ਜਵਾਨੀ ਰੁੜ੍ਹੀ ਫਿਰਦੀ ਐ
ਪੰਜ ਪਾਣੀਆਂ ਦੀ ਤਕਦੀਰ ਰੁਲੀ ਫਿਰਦੀ ਐ
ਉੱਥੇ ਬੂਹਿਆਂ ਨੂੰ ਵੱਜ ਰਹੇ ਜੰਦਰੇ
ਗਲੀਆਂ 'ਚ ਦਹਾੜ ਰਿਹਾ ਵਿਨਾਸ਼ ਐ
ਇੱਥੇ ਕੋਈ ਕਿਸੇ ਦਾ ਸਕਾ ਨਹੀਂ
ਬੱਸ ਡਾਲਰ ਹੀ ਮਾਈ-ਬਾਪ ਐ

**-ਗੁਰਤੇਜ ਸਿੰਘ ਖੋਖਰ**

## ਬਹੁਤ ਸੋਖਾ ਹੈ

ਬਹੁਤ ਸੋਖਾ ਹੈ
ਇੱਕ ਰੱਸੀ ਹੀ ਤਾਂ ਖਿੱਚਣੀ ਹੈ
ਤਿਰੰਗਾ ਲਹਿਰਾਉਣ ਵਾਸਤੇ
ਤੇ ਫੁੱਲਾਂ ਦੀ ਵਰਖਾ ਹੋ ਜਾਣੀ ਹੈ....
ਬਹੁਤ ਸੋਖਾ ਹੈ...
ਬੰਦੂਕਾਂ ਦੀ ਛਾਵੇਂ
ਤਿਰੰਗੇ ਨੂੰ ਸਲਾਮੀ ਦੇ ਬਹਾਨੇ
ਅੰਨ੍ਹੀ ਤਾਕਤ ਦਾ ਦਿਖਾਵਾ ਕਰਨਾ....
ਤੇ ਭੁੱਖ ਨਾਲ ਵਿਲਕਦੀ ਮਾਂ ਦੇ ਚੌਥੇ ਤੇ
ਜਲੇਬੀਆਂ ਦਾ ਲੰਗਰ
ਤੁਹਾਡੇ ਲਈ ਬਹੁਤ ਸੋਖਾ ਹੈ....
ਬਹੁਤ ਸੋਖਾ ਹੈ
ਅਲਫ ਨੰਗੀ ਔਰਤ ਦੀਆਂ ਅੱਖਾਂ ਵਿੱਚ
ਸ਼ਰਮ ਹਯਾ ਦਾ ਸੁਰਮਾ ਪਾ ਦੇਣਾ
ਤੇ ਉਸ ਨੂੰ ਅਪਣਾ ਨੰਗੇਜ਼ ਵੇਖਣ ਤੋਂ
ਵਰਜ ਦੇਣਾ......
ਬਹੁਤ ਸੋਖਾ ਹੈ
ਸੋਣ ਤੋਂ ਪਹਿਲਾਂ
ਨੀਂਦ ਦੀ ਗੋਲ਼ੀ ਖਾ ਕੇ
ਜਾਗਦੇ ਰਹੋ ਦਾ ਹੌਕਾ ਦੇਣਾ
ਤੇ ਲੁਟੇਰਿਆਂ ਦੀ ਪੁਸ਼ਤਪਨਾਹੀ ਕਰਨੀ
ਬਹੁਤ ਸੋਖਾ ਹੈ
ਇਹ ਸਭ
ਤੁਹਾਡੇ ਲਈ ਬਹੁਤ ਸੋਖਾ ਹੈ
ਤਿਰੰਗਾ ਲਹਿਰਾਉਣ ਲਈ
ਕੁਰਬਾਨੀਆਂ ਨਹੀਂ ਕਰਨੀਆਂ ਪੈਂਦੀਆਂ
ਸੌਦੇ ਕਰਨੇ ਪੈਂਦੇ ਨੇ
ਤੇ ਇਹੋ ਸੌਦੇ
ਸਾਨੂੰ ਮਨਜ਼ੂਰ ਨਹੀਂ...
ਨਹੀਂ ਮਨਜ਼ੂਰ ਸਾਨੂੰ
ਫੋਕੀ ਤਾਕਤ ਦਾ ਦਿਖਾਵਾ
ਬੁਲਡੋਜ਼ਰਾਂ, ਟੈਂਕਾਂ ਦੀ ਨੁਮਾਇਸ਼
ਅੱਖਾਂ ਚੁੰਧਿਆ ਦੇਣ ਵਾਲੀ ਵਹਿਸ਼ਤ
ਇਨ੍ਹਾਂ ਗਣਤੰਤਰ ਪਰੇਡ ਦੀਆਂ
ਝਲਕੀਆਂ ਵਿੱਚ
ਭੁੱਖਮਰੀ ਕਿੱਥੇ ਹੈ ?
ਗਰੀਬੀ ਕਿੱਥੇ ਹੈ ?
ਹਸਪਤਾਲਾਂ ਦੇ ਬਾਹਰ
ਬਿਨਾਂ ਇਲਾਜ ਤੋਂ ਮਰਨ ਕਿਨਾਰੇ ਪਏ
ਮਰੀਜ਼ ਕਿੱਥੇ ਐ ?
ਸਰਕਾਰੀ ਸਕੂਲਾਂ ਵਿੱਚ
ਆਟਾ ਗੁੰਨ੍ਹਦੇ
ਅਧਿਆਪਕ ਕਿੱਥੇ ਐ ?
ਕਰਜ਼ੇ ਦਾ ਸਤਾਇਆ
ਕਿੱਕਰ ਨਾਲ ਟੰਗਿਆ
ਕਿਸਾਨ ਕਿੱਥੇ ਐ ?
ਅਦਾਲਤਾਂ 'ਚ ਲੱਗੀਆਂ
50-50 ਸਾਲ ਲੰਮੀਆਂ
ਲਾਈਨਾਂ ਕਿੱਥੇ ਐ ?
ਬਹੁਤ ਸੋਖਾ ਹੈ
ਇਨ੍ਹਾਂ ਸਵਾਲਾਂ ਤੋਂ
ਮੂੰਹ ਫੇਰ ਜਾਣਾ
ਕੁਰਬਾਨੀਆਂ ਦੇਕੇ
ਹਾਸਲ ਕੀਤੇ ਤਿਰੰਗੇ ਨਾਲ
ਹਰ ਸਾਲ ਮਜ਼ਾਕ ਕਰਨਾ
ਸਾਨੂ ਪਾਗਲ ਕਰਾਰ ਦੇਣਾ
ਜੇਲ੍ਹਾਂ ਵਿੱਚ ਡੱਕ ਦੇਣਾ
ਤਸੀਹਿਆਂ ਨਾਲ ਨਿਵਾਜਣਾ
ਬਹੁਤ ਸੋਖਾ ਹੈ .....
ਪਰ ਕਿੰਨਾ ਔਖਾ ਹੋਵੇਗਾ
ਤੁਹਾਡੇ ਲਈ ਉਹ ਸਮਾਂ
ਜਦੋਂ
ਪਾਗਲਾਂ ਹੱਥ ਆਤਮਘਾਤੀ
ਹਥਿਆਰ ਆ ਜਾਣਗੇ ?

**-ਸੁਰਜੀਤ ਗੱਗ**

**ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ ਕੈਲਗਰੀ : ਮਾਸਟਰ ਭਜਨ 403-455-4220, ਟੋਰਾਂਟੋ : ਹਰਬੰਸ ਸਿੰਘ 416-817-7142, ਦੇਵਿੰਦਰ ਤੂਰ 416-902-9372**
**ਹਰਨੇਕ ਧਾਲੀਵਾਲ ਵਿਨੀਪੈੱਗ 204-488-6960**

# ਮਾਨਵੀ ਮੁਹੱਬਤਾਂ ਦੀਆਂ ਨਵਾਂ ਪਿਰਤਾਂ ਪਾਉਂਦਾ, ਅਮਰ ਕਰਮਾ ਨੈਟਵਰਕ ਦਾ 12ਵਾਂ ਸਲਾਨਾ ਗਿਵ-ਏ-ਹਾਰਟ





ਪਿਛਲੇ 12 ਸਾਲਾਂ ਤੋਂ ਜੀ ਟੀ ਏ ਵਿਚ, ਫਰਵਰੀ ਦੇ ਪਹਿਲੇ ਹਫਤੇ, valentine's day ਮਨਾਉਣ ਦੇ ਮਕਸਦ ਨਾਲ ਅਮਰ ਕਰਮਾ health and wellness ਦੇ ਨੌਜਵਾਨ ਇਕ ਵਿਲੱਖਣ ਪਹਿਲ ਕਦਮੀ ਕਰਦੇ ਆ ਰਹੇ ਹਨ। ਇਸ ਵਿਚ ਸੰਸਥਾ ਦੇ ਮੋਢੀਆਂ ਵਲੋਂ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਨੌਜਵਾਨਾਂ ਨੂੰ ਪਿਆਰ ਮੁਹੱਬਤ ਦੇ ਇਸ ਦਿਨ ਦੇ ਵੱਖਰੇ ਅਤੇ ਵਿਲੱਖਣ ਮਾਅਨਿਆਂ ਨਾਲ ਜੋੜਿਆ ਜਾਵੇ। ਹਰ ਸਾਲ 16 ਸਾਲਾ ਦੀ ਉਮਰ ਵਿਚ ਪ੍ਰਵੇਸ਼ ਕਰ ਰਹੇ ਬੱਚੇ ਅੰਗਦਾਨ ਦੀ ਰੈਜਿਸਟਰਡ ਸੂਚੀ ਵਿਚ ਸ਼ਾਮਿਲ ਹੁੰਦੇ ਹਨ ਅਤੇ ਸਟੇਜ ਤੇ ਆ ਕੇ ਅਗਲੇ ਸਾਲ ਲਈ ਨਵੇਂ ਗਰੁੱਪ ਨੂੰ ਉਤਸ਼ਾਹਿਤ ਕਰਦੇ ਹਨ। ਇਸ ਸੈਗਮੇਂਟ ਨੂੰ special sixteen ਦਾ ਨਾਮ ਦਿੱਤਾ ਗਿਆ ਹੈ। ਪਿਛਲੇ ਵਰੇ ਰਾਧਿਕਾ ਗੋਇਲ ਨੇ ਇਸ ਸੈਗਮੈਂਟ ਦੀ ਟੋਰਚ ਜੀਆ ਖੁਰਾਨਾ ਦੇ ਹਵਾਲੇ ਕੀਤੀ ਸੀ ਅਤੇ 6 ਸਾਲ ਦੀ ਉਮਰ ਤੋਂ ਸੰਸਥਾ ਨਾਲ ਵੌਲੰਟੀਅਰ ਕਰਦੀ ਜੀਆ ਖੁਰਾਨਾ ਨੇ ਅਮਰ ਕਰਮਾ ਸੰਸਥਾ ਨਾਲ ਜੁੜੇ ਆਪਣੇ ਬਚਪਨ ਦੇ ਕਈ ਵਰਿਆਂ ਦੇ ਸਫਰ ਨੂੰ ਦਰਸ਼ਕਾਂ ਅੱਗੇ ਪੇਸ਼ ਕੀਤਾ। ਕੋਵਿਡ ਕਾਰਨ ਪਿਛਲੇ ਸਾਲ ਵਾਂਗ ਇਸ ਸਾਲ ਵੀ ਇਹ ਸਮਾਗਮ ਔਨਲਾਈਨ ਕਰਵਾਇਆ ਗਿਆ ਸੀ। ਇਸ ਸਮਾਗਮ ਦੀ ਇਕ ਹੋਰ ਖਾਸ ਗੱਲ ਇਹ ਹੁੰਦੀ ਹੈ ਕਿ, ਇਸ ਵਿਚ ਛੋਟੀ ਛੋਟੀ ਉਮਰ ਦੇ ਬੱਚਿਆਂ ਤੋਂ ਲੈ ਕੇ ਵੱਡੇ ਬੱਚੇ, ਆਪਣੀ ਮਰਜ਼ੀ ਦਾ ਕੋਈ ਸਮਾਜਿਕ ਵਿਸ਼ਾ ਚੁਣ ਕੇ ਉਸ ਤੇ ਆਪਣੀ ਉਮਰ ਅਤੇ ਪਹੁੰਚ ਮੁਤਾਬਿਕ ਰੀਸਰਚ ਕਰਦੇ ਹਨ ਅਤੇ ਗਿਵ ਅ ਹਾਰਟ ਸਮਾਗਮ ਵਿਚ ਇਸ ਵਿਸ਼ੇ ਦੀ ਪੇਸ਼ਕਾਰੀ ਕਰਦੇ ਹਨ। ਸੋ, ਇਸ ਤਰਾਂ ਸੰਸਥਾ ਵਲੋਂ ਬੱਚਿਆਂ ਨੂੰ ਸੋਸ਼ਲ ਵਿਸ਼ਿਆਂ ਨਾਲ ਜੋੜਨ, ਉਨਾਂ ਨੂੰ ਪੇਸ਼ ਕਰਨ ਅਤੇ ਇਸ ਬਾਬਤ ਈਨਾਮ ਦੇ ਕੇ ਇਕ ਵਿਸ਼ੇਸ਼ ਤਰ੍ਹਾਂ ਦਾ ਪਲੈਟਫਾਰਮ ਪ੍ਰਦਾਨ ਕੀਤਾ ਜਾਂਦਾ ਹੈ। ਅਮਰ ਕਰਮਾ ਸੰਸਥਾ ਕੈਨੇਡਾ ਦੀ ਪਹਿਲੀ ਅਜਿਹੀ ਸੰਸਥਾ ਹੈ ਜਿਸਨੇ ਅਧਿਕਾਰਤ ਤੌਰ ਤੇ ਅੰਗਦਾਨ ਦੇ ਵਿਸ਼ੇ ਨੂੰ ਚੁਣਿਆ ਅਤੇ 13 ਸਾਲ ਪਹਿਲਾਂ ਇਕ ਵੱਡੀ ਜਾਗਰਤੀ ਮੁਹਿੰਮ ਸ਼ੁਰੂ ਕੀਤੀ। ਸਿਹਤ ਜਾਗਰਤੀ ਸੰਬੰਧੀ volunteers ਦਾ ਇਕ ਵੱਡਾ ਸਮੂਹ ਬਣ ਚੁੱਕੀ ਸੰਸਥਾ Amar Karma health 'ਚ wellness awareness network ਵਲੋਂ ਅੰਗਦਾਨ, ਨਾੜੂ ਦਾਨ, ਖੂਨ ਦਾਨ, ਡਿਸਏਬਿਲੀਟੀ ਅਤੇ ਪਹੁੰਚਯੋਗਤਾ ਦੇ ਨਾਲ ਬਾਲ ਵਾਤਾਵਰਣ, ਸਮਾਜਿਕ ਵਿਭਿੰਨਤਾ ਆਦਿ ਬਹੁਤ ਸਾਰੇ ਵਿਸ਼ਿਆਂ ਨੂੰ ਛੋਹਿਆ ਜਾਂਦਾ ਹੈ ਜੋ ਸਿੱਧੇ ਜਾਂ ਅਸਿੱਧੇ ਤੌਰ ਤੇ ਸਮਾਜਿਕ ਸਿਹਤ ਨਾਲ ਜੁੜੇ ਹੁੰਦੇ ਹਨ। ਸੰਸਥਾ ਦੀ ਸੰਸਥਾਪਤਾ ਬੇਸ਼ਕ ਇਕ ਟੀਮ ਮੈਂਬਰ ਲਵੀਨ ਗਿੱਲ ਵਲੋਂ ਸ਼ੁਰੂ ਕੀਤੀ ਗਈ ਸੀ ਪਰ ਹੁਣ ਇਸ ਵਿਚ ਸੈਂਕੜੇ ਦੀ ਗਿਣਤੀ ਵਿਚ ਨੌਜਵਾਨ ਜੁੜ ਚੁੱਕੇ ਹਨ। ਕਈ ਬੱਚੇ ਅਜਿਹੇ ਹਨ ਜਿਨਾਂ ਬਹੁਤ ਛੋਟੀ ਉਮਰ ਤੋਂ ਵੌਲੰਟੀਅਰ ਕਰ ਰਹੇ ਹਨ ਅਤੇ ਹੁਣ ਯੂਨੀਵਰਸਿਟੀ ਪਾਸ ਕਰ ਰਹੇ ਹਨ। ਇਸ ਸਾਲ ਦਾ volunteer of the year ਅਵਾਰਡ ਗੌਰਵ ਮਾਰੋਕ ਨੂੰ ਦਿਤਾ ਗਿਆ ਹੈ। ਗੌਰਵ ਨੇ ਯੂਨੀਵਰਸਿਟੀ ਦੇ ਆਖਰੀ ਸਮੈਸਟਰ ਵਿਚ ਪੜਦਿਆਂ ਵੀ, ਦਿਨ ਰਾਤ ਇਕ ਕਰਕੇ ਸੰਸਥਾ ਦੀਆਂ ਗਤੀਵਿਧੀਆਂ ਦੀ ਅਗਵਾਈ ਕੀਤੀ ਹੈ। ਸੰਸਥਾ ਦੇ ਬੋਰਡ ਦੇ ਬਾਕੀ ਮੇਂਬਰਾ ਨੇ ਵੀ ਆਪਣੇ ਆਪਣੇ ਸੰਦੇਸ਼ ਸੰਖੇਪ ਵਿਚ ਸਾਝੇ ਕੀਤੇ ਸਨ। ਇਸ ਇਵੈਂਟ ਵਿਚ ਵਰਚੂਅਲ ਤੌਰ ਤੇ Premier Doug Ford, MP Ruby Sahota, MP Sonia Sidhu, MPP Deepak Anand, Amarjot Sandhu, Sara Singh, Gurratan Singh, MPP Kevin Yarde, Mayor Patrick Brown ਅਤੇ Councillor Harkirat Singh ਨੇ ਸ਼ਮੂਲੀਅਤ ਕੀਤੀ।

ਸਮਾਗਮ ਦੇ ਅੰਤ ਵਿਚ ਸੰਸਥਾ ਦੇ ਡਾਇਰੈਕਰ ਅਤੇ ਬੱਚਿਆਂ ਦੇ ਮਾਰਗਦਰਸ਼ਕ, ਡਾ: ਅਮਨ ਤੱਗੜ ਨੇ ਦਰਸ਼ਕਾਂ ਨੂੰ ਸੰਬੋਧਨ ਕੀਤਾ ਅਤੇ ਜੁੜੇ ਮੈਂਬਰਾ ਦਾ ਧੰਨਵਾਦ ਕਰਨ ਦੇ ਨਾਲ ਨਾਲ volunteer of the year award ਵੀ ਐਲਾਨਿਆ। ਅਮਰ ਕਰਮਾ ਬਾਰੇ ਹੋ ਜਾਣਕਾਰੀ www.amarkarma.org ਤੋਂ ਮਿਲ ਸਕਦੀ ਹੈ।


TAX & ACCOUNTING

- Personal, Business & Corporate Tax
- Book Keeping & Accounting Service
- RSEP & Education Saving Plan (Get Goverment Grants upto 40%)
- RRSP, TFSA & RDSP
- Payroll & HST Service
- Business & GST Registration

E-FILE

Special Discounts for Groups & Seniors

K.S.C. General SERVICES


Kirpal Cheema

I will help you understand the product and provide trusted service to choose the product that fits your needs and life style. Give me a call for all your personal and business needs.

647-763-4862
www.kirpalcheema.com

INSURANCE
- Life Insurance (Permanent, Universal or Term)
- Disability & Critical Insurance (Money Back)
- Long Term Care Insurance
- Health, Dental & Drug Benefits
- Visitor & Super Visa Insurance (Monthly & Money Back Plan)
- Group Life, Health, Dental & Drug Plans

MAROK LAW OFFICE
Always Taking You Forward



• Corporate Law • Real Estate
Wills • Affidavits • Power of Attorney

VIPANDEEP SINGH MAROK
Barrister, Solicitor & Notary Public M.A., LLB

80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

Gill
Truck & Trailer Repair & Mobile Service
Lube and Truck Wash



Gill Brothers
Owner

Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis



Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative

FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6

# ਰੂਸ ਯੂਕਰੇਨ ਟਕਰਾਅ ਬਾਰੇ



ਪਾਵੇਲ ਕੁੱਸਾ
62807-22965



ਰੂਸ ਤੇ ਯੂਕਰੇਨ ਦਰਮਿਆਨ ਬਣਿਆ ਹੋਇਆ ਟਕਰਾਅ ਸੰਸਾਰ ਸਾਮਰਾਜੀ ਤਾਕਤਾਂ ਦੀ ਚੌਧਰ ਭੇੜ ਦਾ ਸਿੱਟਾ ਹੈ। ਅਮਰੀਕੀ ਸਾਮਰਾਜੀ ਮਹਾਂਸ਼ਕਤੀ ਦੀ ਅਗਵਾਈ ਹੇਠਲਾ ਕੈਂਪ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਮਗਰੋਂ ਲਗਾਤਾਰ ਸ਼ਰੀਕ ਸਾਮਰਾਜੀ ਮੁਲਕ ਰੂਸ ਦੀ ਘੇਰਾਬੰਦੀ 'ਚ ਰੁੱਝਿਆ ਹੋਇਆ ਸੀ। ਪਰ ਗੰਭੀਰ ਆਰਥਿਕ ਸੰਕਟਾਂ 'ਚ ਘਿਰਿਆ ਰੂਸ ਇਹ ਘੇਰਾਬੰਦੀਆਂ ਜਰਦਾ ਆ ਰਿਹਾ ਸੀ। ਮੁੜ ਸੰਭਾਲੇ ਦੇ ਰਾਹ ਪਏ ਹੋਏ ਰੂਸ ਨੇ 14 ਸਾਲ ਪਹਿਲਾਂ ਅਮਰੀਕੀ ਸਾਮਰਾਜੀਆਂ ਦੇ ਨਾਟੋ ਗੁੱਟ ਨੂੰ ਜਾਰਜੀਆ ਵਿੱਚ ਵੀ ਝਟਕਾ ਦਿੱਤਾ ਸੀ ਤੇ 2014 'ਚ ਕਾਲੇ ਸਾਗਰ ਵਿੱਚ ਯੁੱਧਨੀਤਕ ਮਹੱਤਤਾ ਵਾਲੇ ਟਾਪੂ ਕਰੀਮੀਆ 'ਤੇ ਕਬਜ਼ਾ ਕਰਕੇ ਆਪਣੇ ਮੁੜ ਉਭਾਰ ਨੂੰ ਦਰਸਾਇਆ ਸੀ। ਉਦੋਂ ਵੀ ਅਮਰੀਕੀ ਸਾਮਰਾਜੀਏ ਯੂਕਰੇਨ ਨੂੰ ਨਾਟੋ ਗੁੱਟ ਵਿੱਚ ਸ਼ਾਮਲ ਕਰਨ ਤੋਂ ਅਸਫਲ ਰਹੇ ਸਨ। ਉਸ ਤੋਂ ਮਗਰੋਂ ਸਾਮਰਾਜੀ ਤਾਕਤ ਵਜੋਂ ਰੂਸ ਦਾ ਮੁੜ ਉਭਾਰ ਜਾਰੀ ਰਹਿ ਰਿਹਾ ਹੈ। ਯੂਕਰੇਨ ਤੇ ਰੂਸ ਦਰਮਿਆਨ ਬਣਿਆ ਹੋਇਆ ਇਹ ਟਕਰਾਅ, ਸੰਸਾਰ ਸਾਮਰਾਜੀ ਪਿੜ ਵਿਚ ਅਮਰੀਕਾ ਦੇ ਬਰਾਬਰ ਦੀ ਤਾਕਤ ਵਜੋਂ ਰੂਸ ਦੀ ਦਾਅਵਾ-ਜਤਲਾਈ ਨੂੰ ਦਰਸਾਉਂਦਾ ਹੈ ਤੇ ਨਾਲ ਹੀ ਸੰਸਾਰ ਮਹਾਂਸ਼ਕਤੀ ਵਜੋਂ ਅਮਰੀਕੀ ਸਾਮਰਾਜ ਮੱਧਮ ਪੈ ਰਹੇ ਪ੍ਰਤਾਪ ਦਾ ਇਜਹਾਰ ਵੀ ਬਣ ਰਿਹਾ ਹੈ। ਅਫਗਾਨਿਸਤਾਨ ਤੋਂ ਮਗਰੋਂ ਇਸ ਘਟਨਾਕ੍ਰਮ ਵਿਚ ਵੀ ਅਮਰੀਕੀ ਸਾਮਰਾਜੀ ਮਹਾਂਸ਼ਕਤੀ ਦੀ ਬੇਵੱਸੀ ਝਲਕਦੀ ਹੈ ਤੇ ਮਰਜ਼ੀ ਨਾਲ ਘਟਨਾਵਾਂ ਨੂੰ ਮੋੜਾ ਦੇਣ ਦੀ ਉਸ ਦੀ ਹਾਲਤ ਦੀ ਮੁਡ ਨੁਮਾਇਸ਼ ਲੱਗ ਰਹੀ ਹੈ। ਇਸ ਵਾਰ ਦੁਨੀਆਂ ਸ਼ਰੀਕ ਸਾਮਰਾਜੀ ਤਾਕਤ ਵੱਲੋਂ ਅਮਰੀਕੀ ਸਾਮਰਾਜੀ ਹਿੱਕ 'ਤੇ ਦਲੇ ਜਾ ਰਹੇ ਮੂੰਗ ਦੇਖ ਰਹੀ ਹੈ।

ਮੌਜੂਦਾ ਘਟਨਾ ਵਿਕਾਸ ਅਮਰੀਕੀ ਸਾਮਰਾਜੀ ਅਗਵਾਈ ਵਾਲੇ ਸਾਮਰਾਜੀ ਮੁਲਕਾਂ ਦੇ ਫੌਜੀ ਗੱਠਜੋੜ ਨਾਟੋ ਵਿੱਚ ਯੂਕਰੇਨ ਦੇ ਸ਼ਾਮਲ ਹੋਣ ਨੂੰ ਲੈ ਕੇ ਬਣਿਆ ਹੈ। ਇਉਂ ਇਹ ਅਮਰੀਕੀ ਸਾਮਰਾਜੀ ਗੁੱਟ ਵੱਲੋਂ ਰੂਸ ਦੀ ਘੇਰਾਬੰਦੀ ਲਈ ਛੇੜਿਆ ਗਿਆ ਨਵਾਂ ਛੇੜਾ ਹੈ। ਹਾਲਾਂਕਿ ਅਜਿਹਾ ਕਈ ਕੁਝ ਪਿਛਲੇ ਦਹਾਕਿਆਂ 'ਚ ਹੁੰਦਾ ਆ ਰਿਹਾ ਸੀ ਭਾਵ ਨਾਟੋ ਗੱਠਜੋੜ ਵੱਲੋਂ ਲਗਾਤਾਰ ਰੂਸ ਦੀਆਂ ਹੱਦਾਂ ਤੱਕ ਆਪਣਾ ਪਸਾਰਾ ਕਰਨ ਦੇ ਯਤਨ ਕੀਤੇ ਜਾਂਦੇ ਰਹੇ ਸਨ। ਪਰ ਹੁਣ ਬਦਲੀ ਹਾਲਤ ਦਰਮਿਆਨ ਰੂਸ ਨੇ ਇਨ੍ਹਾਂ ਯਤਨਾਂ ਨੂੰ ਚੁਣੌਤੀ ਦੇ ਦਿੱਤੀ ਹੈ ਤੇ ਉਸ ਨੇ ਯੂਕਰੇਨ ਦੀਆਂ ਸਰਹੱਦਾਂ 'ਤੇ ਫੌਜਾਂ ਜਮ੍ਹਾਂ ਕਰਕੇ ਨਾਟੋ ਦੇ ਪਸਾਰੇ ਦੀਆਂ ਆਪਣੀਆਂ ਸ਼ਰਤਾਂ ਮਨਵਾਉਣ ਲਈ ਦਬਾਅ ਬਣਾ ਲਿਆ ਹੈ। ਯੂਕਰੇਨ ਦੇ ਰੂਸ ਨਾਲ ਲਗਦੇ ਦੋ ਖਿੱਤਿਆਂ ਦੋਨੇਤਸਕ ਤੇ ਲੋਹਾਂਸਕ ਨੂੰ ਆਜਾਦ ਰਾਜ ਤਸਲੀਮ ਕਰਨਾ ਇਸੇ ਲੜਾਈ ਨੂੰ ਅਸਿੱਧੇ ਢੰਗ ਨਾਲ ਅੱਗੇ ਵਧਾਉਣਾ ਹੀ ਹੈ। ਇਨ੍ਹਾਂ ਇਲਾਕਿਆਂ ਦੇ ਬਾਗ਼ੀ ਗੁੱਟਾਂ ਨੂੰ ਸਿੱਧੀ ਹਮਾਇਤ ਦੇਣਾ ਹੈ। ਇਨ੍ਹਾਂ ਖੇਤਰਾਂ ਵਿੱਚ ਕੌਮੀ ਵਖਰੇਵਿਆਂ ਦੇ ਮੁੱਦਿਆਂ ਨੂੰ ਵੀ ਸਾਮਰਾਜੀ ਚੌਧਰਵਾਦੀ/ ਪਸਾਰਵਾਦੀ ਮਕਸਦਾਂ ਦੀ ਭੇਟ ਚੜ੍ਹਾਇਆ ਜਾ ਰਿਹਾ ਹੈ।

ਇਸ ਘਟਨਾ ਵਿਕਾਸ ਦੌਰਾਨ ਇਹ ਪ੍ਰਤੱਖ ਜ਼ਾਹਿਰ ਹੋ ਰਿਹਾ ਹੈ ਕਿ ਜਿਵੇਂ ਇਸ ਮਸਲੇ ਨੂੰ ਅਮਰੀਕੀ ਸਾਮਰਾਜੀਏ ਨਜਿੱਠਣਾ ਚਾਹੁੰਦੇ ਹਨ, ਉਸ ਦੇ ਯੂਰਪੀ ਭਾਈਵਾਲ ਉਵੇਂ ਨਜਿੱਠਣ ਤੋਂ ਪਰਹੇਜ਼ ਕਰਦੇ ਹਨ। ਪੱਛਮੀ ਯੂਰਪ ਅੰਦਰ ਤੇਲ ਤੇ ਗੈਸ ਦੀ ਸਪਲਾਈ ਪੱਖੋਂ ਰੂਸ ਦੀ ਵਿਸ਼ੇਸ਼ ਮਹੱਤਤਾ ਹੈ। ਖ਼ਾਸਕਰ ਜਰਮਨੀ ਦੀ ਰੂਸ ਦੀ ਤੋਂ ਹੁੰਦੀ ਗੈਸ ਸਪਲਾਈ 'ਤੇ ਨਿਰਭਰਤਾ ਸਮੇਤ ਅਜਿਹੇ ਕਈ ਪਹਿਲੂ ਹਨ ਜਿਹੜੇ ਨਾਟੋ ਦੀਆਂ ਇਨ੍ਹਾਂ ਪੱਛਮੀ ਸਾਮਰਾਜੀ ਤਾਕਤਾਂ ਨੂੰ ਮੁਕਾਬਲਤਨ ਬੋਚ ਕੇ ਚੱਲਣ ਲਈ ਮਜਬੂਰ ਕਰ ਰਹੇ ਹਨ। ਅਜੇ ਫ਼ੌਜੀ ਕਾਰਵਾਈਆਂ ਨਾਲੋਂ ਆਰਥਿਕ ਪਾਬੰਦੀਆਂ 'ਤੇ ਹੀ ਟੇਕ ਰੱਖੀ ਜਾ ਰਹੀ ਹੈ। ਸੰਖੇਪ 'ਚ ਕਿਹਾ ਜਾ ਸਕਦਾ ਹੈ ਕਿ ਇਹ ਕਿਸੇ ਵੱਡੀ ਜੰਗ ਨਾਲੋਂ ਜ਼ਿਆਦਾ ਤਾਕਤਾਂ ਦੇ ਦਿਖਾਵੇ ਦੇ ਦਬਾਅ ਰਾਹੀਂ ਆਪੋ ਆਪਣੀਆਂ ਸ਼ਰਤਾਂ ਮਨਵਾਉਣ ਦੀ ਕੋਸ਼ਿਸ਼ ਹੈ ਜਿਸ ਵਿਚ ਛੋਟੇ ਖੇਤਰਾਂ ਦੀਆਂ ਜੰਗੀ ਝੜਪਾਂ ਦੀ ਗੁੰਜਾਇਸ਼ ਬਣੀ ਰਹਿੰਦੀ ਹੈ।

ਭਾਰਤੀ ਹਾਕਮ ਇਸ ਹਾਲਤ ਵਿੱਚ ਬਹੁਤ ਫੂਕ ਫੂਕ ਕੇ ਪੈਰ ਰੱਖ ਰਹੇ ਹਨ। ਅਮਰੀਕੀ ਸਾਮਰਾਜੀ ਜੰਗੀ ਮਨਸੂਬਿਆਂ ਨਾਲ ਨੱਥੀ ਹੋ ਕੇ ਚਲਦੇ ਆ ਰਹੇ ਭਾਰਤੀ ਹਾਕਮ ਰੂਸੀ ਸਾਮਰਾਜੀਆਂ ਦੇ ਇਨ੍ਹਾਂ ਕਦਮਾਂ ਦੀ ਨਿੰਦਾ ਕਰਨ ਤੋਂ ਵੀ ਪ੍ਰਹੇਜ਼ ਕਰ ਰਹੇ ਹਨ। ਅਜੇ ਰੂਸ ਤੋਂ ਖਰੀਦੀਆਂ ਮਿਜਾਈਲਾਂ ਦਾ ਭਾਰਤ ਪਹੁੰਚਣਾ ਬਾਕੀ ਹੈ ਤੇ ਅਮਰੀਕਾ ਪਹਿਲਾਂ ਹੀ ਪਾਬੰਦੀਆਂ ਦੀਆਂ ਧਮਕੀਆਂ ਦਿੰਦਾ ਰਿਹਾ ਹੈ। ਭਾਵ ਕਿ ਅਮਰੀਕਾ ਨਾਲ ਜੁੜ ਕੇ ਚੱਲਦੇ ਹੋਣ ਦੇ ਬਾਵਜੂਦ ਵੀ ਭਾਰਤੀ ਹਾਕਮ ਰੂਸ ਨਾਲ ਸਿੱਧੇ ਟਕਰਾਅ 'ਚ ਪੈਣ ਤੋਂ ਪ੍ਰਹੇਜ਼ ਕਰ ਰਹੇ ਹਨ। ਸੰਸਾਰ ਸਾਮਰਾਜੀ ਤਾਕਤਾਂ ਦੇ ਬਦਲ ਰਹੇ ਤੋਲ ਦਰਮਿਆਨ ਭਾਰਤੀ ਹਾਕਮ ਵੀ ਸ਼ਸ਼ੋਪੰਜ ਜਾਹਰ ਕਰ ਰਹੇ ਹਨ । ਇਨ੍ਹਾਂ ਹਾਲਾਤਾਂ 'ਚ ਹੀ ਸੰਯੁਕਤ ਰਾਸ਼ਟਰ ਵਿਚ ਭਾਰਤ ਦਾ ਬੁਲਾਰਾ ਰੂਸ ਦੀ ਨਿੰਦਿਆ ਕਰਨ ਤੋਂ ਪਹਿਲਾਂ ਰੁਕ ਗਿਆ ਹੈ।

ਸੰਸਾਰ ਭਰ ਦੇ ਕਿਰਤੀ ਲੋਕਾਂ ਦੇ ਹਿੱਤਾਂ ਦੇ ਨਜਰੀਏ ਤੋਂ ਇਹ ਪੂਰੀ ਤਰ੍ਹਾਂ ਨਿਹੱਕਾ ਜੰਗੀ ਟਕਰਾਅ ਹੈ ਜਿਹੜਾ ਸਾਮਰਾਜੀ ਲੁਟੇਰਿਆਂ ਤਾਕਤਾਂ ਦੇ ਮਨਸੂਬਿਆਂ ਖ਼ਾਤਰ ਹੋ ਰਿਹਾ ਹੈ। ਇਸ ਦੇ ਅੱਗੇ ਵਧਣ ਨੇ ਆਮ ਲੋਕਾਂ ਦਾ ਹੀ ਘਾਣ ਕਰਨਾ ਹੈ। ਯੂਕਰੇਨ ਦੇ ਹਾਕਮ ਅਮਰੀਕੀ ਸਾਮਰਾਜੀ ਧੜੇ ਨਾਲ ਜੁੜ ਕੇ ਚੱਲਦੇ ਹੋਣ ਕਾਰਨ ਇਸ ਜੰਗੀ ਟਕਰਾਅ ਵਿੱਚ ਇੱਕ ਸਾਮਰਾਜੀ ਧੜੇ ਦੀ ਧਿਰ ਹੀ ਬਣਦੇ ਹਨ ਤੇ ਯੂਕਰੇਨ ਦੀ ਮਜਦੂਰ ਜਮਾਤ ਦਾ ਨਿਸ਼ਾਨਾ ਬਣਦੇ ਹਨ। ਦੁਨੀਆਂ ਭਰ ਦੇ ਮਿਹਨਤਕਸ਼ ਲੋਕਾਂ ਨੂੰ ਇਨ੍ਹਾਂ ਲੁਟੇਰੇ ਸਾਮਰਾਜੀ ਮੰਤਵਾਂ ਨੂੰ ਪਛਾਨਣਾ ਚਾਹੀਦਾ ਹੈ, ਇਹਨਾ ਜੰਗਬਾਜੀ ਮਨਸੂਬਿਆਂ ਦਾ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ ਤੇ ਇਸ ਜੰਗਾਂ ਦੇ ਸਰੋਤ ਸਾਮਰਾਜ ਦਾ ਇਸ ਧਰਤੀ ਤੋਂ ਖਾਤਮਾ ਕਰਨ ਲਈ ਆਪਣੀਆਂ ਹੱਕੀ ਜੰਗਾਂ ਨੂੰ ਤੇਜ਼ ਕਰਨਾ ਚਾਹੀਦਾ ਹੈ। ਤਿੱਖੀਆਂ ਹੋ ਰਹੀਆਂ ਅੰਤਰ ਸਾਮਰਾਜੀ ਵਿਰੋਧਤਾਈਆਂ ਨੂੰ ਇਨਕਲਾਬੀ ਲੋਕ ਲਹਿਰਾਂ ਦੀ ਪੇਸ਼ਕਦਮੀ ਲਈ ਵਰਤਣ ਦੀ ਤਿਆਰੀ ਕਰਨੀ ਚਾਹੀਦੀ ਹੈ।


## 11 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

## ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।

|  |  |  |  |  |  |
|---|---|---|---|---|---|
| ਹਰਬੰਸ ਸਿੰਘ (ਟੋਰਾਂਟੋ) | ਦੇਵਿੰਦਰ ਤੂਰ (ਟੋਰਾਂਟੋ) | ਮਾਸਟਰ ਭਜਨ (ਕੈਲਗਰੀ) | ਪਰਮਿੰਦਰ ਕੌਰ ਸਵੈਚ (ਵੈਨਕੂਵਰ) | ਜਸਵੀਰ ਕੌਰ ਮੰਗੂਵਾਲ ਵਿਨੀਪੈੱਗ | ਬਲਜਿੰਦਰ ਸਿੰਘ ਵੜੈਚ (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |









# ਪ੍ਰਾਈਵੇਟ ਕਾਲਜਾਂ ਨੇ ਨਕਲੀ ਬੈਂਕਰਪਸੀ ਸ਼ੋਅ ਕਰਕੇ ਵਿਦਿਆਰਥੀਆਂ ਨਾਲ ਠੱਗੀ ਮਾਰੀ

ਮੌਂਨਰੀਅਲ : ਬੀਤੇ ਦਿਨੀ ਮੌਂਨਰੀਅਲ ਦੇ ਤਿੰਨ ਪ੍ਰਾਈਵੇਟ ਕਾਲਜਾਂ ਨੇ ਨਕਲੀ ਬੈਂਕਰਪਸੀ ਸੋਅ ਕਰਕੇ ਵਿਦਿਆਰਥੀਆਂ ਨਾਲ ਠੱਗੀ ਮਾਰੀ ਹੈ ਜਿਸ ਵਿੱਚ ਬਹੁਤੀ ਗਿਣਤੀ ਅੰਤਰ ਰਾਸਟਰੀ ਵਿਦਿਆਰਥੀ ਹਨ ਜਿੰਨਾਂ ਵਿੱਚ ਕਿ ਪੰਜਾਬੀ ਜਿਆਦਾ ਹਨ ਉਹਨਾਂ ਵਿਦਿਆਰਥੀਆਂ ਦੇ ਹੱਕ ਵਿੱਚ ਅੱਜ ਬਰੈਂਮਪਟਨ ਵਿੱਚ ਨੌਜਵਾਨ ਸਪੋਰਟ ਨੈੱਟਵਰਕ ਵੱਲੋਂ ਰੋਸ ਪ੍ਰਦਰਸਨ ਕੀਤਾ ਗਿਆ ਤੇ ਜਿਸ ਵਿਚ 40 ਤੋਂ 50 ਮੈਂਬਰਾਂ ਨੇ ਹਿੱਸਾ ਲਿਆ ਜਿਸ ਵਿੱਚ ਵੱਖ-ਵੱਖ ਬੁਲਾਰਿਆ ਨੇ ਆਪਣੇ ਵਿਚਾਰ ਸਾਂਝੇ ਕੀਤੇ ਤੇ ਵਿਦਿਆਰਥੀਆਂ ਦੇ ਹੱਕ ਵਿੱਚ ਹਾਂ ਦਾ ਨਾਰਾ ਮਾਰਿਆ ਜਿੰਨਾਂ ਵਿੱਚ ਵੱਖ-ਵੱਖ ਭਰਾਤਰੀ ਜੱਥੇਬੰਦੀਆਂ ਨੇ ਹਿੱਸਾ ਲਿਆ ਲਿਆ। ਕਈ ਲੋਕ ਪੁੱਛਦੇ ਹਨ ਕਿ ਸੜਕਾਂ ਤੇ ਨਾਹਰੇ ਮਾਰਨ ਨਾਲ ਕੀ ਹੁੰਦਾ ਹੈ ? ਅਸੀ ਉਹਨਾਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਇਸ ਨਾਲ ਅਸੀ ਆਪਣੇ ਜਿਉਂਦੇਂ ਹੋਣ ਦਾ ਸਬੂਤ ਦਿੰਦੇ ਹਾਂ ਤੇ ਨਾਲ ਹੀ ਇਹ ਦੱਸਦੇ ਹਾਂ ਕਿ ਅਸੀਂ ਆਪਣੇ ਹੱਕ ਕਿਸੇ ਵੀ ਕੀਮਤ ਤੇ ਨਹੀਂ ਛੱਡਾਂਗੇ । ਸਭ ਤੋਂ ਜਰੂਰੀ ਗੱਲ ਸਾਨੂੰ ਹਰ ਇੱਕ ਦੇ ਦੁੱਖ ਵਿੱਚ ਖੜਣਾ ਚਾਹੀਦਾ ਹੈ ਕਿਉਂਕਿ ਆਪਣਿਆਂ ਲਈ ਤੇ ਹਰ ਕੋਈ ਖੜਦਾ ਹੈ ਪਰ ਅਸਲੀ ਇਨਸਾਨ ਉਹ ਹੁੰਦਾ ਹੈ ਜੋ ਕਿਸੇ ਦੇ ਦੁੱਖ ਵਿੱਚ ਉਹਦੇ ਮੋਢੇ ਨਾਲ ਮੋਢਾ ਲਾ ਕੇ ਖੜੇ ਕਿਉਂਕਿ ਖੁਸੀਆਂ ਵਿੱਚ ਤਾਂ ਬਿੰਨ ਬੁਲਾਏ ਵੀ ਸਭ ਪਹੁੰਚ ਜਾਂਦੇ ਆ ਪਰ ਕਿਸੇ ਦੇ ਦੁੱਖ ਦੇ ਵਿੱਚ ਸਰੀਕ ਹੋਣਾ ਵੱਡੀ ਗੱਲ ਹੁੰਦੀ ਹੈ ਜੇ ਅੱਜ ਅੰਤਰ ਰਾਸਟਰੀ ਵਿਦਿਆਰਥੀਆਂ ਨਾਲ ਇਹ ਧੱਕਾ ਹੋਇਆ ਹੈ ਤਾਂ ਆਉਣ ਵਾਲੇ ਸਮੇਂ ਵਿੱਚ ਕਿਸੇ ਨਾਲ ਵੀ ਹੋ ਸਕਦਾ ਹੈ ਕਿ ਪਤਾ ਸਾਡੇ ਕਿਸੇ ਕਰੀਬੀ ਨਾਲ ਹੀ ਹੋ ਜਾਵੇ ਤੇ ਇਸ ਕਰਕੇ ਇਨਸਾਨੀਅਤ ਹੋਣ ਦੇ ਨਾਤੇ ਸਾਡਾ ਫਰਜ ਬਣਦਾ ਹੈ ਕਿ ਅਸੀ ਉਹਨਾਂ ਦੇ ਨਾਲ ਖੜੇ ਹੋਈਏ ਅਤੇ ਸੰਘਰਸ ਦੇ ਵਿੱਚ ਹਿੱਸਾ ਲਈਏ ਅੱਜ ਜੇ ਇਸ ਤਰਾਂ ਸੜਕਾਂ ਤੇ ਖੜ ਕੇ ਨਾਰੇ ਮਾਰ ਕੇ ਹੱਕ ਮਿਲਦੇ ਹਨ ਤਾਂ ਇਸ ਤਰਾਂ ਲੈਣੇ ਚਾਹੀਦੇ ਹਨ ਪਰ ਕੱਲ ਨੂੰ ਜੇ ਸਾਨੂੰ ਕੋਈ ਹੋਰ ਤਰੀਕਾ ਅਪਣਾਉਣਾ ਪਇਆ ਉਹ ਵੀ ਅਪਣਾਇਆ ਜਾ ਸਕਦਾ ਹੈ ਪਰ ਫਿਲਹਾਲ ਤਾਂ ਸਾਨੂੰ ਸੰਘਰਸ ਵਿੱਚ ਵੱਧ ਚੜ ਕਿ ਹਿੱਸਾ ਲੈਣਾ ਚਾਹੀਦਾ ਹੈ। ਆਖਿਰ ਵਿੱਚ ਅਸੀਂ ਸਾਰੀਆ ਜੱਥੇਬੰਦੀਆਂ ਤੇ ਬਾਕੀ ਪਹੁੰਚੇ ਪਤਵੰਤੇ ਸੱਜਣਾਂ ਦਾ ਧੰਨਵਾਦ ਕਰਦੇ ਹਾਂ ਜੋ ਸਿਰਫ ਇੰਸਟਾਂਗ੍ਰਾਮ ਦੇ ਪੇਜ ਤੋਂ ਇੱਕ ਸੁਨੇਹਾ ਪੜ ਕਿ ਪਹੁੰਚੇ ਕਿਉਂਕਿ




ਇਹ ਲੜਾਈ ਇੱਕ ਦਿਨ ਵਿੱਚ ਖਤਮ ਹੋਣ ਵਾਲੀ ਨਹੀਂ ਹੈ ਆਸ ਕਰਦੇ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਸਾਰੇ ਹੀ ਵੱਧ ਚੜ ਕਿ ਹਿੱਸਾ ਲੈਣਗੇ ਕਿਉਂਕਿ ਇਹ ਲੜਾਈ ਇੱਕ ਦਿਨ ਵਿੱਚ ਖਤਮ ਨਹੀਂ ਹੋਣ ਵਾਲੀ ਨਹੀਂ।



Punjabi Rang Radio
CHLO AM530
(TORONTO)
11PM-12AM
(SATURDAY)
Producer/Host
Chamkaur Singh Phulewala
Email punjabirang13@hotmail.com
Cell : 416 662 1313

ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com

202-895 Lawrence Ave E, North York, ON M3C 3L2


Punjab Insurance Inc
SUPER VISA INSURANCE
• Critical Illness Insurance • Life Insurance • Mortgage Insurance
• Disability Insurance • RESP, RRSP

Preet Virk
416-357-1818
7003 Steeles Ave. W,Unit 10 Etobicoke,ON, M9W 0A2
Harveer Kaur Grewal
416-671-1919


HOMELIFE
HIGHER STANDARDS
HomeLife SilverCity Realty Inc.
BROKERAGE Independently Owned & Operated
Harbans Singh
Sales Representative
416-817-7142
905-913-8500
dharbans@hotmail.com
11775 Bramalea Rd., Unit #201, Brampton L6R3S7

EXPERIOR
INANCIAL GROUP INC
Representing Many financial institutions
SuperVisa,Life Insurance
Disability, Critical Illness, Health
SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS
LOWEST RATES
FREE QUOTE
Call
Protect your family

Hardeep Atwal
Sr. Financial Advisor
Call: 416.209.6363

GALAXY Frightline inc.
Hiring Drivers/Owners/Operators
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
Balraj Singh Manager
647-701-6991
FAX: 416-644-8882
EMAIL: dispatch@galaxyfreightline.com
www.galaxyfreightline.com
* 1580 Britannia Road East * Mississauga * ON * L4W 1J2

# “ਰਾਜਨੀਤੀ ਲੋਕਾਂ ਨੂੰ ਮਾਂ-ਬੋਲੀ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰਦੀ ਹੈ, ਕਿਉਂਕਿ ਨਾਬਰੀ ਦੀ ਸੋਚ ਮਾਂ-ਬੋਲੀ ਵਿਚ ਹੀ ਅੱਗੇ ਵੱਧਦੀ ਹੈ” : ਪ੍ਰੋ. ਰਾਮ ਸਿੰਘ

## • ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਕੌਮਾਂਤਰੀ ਮਾਂਤ-ਭਾਸ਼ਾ ਦਿਵਸ ਨੂੰ ਸਮੱਰਪਿਤ ਜ਼ੂਮ-ਸਮਾਗ਼ਮ ਆਯੋਜਿਤ

## • ਇੰਗਲੈਂਡ, ਭਾਰਤ, ਪਾਕਿਸਤਾਨ ਤੇ ਕੈਨੇਡਾ ਦੇ ਕਈ ਸ਼ਹਿਰਾਂ ਤੋਂ ਵਿਦਵਾਨ ਹੋਏ ਸ਼ਾਮਲ







ਬਰੈਂਪਟਨ, (ਡਾ. ਝੰਡ) -ਲੰਘੇ ਐਤਵਾਰ 20 ਫ਼ਰਵਰੀ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਅੰਤਰ-ਰਾਸ਼ਟਰੀ ਮਾਂ-ਬੋਲੀ ਦਿਵਸ ਨੂੰ ਸਮੱਰਪਿਤ ਜ਼ੂਮ-ਸਮਾਗ਼ਮ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਤੋਂ ਇਲਾਵਾ ਅਮਰੀਕਾ, ਇੰਗਲੈਂਡ, ਭਾਰਤ ਅਤੇ ਪਾਕਿਸਤਾਨ ਤੋਂ ਵਿਦਵਾਨਾਂ ਨੇ ਵੱਡੀ ਗਿਣਤੀ ਵਿਚ ਸ਼ਿਰਕਤ ਕੀਤੀ। ਸਭਾ ਵੱਲੋਂ ਇਸ ਜ਼ੂਮ-ਸਮਾਗ਼ਮ ਵਿਚ ਸ਼ਾਮਲ ਹੋਣ ਲਈ ਬਰੈਂਪਟਨ ਵਿਚ ਵਿਚਰ ਰਹੀਆਂ ਹੋਰ ਸਾਹਿਤ ਸਭਾਵਾਂ ਤੇ ਜੱਥੇਬੰਦੀਆਂ ਨੂੰ ਵੀ ਸੱਦਾ ਦਿੱਤਾ ਗਿਆ। ਉਨ੍ਹਾਂ ਦੇ ਨੁਮਾਇੰਦਿਆਂ ਵੱਲੋਂ ਵੀ ਇਸ ਸਮਾਗ਼ਮ ਵਿਚ ਪੰਜਾਬੀ ਮਾਂ-ਬੋਲੀ ਦੇ ਮੌਜੂਦਾ ਹਾਲਾਤ ਅਤੇ ਇਸ ਦੀ ਬੇਹਤਰੀ ਲਈ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਵਿਚਾਰ ਸਾਂਝੇ ਕੀਤੇ ਗਏ।

ਪ੍ਰੋਗਰਾਮ ਦੇ ਆਰੰਭ ਵਿਚ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਸਮਾਗ਼ਮ ਵਿਚ ਸ਼ਾਮਲ ਹੋਏ ਮਹਿਮਾਨਾਂ, ਵਿਦਵਾਨਾਂ ਅਤੇ ਮੈਂਬਰਾਂ ਦੇ ਰਸਮੀ ਸੁਆਗ਼ਤ ਤੋਂ ਬਾਅਦ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਨੇ ਪ੍ਰੋਗਰਾਮ ਦੀ ਰੂਪ-ਰੇਖਾ ਬਾਰੇ ਸੰਖੇਪ ਵਿਚ ਦੱਸਿਆ। ਉਪਰੰਤ, ਸਮਾਗ਼ਮ ਦੇ ਸੰਚਾਲਕ ਤਲਵਿੰਦਰ ਮੰਡ ਨੇ ਮੁੱਖ-ਬੁਲਾਰੇ ਪ੍ਰੋ. ਰਾਮ ਸਿੰਘ ਨੂੰ ਅੰਤਰ-ਰਾਸ਼ਟਰੀ ਮਾਤ-ਭਾਸ਼ਾ ਦਿਵਸ ਬਾਰੇ ਆਪਣੇ ਵਿਚਾਰ ਪੇਸ਼ ਕਰਨ ਲਈ ਬੇਨਤੀ ਕੀਤੀ ਜਿਨ੍ਹਾਂ ਨੇ ਆਪਣਾ ਸੰਬੋਧਨ ਵਿਚ ਕਿਹਾ ਕਿ ਰਾਜਨੀਤੀ ਹਮੇਸ਼ਾ ਲੋਕਾਂ ਨੂੰ ਆਪਣੀ ਮਾਂ-ਬੋਲੀ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰਦੀ ਹੈ, ਕਿਉਂਕਿ ਨਾਬਰੀ ਦੀ ਸੋਚ ਮਾਂ-ਬੋਲੀ ਵਿਚ ਹੀ ਅੱਗੇ ਵੱਧਦੀ ਹੈ। ਉਨ੍ਹਾਂ ਦੱਸਿਆ ਕਿ 1947 ਵਿਚ ਆਜ਼ਾਦੀ ਮਿਲਣ ਤੋਂ ਬਾਅਦ ਭਾਰਤ ਵਿਚ ਹਿੰਦੀ ਨੂੰ ਕੌਮੀ-ਭਾਸ਼ਾ ਅਤੇ ਅੰਗਰੇਜ਼ੀ ਨੂੰ ਸੰਪਰਕ ਭਾਸ਼ਾ ਐਲਾਨਿਆ ਗਿਆ। ਪੰਜਾਬ ਵਿਚ ਪੰਜਾਬੀ ਨੂੰ ਸਰਕਾਰੀ ਤੌਰ ’ਤੇ ਦਫ਼ਤਰੀ ਭਾਸ਼ਾ ਤਤਕਾਲੀ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਵੱਲੋਂ ਬਣਾਇਆ ਗਿਆ। ਉਨ੍ਹਾਂ ਕਿਹਾ ਕਿ ਸਕੂਲੀ ਪੱਧਰ ਤੱਕ ਵਿੱਦਿਆ ਮਾਤ-ਭਾਸ਼ਾ ਵਿਚ ਹੀ ਦੇਣੀ ਚਾਹੀਦੀ ਹੈ ਅਤੇ ਇਸ ਦੇ ਲਈ ਪਾਠ-ਪੁਸਤਕਾਂ ਮਾਤ-ਭਾਸ਼ਾ ਵਿਚ ਹੋਣੀਆਂ ਚਾਹੀਦੀਆਂ ਹਨ।

‘ਪੰਜਾਬੀ ਵਿਚਾਰ ਮੰਚ ਲਾਹੌਰ’ ਦੇ ਅਹਿਮਦ ਰਜ਼ਾ ਨੇ ‘ਬੋਲੀ ਦੀਆਂ ਲੋੜਾਂ ਤੇ ਥੋੜਾਂ’ ਵਿਸ਼ੇ ’ਤੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿ 1947 ਦੀ ਭਾਰਤ-ਪਾਕਿਸਤਾਨ ਵੰਡ ਨਾਲ ਪੰਜਾਬੀ ਬੋਲੀ ਨੂੰ ਵੱਡਾ ਧੱਕਾ ਲੱਗਾ। ਪੱਛਮੀ ਪਾਕਿਸਤਾਨ ਦੇ ਹੋਰ ਸਾਰੇ ਸੂਬਿਆਂ ਵਾਂਗ ਪੰਜਾਬ ਵਿਚ ਵੀ ਉਰਦੂ ਸੂਬੇ ਦੀ ਭਾਸ਼ਾ ਬਣਾ ਦਿੱਤੀ ਗਈ ਅਤੇ ਪੰਜਾਬੀ ਨੂੰ ਪਿੱਛੇ ਧੱਕ ਦਿੱਤਾ ਗਿਆ ਜਿਸ ਨੂੰ ਲੋੜੀਂਦਾ ਦਰਜਾ ਦਿਵਾਉਣ ਲਈ ਪੰਜਾਬੀ ਲਗਾਤਾਰ ਜੱਦੋਜਹਿਦ ਕਰ ਰਹੇ ਹਨ। ਇਸ ਦੇ ਨਾਲ ਹੀ ਉਨ੍ਹਾਂ ਸੂਬੇ ਦੇ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਦੀ ਲੋੜ ’ਤੇ ਜ਼ੋਰ ਦਿੱਤਾ। ਏਸੇ ਤਰ੍ਹਾਂ ਲਾਹੌਰ ਤੋਂ ਦੂਸਰੇ ਵਿਦਵਾਨ ਰਜ਼ਾ ਸ਼ਾਹ ਦਾ ਕਹਿਣਾ ਸੀ ਕਿ ਪਾਕਿਸਤਾਨ ਵਿਚ ਪੰਜਾਬੀ ਨੂੰ ਜਾਂਗਲੀਆਂ ਦੀ ਭਾਸ਼ਾ ਅਤੇ ਉਰਦੂ ਨੂੰ ਅਦਬੀ ਤੇ ਤਹਿਜ਼ੀਬ-ਯਾਫ਼ਤਾ ਬੋਲੀ ਸਮਝਿਆ ਜਾਂਦਾ ਹੈ। ਪੰਜਾਬੀ ਬੋਲੀ ਨੂੰ ਉੱਚਾ ਚੁੱਕਣ ਲਈ ਉੱਥੇ ਪੰਜਾਬੀਆਂ ਵੱਲੋਂ ਸਮੇਂ-ਸਮੇਂ ਮੁਜ਼ਾਹਰਿਆਂ ਰਾਹੀਂ ਆਵਾਜ਼ ਬੁਲੰਦ ਕੀਤੀ ਜਾਂਦੀ ਹੈ। ‘ਇੰਗਲੈਂਡ ਤੋਂ ਦਲਬੀਰ ਕੌਰ ਨੇ ਕਿਹਾ ਕਿ ਰਾਜਨੀਤੀ ਦੀ ਆਪਣੀ ਭਾਸ਼ਾ ਹੈ ਅਤੇ ਭਾਸ਼ਾਂ ਦੀ ਰਾਜਨੀਤੀ ਇਸ ਤੋਂ ਬਿਲਕੁਲ ਵੱਖਰੀ ਹੈ। ਉਨ੍ਹਾਂ ਦਾ ਕਹਿਣਾ ਸੀਕ ਨਿੱਤਾ-ਪ੍ਰਤੀ ਦੀਆਂ ਲੋੜਾਂ ਲਈਂ ਪੰਜਾਬੀਆਂ ਨੂੰ ਮਾਤ-ਭਾਸ਼ਾ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ। ਪੰਜਾਬੀ ਦੁਨੀਆਂ ਟੀ.ਵੀ.’ ਦੇ ਸੀ.ਈ.ਓ. ਹਰਜੀਤ ਸਿੰਘ ਗਿੱਲ ਨੇ ਆਫ਼ੀਸ਼ੀਅਲ ਲੈਂਗੂਏਜ ਅਤੇ ਕਮਿਊਨੀਕੇਸ਼ਨ ਲੈਂਗੂਏਜ ਸਬੰਧੀ ਨੁਕਤਾ ਉਠਾਉਂਦਿਆਂ ਕਿਹਾ ਕਿ ਆਜ਼ਾਦੀ ਤੋਂ ਬਾਅਦ ਹਿੰਦੀ ਨੂੰ ਕੌਮੀ-ਭਾਸ਼ਾ ਨਹੀ; ਸਗੋਂ ਸੰਪਰਕ ਭਾਸ਼ਾ ਹੀ ਬਣਾਇਆ ਗਿਆ ਸੀ। ਬਰੈਂਪਟਨ ਦੀ ‘ਜਗਤ ਪੰਜਾਬੀ ਸਭਾ’ ਦੇ ਨੁਮਾਇੰਦੇ ਅਜਾਇਬ ਸਿੰਘ ਚੱਠਾ ਨੇ ਆਪਣੇ ਸੰਬੋਧਨ ਵਿਚ ਵਿਦਵਾਨਾਂ ਨੂੰ ਪੁਸਤਕਾਂ ਵਿਚ ਆਸਾਨ ਸ਼ਬਦਾਂ ਦੀ ਵਧੇਰੇ ਵਰਤੋਂ ਕਰਨ ਲਈ ਕਿਹਾ ਜੋ ਇਹ ਆਮ ਪੱਧਰ ਦੇ ਵਿਅੱਕਤੀਆਂ ਦੀ ਸਮਝ ਵਿਚ ਆ ਜਾਣ।

ਬਰੈਂਪਟਨ ਦੀ ਸਾਹਿਤ ਸਭਾ ਕਲਮਾਂ ਦਾ ਕਾਫ਼ਲਾ’ ਦੇ ਸੰਚਾਲਕ ਕੁਲਵਿੰਦਰ ਖਹਿਰਾ ਨੇ ਪੰਜਾਬੀ ਪੁਸਤਕਾਂ ਦੇ ਪੱਧਰ ਦੀ ਗੱਲ ਕਰਦਿਆਂ ਕਿਹਾ ਕਿ ਇਨ੍ਹਾਂ ਵਿਚ ਸ਼ਬਦ-ਜੋੜਾਂ ਦੀ ਸਮਾਨਤਾ ਨਹੀਂ ਹੈ ਅਤੇ ਚੰਗੇ ਸਾਹਿਤ ਦੇ ਨਾਲ਼ ਨਾਲ਼ ਕੱਚਾ-ਪਿੱਲਾ ਸਾਹਿਤ ਵੀ ਵੱਡੀ ਮਾਤਰਾ ਵਿਚ ਛਾਪਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੌ-ਡੇਢ ਸੌ ਸਾਲ ਪਹਿਲਾਂ ਕੈਨੇਡਾ ਦੇ ਰੈਜ਼ੀਡੈਂਸ਼ਲ ਸਕੂਲਾਂ ਵਿਚ ਪੁਰਾਣੇ ਕੈਨੇਡਾ-ਵਾਸੀਆਂ ਦੇ ਬੱਚਿਆਂ ਨੂੰ ਉਨ੍ਹਾਂ ਦੀ ਮਾਤ-ਭਾਸ਼ਾ ਤੇ ਸੱਭਿਆਚਾਰ ਤੋਂ ਦੂਰ ਰੱਖਿਆ ਗਿਆ ਅਤੇ ਪੰਜਾਬ ਵਿਚ ਵੀ ਹੁਣ ਏਸੇ ਤਰ੍ਹਾਂ ਪ੍ਰਾਈਵੇਟ ਸਕੂਲਾਂ ਵਿਚ ਬੱਚਿਆਂ ਨੂੰ ਅੰਗਰੇਜ਼ੀ ਅਤੇ ਹਿੰਦੀ ਨਾਲ ਜੋੜ ਕੇ ਪੰਜਾਬੀ ਮਾਂ-ਬੋਲੀ ਤੋਂ ਦੂਰ ਕੀਤਾ ਜਾ ਰਿਹਾ ਹੈ। ਪਿਆਰਾ ਸਿੰਘ ਕੁੱਦੋਵਾਲ ਦਾ ਕਹਿਣਾ ਸੀ ਕਿ ਮਾਤ-ਭਾਸ਼ਾ ਸਿੱਖਣੀ ਜ਼ਰੂਰੀ ਹੈ। ਉਨ੍ਹਾਂ ਕਿਹਾ ਸਾਡਾ ਤਾਂ ਗੁਰੂ ਹੀ ‘ਸ਼ਬਦ-ਗੁਰੂ’ ਹੈ ਅਤੇ ਇਸ ਨੂੰ ਪੰਜਾਬੀ ਪੜ੍ਹ ਕੇ ਹੀ ਸਮਝਿਆ ਜਾ ਸਕਦਾ ਹੈ। ਨਾਹਰ ਔਜਲਾ ਨੇ ਕਿਹਾ ਕਿ ਪੰਜਾਬ ਵਿੱਚੋਂ ਬੱਚੇ ਧੜਾ-ਧੜ ਵਿਦੇਸ਼ਾਂ ਵਿਚ ਜਾ ਰਹੇ ਹਨ’ ਉਹ ਅਤੇ ਕੈਨੇਡੀਅਨ ਪੰਜਾਬੀ ਮਾਪਿਆਂ ਦੇ ਬੱਚੇ ਪੰਜਾਬੀ ਮਾਂ-ਬੋਲੀ ਤੇ ਸੱਭਿਆਚਾਰ ਤੋਂ ਦੂਰ ਹੁੰਦੇ ਜਾ ਰਹੇ ਹਨ ਅਤੇ ਇਸ ਵਰਤਾਰੇ ਨੂੰ ਠੱਲ੍ਹ ਪਾਉਣ ਦੀ ਲੋੜ ਹੈ। ਕਵਿੱਤਰੀ ਸੁਰਜੀਤ ਕੌਰ ਨੇ ਕਿਹਾ ਕਿ ਪੰਜਾਬ ਵਿਚ ਪੰਜਾਬੀ ਭਾਸ਼ਾ ਨਾਲ ਮਤਰੇਈ-ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ ਅਤੇ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਬੋਲਣ ‘ਤੇ ਬੱਚਿਆਂ ਨੂੰ ਜੁਰਮਾਨਾ ਕੀਤਾ ਜਾਂਦਾ ਹੈ। ਏਸੇ ਤਰ੍ਹਾਂ ਡਾ. ਕੁਲਜੀਤ ਸਿੰਘ ਜੰਜੂਆ, ਭਾਰਤ ਤੋਂ ਮਨਵਿੰਦਰ ਸੋਨੀਆ ਤੇ ਰਵਿੰਦਰ ਕੌਰ ਭਾਟੀਆ, ਪਾਕਿਸਤਾਨ ਤੋਂ ਸਈਦਾ ਬਖ਼ਤਾਵਰ ਸ਼ਾਹ ਤੇ ਕਈ ਹੋਰਨਾਂ ਵੱਲੋਂ ਵੀ ਆਪਣੇ ਵਿਚਾਰ ਪੇਸ਼ ਕੀਤੇ ਗਏ। ਬੁਲਾਰਿਆਂ ਵੱਲੋਂ ਉਠਾਏ ਗਏ ਨੁਕਤਿਆਂ ਅਤੇ ਸੁਆਲਾਂ ਦੇ ਜੁਆਬ ਪ੍ਰੋ. ਰਾਮ ਸਿੰਘ ਵੱਲੋਂ ਤਸੱਲੀ-ਪੂਰਵਕ ਦੱਤੇ ਗਏ।

ਪੰਜਾਬੀ ਬੋਲੀ ਸਬੰਧੀ ਵਿਚਾਰ-ਚਰਚਾ ਕਾਫ਼ੀ ਲੰਮੀ ਹੋਣ ਕਾਰਨ ਇਸ ਦੇ ਦੂਸਰੇ ਭਾਗ ਕਵੀ-ਦਰਬਾਰ ਨੂੰ ਬੇਸ਼ਕ ਸਮਾਂ ਕੁਝ ਘੱਟ ਮਿਲਿਆ ਪਰ ਇਸ ਸੀਮਿਤ ਸਮੇਂ ਵਿਚ ਗਾਇਕ ਇਕਬਾਲ ਬਰਾੜ, ਪਾਕਿਸਤਾਨ ਤੋਂ ਨਜਮਾ ਮਹਿਮੂਦ ਨਜਮਾ, ਕੈਲਗਰੀ ਤੋਂ ਗੁਰਦੀਸ਼ ਗਰੇਵਾਲ,ਯੂ.ਕੇ. ਤੋਂ ਦਲਵੀਰ ਕੌਰ, ਭਾਰਤ ਤੇ ਕੈਨੇਡਾ ਤੋਂ ਮੰਤਾਨਾ ਮੈਨਨ, ਮਨਜੀਤ ਸੇਖੋਂ, ਹਰਜੀਤ ਬਮਰਾਹ, ਰਵਿੰਦਰ ਕੌਰ ਭਾਟੀਆ, ਕੁਲਜੀਤ ਜੰਜੂਆ, ਕੁਲਜੀਤ ਮਾਨ, ਰਮਿੰਦਰ ਵਾਲੀਆ, ਸੁਰਜੀਤ ਕੌਰ ਅਤੇ ਪਰਮਜੀਤ ਗਿੱਲ ਨੇ ਆਪਣੇ ਗੀਤਾਂ ਤੇ ਕਵਿਤਾਵਾਂ ਨਾਲ ਖ਼ੂਬ ਰੰਗ ਬੰਨ੍ਹਿਆਂ। ਸਮੇਂ ਦੀ ਘਾਟ ਕਾਰਨ ਕਈ ਮੈਂਬਰ ਆਪਣੀਆਂ ਰਚਨਾਵਾਂ ਸਾਂਝੀਆਂ ਨਾ ਕਰ ਸਕੇ। ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਸਮੂਹ ਬੁਲਾਰਿਆਂ ਅਤੇ ਮਹਿਮਾਨਾਂ ਦਾ ਬੜੇ ਭਾਵਪੂਰਤ ਸ਼ਬਦਾਂ ਵਿਚ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਪੰਜਾਬੀ ਬੋਲੀ ਨੂੰ ਸਮੱਰਪਿਤ ਇਸ ਤਰ੍ਹਾਂ ਦੇ ਸਮਾਗ਼ਮ ਅਕਸਰ ਆਯੋਜਿਤ ਕਰਦੀ ਰਹਿੰਦੀ ਹੈ ਅਤੇ ਇਸ ਨੂੰ ਭਵਿੱਖ ਵਿਚ ਵੀ ਅਜਿਹੇ ਸਾਰਥਿਕ ਉਪਰਾਲੇ ਕਰਦੇ ਰਹਿਣਾ ਚਾਹੀਦਾ ਹੈ। ਸਮਾਗ਼ਮ ਦੇ ਦੋਹਾਂ ਭਾਗਾਂ ਨੂੰ ਤਲਵਿੰਦਰ ਮੰਡ ਅਤੇ ਪਰਮਜੀਤ ਢਿੱਲੋਂ ਵੱਲੋਂ ਵਧੀਆ ਤਰਤੀਬ ਦਿੱਤੀ ਗਈ ਅਤੇ ਇਸ ਦੇ ਤਕਨੀਕੀ ਪੱਖ ਨੂੰ ਡਾ. ਜਗਮੋਹਨ ਸੰਘਾ ਵੱਲੋਂ ਬਾਖ਼ੂਬੀ ਨਿਭਾਇਆ ਗਿਆ।













# ਸੁਖਮਿੰਦਰ ਸਿੰਘ ਹੰਸਰਾ ਜੀ ਸਾਡੇ 'ਚ ਨਹੀਂ ਰਹੇ



ਬੜੀ ਅਫਸੋਸ ਵਾਲੀ ਖਬਰ ਹੈ ਕਿ ਸੁਖਮਿੰਦਰ ਸਿੰਘ ਹੰਸਰਾ ਜੀ ਸਾਡੇ 'ਚ ਨਹੀਂ ਰਹੇ। ਉਹਨਾ ਨੂੰ ਨਿੱਕ ਨੇਮ 'ਬਿੱਲੂ ਹੰਸਰਾ' ਕਰਕੇ ਵੀ ਜਾਣਿਆ ਜਾਂਦਾ ਸੀ। ਮੈਂ ਜਿਸ ਦਿਨ ਦਾ ਕੈਨੇਡਾ 'ਚ ਆਇਆਂ ਹਾਂ, ਉਸ ਸਮੇਂ ਤੋਂ ਹੀ ਨੋਟ ਕੀਤਾ ਕਿ ਹੰਸਰਾ ਜੀ ਹਮੇਸਾ ਹੀ ਕਮਿਊਨਟੀ ਨੂੰ ਦਰਪੇਸ ਆਉਦੀਆਂ ਮੁਸਕਲਾਂ ਦੀ ਗੱਲ ਕਰਦੇ ਰਹਿੰਦੇ ਸਨ। ਹਰ ਪੱਧਰ ਦੀਆਂ ਸਰਕਾਰਾਂ ਤੱਕ ਅਪਰੋਚ ਕਰਕੇ ਮਸਲੇ ਦਾ ਹੱਲ ਕਰਵਾਉਣ ਲਈ ਤਤਪਰ ਰਹਿੰਦੇ। ਖਾਲਿਸਤਾਨ ਬਣਾਉਣ ਦੇ ਮੁੱਦੇ 'ਤੇ ਵੀ ਉਹ ਹਮੇਸਾ ਹੀ ਆਪਣੀ ਗੱਲ ਬੇਝਿੱਜਕ ਕਰਦੇ ਰਹੇ। ਉਹ ਕਈ ਵਾਰ ਵਾਦ-ਵਿਵਾਦਾਂ 'ਚ ਵੀ ਘਿਰੇ। ਪਰ ਉਹ ਅੰਤਲੇ ਸਮੇਂ ਤੱਕ ਆਪਣੀ ਗੱਲ 'ਤੇ ਪਹਿਰਾ ਦਿੰਦੇ ਰਹੇ। ਉਹ ਮੇਰੇ ਵਿਚਾਰਾਂ ਨੂੰ ਜਾਣਦੇ ਸੀ ਤੇ ਮੈਂ ਉਹਨਾਂ ਦੇ, ਪਰ ਸਾਡੇ ਸੰਬੰਧ ਸੁਖਾਵੇਂ ਸਨ। ਜਦੋਂ ਮਿਲਣਾ ਤਾਂ ਚੰਗੇ ਮਾਹੌਲ 'ਚ ਮਿਲਣਾ ਭਾਵੇਂ ਸਾਲ ਵਾਧ ਹੀ ਮਿਲੇ ਹੋਈਏ। ਪਹਿਲਾਂ ਉਹ ਸਾਂਝ ਸਵੇਰਾ ਪੇਪਰ ਨਾਲ ਜੁੜੇ ਰਹੇ ਫੇਰ ਅਣਖੀਲਾ ਪੰਜਾਬ ਰੇਡੀਓ ਪ੍ਰੋਗਰਾਮ ਵੀ ਚਲਾਉਂਦੇ ਰਹੇ। ਰੇਡੀਓ ਪ੍ਰੋਗਰਾਮ ਵੀ ਵਿਵਾਦਾਂ 'ਚ ਹੀ ਬੰਦ ਹੋ ਗਿਆ ਸੀ। ਇਕ ਦੋ ਵਾਰ ਅਲੈਕਸਨ 'ਚ ਵੀ ਆਉਣ ਦੀ ਕਿਸਮਤ ਅਜਮਾਈ ਕੀਤੀ ਪਰ ਸਫਲ ਨਹੀਂ ਹੋ ਸਕੇ। ਸਿੱਖ ਕਮਿਊਨਟੀ 'ਚ ਉਹ ਕੌਮਾਂਤਰੀ ਪੱਧਰ 'ਤੇ ਜਾਣੇ ਜਾਂਦੇ ਸਨ। ਬਹੁਤ ਸਾਰੇ ਲੋਕ ਉਹਨਾਂ ਦੀ ਇੱਜਤ ਵੀ ਕਰਦੇ ਸਨ, ਬਹੁਤ ਸਾਰੇ ਉਹ ਵੀ ਸਨ ਜੋ ਉਹਨਾਂ ਦੇ ਵਿਚਾਰਧਾਰਕ ਵਿਰੋਧੀ ਸਨ। ਕੌਣ ਠੀਕ ਕੌਣ ਗਲਤ ਇਸ ਦਾ ਫੈਸਲਾ ਤਾਂ ਹਰ ਕਿਸੇ ਨੇ ਆਪੋ ਆਪਣੇ ਹਿਸਾਬ ਨਾਲ ਕਰਨਾ ਹੁੰਦਾ ਹੈ। ਇਕ ਉਹਨਾਂ 'ਚ ਖਾਸ ਸਿਫਤ ਸੀ ਕਿ ਰੇਡੀਓ ਪ੍ਰੋਗਰਾਮ 'ਚ, ਕਿਸੇ ਵੀ ਵਿਰੋਧੀ ਵਿਚਾਰਾਂ ਦੇ ਬੰਦੇ ਨੂੰ ਵੀ ਸਮਾਂ ਦੇਣ ਤੋਂ ਝਿਜਕਦੇ ਨਹੀਂ ਸਨ, ਗਲ ਵੀ ਪੂਰੀ ਕਹਿਣ ਦਿੰਦੇ ਸਨ। ਕਿਸੇ ਚੰਗੇ ਕਾਜ ਲਈ ਉਹ ਵਿਰੋਧੀ ਵਿਚਾਰਾਂ ਵਾਲੇ ਬੰਦੇ ਦੀ ਵੀ ਮਦਦ ਕਰ ਦਿੰਦੇ। ਕਾਮਰੇਡ ਗਰੇਵਾਲ ਜੀ ਵੀ ਕਈ ਸਾਲ ਇਹਨਾਂ ਦੇ ਸਾਂਝ ਸਵੇਰਾ ਪੇਪਰ ਦੇ ਐਡੀਟੋਰੀਅਲ ਬੋਰਡ 'ਚ ਕੰਮ ਕਰਦੇ ਰਹੇ, ਇਹ ਹੰਸਰਾ ਜੀ ਦੀ ਫਰਾਖਦਿਲੀ ਹੀ ਸੀ। ਜ਼ਿੰਦਗੀ 'ਚ ਕੋਈ ਵੀ ਬੰਦਾ ਸਾਰੇ ਕੰਮ ਨੇਕ ਹੀ ਨਹੀਂ ਕਰ ਸਕਦਾ, ਇਨਸਾਨ ਤਾਂ ਇਨਸਾਨ ਹੈ ਉਸ ਤੋਂ ਕਈ ਕੰਮ ਗਲਤ ਵੀ ਹੋ ਜਾਂਦੇ ਹਨ। ਕਈ ਕੰਮ ਇਹੋ ਜਿਹੇ ਵੀ ਹੁੰਦੇ ਹਨ ਜੋ ਸਾਰੇ ਲੋਕਾਂ ਨੂੰ ਕਦੀ ਵੀ ਠੀਕ ਨਹੀਂ ਲੱਗ ਸਕਦੇ। ਅਸੀਂ ਕਮਿਊਨਟੀ ਦੇ ਬਹੁਤ ਸਾਰੇ ਮਸਲਿਆਂ 'ਤੇ ਰਲਕੇ ਕੰਮ ਕੀਤਾ ਹੈ ਭਾਵੇਂ ਉਹ 2010 'ਚ ਅਮਨਦੀਪ ਕੌਰ ਢਿਲੋਂ ਨਾਂ ਦੀ ਲੜਕੀ ਦੇ ਕਤਲ ਦਾ ਮਾਮਲਾ ਹੋਵੇ, ਜੇ ਐਂਡ ਕੇ 'ਚ ਸੰਨ 2000 'ਚ ਚਿੱਟੀ ਸਿੰਘਪੁਰਾ 'ਚ ਸਿੱਖਾਂ ਨੂੰ ਘਰਾਂ 'ਚੋਂ ਕੱਢ ਕੇ ਮਾਰੇ ਜਾਣ ਸਮੇਂ ਫੰਡ ਇਕੱਠਾ ਕਰਨ ਦਾ ਮਾਮਲਾ ਹੋਵੇ, ਜਾਂ ਕੋਈ ਨਸਲਵਾਦ ਦਾ ਮੁੱਦਾ ਹੋਵੇ। ਇਹੋ ਜਿਹੇ ਮੁੱਦਿਆਂ 'ਤੇ ਹੰਸਰਾ ਜੀ ਵਿੱਤ ਮੁਤਾਬਕ ਆਪਣਾ ਹਿੱਸਾ ਜਰੂਰ ਪਾਉਂਦੇ। ਉਹਨਾਂ ਬਾਰੇ ਪੂਰੀ ਕਿਤਾਬ ਲਿਖੀ ਜਾ ਸਕਦੀ ਹੈ। ਮੈਂ ਤੇ ਮੇਰਾ ਪਰਿਵਾਰ ਹੰਸਰਾ ਸਾਹਿਬ ਦੇ ਪਰਿਵਾਰ ਦੇ ਇਸ ਔਖੇ ਸਮੇਂ 'ਚ ਸਰੀਕ ਹੁੰਦੇ ਹਾਂ। ਬਹੁਤ ਅਫਸੋਸ ਹੈ, ਵਿਚਾਰਾਂ ਦੇ ਟਕਰਾਵੇਂ ਨਾਲ, ਜਨਤਕ ਕੰਮਾਂ ਲਈ ਬਹੁਤ ਵਧੀਆ ਇਨਸਾਨ ਸੀ, ਉਸਦੇ ਪਰਿਵਾਰ ਤੇ ਉਸਦੇ ਸਾਥੀਆਂ, ਹਮਦਰਦੀਆਂ ਨਾਲ ਅਦਾਰਾ 'ਸਰੋਕਾਰਾਂ ਦੀ ਆਵਾਜ਼' ਦੁੱਖ ਦਾ ਇਜਹਾਰ ਕਰਦਾ ਹੈ।

- ਨਾਹਰ ਔਜਲਾ

# ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਫਰਵਰੀ ਮਹੀਨਾਵਾਰ ਮੀਟਿੰਗ ਵਿੱਚ ਸਾਹਿਤਕ ਰਚਨਾਵਾਂ ਦੇ ਨਾਲ ਸਮਾਜਿਕ ਮੁੱਦਿਆਂ ਤੇ ਵੀ ਹੋਈ ਚਰਚਾ




ਜੋਰਾਵਰ ਸਿੰਘ-ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਫਰਵਰੀ ਮਹੀਨੇ ਦੀ ਮੀਟਿੰਗ ਪ੍ਰਧਾਨ ਦਵਿੰਦਰ ਮਨਹਾਸ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦਾ ਆਗਾਜ਼ ਕਰਦਿਆਂ ਜਨਰਲ ਸਕੱਤਰ ਜੋਰਾਵਰ ਬਾਂਸਲ ਨੇ ਕੁਝ ਸ਼ੇਅਰ ਸੁਣਾ ਕੇ ਸਭ ਨੂੰ 'ਜੀ ਆਇਆਂ ਨੂੰ' ਆਖਿਆ ਤੇ ਮੀਟਿੰਗ ਦਾ ਵੇਰਵਾ ਦੇਣ ਤੋਂ ਪਹਿਲਾਂ ਸਦਾ ਲਈ ਵਿਛੜ ਚੁੱਕੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਜਿਨ੍ਹਾਂ ਵਿੱਚ ਅੱਧੀ ਸਦੀ ਤੋ ਵੀ ਵੱਧ ਭਾਰਤ ਦੀਆਂ ਅਣਗਣਿਤ ਭਾਸ਼ਾਵਾਂ ਵਿਚ ਗਾਉਣ ਵਾਲੀ ਗਾਇਕਾ ਲਤਾ ਮੰਗੇਸ਼ਕਰ ਦਾ ਜ਼ਿਕਰ ਕੀਤਾ। ਜਿਨ੍ਹਾਂ ਦੇ ਗੀਤ ਰਹਿੰਦੀ ਦੁਨੀਆਂ ਤੱਕ ਸੁਣੇ ਜਾਣਗੇ।ਪੰਜਾਬੀ ਗੀਤਕਾਰੀ ਦੇ ਬਾਬਾ ਬੋਹੜ ਬਾਪੂ ਦੇਵ ਥਰੀਕਿਆਂ ਵਾਲੇ ਜਿਨ੍ਹਾਂ ਲੋਕ ਗਾਥਾਵਾਂ, ਲੋਕ ਤੱਥ, ਕਿੱਸੇ, ਕਲੀਆਂ ਅਤੇ ਅਣਗਿਣਤ ਕਿਤਾਬਾਂ ਪੰਜਾਬੀ ਸਾਹਿਤ ਨਾਲ ਜੁੜੇ ਪਾਠਕਾਂ ਦੀ ਝੋਲੀ ਪਾਈਆਂ।ਵਿਛੜ ਚੁੱਕੀਆਂ ਰੂਹਾਂ ਨੂੰ ਸ਼ਰਧਾ ਦੇ ਅਕੀਦੇ ਭੇਂਟ ਕੀਤੇ ਗਏ।ਕੁਝ ਸਮਾਜਿਕ ਘਟਨਾਵਾਂ ਦੀ ਵੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਜਿਨ੍ਹਾਂ ਵਿੱਚ ਪਿਛਲੇ ਦਿਨੀਂ ਦਿੱਲੀ ਵਿੱਚ ਵਾਪਰੀ ਇੱਕ ਵੀਹ ਸਾਲਾ ਸ਼ਾਦੀਸ਼ੁਦਾ ਔਰਤ ਨਾਲ ਵਾਪਰੀ ਘਟਨਾ ਦਾ ਵੀ ਜ਼ਿਕਰ ਕੀਤਾ। ਫਰਵਰੀ ਮਹੀਨੇ ਨਾਲ ਸਬੰਧਤ ਇਤਿਹਾਸਕ ਘਟਨਾਵਾਂ ਤੇ ਤਿਉਹਾਰਾਂ ਦਾ ਵੀ ਵਰਨਣ ਕੀਤਾ ਗਿਆ। ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਹਰਿਮੰਦਰ ਚੁੱਘ ਨੇ ਉਨੀ ਸੌ ਛਿਆਲੀ ਦੇ ਇੱਕ ਪੁਰਾਣੇ ਗੀਤ 'ਰਾਵੀ ਦੀਆਂ ਛੱਲਾਂ' ਨਾਲ ਤਰੰਨਮ ਵਿੱਚ ਗਾ ਕੇ ਕੀਤੀ। ਸਕੱਤਰ ਮੰਗਲ ਚੱਠਾ ਨੇ ਭਖਦੇ ਮੱਸਲੇ ਉੱਤੇ ਆਪਣੀ ਰਚਨਾ 'ਇੱਥੇ ਮਸਲਾ ਤੇਲ ਦਾ ਉੱਥੇ ਝਗੜਾ ਪਾਣੀਆਂ ਦਾ' ਸੁਣਾਈ।ਬਚਨ ਸਿੰਘ ਗੁਰਮ ਨੇ ਭਾਵਪੂਰਵ ਕਵਿਤਾ 'ਬਹੁਪੱਖੀ ਹੋਂਦ', ਸਰਬਜੀਤ ਉੱਪਲ ਨੇ ਸੰਜੀਦਾ ਗ਼ਜ਼ਲ 'ਸ਼ਹਿਰ', ਮਨਮੋਹਨ ਸਿੰਘ ਬਾਠ ਨੇ ਲਤਾ ਮੰਗੇਸ਼ਕਰ ਨੂੰ ਸਮਰਪਿਤ 'ਉਸ ਪੰਛੀ ਨਾਲ', ਸੁਜਾਨ ਸਿੰਘ ਸੁਜਾਨ ਨੇ ਬਹੁਤ ਹੀ ਖਾਸ ਤੇ ਉੱਤਮ ਰਚਨਾ 'ਡੰਗ ਲਈ ਬੀਨ ਬਜਾਏ' ਸੁਰ ਵਿੱਚ ਗਾ ਕੇ ਸਭ ਦਾ ਮਨ ਮੋਹ ਲਿਆ। ਮਹਿੰਦਰਪਾਲ ਐਸ ਪਾਲ ਨੇ ਸਮੇਂ ਨੂੰ ਬਿਆਨ ਕਰਦੀ ਖੂਬਸੂਰਤ ਗਜ਼ਲ,ਗੁਰਦੀਸ਼ ਕੌਰ ਗਰੇਵਾਲ ਨੇ ਵੈਲੇਨਟਾਈਨਜ ਡੇਅ ਤਿਓਹਾਰ ਨੂੰ ਮੁੱਖ ਰੱਖਦਿਆਂ 'ਹਰ ਦਿਨ ਸੁੱਚੇ ਪਿਆਰਿਆਂ ਦਾ' ਸਾਰੇ ਰਿਸ਼ਤਿਆਂ ਨੂੰ ਸਮਰਪਿਤ ਕੀਤੀ। ਸੁਖਜੀਤ ਸੈਣੀ ਨੇ 'ਮਹਾਤਮਾ ਬੁੱਧ ਦਾ ਬੁੱਤ' ਹਮੇਸ਼ਾਂ ਦੀ ਤਰ੍ਹਾਂ ਆਪਣੀ ਇੱਕ ਮੌਲਿਕ ਰਚਨਾ ਸੁਣਾਈ। ਸੁਖਵਿੰਦਰ ਤੂਰ ਨੇ ਖੂਬਸੂਰਤ ਅੰਦਾਜ਼ ਵਿੱਚ 'ਹਉਕਾ ਅਤੇ ਗੀਤ' ਗ਼ਜ਼ਲ,ਬਲਵੀਰ ਗੋਰਾ ਨੇ 'ਏਕੇ ਵਿਚ ਜ਼ੋਰ ਹੁੰਦਾ' ਅਰਥ ਭਰਪੂਰ ਤੇ ਸੁੱਖ ਸੁਨੇਹਾ ਦਿੰਦਾ ਗੀਤ ਪੇਸ਼ ਕੀਤਾ। ਬਲਜਿੰਦਰ ਸੰਘਾ ਨੇ ਰਿਸ਼ਤਿਆਂ ਨੂੰ ਧਿਆਨ 'ਚ ਰੱਖਦਿਆਂ 'ਦਾਦਾ ਦਾਦੀ' ਪਰਿਵਾਰਕ ਕਵਿਤਾ ਤੇ ਪ੍ਰਧਾਨ ਦਵਿੰਦਰ ਮਲਹਾਂਸ ਨੇ 'ਜੜਾਂ ਤੋਂ ਚੋਗੀ' ਖੂਬਸੂਰਤ ਸ਼ੇਅਰ ਸੁਣਾਏ। ਗੁਰਲਾਲ ਰੁਪਾਲੋਂ ਨੇ ਆਉਣ ਵਾਲੀਆਂ ਵੋਟਾਂ ਨੂੰ ਧਿਆਨ ਚ ਰੱਖ ਕੇ ਆਪਣੇ ਵਿਚਾਰ ਦਿੱਤੇ ਤੇ ਚੰਗਾ ਨੇਤਾ ਚੁਣਨ ਦਾ ਸੁਨੇਹਾ ਦਿੰਦੀ ਕਵਿਤਾ 'ਵੋਟਾ' ਨਾਲ ਹਾਜ਼ਰੀ ਲਵਾਈ। ਹਰੀਪਾਲ ਤੇ ਪਰਮਿੰਦਰ ਰਮਨ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਰਣਜੀਤ ਸਿੰਘ, ਨਰਿੰਦਰ ਸਿੱਧੂ ਤੇ ਪਵਨਦੀਪ ਬਾਂਸਲ ਵੀ ਹਾਜ਼ਰ ਸਨ। ਅਖੀਰ ਵਿੱਚ ਪ੍ਰਧਾਨ ਦਵਿੰਦਰ ਮਲਹਾਂਸ ਨੇ ਸਭ ਬੁੱਧੀਜੀਵੀਆਂ ਨੂੰ ਇਸ ਮੀਟਿੰਗ ਵਿੱਚ ਹਾਜ਼ਰ ਹੋਣ ਲਈ ਧੰਨਵਾਦ ਕੀਤਾ ਤੇ ਅਗਲੀ ਮੀਟਿੰਗ ਤੇ ਫਿਰ ਮਿਲਣ ਦੀ ਅਪੀਲ ਕੀਤੀ। ਸਭਾ ਬਾਰੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਪ੍ਰਧਾਨ ਦਵਿੰਦਰ ਮਨਹਾਸ ਨੂੰ 403 993 2201 ਤੇ ਜ਼ੋਰਾਵਰ ਬਾਂਸਲ ਨੂੰ 587 437 7805 ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ।









### ਸ਼ਰਧਾਂਜਲੀ ਸਮਾਰੋਹ 'ਤੇ

# ਇਕ ਅਲੱਗ ਮਿੱਟੀ ਦਾ ਬਣਿਆ ਸੀ - ਕਾ. ਸੁਰਜੀਤ ਕਲੋਆ

**ਨਰਭਿੰਦਰ**
**93544-30211**

ਔਖੀਆਂ ਅਤੇ ਪੀੜਾਦਾਇਕ ਜ਼ਿੰਦਗੀ ਨੂੰ ਟਿੱਚਰ ਕਰਕੇ ਲੰਘ ਜਾਣ ਵਾਲਾ ਕਾਮਰੇਡ ਸੁਰਜੀਤ ਕਲੋਆ ਆਖਿਰ ਵਿਛੜ ਗਿਆ। 70ਵਿਆਂ ਦੀ ਇਨਕਲਾਬੀ ਲਹਿਰ 'ਚ ਸੁਰਜੀਤ ਕਲੋਆ ਦੀ ਆਪਣੀ ਪਹਿਚਾਣ ਸੀ ਉਹ 75 ਸਾਲ ਜਿਉਂਇਆ ਅਤੇ 53 ਸਾਲ ਕਮਿਊਨਿਸਟ ਇਨਕਲਾਬੀ ਲਹਿਰ ਨੂੰ ਅਰਪਤ ਕੀਤੇ। ਕਈ ਵਾਰੀ ਮੌਤ ਦੀ ਦਹਿਲੀਜ਼ ਤੋਂ ਮੁੜਨ ਵਾਲਾ ਕਲੋਆ ਇਕ ਜਿੰਦਾ ਦਿਲ ਇਨਸਾਨ ਸੀ। ਇਨਕਲਾਬ ਉਹਦਾ ਮੱਕਾ ਸੀ ਅਤੇ ਮਾਰਕਸੀ ਲੈਨਿਨੀ ਮਾਓਵਾਦੀ ਸਿਧਾਂਤ ਉਹਦਾ ਸਿਧਾਂਤ ਦਰਸ਼ਨ। ਉਹਨੇ ਜਿਹੜੀ ਜ਼ਿੰਦਗੀ ਜਿਊਂਈ ਉਹ ਸਿਧਾਂਤ 'ਤੇ ਅਮਲ ਨਾਲ ਆਤਮਸਾਤ ਕਰਕੇ ਜਿਊਂਈ। ਉਹ ਸਦਾ ਅਡਿੰਗ ਰਿਹਾ। ਬੇਹੱਦ ਮੁਸ਼ਕਲ ਹਾਲਤਾਂ ਵਿਚ ਵੀ ਜਿਥੇ ਲਕੀਰ ਖਿੱਚੀ ਉਸ ਤੋਂ ਕਦੇ ਵਾਪਸ ਨਹੀਂ ਪਰਤਿਆ।

ਕਾ. ਸੁਰਜੀਤ ਸਿੰਘ ਦਾਪਿੰਡ ਕਲੋਆ ਹੁਸ਼ਿਆਰਪੁਰ ਸੀ। ਜਿਥੇ ਉਹ ਸਾਬਕਾ ਫੌਜੀ ਊਧਮ ਸਿੰਘ ਦੇ ਘਰ ਅਗਸਤ 1947 'ਚ ਪੈਦਾ ਹੋਇਆ। ਉਨ੍ਹਾਂ ਦੀ ਮਾਤਾ ਹਰਨਾਮ ਕੌਰ ਇਕ ਦਲੇਰ ਅਤੇ ਖੁੱਲ੍ਹੇ ਦਿਲ ਵਾਲੀ ਔਰਤ ਸੀ। ਸੁਰਜੀਤ ਸਮੇਤ 6 ਭਰਾਵਾਂ ਦੇ ਦੋ ਭੈਣਾਂ ਨੇ ਆਪਣੀ ਮਾਤਾ ਦੀ ਪਰਵਿਸ਼ ਅਧੀਨ ਜ਼ਿੰਦਗੀ ਦੇ ਗੁਣਾਂ ਨੂੰ ਹਾਸਲ ਕੀਤਾ। ਖ਼ੁਦ ਸੁਰਜੀਤ ਮੁਤਾਬਕ ਉਹ ਨੰਗ ਜਗੀਰਦਾਰਾਂ ਦੇ ਪਰਿਵਾਰਾਂ 'ਚੋਂ ਸੀ। ਪਾਕਿਸਤਾਨ ਦੇ ਦੇ ਬਾਰ ਇਲਾਕੇ 'ਚੋਂ ਉਜੜ ਕੇ ਆਏ ਤੇ ਕਲੋਆ 'ਚ ਬੈਠੇ ਇਸ ਪਰਿਵਾਰ ਨੂੰ ਜਗੀਦਦਾਰਾਂ ਦਾ ਪਰਿਵਾਰ ਕਿਹਾ ਜਾਂਦਾ ਸੀ। ਵੈਸੇ ਪਿਛੋਂ ਇਨ੍ਹਾਂ ਦਾ ਪਿੰਡ ਢੰਡ ਕਸੈਲ (ਅੰਮ੍ਰਿਤਸਰ) ਵਿਚ ਪੈਂਦਾ ਸੀ। ਤ੍ਰਾਸਦੀ ਇਹ ਕਿ ਨਾ ਇਨ੍ਹਾਂ ਢੰਡ ਕਸਲੇ ਵਾਲੀ ਜ਼ਮੀਨ ਵਲ ਧਿਆਨ ਦਿੱਤਾ ਅਤੇ ਨਾ ਹੀ ਬਾਰ ਵਾਲੀ ਜ਼ਮੀਨ ਦੇ ਇਵਜ਼ 'ਚ ਇਧਰ ਜ਼ਮੀਨ ਹਾਸਲ ਕਰਨ ਦੀ ਪੈਰਵਾਈ ਕੀਤੀ। ਸੁਰਜੀਤ ਦੱਸਦਾ ਸੀ ਕਿ ਫੌਜ 'ਚੋਂ ਰਿਟਾਇਡ ਪਿਤਾ ਨੇ ਜਦੋਂ ਖੇਤੀ ਸ਼ੁਰੂ ਕੀਤੀ ਤਾਂ ਉਨ੍ਹਾਂ ਨੂੰ ਖੇਤੀ ਕਰਨ ਦਾ ਕੋਈ ਤਜਰਬਾ ਨਹੀਂ ਸੀ ਅਤੇ ਇਹ ਸਥਿਤੀ ਲਗਭਗ 10 ਸਾਲ ਤੱਕ ਉਵੇਂ ਹੀ ਰਹੀ ਜਦੋਂ ਤੱਕ ਉਹਦੇ ਭਰਾਵਾਂ ਨੇ ਖੇਤੀ ਨੂੰ ਨਹੀਂ ਸੰਭਾਲਿਆ।

ਕਾ. ਸੁਰਜੀਤ ਨੇ ਸਰਕਾਰੀ ਹਾਈ ਸਕੂਲ ਟਾਂਡਾ ਤੋਂ ਮੈਟ੍ਰਿਕ ਪਾਸ ਕੀਤੀ ਅਤੇ ਫਿਰ ਮੈਡੀਕਲ ਵਿਸ਼ਿਆਂ ਨਾਲ ਹਾਇਰ ਸੈਕੰਡਰੀ ਦੀ ਵਿਦਿਆ ਦੋਆਬਾ ਕਾਲਜ ਜਲੰਧਰ ਤੋਂ ਕੀਤੀ। ਇਸੇ ਦੌਰਾਨ ਹੀ ਸੁਰਜੀਤ ਨੂੰ ਕਮਿਊਨਿਸਟ ਸਿਧਾਂਤ ਦੀ ਪਹੁ ਲੱਗੀ ਤੇ ਪਹੁ ਲਾਉਣ ਵਾਲਾ ਮੁਢਲਾ ਕਾਮਰੇਡ ਸੀ ਕਾਬਲ ਸਿੰਘ, ਜਿਹੜਾ ਕਲੋਆ ਪਿੰਡ ਦਾ ਹੀ ਸੀ ਅਤੇ ਸੀ.ਪੀ.ਆਈ. 'ਚ ਕੰਮ ਕਦਰਾ ਸੀ। ਪਿੰਡ ਵਿਚ ਉਹਦੇ ਨਾਲ ਜਲੰਧਰ 'ਚ ਪੜ੍ਹਨ ਵਾਲਾ ਸੀ ਉਂਕਾਰ ਸਿੰਘ। 1969 ਵਿਚ ਦੋਹਾਂ ਨੇ ਨੇਵੀ 'ਚ ਨੌਕਰੀ ਕਰਨ ਦਾ ਫੈਸਲਾ ਲੈ ਲਿਆ। ਚੋਣ ਹੋ ਗਈ ਪਰ ਨੌਕਰੀ ਰਾਸ ਨਾ ਆਈ। ਇਧਰ ਪੰਜਾਬ ਵਿਚ ਨਕਸਲੀ ਲਹਿਰ ਦਾ ਆਗਾਜ਼ ਹੋ ਚੁੱਕਾ ਸੀ। ਅਕਤੂਬਰ 1970 'ਚ ਉਹ ਨੌਕਰੀ ਛੱਡ ਕੇ ਪਿੰਡ ਆ ਗਏ ਅਤੇ ਕਮਿਊਨਿਸਟ ਕੁਲਵਕਤੀ ਵਜੋਂ ਕੰਮ ਕਰਨ ਦਾ ਰਾਹ ਚੁਣ ਲਿਆ। ਉਨ੍ਹਾਂ ਦਾ ਟਿਕਾਣਾ ਸੀ ਕਾਮਰੇਡ ਗੁਰਮੇਲ ਸਿੰਘ ਦਾ ਬਾਗ। ਕਾਮਰੇਡ ਗੁਰਮੇਲ ਸਿੰਘ ਬਾਬਾਕ ਪਿੰਡ ਦਾ ਸੀ ਅਤੇ ਸੀ.ਪੀ.ਆਈ. 'ਚ ਕੰਮ ਕਰਦਾ ਸੀ ਅਤੇ ਅੰਤ ਤੱਕ ਉਹਦਾ ਵਫਾਦਾਰ ਸਿਪਾਹੀ ਰਿਹਾ। ਪਰ ਉਸ ਨੇ ਆਪਣੇ ਬਾਗਾਂ ਵਾਲੀ ਟਾਹਰ ਨੂੰ ਕਮਿਊਨਿਸਟ ਇਨਕਲਾਬੀਆਂ ਨੂੰ ਸੌਂਪ ਦਿੱਤਾ ਸੀ। ਇਥੇ ਹੀ ਬਾਬਾ ਬੂਝਾ ਸਿੰਘ, ਗੰਧਰਵ ਸੈਨ, ਮਾਸਟਰ ਬਚਿੱਤਰ ਸਿੰਘ ਆਦਿ ਸਕੂਲਿੰਗ ਕਰਦੇ ਹੁੰਦੇ ਸਨ ਅਤੇ ਉਨ੍ਹਾਂ ਦੀ ਸਿਧਾਂਤਕ ਸਕੂਲਿੰਗ ਲੈਣ ਵਾਲਿਆਂ 'ਚ ਸੀ ਉਂਕਾਰ ਸਿੰਘ ਸੁਰਜੀਤ ਸਿੰਘ, ਤਰਲੋਚਨ ਸਿੰਘ ਬਾਬਾਕ ਬਾਈ ਕਰਤਾਰ ਖੁੱਲੇਵਾਲ, ਬਾਈ ਜੀਤ (ਸ਼ੰਕਰ), ਬਹਾਦਰ ਸਿੰਘ ਬਾਬਾ ਬਕਾਲਾ। ਸੁਰਜੀਤ ਮੁਤਾਬਕ ਇਥੇ ਹੀ ਉਨ੍ਹਾਂ ਨੂੰ ਵਿਧੀਵੇਤ ਢੰਗ ਨਾਲ ਮਾਰਕਸਵਾਦ ਲੈਨਿਨਵਾਦ ਅਤੇ ਮਾਓ ਵਿਧਾਰਧਾਰਾ ਦੇ ਸਿਧਾਂਤਕ ਗਿਆਨ ਹਾਸਲ ਕਰਨ ਦਾ ਮੌਕਾ ਮਿਲਿਆ। ਇਹ ਸਾਰੇ ਨੌਜਵਾਨ ਇਨਕਲਾਬੀ ਲਹਿਰ ਦੇ ਪਸਾਰੇ ਹਿੱਤ ਕੁਲਵਕਤੀ ਤੌਰ 'ਤੇ ਤੁਰ ਪਏ ਸਨ।

70ਵਿਆਂ ਦਾ ਇਹ ਉਹ ਦੌਰ ਸੀ ਜਦੋਂ ਇਨਕਲਾਬੀ ਲਹਿਰ 'ਚ ਕੰਮ ਕਰਨਾ ਅੱਜ ਵਾਂਗੂੰ ਸੁਖਾਲਾ ਨਹੀਂ ਸੀ। ਭਾਰਤੀ ਤੇ ਵਿਸ਼ੇਸ਼ ਕਰਕੇ ਪੰਜਾਬ ਦੀ ਹਕੂਮਤ ਇਨਕਲਾਬੀ ਕਮਿਊਨਿਸਟ ਲਹਿਰ ਨੂੰ ਥਾਏਂ ਹੀ ਨੱਪ ਦੇਣ ਉਤੇ ਤੁਲੀ ਹੋਈ ਸੀ ਅਤੇ ਇਸ ਲਹਿਰ ਦੇ ਕਾਰਕੁੰਨਾਂ ਨੂੰ ਫਰਜ਼ੀ ਪੁਲਿਸ ਮੁਕਾਬਲਿਆਂ 'ਚ ਮਾਰ ਕੇ ਖਪਾ ਦੇਣ ਦੀ ਨੀਤੀ ਹੇਠ ਚਲ ਰਹੀ ਸੀ। ਕਾਮਰੇਡ ਸੁਰਜੀਤ ਦੱਸਦਾ ਹੁੰਦਾ ਸੀ ਕਿ ਰਵਾਇਤੀ ਕਮਿਊਨਿਸਟ ਪਾਰਟੀਆਂ ਦੇ ਇਨਕਲਾਬ ਦੇ ਰਾਹ ਤੋਂ ਥਿੜਕਣ ਪਿਛੋਂ ਅਤੇ ਹਕੂਮਤ ਦੇ ਅੰਤਾਂ ਦੇ ਜ਼ਬਰ ਵਿਚ ਵੀ ਇਨਕਲਾਬੀ ਲਹਿਰ ਨੂੰ ਨੌਜਵਾਨਾਂ ਵਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਸੀ। ਬਾਬਾ ਬੂਝਾ ਸਿੰਘ, ਗੰਧਰਵ ਸੈਨ, ਦਇਆ ਸਿੰਘ, ਜਗਜੀਤ ਜੌਹਲ ਤੋਂ ਇਲਾਵਾ ਸੰਗਰੂਰ, ਬਠਿੰਡਾ, ਮਾਨਸਾ, ਬਰਨਾਲਾ, ਲੁਧਿਆਣਾ, ਹੁਸ਼ਿਆਰਪੁਰ 'ਚ ਇਨਕਲਾਬੀ ਨੌਜਵਾਨ ਵਿਦਿਆਰਥੀਆਂ ਨੇ ਲਹਿਰ ਦੇ ਪਸਾਰੇ ਲਈ ਅਹਿਮ ਭੂਮਿਕਾ ਨਿਭਾਈ ਸੀ। ਇਸੇ ਦੌਰਾਨ ਹੀ ਬਾਬਾ ਬੂਝਾ ਸਿੰਘ ਜਿਹੜੀ 80 ਸਾਲ ਦੀ ਉਮਰ ਦੇ ਕਮਿਊਨਿਸਟ ਆਗੂ ਸਨ ਅਤੇ ਜਿਨ੍ਹਾਂ ਨੇ ਮਦਰ ਪਾਰਟੀ ਤੋਂ ਲੈ ਕੇ ਨਕਸਲਬਾੜੀ ਤੱਕ ਦਾ ਸਫ਼ਰ ਤਹਿ ਕੀਤਾ ਸੀ, ਨੂੰ ਫਰਜ਼ੀ ਮੁਕਾਬਲੇ 'ਚ ਸ਼ਹੀਦ ਕਰ ਦਿੱਤਾ ਸੀ। ਇਨ੍ਹੀਂ ਦਿਨੀਂ ਹੀ ਇਕ ਘਟਨਾ ਦਾ ਉਹ ਅਕਸਰ ਜ਼ਿਕਰ ਕਰਦੇ ਸਨ ਕਿ ਇਕ ਦਿਨ ਕਾ. ਗੁਰਮੇਲ ਸਿੰਘ ਦੇ ਘਰੇ, ਉਂਕਾਰ ਤਰਲੋਕਕ ਤੇ ਸੁਰਜੀਤ ਤੋਂ ਇਲਾਵਾ ਹੋਰ ਬੈਠੇ ਮੀਟਿੰਗ ਕਰ ਰਹੇ ਸਨ ਕਿ ਤਰਲੋਚਨ ਨੇ ਗੁਰਮੇਲ ਦੀ ਪਤਨੀ ਨੂੰ ਕਿਹਾ ਕਿ ਅੱਜ ਛੱਲੀਆਂ ਭੁੰਨ ਕੇ ਖਾਣ ਨੂੰ ਜੀ ਕਰਦਾ ਹੈ। ਉਹ ਬਾਹਰੋਂ ਖੇਤਾਂ 'ਚ ਛੱਲੀਆਂ ਲੈ ਕੇ ਆਈ, ਪਰ ਐਨੇ ਨੂੰ ਪੁਲਿਸ ਦੀ ਧਾੜ ਵਲੋਂ ਘਰ ਨੂੰ ਘੇਰਾ ਪਾਉਣ ਦੀ ਸੂਹ ਮਿਲ ਗਈ ਸਾਰੇ ਭੱਜ ਗਏ ਕੁਝ ਫੜੇ ਗਏ ਜਿਨ੍ਹਾਂ 'ਚ ਉਂਕਾਰ ਸਿੰਘ ਕਲੋਆ ਤੇ ਤਰਲੋਕ (ਬਾਬਾਕ) ਆਦਿ ਸਨ। ਪੁਲਿਸ ਨੇ ਦੂਸਰੇ ਦਿਨ ਹੀ ਉਨ੍ਹਾਂ ਨੂੰ ਫਰਜ਼ੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ। ਗੁਰਮੇਲ ਦੀ ਪਤਨੀ ਨੇ ਉਹ ਛੱਲੀਆਂ ਕਈ ਸਾਲ ਸਾਂਭ ਕੇ ਰੱਖੀਆਂ। ਉਹ ਗਲ਼ ਗਈਆਂ ਪਰ ਜਿਥੇ ਰੱਖੀਆਂ ਉਵੇਂ ਹੀ ਪਈਆਂ ਰਹੀਆਂ। ਮਤੇ ਜੋ ਬੱਚੇ ਨਿਕਲੇ ਸਨ ਆ ਕੇ ਖਾ ਲੈਣਗੇ।

ਉਂਕਾਰ ਅਤੇ ਤਰਲੋਕ ਉਤੇ ਪੁਲਿਸ ਨੇ ਅੰਨ੍ਹਾ ਤਸ਼ੱਦਦ ਕੀਤਾ ਸੀ। ਤਰਲੋਕ ਜਿਹੜਾ ਬਾਬਕ ਪਿੰਡ ਦਾ ਸੀ ਤੋਂ ਪਾਰਟੀ ਦੀ ਗੁਰਤ ਜਾਣਕਾਰੀ ਹਾਸਲ ਕਰਨ ਲਈ ਪੁਲਿਸ ਨੇ ਗਰਮ ਲੋਹੇ ਦੀਆਂ ਸੀਖਾਂ ਨਾਲ ਚਮੜੀ ਥਾਂ ਥਾਂ ਤੋਂ ਸਾੜ ਦਿੱਤਾ ਸੀ। ਜਦ ਫੇਰ ਵੀ ਕੁਝ ਹਾਸਲ ਨਾ ਹੋਇਆ ਤਾਂ ਉਸ ਦੀ ਗੁੱਦਾ ਵਿਚ ਗਰਮ ਲੋਹੇ ਦੀ ਸੀਖ ਦਿੱਤੀ ਜਿਸ ਨਾਲ ਉਸ ਦੀ ਮੌਤ ਹੋ ਗਈ। ਇਨ੍ਹੀਂ ਦਿਨੀਂ ਹੀ ਬਾਬਾ ਬਕਾਲੇ ਵਾਲਾ ਬਹਾਦਰ ਵੀ ਸ਼ਹੀਦ ਹੋ ਗਿਆ ਸੀ। ਫੜਿਆ ਗੁਰਮੇਲ ਵੀ ਗਿਆ ਸੀ ਅਤੇ ਗੜ੍ਹਸ਼ੰਕਰ ਥਾਣੇ 'ਚ ਲਿਜਾਇਆ



ਗਿਆ ਸੀ। ਇਥੇ ਫਰਜ਼ੀ ਮੁਕਾਬਲਾ ਬਣਾਉਣਾ ਸੀ ਕਿ ਕਿਸੇ ਜਾਣਕਾਰ ਪੁਲਿਸ ਵਾਲੇ ਅਤੇ ਵਕੀਲ ਦੀ ਦਖ਼ਲ ਅੰਦਾਜ਼ੀ ਕਾਰਨ ਇਹ ਸੰਭਵ ਨਾ ਹੋ ਸਕਿਆ ਅਤੇ ਕੇਸ ਪਾ ਕੇ ਜੇਲ੍ਹ ਭੇਜ ਦਿੱਤਾ। ਉਨ੍ਹਾਂ ਸਾਥੀਆਂ ਦੀ ਯਾਦ ਸਦਾ ਕਾ. ਸੁਰਜੀਤ ਨੂੰ ਤੜਪਾਉਂਦੀ ਰਹੀ। ਇਹੋ ਕਾਰਨ ਕਿ ਉਹਨੇ ਆਪਣੀ ਅਖੀਰਲੀ ਜ਼ਿੰਦਗੀ ਇਕ ਪੀੜਤਾਦਾਇਕ ਦੌਰ ਵਿਚ ਵੀ ਬੁਲੰਦ ਹੌਸਲੇ ਨਾਲ ਕੱਟੀ।

ਕਾ. ਸੁਰਜੀਤ ਦੇ ਕਮਿਊਨਿਸਟ ਲਹਿਰ ਵਿਚ ਕੁੱਦਣ ਦੀ ਕੀਮਤ ਪਰਿਵਾਰ ਨੂੰ ਵੀ ਤਾਰਨੀ ਪਈ। ਉਨ੍ਹੀਂ ਦਿਨੀਂ ਉਹਦੇ ਭਰਾ ਜੱਸੇ ਨੂੰ ਪੁਲਿਸ ਫੜ ਕੇ ਲੈ ਗਈ ਅਤੇ ਕਈ ਦਿਨ ਜੇਲ੍ਹ 'ਚ ਬੰਦ ਰੱਖਿਆ। ਪੰਜਾਬ ਦੇ ਕਾਲੇ ਸੰਤਾਪੇ ਦੌਰ ਵਿਚ ਉਹਦੇ ਛੋਟੇ ਭਰਾ ਸਤਨਾਮ (ਸੱਤੇ) ਨੂੰ ਖਾਲਿਸਤਾਨੀ ਦਹਿਸ਼ਤਗਰਦੀ ਹੱਥੋਂ ਸ਼ਹੀਦ ਹੋਣਾ ਪਿਆ। ਸਤਨਾਮ ਆਪਣੇ ਸਮੇਂ 'ਚ ਪੰਜਾਬ ਸਟੂਡੈਂਟ ਯੂਨੀਅਨ ਦਾ ਮੈਂਬਰ ਵੀ ਸੀ ਤੇ ਪਿਛੋਂ ਨੌਜਵਾਨ ਭਾਰਤ ਸਭਾ ਵਿਚ ਵੀ ਸਰਗਰਮ ਸੀ ਪਰ ਸੁਰਜੀਤ ਕਦੇ ਡੋਲਿਆ ਨਹੀਂ।

ਐਮਰਜੈਂਸੀ ਵਿਚ ਸਤੰਬਰ 1975 ਨੂੰ ਕਾ. ਸੁਰਜੀਤ ਨੂੰ ਗ੍ਰਿਫ਼ਤਾਰ ਕੀਤਾ। ਅੰਤਾਂ ਦਾ ਤਸ਼ੱਦਦ ਢਾਹਿਆ ਪਿਛੋਂ ਕੇਸ ਪਾ ਕੇ ਜੇਲ੍ਹ 'ਚ ਸੁੱਟ ਦਿੱਤਾ। 1977 ਦੀ ਜਨਤਾ ਸਰਕਾਰ ਮੌਕੇ ਨਕਸਲੀ ਕਾਰਕੁੰਨਾਂ ਦੀ ਰਿਹਾਈ ਮੌਕੇ ਹੀ ਉਹਨੂੰ ਜੇਲ੍ਹੋਂ ਬਾਹਰ ਕੱਢਿਆ।

ਕਾ. ਗੁਰਮੇਲ ਦੀ ਜ਼ਿੰਦਗੀ ਨਾਲ ਇਕ ਹੋਰ ਅਹਿਮ ਘਟਨਾ ਹੈ। ਗੁਪਤ ਵਾਸ ਵਿਚ ਹੀ ਉਹ ਕਿਸੇ ਸਾਥੀ ਮਿੱਤਰ ਦੇ ਘਰੇ ਰਹਿ ਰਹੇ ਸਨ ਕਿ ਪਿਸਤੌਲ ਨਿਹਾਰਦਿਆਂ ਅਚਾਨਕ ਗੋਲੀ ਚਲ ਗਈ ਅਤੇ ਕਾ. ਸੁਰਜੀਤ ਦੇ ਪੇਟ ਵਿਚੋਂ ਲੰਘ ਗਈ। ਉਥੋਂ ਇਲਾਜ ਲਈ ਫੌਰੀ ਜਾਣਾ ਸੀ। ਅਜੋਕਾ ਦੌਰ ਨਹੀਂ ਸੀ ਸਾਧਨ ਸਿਰਫ਼ ਸਾਈਕਲ ਹੀ ਹੁੰਦੇ ਸਨ। ਉਹਦੇ ਸਾਥੀ ਨੇ ਪੱਟ ਬੰਨ੍ਹ ਕੇ ਸੁਰਜੀਤ ਨੂੰ ਪਿਛੇ ਬਿਠਾ ਲਿਆ ਪਰ ਕੱਚੇ ਰਾਹ 'ਚ ਸਾਈਕਲ ਚਲਦਾ ਨਹੀਂ ਸੀ। ਆਖਿਰ ਜ਼ਖ਼ਮੀ ਸੁਰਜੀਤ ਨੇ ਮਾਈਕਲ ਆਪ ਫੜਿਆ ਅਤੇ ਸਬੰਧਤ ਟਿਕਾਣੇ ਉਤੇ ਪਹੁੰਚ ਗਿਆ। ਪਿਛੋਂ ਇਸ ਮਾਮਲੇ ਦੀ ਜਦੋਂ ਸੂਹ ਪੁਲਿਸ ਨੂੰ ਮਿਲੀ ਤਾਂ ਪ੍ਰਸ਼ੋਤਮ ਨਾਂ ਦੇ ਇਕ ਸਾਥੀ ਨੂੰ ਸ਼ੱਕ ਦੇ ਆਧਾਰ ਉਤੇ ਫੜ ਲਿਆ ਅਤੇ ਕਾਫ਼ੀ ਤਸ਼ੱਦਦ ਕੀਤਾ। ਉਹ ਸੁਰਜੀਤ ਦਾ ਟਿਕਾਣਾ ਪੁੱਛ ਰਹੇ ਸਨ। ਪਰ ਪ੍ਰਸ਼ੋਤਮ ਜ਼ਬਰ ਅੱਡੇ ਅਡੋਲ ਰਿਹਾ।

1977 'ਚ ਐਮਰਜੈਂਸੀ ਪਿਛੋਂ ਜੇਲ੍ਹੋਂ ਬਾਹਰ ਆਉਣ ਸਾਰ ਹੀ ਕਾ. ਸੁਰਜੀਤ ਫੇਰ ਇਨਕਲਾਬੀ ਮੋਰਚੇ ਉਤੇ ਆਣ ਡੱਟਿਆ ਅਤੇ ਹੁਣ ਉਹਦੀ ਕਰਮ ਭੂਮੀ ਮਾਲਵਾ ਖੇਤਰ ਸੀ। ਵਿਸ਼ੇਸ਼ ਕਰਕੇ ਜਗਰਾਵਾਂ ਮੋਗਾ ਇਲਾਕਾ। ਇਸ ਖੇਤਰ ਦੇ ਸਾਥੀ ਆਪਣੇ ਤਜਰਬੇ ਵਿਚੋਂ ਦੱਸਦੇ ਹਨ ਕਿ ਉਹ ਹਮੇਸ਼ਾ ਉਤਸ਼ਾਹ 'ਚ ਰਹਿੰਦਾ ਸੀ। ਨਵੇਂ ਕੇਡਰ ਨੂੰ ਤਿਆਰ ਕਰਨ ਵਿਚ ਉਹ ਲੋਹੜੇ ਦਾ ਨਿਪੁੰਨ ਸੀ। ਉਹ ਕਵੀ ਵੀ ਸੀ ਤੇ ਕਦੇ ਕਦੇ ਕਵਿਤਾ ਵੀ ਲਿਖ ਲੈਂਦਾ ਸੀ। ਸੁਰਜੀਤ ਪਰਿਵਾਰਾਂ ਵਿਚ ਰਚਨ ਮਿਚਣ ਵਾਲਿਆਂ 'ਚੋਂ ਸੀ। ਉਹਦੇ ਅਪਣੱਤ ਵਾਲੇ ਸੁਭਾਅ ਦੇ ਨਾਂ ਸਿਰਫ਼ ਕੰਮ ਕਰਨ ਵਾਲੇ ਸਾਥੀ ਹੀ ਮੁਰੀਦ ਸਨ ਸਗੋਂ ਉਨ੍ਹਾਂ ਦੇ ਪਰਿਵਾਰ ਵੀ ਸਨ। ਇਸ ਸਮੇਂ ਕੰਮ ਕਰਦਿਆਂ ਉਹ ਆਪਣੇ ਸਾਥੀਆਂ ਅਤੇ ਇਕ ਸੀਨੀਅਰ ਆਗੂ ਨਾਲ ਇਕ ਗੁਪਤ ਹੈਡਕੁਆਰਟਰ ਉਤੇ ਰਹਿੰਦੇ ਸਨ। ਸੀਨੀਅਰ ਆਗੂ ਇਕ ਖਾਂਦੇ ਪੀਂਦੇ ਪਰਿਵਾਰ 'ਚੋਂ ਸੀ। ਹਾਲਾਂ ਕਿ ਉਹ ਵੀ ਕਿਸੇ ਕੇਸ 'ਚ ਪੁਲਿਸ ਨੂੰ ਲੋੜੀਂਦਾ ਸੀ। ਉਹ ਅਕਸਰ ਹੀ ਘਰੇ ਗੇੜਾ ਮਾਰ ਲੈਂਦਾ ਸੀ। ਉਹ ਜਦੋਂ ਵੀ ਘਰੋਂ ਆਉਂਦਾ ਆਪਣੇ ਲਈ ਕੁਝ ਵਿਸ਼ੇਸ਼ ਲੈ ਹੀ ਆਉਂਦਾ ਸੀ। ਇਕ ਵੇਰਾਂ ਮਿਸਾਲਾਂ ਦੇ ਦਿਨੀਂ ਉਹ ਘਰੋਂ ਪੰਜੀਰੀ ਦਾ ਇਕ ਪੀਪਾ ਪੰਜੀਰੀ ਲੈ ਆਇਆ ਤੇ ਜਿੰਦਾ ਲਾ ਕੇ ਰੱਖ ਦਿੱਤੀ। ਸਵੇਰੇ ਆਮ ਹੀ ਚਾਹ ਨਾਲ ਉਹ ਇਕੱਲਾ ਖਾਂਦਾ ਸੀ। ਸੁਰਜੀਤ ਨੂੰ ਸ਼ਰਾਰਤ ਸੁਝੀ ਉਹਨੇ ਜਿੰਦਰੇ ਦੀ ਇਕ ਕੁੰਜੀ ਲੈ ਆਂਦੀ ਤੇ ਉਹਦੀ ਗੈਰ ਹਾਜ਼ਰੀ 'ਚ ਕੱਢ ਕੇ ਖਾਣੀ ਸ਼ੁਰੂ ਕਰ ਦਿੱਤੀ। ਜਿਸ ਦਾ ਸ਼ੱਕ ਸੀਨੀਅਰ ਨੂੰ ਹੋ ਗਿਆ ਤੇ ਉਹ ਕਾਗਜ਼ ਰੱਖਕੇ ਨਿਸ਼ਾਨੀ ਰੱਖਣ ਲੱਗ ਗਿਆ। ਇਸ ਉਤੇ ਦੋਹਾਂ ਦਾ ਵਿਵਾਦ ਵੀ ਹੁੰਦਾ। ਆਖਿਰ ਸੁਰਜੀਤ ਨੇ ਇਹਦਾ ਹੱਲ ਕੱਢਿਆ। ਉਹ ਭੁੱਜੇ ਹੋਏ ਛੋਲੇ ਲੈ ਆਇਆ ਅਤੇ ਜਦੋਂ ਸੀਨੀਅਰ ਆਗੂ ਪੰਜੀਰੀ ਖਾਂਦਾ ਤਾਂ ਮੁਕਾਬਲੇ ਉਤੇ ਛੋਲਿਆਂ ਦੀ ਬਾਟੀ ਰੱਖ ਲੈਂਦਾ। ਇਉਂ ਕਾ. ਸੁਰਜੀਤ ਦੀ ਪਾਰਟੀ ਅੰਦਰਲੇ ਆਗੂਆਂ ਤੇ ਵਰਕਰਾਂ ਦੇ ਜਮਾਤੀ ਚਰਿੱਤਰ ਪ੍ਰਤੀ ਸਦਾ ਫਿਰਕਮੰਦੀ ਜ਼ਾਹਿਰ ਹੁੰਦੀ ਸੀ। ਸੱਦੀਓਂ ਹੀ ਇਨਕਲਾਬੀ ਲਹਿਰ ਆਪਣੇ ਅੰਦਰ ਨਾ ਪ੍ਰੋਲੇਤੇਰੀਅਨ ਜਾਂ ਸਮਾਜਵਾਦੀ ਸਭਿਆਚਾਰ ਦਾ ਮਜ਼ਬੂਤ ਅਧਾਰ ਵਿਕਸਤ ਕਰ ਸਕੀ।

ਇਸੇ ਦੌਰਾਨ ਕਮਿ. ਇਨ. ਲਹਿਰ ਦੇ ਖਿੰਡਾਅ ਦਰ ਖਿੰਡਾਅ ਉਹ ਅਕਸਰ ਖਿੰਡਨ ਲੱਗਾ। ਸੰਯੋਗ ਵਸ ਜਗਰਾਵਾਂ ਇਲਾਕੇ ਵਿਚ ਕੰਮ ਕਰਦਿਆਂ ਹੀ ਉਹਦਾ ਵਾਹ ਮੋਮਾਂ (ਬਲਬੀਰ) ਨਾਲ ਪਿਆਰ ਬਲਬੀਰ ਲਹਿਰ 'ਚ ਕੰਮ ਕਰਦੀ ਸੀ ਅਤੇ ਇਨਕਲਾਬੀ ਪਰਿਵਾਰ 'ਚੋਂ ਸੀ। ਦੋਹਾਂ ਨੇ ਜੀਵਨ ਸਾਥੀ ਬਣਨ ਦਾ ਅਹਿਦ ਲੈ ਲਿਆ। ਇਕ ਪਾਸੇ ਕੁਲਵਕਤੀ ਜ਼ਿੰਦਗੀ ਦੂਸਰੇ ਪਾਸੇ ਗ੍ਰਹਿਸਤੀ ਜ਼ਿੰਦਗੀ, ਆਰਥਿਕ ਸਰੋਤ ਮਹਿਜ ਕੁਝ ਫੰਡ ਹੀ। ਪਰ ਫੇਰ ਵੀ ਫੱਕਰਾਂ ਵਾਲੀ ਜ਼ਿੰਦਗੀ 'ਚ ਕਾ. ਸੁਰਜੀਤ ਅਡੋਲ ਰਿਹਾ। ਉਹ ਗੁਰਮੇਲ ਬਾਈ ਕਰਕੇ ਹਰਮਨ ਪਿਆਰਾ ਸੀ। ਉਹਨੇ 1972 ਤੋਂ 1988 ਤੱਕ ਹਜ਼ਾਰਾਂ ਕਿਲੋਮੀਟਰ ਪੰਧ ਸਾਈਕਲ ਉਤੇ ਹੀ ਤਹਿ ਕੀਤਾ। ਹੁਸ਼ਿਆਰਪੁਰ, ਜਲੰਧਰ, ਜਗਰਾਵਾਂ, ਮੋਗਾ, ਬਠਿੰਡਾ ਬਸ ਸਾਈਕਲ ਦਾ ਸਫ਼ਰ ਤੇ ਗੁਪਤਵਾਸ ਜ਼ਿੰਦਗੀ। ਆਖਿਰ 1988 'ਚ ਉਹਨੇ ਇਕ ਚੰਦਰੀ ਬਿਮਾਰੀ ਨੇ ਆ ਘੇਰਿਆ। ਹਾਲਾਂਕਿ ਡਾਕਟਰਾਂ ਨੇ ਪਹਿਲਾਂ ਚੌਕਸ ਕਰ ਦਿੱਤਾ ਸੀ ਕਿ ਉਹ ਆਰਾਮ ਕਰੇ ਉਹਦੀਆਂ ਲੱਤਾਂ ਪ੍ਰਭਾਵਿਤ ਹੋ ਸਕਦੀਆਂ ਹਨ ਪਰ ਮੌਤ ਨੂੰ ਟਿੱਚਰਾਂ ਕਰਨ ਵਾਲੇ ਲਈ ਡਾਕਟਰੀ ਹਦਾਇਤਾਂ ਦੀ ਪ੍ਰਵਾਹ। ਆਖਿਰ ਉਹੀ ਹੋਇਆ ਉਹਦੀਆਂ ਦੋਵੇਂ ਲੱਤਾਂ ਜਵਾਬ ਦੇ ਗਈਆਂ ਤੇ ਉਹਨੇ ਫਹੁੜੀਆਂ ਫੜ ਲਈਆਂ ਪਿਛਲੇਰੇ 25 ਸਾਲ ਉਹ ਫਹੁੜੀਆਂ ਤੋਂ ਵਾਕਰ ਤੇ ਫੇਰ ਮੰਜੇ ਉਤੇ ਆ ਗਿਆ। ਇਹ ਸਾਲ ਉਹਦੀ ਕਠਿਨ ਤਪੱਸਿਆ ਦੇ ਦਿਨ ਸਨ। ਉਹ ਮਾਲਵੇ 'ਚੋਂ ਪਰਤ ਕੇ ਫੇਰ ਦੋਆਬੇ ਆ ਗਿਆ ਅਤੇ ਪੁਰਾਣੇ ਸਾਥੀਆਂ ਨੂੰ ਨਾਲ ਲੈ ਮਜ਼ਦੂਰਾਂ ਨੂੰ ਜਥੇਬੰਦ ਕਰਨ ਵਿਚ ਰੁਝ ਗਿਆ। ਉਹਨੇ ਸਰੀਰਕ ਕਮਜ਼ੋਰੀ ਦੀ ਹਾਲਤ ਵਿਚ ਵੀ ਅਹਿਮ ਭੂਮਿਕਾ ਨਿਭਾਈ। ਇਸੇ ਦੌਰ 'ਚ ਉਹ ਸਿਧਾਂਤਕ ਟਿੱਪਣੀਆਂ ਲਿਖਣ 'ਤੇ ਵੰਡਣ ਲੱਗਾ। ਜਲੰਧਰ ਦੇਸ਼ ਭਗਤ ਯਾਦਗਾਰ ਹਾਲ 'ਚ ਹਾਲ ਦੀਆਂ ਪੌੜੀਆਂ ਦੇ ਹੇਠਾਂ ਅੱਧ ਲੇਟਿਆ ਕਾਮਰੇਡ ਸੁਰਜੀਤ ਇਸ਼ਾਰੇ ਨਾਲ ਸਾਥੀਆਂ ਨੂੰ ਸੱਦਦਾ ਅਤੇ ਆਪਣੀ ਲਿਖਤ ਦੀ ਫੋਟੋਸਟੇਟ ਦਿੰਦਾ। ਉਹਨੂੰ ਕਦੇ ਨਿਰਾਸ਼ ਨਹੀਂ ਸੀ ਵੇਖਿਆ। ਇਸੇ ਦੌਰਾਨ ਉਨ੍ਹਾਂ ਦੇ ਘਰ ਇਕ ਬੱਚੀ ਨੇ ਜਨਮ ਲਿਆ ਪਰ ਸੰਯੋਗਵਸ ਉਹ ਵੀ ਸਾਧਾਰਨ ਬੁੱਧੀ ਵਾਲੀ ਸੀ ਜੋ ਜਵਾਨ ਹੋ ਚੱਕੀ ਸੀ। ਅਖੀਰਲੇ ਸਾਲਾਂ 'ਚ ਉਹਨੂੰ ਆਪਣੀ ਬਿਮਾਰੀ ਦੇ ਨਾਲ-ਨਾਲ ਆਪਣੀ ਜੀਵਨ ਸਾਥਨ ਬਲਬੀਰ (ਮੋਮਾਂ) ਦੀ ਨਾ ਸਾਜਗਰ ਸਿਹਤ ਅਤੇ ਜਵਾਨ ਆਸਾਰਨ ਬੇਟੀ ਦੀ ਫਿਰਕਮੰਦੀ ਨੇ ਝੰਜੋੜ ਦਿੱਤਾ।

ਕਾ. ਸੁਰਜੀਤ ਨੇ ਆਪਣੀ ਜ਼ਿੰਦਗੀ ਦੇ ਲਗਭਗ 50 ਸਾਲ ਇਨਕਲਾਬੀ ਲਹਿਰ ਦੇ ਲੇਖੇ ਲਾਏ। ਉਹਦੇ ਮਿੱਤਰ ਕਹਿੰਦੇ ਹਨ, "ਸੁਰਜੀਤ ਮਿਲਦਾ ਸੀ ਤਾਂ ਰੂਹ ਨਿਹਾਲ ਹੋ ਜਾਂਦੀ ਸੀ।" ਅਜਿਹਾ ਸਿਰੜੀ ਯੋਧਾ ਕੋਈ ਕੋਈ ਹੁੰਦਾ ਹੈ। ਉਹਦੀ ਜੀਵਨ ਸਾਥਨ ਬਲਬੀਰ (ਮੋਮਾਂ) ਕਹਿੰਦੀ ਹੈ ਕਿ "ਉਹਨੇ ਮੈਨੂੰ ਆਜ਼ਾਦ ਜਿਊਣਾ ਸਿਖਾਇਆ" ਬਠਿੰਡਾ ਦੇ ਇਕ ਸਾਥੀ ਦਾ ਕਹਿਣਾ ਸੀ ਕਿ "ਬੇਸ਼ੱਕ ਕਾ ਸੁਰਜੀਤ ਕੋਈ ਸਿਧਾਂਤਕਾਰ ਨਹੀਂ ਸੀ, ਪਰ ਉਹਨੇ ਕਮਿਊਨਿਸਟਾਂ ਵਾਂਗੂੰ ਜਿਊਂ ਕੇ ਦਿਖਾ ਦਿੱਤਾ। ਕਦੇ ਕਿਤੇ ਸਮਝੌਤਾ ਨਹੀਂ ਕੀਤਾ। ਉਹ ਸੁਭਾਅ ਪੱਖੋਂ ਅੜੀਅਲ ਜ਼ਰੂਰ ਸੀ, ਪਰ ਅੰਦਰੋਂ ਕੋਮਲ ਸੀ। ਮਾਰਸਵਾਦ ਲੈਨਿਵਾਦ ਮਾਓ ਵਿਚਾਰਧਾਰਾ ਉਤੇ ਪਹਿਰਾ ਦੇਣ ਦਾ ਉਹ ਤਾਂ ਉਮਰ ਚਾਹਵਾ ਕਰਦਾ ਰਿਹਾ। ਉਹਦੇ ਪੜ੍ਹਨ ਵਾਚਨ ਅਤੇ ਚਰਚਾ ਕਰਨ ਦੀ ਪ੍ਰਵਿਤਰੀ ਵਿਸ਼ੇਸ ਪਹਿਚਾਣ ਸੀ। ਉਹਨੇ ਜ਼ਿੰਦਗੀ ਭਰ ਕੋਈ ਆਪਣਾ ਘਰ ਨਹੀਂ ਬਣਾਇਆ ਅਤੇ ਨਾ ਹੀ ਕੋਈ ਜਾਇਦਾਦ ਬਣਾਈ। ਉਹਨੂੰ ਤਾਂ ਘਰੇਲੂ ਜਾਇਦਾਦ ਦਾ ਬਣਦਾ ਹਿੱਸਾ ਵੀ ਨਸੀਬ ਨਾ ਹੋਇਆ ਅਤੇ ਅੱਜ ਵੀ ਉਹਦੀ ਕੁਝ ਜ਼ਮੀਨ ਉਤੇ ਜੋ ਦੰਢ ਕਸੇਲ ਹੈ ਜ਼ੋਰਾਵਰ ਕਾਬਜ਼ ਹਨ।

ਅਫ਼ਸੋਸ ਕਿ ਲਹਿਰ ਆਪਣੇ ਅਜਿਹੇ ਸਿਰੜੀ ਸਾਥੀਆਂ ਦੇ ਅੰਤਲੇ ਸਾਲਾਂ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਪ੍ਰਤੀ ਵੀ ਸੰਜੀਦਾ ਨਹੀਂ ਹੈ। ਆਖਿਰ 3 ਫਰਵਰੀ ਨੂੰ ਉਹ ਬੀਮਾਰ ਤੇ ਰੋਗ ਗ੍ਰਸਤ ਸਮਾਜ ਅਤੇ ਆਪਣੀ ਬੀਮਾਰ ਸਿਹਤ ਨਾਲ ਮੁਕਾਬਲਾ ਕਰਦਾ ਸਾਥੋਂ ਵਿਛੜ ਗਿਆ। ਪਰ ਉਹ ਦਿਖਾ ਗਿਆ ਕਿ ਕਮਿਊਨਿਸਟ ਇਕ ਅਲੱਗ ਮਿੱਟੀ ਦੇ ਦੇ ਬਾਵੇ ਹੁੰਦੇ ਹਨ। 13 ਫਰਵਰੀ 22 ਨੂੰ ਉਹਦੇ ਜੱਦੀ ਪਿੰਡ ਕਲੋਅ ਵਿਚ ਕਾ. ਸੁਰਜੀਤ ਦਾ ਸ਼ਰਧਾਂਜਲੀ ਸਮਾਗਮ ਹੋਇਆ।

# ਚੋਣ ਨਤੀਜਿਆਂ ਤੋਂ ਭਲੇ ਦੀ ਝਾਕ ਬਨਾਮ ਤਲਖ ਹਕੀਕਤਾਂ

(ਸਫ਼ਾ 18 ਦੀ ਬਾਕੀ)

ਲਾਗੂ ਕਰਕੇ ਪੱਕੀਆਂ ਨੌਕਰੀਆਂ ਅਤੇ ਸਰਕਾਰੀ ਸੇਵਾਵਾਂ ਦਾ ਖ਼ਾਤਮਾ ਕੀਤਾ। ਉਦਾਰੀਕਰਨ-ਨਿੱਜੀਕਰਨ-ਵਿਸ਼ਵੀਕਰਨ ਦੇ ਕਾਰਪੋਰੇਟ ਪੱਖੀ ਆਰਥਕ ਮਾਡਲ ਨੂੰ ਮੁਕੰਮਲ ਤੌਰ 'ਤੇ ਤਿਆਗੇ ਬਗੈਰ ਸਰਕਾਰੀ ਸਿੱਖਿਆ ਅਤੇ ਸਿਹਤ ਸੇਵਾਵਾਂ ਦੇ ਢਾਂਚੇ ਨੂੰ ਬਚਾਉਣਾ ਤੇ ਚਲਾਉਣਾ, ਠੇਕੇਦਾਰੀ ਪ੍ਰਣਾਲੀ ਨੂੰ ਬੰਦ ਕਰਨਾ, ਸਰਕਾਰੀ ਨੌਕਰੀਆਂ ਅਤੇ ਮੁਫ਼ਤ ਸਰਕਾਰੀ ਸੇਵਾਵਾਂ ਦੇਣਾ ਅਤੇ ਖੇਤੀ ਖੇਤਰ ਨੂੰ ਸੰਕਟ 'ਚੋਂ ਕੱਢ ਕੇ ਕੁਦਰਤ ਪ੍ਰੇਮੀ ਖੇਤੀ ਮਾਡਲ ਅਤੇ ਐਗਰੋ ਇੰਡਸਟਰੀ ਖੜ੍ਹੀ ਕਰਨਾ, ਰੋਜ਼ਗਾਰ ਦੇ ਦੂਜੇ ਭਰੋਸੇਯੋਗ ਸਰੋਤ ਛੋਟੀ ਅਤੇ ਦਰਮਿਆਨੀ ਸਨਅਤ ਦਾ ਉਜਾੜਾ ਰੋਕ ਕੇ ਉਸ ਨੂੰ ਪੈਰਾਂ 'ਤੇ ਖੜ੍ਹਾ ਕਰਨਾ ਅਤੇ ਇਸ ਸਭ ਕਾਸੇ ਲਈ ਲੋੜੀਂਦੇ ਸਰਕਾਰੀ ਬਜਟ ਮੁਹੱਈਆ ਕਰਨਾ ਸੰਭਵ ਹੀ ਨਹੀਂ ਹੈ। ਇਹ ਲੋਕ-ਲੁਭਾਊ ਮੈਨੀਫੈਸਟੋ ਆਮ ਲੋਕਾਂ ਨੂੰ ਡੰਗ-ਟਪਾਊ ਰਿਆਇਤਾਂ ਅਤੇ ਖ਼ੈਰਾਤਾਂ ਨਾਲ ਵਰਚਾ ਕੇ ਧਾੜਵੀ ਜਾਬਰ ਰਾਜ ਪ੍ਰਬੰਧ ਦੀ ਉਮਰ ਲੰਮੀ ਕਰਨ ਦਾ ਸੰਦ ਹਨ। ਇਸ ਤੋਂ ਸਿਵਾਏ ਹੋਰ ਕੁਝ ਨਹੀਂ। ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਯਤਨਸ਼ੀਲ ਆਰ.ਐੱਸ.ਐੱਸ.-ਬੀ.ਜੇ.ਪੀ. ਦੇ ਖ਼ਤਰਨਾਕ ਪ੍ਰੋਜੈਕਟ ਦੇ ਮੰਡਲਾ ਰਹੇ ਖ਼ਤਰੇ ਬਾਰੇ ਅਤੇ ਕਾਲੇ ਕਾਨੂੰਨਾਂ ਤੇ ਨਹੱਕੀਆਂ ਜੇਲ੍ਹਬੰਦੀਆਂ ਰਾਹੀਂ ਲੋਕਾਂ ਦੇ ਸੰਘਰਸ਼ ਦੇ ਜਮਹੂਰੀ ਹੱਕਾਂ ਉੱਪਰ ਹਮਲਿਆਂ ਬਾਰੇ ਲੋਕਾਂ ਨੂੰ ਜਾਗਰੂਕ ਅਤੇ ਸੁਚੇਤ ਕਰਨਾ ਕਿਸੇ ਵੀ ਪਾਰਟੀ ਦਾ ਏਜੰਡਾ ਨਹੀਂ ਸਗੋਂ ਉਹ ਤਾਂ ਖ਼ੁਦ ਇਨ੍ਹਾਂ ਹਮਲਿਆਂ 'ਚ ਭਾਈਵਾਲ ਹਨ ਅਤੇ ਸੱਤਾ 'ਚ ਹੋਣ ਸਮੇਂ ਅਜਿਹੇ ਹਮਲੇ ਕਰਦੀਆਂ ਹਨ।

ਸੰਯੁਕਤ ਸਮਾਜ ਮੋਰਚਾ ਇਨ੍ਹਾਂ ਚੋਣਾਂ 'ਚ ਨਵਾਂ ਰਾਜਨੀਤਕ ਚਿਹਰਾ ਸੀ। ਨਾ ਇਹ ਮੋਰਚਾ ਠੋਸ ਮੈਨੀਫੈਸਟੋ ਪੇਸ਼ ਕਰ ਸਕਿਆ, ਨਾ ਚੰਦ ਮੁੱਖ ਆਗੂਆਂ ਤੋਂ ਬਿਨਾਂ ਕੋਈ ਪ੍ਰਭਾਵਸ਼ਾਲੀ ਉਮੀਦਵਾਰ ਉਤਾਰ ਸਕਿਆ। ਬੱਝਵੀਂ ਚੋਣ ਮੁਹਿੰਮ ਚਲਾਉਣ ਦੀ ਤਾਂ ਗੱਲ ਛੱਡੋ, ਇਹ ਆਪਣੀ ਇਕਜੁੱਟਤਾ ਵੀ ਬਰਕਰਾਰ ਨਹੀਂ ਰੱਖ ਸਕਿਆ। ਮੁੱਢਲੀਆਂ 22 ਕਿਸਾਨ ਜਥੇਬੰਦੀਆਂ ਵਿੱਚੋਂ ਉਮੀਦਵਾਰ ਐਲਾਨੇ ਜਾਣ ਸਮੇਂ ਇਸ ਨਾਲ ਸਿਰਫ਼ 13 ਜਥੇਬੰਦੀਆਂ ਹੀ ਰਹਿ ਗਈਆਂ। ਸੀ.ਪੀ.ਆਈ. ਅਤੇ ਲਿਬਰੇਸ਼ਨ ਗਰੁੱਪ ਨੇ ਮੋਰਚੇ ਦਾ ਹਿੱਸਾ ਹੋਣ ਦੇ ਬਾਵਜੂਦ ਆਪਣੇ ਵੱਖਰੇ ਚੋਣ-ਨਿਸ਼ਾਨਾਂ ਉੱਪਰ ਚੋਣ ਲੜੀ। ਇਸ ਮੋਰਚੇ ਦਾ ਕੋਈ ਠੋਸ ਕਾਰਗੁਜ਼ਾਰੀ ਦਿਖਾਉਣ 'ਚ ਅਸਫ਼ਲ ਰਹਿਣਾ ਤੈਅ ਸੀ ਜੋ ਰਾਜੇਵਾਲ ਦੀ ਅਗਵਾਈ 'ਚ ਸੰਯੁਕਤ ਕਿਸਾਨ ਮੋਰਚੇ ਦੇ ਰਸੂਖ਼ ਨੂੰ ਵਰਤ ਕੇ ਚੋਣਾਂ ਲੜਨ ਲਈ ਬਣਾਇਆ ਗਿਆ ਸੀ। ਇਹ ਸਿਰਫ਼ ਕਿਸਾਨੀ ਦੀ ਨੁਮਾਇੰਦਗੀ ਕਰਦਾ ਹੋਣ ਕਾਰਨ ਅਤੇ ਸਮਾਜ ਦੇ ਬਾਕੀ ਵਰਗਾਂ ਦੀ ਇਸ ਵਿਚ ਹਿੱਸੇਦਾਰੀ ਨਾ ਹੋਣ ਕਾਰਨ ਇਸ ਦੇ ਰਾਜਨੀਤਕ ਪ੍ਰਭਾਵ ਦਾ ਦਾਇਰਾ ਉਂਞ ਹੀ ਸੀਮਤ ਸੀ। ਜੇ ਇਹ ਕੁਝ ਸੀਟਾਂ ਜਿੱਤ ਵੀ ਜਾਵੇ, ਫਿਰ ਵੀ ਹਕੂਮਤੀ ਨੀਤੀਆਂ ਨੂੰ ਪ੍ਰਭਾਵਿਤ ਕਰਨ 'ਚ ਵੀ ਇਹ ਕੋਈ ਗਿਣਨਯੋਗ ਭੂਮਿਕਾ ਨਹੀਂ ਨਿਭਾ ਸਕੇਗਾ। ਉਲਟਾ ਚੋਣਾਂ 'ਚ ਹਿੱਸਾ ਲੈਣ ਨੇ ਸੰਯੁਕਤ ਕਿਸਾਨ ਮੋਰਚੇ ਦੇ ਪ੍ਰਭਾਵ ਅਤੇ ਦਬਾਓ ਨੂੰ ਬੇਥਾਹ ਨੁਕਸਾਨ ਪਹੁੰਚਾਇਆ ਹੈ।

ਚੋਣਾਂ ਵਿਚ ਹਿੱਸਾ ਨਾ ਲੈਣ, ਨੋਟਾ ਬਟਨ ਦਬਾਉਣ ਅਤੇ ਚੋਣਾਂ ਦਾ ਬਾਈਕਾਟ ਕਰਨ ਵਾਲੀਆਂ ਇਨਕਲਾਬੀ ਧਿਰਾਂ ਅਤੇ ਉਨ੍ਹਾਂ ਦੀਆਂ ਕਿਸਾਨ ਮਜ਼ਦੂਰ ਜਥੇਬੰਦੀਆਂ ਕੋਲ ਬਦਲ ਦਾ ਮੋਟਾ ਜਿਹਾ ਸਿਧਾਂਤਕ ਖ਼ਾਕਾ ਤਾਂ ਹੈ, ਪਰ ਉਨ੍ਹਾਂ ਦਾ ਇਨਕਲਾਬੀ ਬਦਲ ਦਾ ਪ੍ਰਚਾਰਾਤਮਕ ਨਾਅਰਾ ਅਜੇ ਲੋਕਾਂ ਨੂੰ ਕਾਇਲ ਕਰਕੇ ਰਾਜਨੀਤਕ ਤਾਕਤ ਉਸਾਰਨ ਦੀ ਦਿਸ਼ਾ 'ਚ ਲਾਂਘਾ ਭੰਨਣ ਦੇ ਸਮਰੱਥ ਨਹੀਂ ਹੈ। ਇਸ ਕਾਰਨ ਉਹ ਵੀ ਕਿਸਾਨ ਅੰਦੋਲਨ ਨਾਲ ਬਣੇ ਸਾਜ਼ਗਾਰ ਮਾਹੌਲ ਦਾ ਲਾਹਾ ਲੈ ਕੇ ਆਮ ਲੋਕਾਂ ਨੂੰ ਰਾਜਨੀਤਕ ਤੌਰ 'ਤੇ ਸਿਖਿਅਤ ਕਰਨ 'ਚ ਕੋਈ ਵੱਡਾ ਪ੍ਰਭਾਵ ਨਹੀਂ ਪਾ ਸਕੀਆਂ। ਬਦਲਾਓ ਚਾਹੁੰਦੇ ਲੋਕ ਵੱਡੇ ਚੋਰਾਂ ਦੀ ਬਜਾਏ ਛੋਟੇ ਚੋਰ (ਕੇਜਰੀਵਾਲ-ਭਗਵੰਤ ਜੁੰਡਲੀ) ਨੂੰ ਮੌਕਾ ਦੇਣ ਦੇ ਭਰਮਜਾਲ 'ਚ ਫਸੇ ਹੋਏ ਹਨ।

ਇਹ ਬਿਲਕੁਲ ਸਪਸ਼ਟ ਹੈ ਕਿ ਕਿਸੇ ਵੀ ਪਾਰਟੀ ਕੋਲ ਪੰਜਾਬ ਨੂੰ ਡੂੰਘੇ ਸੰਕਟ 'ਚੋਂ ਕੱਢਣ ਦਾ ਪ੍ਰੋਗਰਾਮ ਅਤੇ ਇੱਛਾ ਸ਼ਕਤੀ ਨਹੀਂ ਹੈ। ਕਿਸੇ ਪਾਰਟੀ 'ਚ ਆਰ.ਐੱਸ.ਐੱਸ.-ਬੀ.ਜੇ.ਪੀ. ਦੇ ਬੇਕਿਰਕ ਫਾਸ਼ੀਵਾਦੀ ਕੇਂਦਰੀਕਰਨ ਨਾਲ ਟੱਕਰ ਲੈ ਕੇ ਪੰਜਾਬ ਨੂੰ ਹਾਸਲ ਵਸੀਲਿਆਂ ਦੇ ਆਧਾਰ 'ਤੇ ਤਰੱਕੀ ਦੇ ਰਾਹ ਤੋਰਨ ਦਾ ਦਮ ਵੀ ਨਹੀਂ ਹੈ। ਭਗਵੇਂ ਕੈਂਪ ਨੂੰ ਵਿਰੋਧੀ-ਧਿਰ ਦੀ ਇਸ ਜਨਮ-ਜਾਤ ਕਮਜ਼ੋਰੀ ਦਾ ਭਲੀਭਾਂਤ ਪਤਾ ਹੈ। ਉਨ੍ਹਾਂ ਨੇ ਚੋਣਾਂ ਦੌਰਾਨ ਹੀ ਪੰਜਾਬ ਦੇ ਖੇਤਰੀ ਹੱਕਾਂ ਉੱਪਰ ਡਾਕਾ ਮਾਰਨ ਦੇ ਨਵੇਂ ਫ਼ੈਸਲੇ ਥੋਪ ਦਿੱਤੇ ਹਨ। ਲਿਹਾਜ਼ਾ, ਸਰਕਾਰ ਕਿਸੇ ਵੀ ਪਾਰਟੀ ਦੀ ਬਣੇ, ਬਹੁਗਿਣਤੀ ਵਾਲੀ ਬਣੇ ਜਾਂ ਗੱਠਜੋੜ ਦੀ ਬਣੇ ਜਿਵੇਂ ਬਾਦਲਕਿਆਂ ਅਤੇ ਮੋਦੀਕਿਆਂ ਵੱਲੋਂ ਮੁੜ ਇਕੱਠੇ ਹੋਣ ਦੇ ਸਪਸ਼ਟ ਸੰਕੇਤ ਦਿੱਤੇ ਜਾ ਰਹੇ ਹਨ, ਰਿਮੋਟ ਕੰਟਰੋਲ ਬੀ.ਜੇ.ਪੀ. ਦੀ ਕੇਂਦਰੀ ਸਰਕਾਰ ਦੇ ਹੱਥ ਹੀ ਹੋਵੇਗਾ। ਇਹ ਗੱਲ ਮਾਇਨੇ ਨਹੀਂ ਰੱਖਦੀ ਕਿ ਸਰਕਾਰ ਕਿਸ ਦੀ ਬਣਦੀ ਹੈ, ਮਹੱਤਵਪੂਰਨ ਤਾਂ ਇਹ ਹੈ ਕਿ ਬਣਨ ਵਾਲੀ ਸਰਕਾਰ ਕਰਨਾ ਕੀ ਚਾਹੁੰਦੀ ਹੈ। ਲਿਹਾਜ਼ਾ ਸਰਕਾਰ ਤਾਂ ਬਦਲ ਜਾਵੇਗੀ ਪਰ ਸਮਾਜ ਦੀ ਚਿੰਤਾਜਨਕ ਹਾਲਤ ਨੂੰ ਬਦਲਣ ਵਾਲਾ ਕੋਈ ਬਦਲਾਓ ਨਹੀਂ ਹੋਵੇਗਾ। ਲੋਕ ਜਥੇਬੰਦੀਆਂ ਨੂੰ ਹੁਣ ਅਗਲੇ ਸੰਘਰਸ਼ ਦੀ ਤਿਆਰੀ ਲਈ ਕਮਰ ਕੱਸੇ ਕਰਨੇ ਚਾਹੀਦੇ ਹਨ ਕਿਉਂਕਿ ਹਕੂਮਤ ਦੇ ਹਮਲਿਆਂ ਨਾਲ ਨਿਰੰਤਰਤਾ ਨਾਲ ਟੱਕਰ ਲੈਣ ਵਾਲੀ ਜੇ ਕੋਈ ਜਥੇਬੰਦਕ ਤਾਕਤ ਹੈ ਤਾਂ ਇਹ ਲੋਕ ਜਥੇਬੰਦੀਆਂ ਹੀ ਹਨ। ਆਪਣੀ ਹੋਂਦ ਨੂੰ ਬਚਾਉਣ, ਚੋਣ ਵਾਅਦਿਆਂ ਨੂੰ ਲਾਗੂ ਕਰਾਉਣ ਅਤੇ ਮਾਮੂਲੀ ਰਿਆਇਤਾਂ ਲੈਣ ਲਈ ਵੀ ਲੋਕਾਂ ਦੇ ਵੱਖ-ਵੱਖ ਵਰਗਾਂ ਨੂੰ ਸੰਘਰਸ਼ ਕਰਨੇ ਪੈਣਗੇ ਅਤੇ ਇਸ ਦਾ ਸਾਧਨ ਲੋਕ ਜਥੇਬੰਦੀਆਂ ਹੀ ਬਣਨਗੀਆਂ। ਲੋਕ ਜਥੇਬੰਦੀਆਂ ਦੇ ਆਗੂਆਂ ਨੂੰ ਖੱਬੇਪੱਖੀ ਝੁਕਾਅ ਵਾਲੀਆਂ ਜਥੇਬੰਦੀਆਂ ਤੋਂ ਇਲਾਵਾ ਆਰ.ਐੱਸ.ਐੱਸ.-ਬੀ.ਜੇ.ਪੀ. ਵਿਰੋਧੀ ਹੋਰ ਸੰਜੀਦਾ ਲੋਕ ਤਾਕਤਾਂ ਨਾਲ ਟਿਕਾਊ ਸਾਂਝਾ ਸੰਘਰਸ਼ ਮੋਰਚਾ ਉਸਾਰਨ ਬਾਰੇ ਗੰਭੀਰਤਾ ਨਾਲ ਵਿਚਾਰ ਕਰਨੀ ਚਾਹੀਦੀ ਹੈ ਅਤੇ ਇਸ ਦਿਸ਼ਾ 'ਚ ਠੋਸ ਪਹਿਲਕਦਮੀਂ ਲੈਣੀ ਚਾਹੀਦੀ ਹੈ।

**27 ਫਰਵਰੀ ਸ਼ਹੀਦੀ ਦਿਨ 'ਤੇ**

# ਚੰਦਰ ਸ਼ੇਖਰ ਅਜ਼ਾਦ-ਗਰੀਬ ਕਿਰਤੀ ਲੋਕਾਂ ਦੀ ਇਨਕਲਾਬੀ ਚੇਤਨਾ ਦੇ ਪ੍ਰਤੀਕ

**"ਦੁਸ਼ਮਣਾਂ ਦੀਆਂ ਗੋਲ਼ੀਆਂ ਦਾ ਅਸੀਂ ਸਾਹਮਣਾ ਕਰਾਂਗੇ**
**ਅਜ਼ਾਦ ਹੀ ਰਹੇ ਹਾਂ ਅਜ਼ਾਦ ਹੀ ਰਹਾਂਗੇ।"**

ਆਪਣੇ ਸਾਥੀਆਂ ਦੇ ਇੱਕ ਇਕੱਠ ਵਿੱਚ ਕਿਸੇ ਪ੍ਰਸੰਗ ਵਿੱਚ ਚੰਦਰ ਸ਼ੇਖਰ ਅਜ਼ਾਦ ਨੇ ਇਹ ਸਤਰਾਂ ਸੁਣਈਆਂ ਸਨ। ਕਵਿਤਾ ਦੀਆਂ ਇਹ ਸਤਰਾਂ ਸਧਾਰਨ ਨਹੀਂ ਹਨ। ਅਜ਼ਾਦ ਦਾ ਆਪਣੇ ਸਾਥੀਆਂ ਨਾਲ਼ ਇਹ ਵਾਅਦਾ ਸੀ, ਜਿਸ ਨੂੰ ਉਹਨਾਂ ਨੇ 27, ਫਰਵਰੀ 1931 ਨੂੰ ਪੂਰਾ ਕਰ ਦਿਖਾਇਆ। ਗੋਰੇ ਦੁਸ਼ਮਣਾਂ ਦੀਆਂ ਗੋਲ਼ੀਆਂ ਦਾ ਸਾਹਮਣਾ ਕਰਦੇ ਹੋਏ ਉਹ ਸ਼ਹੀਦ ਹੋ ਗਏ। ਜਿਉਂਦੇ-ਜੀ ਅੰਗਰੇਜ਼ ਉਹਨਾਂ ਨੂੰ ਹੱਥ ਵੀ ਨਹੀਂ ਲਾ ਸਕੇ। ਅੱਜ 81 ਸਾਲਾਂ ਬਾਅਦ ਵੀ ਉਹਨਾਂ ਦੀ ਆਦਰਯੋਗ ਸ਼ਹਾਦਤ ਦੀ ਯਾਦ ਕਿਰਤੀ ਲੋਕਾਂ ਦੀ ਸੱਚੀ ਅਜ਼ਾਦੀ ਦੇ ਲਈ ਲੜਨ ਵਾਲ਼ੇ ਨੌਜਵਾਨਾਂ ਦੇ ਲਈ ਪ੍ਰੇਰਣਾ ਦਾ ਸ੍ਰੋਤ ਬਣੀ ਹੋਈ ਹੈ।

ਹਿੰਦੁਸਤਾਨ ਸਮਾਜਵਾਦੀ ਪਰਜਾਤੰਤਰ ਸੰਘ (ਹ. ਸ. ਪ. ਸ) ਦੇ ਕਮਾਂਡਰ-ਇਨ-ਚੀਫ ਚੰਦਰ ਸ਼ੇਖਰ ਅਜ਼ਾਦ ਦੇ ਜਥੇਬੰਦਕ ਹੁਨਰ, ਅਮਲੀ ਸੂਝ-ਬੂਝ ਅਤੇ ਕਰੜੀ ਹਿੰਮਤ ਬਾਰੇ ਦੱਸਣ ਦੀ ਲੋੜ ਨਹੀਂ। ਕਾਕੋਰੀ ਕਾਂਡ ਤੋਂ ਬਾਅਦ ਇਨਕਲਾਬੀ ਜਥੇਬੰਦੀ ਦੇ ਖਿੰਡੇ ਹੋਏ ਸੂਤਰਾਂ ਨੂੰ ਜੋੜਕੇ ਉਸਦੇ ਦੇ ਮੁੜ-ਗਠਨ ਦਾ ਕੰਮ ਉਹਨਾਂ ਦੀ ਅਗਵਾਈ ਵਿੱਚ ਹੋਇਆ ਸੀ। ਉਹਨਾਂ ਨੇ ਬਹੁਤ ਹੁਨਰਮੰਦੀ, ਤਿਆਗ ਅਤੇ ਹਿੰਮਤ ਨਾਲ਼ ਨੌਜਵਾਨ ਇਨਕਲਾਬੀਆਂ ਦੀ ਟੀਮ ਨੂੰ ਜਥੇਬੰਦ, ਪ੍ਰੇਰਿਤ ਅਤੇ ਸਰਗ਼ਰਮ ਕੀਤਾ। ਇਹ ਤਾਂ ਸਭ ਜਾਣਦੇ ਹਨ, ਪਰ ਚੰਦਰ ਸ਼ੇਖਰ ਅਜ਼ਾਦ ਦੀ ਸ਼ਖ਼ਸ਼ੀਅਤ ਦੇ ਇਸ ਪਹਿਲੂ ਬਾਰੇ ਬਹੁਤ ਘੱਟ ਲੋਕ ਜਾਣਦੇ ਹਨ ਕਿ ਉਹ ਬਹੁਤ ਘੱਟ ਪੜ੍ਹੇ-ਲਿਖੇ ਹੋਣ ਦੇ ਬਾਵਜੂਦ ਇੱਕ ਦ੍ਰਿੜ, ਵਿਚਾਰਵਾਨ ਇਨਕਲਾਬੀ ਸਨ। ਕਿਸੇ ਵੀ ਤਰਕਪੂਰਨ ਅਤੇ ਨਵੇਂ ਵਿਚਾਰ ਪ੍ਰਤੀ ਉਹ ਸਦਾ ਖੁੱਲ੍ਹੇ ਰਹਿੰਦੇ ਸਨ ਜਾਂ ਫਿਰ ਜੜ੍ਹਵਿਸ਼ਵਾਸ਼ਾਂ ਨੂੰ ਤਿਆਗਣ ਵਿੱਚ ਉਹ ਪਲ ਭਰ ਵੀ ਦੇਰ ਨਹੀਂ ਕਰਦੇ ਸਨ।

ਅਜ਼ਾਦ ਦੇ ਜੀਵਨ 'ਤੇ ਇੱਕ ਨਜ਼ਰ ਪਾਉਣ ਤੋਂ ਹੀ ਪਤਾ ਲੱਗ ਜਾਵੇਗਾ ਕਿ



ਇੱਕ ਬ੍ਰਾਹਮਣ ਪਰਿਵਾਰ ਵਿੱਚ ਪੈਦਾ ਹੋਣ ਤੋਂ ਲੈ ਕੇ ਸਮਾਜਵਾਦ ਵਿੱਚ ਯਕੀਨ ਰੱਖਣ ਵਾਲ਼ੇ ਇੱਕ ਵਿਚਾਰਵਾਨ ਇਨਕਲਾਬੀ ਦੀ ਯਾਤਰਾ ਉਹਨਾਂ ਨੇ ਕਿਸ ਗਤੀ ਨਾਲ਼ ਤੈਅ ਕੀਤੀ।

ਅਜ਼ਾਦ ਦਾ ਜਨਮ ਬੇਹੱਦ ਗਰੀਬੀ, ਅਨਪੜ੍ਹਤਾ ਅਤੇ ਧਾਰਮਿਕ ਕੱਟੜਤਾ ਵਿੱਚ ਹੋਇਆ ਸੀ। ਭਗਤ ਸਿੰਘ ਆਦਿ ਤੋਂ ਉਮਰ ਵਿੱਚ ਉਹ ਕੇਵਲ ਇੱਕ-ਦੋ ਸਾਲ ਹੀ ਵੱਡੇ ਸਨ। ਉਹ ਕਿਤਾਬਾਂ ਪੜ੍ਹਕੇ ਨਹੀਂ, ਸਿਆਸੀ ਘੋਲ਼ ਅਤੇ ਜੀਵਨ ਘੋਲ਼ ਵਿੱਚ ਆਪਣੇ ਸਰਗਰਮ ਤਜ਼ਰਬਿਆਂ ਤੋਂ ਸਿੱਖਦੇ ਹੋਏ ਹੀ ਉਸ ਇਨਕਲਾਬੀ ਗਰੁੱਪ ਦੇ ਨੇਤਾ ਬਣੇ ਜਿਸਦਾ ਉਦੇਸ਼ ਸੀ ਭਾਰਤ ਵਿੱਚ ਵੀ ਧਰਮ-ਨਿਰਪੇਖ ਜਮਾਤਹੀਣ ਸਮਾਜਵਾਦੀ ਜਮਹੂਰੀਅਤ ਦੀ ਸਥਾਪਨਾ। ਅਜ਼ਾਦ ਭਗਤ ਸਿੰਘ ਦੇ ਵਾਂਗ ਨਾਸਤਕ ਤਾਂ ਨਹੀਂ ਸਨ, ਪਰ ਉਹ ਸ਼ਚਿੰਦਰ ਨਾਥ ਸਾਨੀਅਲ ਵਰਗੇ ਵੇਦਾਂਤੀ ਜਾਂ ਅਧਿਆਤਮਕ ਵੀ ਨਹੀਂ ਸਨ। ਧਰਮ ਨੂੰ ਨਿੱਜੀ ਵਿਸ਼ਵਾਸ਼ ਦੀ ਚੀਜ਼ ਮੰਨਦੇ ਸਨ ਅਤੇ ਸੱਚੇ ਧਰਮ-ਨਿਰਪੱਖਵਾਦੀ ਵਾਂਗ ਉਹਨਾਂ ਦਾ ਇਹ ਪੱਕਾ ਵਿਸ਼ਵਾਸ਼ ਸੀ ਕਿ ਰਾਜ ਨੂੰ ਪੂਰੀ ਤਰ੍ਹਾਂ ਧਰਮ ਤੋਂ ਵੱਖ ਕੀਤਾ ਜਾਣਾ ਚਾਹੀਦਾ ਹੈ।

ਇਹ ਸਹੀ ਹੈ ਕਿ ਭਗਤ ਸਿੰਘ ਅਤੇ ਭਗਵਤੀ ਚਰਨ ਵੋਹਰਾ ਵਰਗੇ ਮੱਧਵਰਗ ਦੇ ਖਾਂਦੇ-ਪੀਂਦੇ ਘਰਾਂ ਦੇ ਸਿੱਖਿਅਤ ਅਤੇ ਬੌਧਿਕ ਨੌਜਵਾਨਾਂ ਦੇ ਹ. ਸ. ਪ. ਸ ਵਿੱਚ ਭਰਤੀ ਹੋਣ ਤੋਂ ਬਾਅਦ ਇਨਕਲਾਬੀ ਦਲ ਦਾ ਤੇਜ਼ੀ ਦੇ ਨਾਲ਼ ਵਿਚਾਰਕ ਵਿਕਾਸ ਹੋਇਆ ਪਰ ਅਜਿਹਾ ਨਹੀਂ ਸੀ ਕਿ ਅਜ਼ਾਦ ਉਹਨਾਂ ਦੇ ਵਿਚਾਰਾਂ ਨੂੰ ਅੱਖਾਂ ਬੰਦ ਕਰਕੇ ਸਵੀਕਾਰਦੇ ਸਨ। ਅਜ਼ਾਦ ਦੇ ਇਨਕਲਾਬੀ ਸਾਥੀਆਂ ਸ਼ਿਵ ਵਰਮਾ, ਭਗਵਾਨ ਦਾਸ ਮਾਹੌਰ, ਸਦਾਸ਼ਿਵ ਮਲਕਾਪੁਰਕਰ ਆਦਿ ਦੀਆਂ ਯਾਦਾਂ ਤੋਂ ਪਤਾ ਲੱਗਦਾ ਹੈ ਕਿ ਅਜ਼ਾਦ ਸਾਰੇ ਦਸਤਾਵੇਜ਼ਾਂ, ਬਿਆਨਾਂ, ਪਰਚਿਆਂ ਆਦਿ 'ਤੇ ਬੜੀ ਗੌਰ ਨਾਲ਼ ਚਰਚਾ ਕਰਦੇ ਸਨ ਅਤੇ ਉਸਦੀ ਸਹਿਮਤੀ ਨਾਲ਼ ਹੀ ਉਹ ਜਾਰੀ ਕੀਤੇ ਜਾਂਦੇ ਸਨ। ਗੰਭੀਰ ਵਿਚਾਰਕ ਕਿਤਾਬਾਂ ਸਾਥੀਆਂ ਤੋਂ ਪੜ੍ਹਵਾ ਕੇ ਸੁਣਦੇ ਸਨ ਅਤੇ ਉਹਨਾਂ 'ਤੇ ਚਰਚਾ ਕਰਦੇ ਸਨ। ਫਿਰੋਜਸ਼ਾਹ ਕੋਟਲਾ ਮੈਦਾਨ ਵਿੱਚ ਨੇਪਰ੍ਹੇ ਚੜ੍ਹੀ ਉਸ ਇਤਿਹਾਸਕ ਬੈਠਕ ਵਿੱਚ ਅਜ਼ਾਦ ਸ਼ਾਮਲ ਨਹੀਂ ਹੋ ਸਕੇ ਸਨ ਜਿਸ ਵਿੱਚ ਹਿੰਦੁਸਤਾਨ ਪਰਜਾਤੰਤਰ ਸੰਘ ਦਾ ਨਾਂ ਬਦਲ ਕੇ ਹਿੰਦੁਸਤਾਨ ਸਮਾਜਵਾਦੀ ਪਰਜਾਤੰਤਰ ਸੰਘ ਕੀਤਾ ਗਿਆ ਸੀ ਅਤੇ ਸਮਾਜਵਾਦ ਨੂੰ ਜਥੇਬੰਦੀ ਦੇ ਉਦੇਸ਼ ਦੇ ਤੌਰ 'ਤੇ ਸਵੀਕਾਰ ਕੀਤਾ ਗਿਆ। ਪਰ ਇਸ ਮੁੱਦੇ 'ਤੇ ਸਾਥੀਆਂ ਨਾਲ਼ ਉਹਨਾਂ ਨੇ ਪੂਰੀ ਚਰਚਾ ਤੋਂ ਬਾਅਦ ਪਹਿਲਾਂ ਹੀ ਸਹਿਮਤੀ ਦੇ ਦਿੱਤੀ ਸੀ। ਅਜ਼ਾਦ ਦੇ ਇਨਕਲਾਬੀ ਸਾਥੀ ਭਗਵਾਨ ਦਾਸ ਮਾਹੌਰ ਨੇ 'ਯਸ਼ ਕੀ ਧਰੋਹਰ' ਵਿੱਚ ਬਿਲਕੁਲ ਠੀਕ ਲਿਖਿਆ ਹੈ ਕਿ ਉਹਨਾਂ ਦਾ ਜੀਵਨ ਅਤੇ ਨਾਂ "ਅਨਪੜ੍ਹਤਾ, ਅੰਧ-ਵਿਸ਼ਵਾਸ, ਧਾਰਮਿਕ ਕੱਟੜਤਾ ਵਿੱਚ ਪਈ ਭਾਰਤੀ ਜਨਤਾ ਦੇ ਇਨਕਲਾਬ ਦੀ ਚੇਤਨਾ ਦਾ ਪ੍ਰਤੀਕ ਬਣ ਗਿਆ ਹੈ।"

ਅੱਜ ਸਾਮਰਾਜੀ-ਸਰਮਾਏਦਾਰੀ ਦੀ ਲੁੱਟ-ਜ਼ਬਰ ਦੀਆਂ ਬੇੜੀਆਂ ਵਿੱਚ ਜਕੜੇ ਦੇਸ਼ ਦੇ ਕਿਰਤੀ ਲੋਕਾਂ ਦੇ ਦਿਲਾਂ ਤੱਕ ਅਜ਼ਾਦ ਦੇ ਅਧੂਰੇ ਸੁਪਨਿਆਂ ਨੂੰ ਪਹੁੰਚਾਉਣਾ ਅਤੇ ਉਹਨਾਂ ਦੀ ਮਹਾਨ ਸ਼ਹਾਦਤ ਤੋਂ ਪ੍ਰੇਰਣਾ ਲੈਂਦੇ ਹੋਏ ਉਹਨਾਂ ਸੁਪਨਿਆਂ ਨੂੰ ਪੂਰਾ ਕਰਨ ਦਾ ਸੰਕਲਪ ਹੀ ਉਹਨਾਂ ਦੇ ਪ੍ਰਤੀ ਸੱਚੀ ਸਰਧਾਂਜਲੀ ਹੋਵੇਗੀ।

# ਸਾਮਰਾਜੀ ਖਿੱਚੋਤਾਣ, ਰੂਸ ਵਲੋਂ ਯੂਕਰੇਨ ਦਾ ਘਾਣ

(ਸਫ਼ਾ 1 ਦੀ ਬਾਕੀ)

ਹੈ। ਭਾਵੇਂ ਰੂਸ ਦੇ ਪਸਾਰਵਾਦੀ ਹਮਲੇ ਨੇ ਯੂਕਰੇਨ ਦੇ ਲੋਕਾਂ 'ਚ ਆਪਣੇ ਵਤਨ ਦੀ ਰਾਖੀ ਦੇ ਦੇਸ਼ਭਗਤ ਜਜ਼ਬਾਤ ਜਗਾਏ ਹਨ ਅਤੇ ਉਹ ਹਮਲੇ ਵਿਰੁੱਧ ਹਕੂਮਤ ਦੀ ਫ਼ੌਜੀ ਲਾਮਬੰਦੀ ਦਾ ਸਾਥ ਦੇ ਰਹੇ ਹਨ, ਪਰ ਇਸ ਨਾਲ ਯੂਕਰੇਨ ਦੀ ਮੌਜੂਦਾ ਹਕੂਮਤ ਦਾ ਲੋਕ ਦੁਸ਼ਮਣ ਖ਼ਾਸਾ ਨਹੀਂ ਬਦਲ ਜਾਂਦਾ। ਯੂਕਰੇਨ ਦੀ ਕੁਲ-ਅਖ਼ਤਿਆਰ ਸੁਤੰਤਰ ਹੈਸੀਅਤ ਰੱਖਣ ਦੀ ਬਜਾਏ ਯੂਕਰੇਨ ਦੀ ਹੁਕਮਰਾਨ ਜਮਾਤ ਸਾਮਰਾਜੀ ਧੜਿਆਂ ਦੀ ਧਾੜਵੀ ਸ਼ਰੀਕੇਬਾਜ਼ੀ 'ਚ ਉਨ੍ਹਾਂ ਨਾਲ ਗੰਢ-ਚਿਤਰਾਵਾ ਕਰਦੇ ਚੱਲਦੀ ਆ ਰਹੀ ਹੈ, ਸੋ ਇਹ ਵੀ ਯੂਕਰੇਨ ਦੇ ਲੋਕਾਂ ਨੂੰ ਜੰਗ ਦੇ ਮੂੰਹ ਧੱਕਣ ਦੀ ਜ਼ਿੰਮੇਵਾਰੀ ਤੋਂ ਬਰੀ ਨਹੀਂ ਹੋ ਸਕਦੀ। ਭਾਰਤੀ ਫਾਸ਼ੀਵਾਦੀ ਹਕੂਮਤ ਬੁਰੀ ਤਰ੍ਹਾਂ ਬੌਂਦਲੀ ਹੋਈ ਹੈ। ਇਹ ਜੰਗ ਦਾ ਵਿਰੋਧ ਕਰਕੇ ਆਪਣੇ ਅਮਰੀਕਨ ਆਕਾਵਾਂ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੀ ਅਤੇ ਖੁੱਲ੍ਹ ਕੇ ਉਨ੍ਹਾਂ ਦਾ ਸਾਥ ਵੀ ਨਹੀਂ ਦੇ ਰਹੀ।

ਦੁਨੀਆ ਦੇ ਲੋਕ ਨਹੱਕੀਆਂ ਜੰਗਾਂ ਦੇ ਖ਼ਤਰਿਆਂ ਅਤੇ ਪ੍ਰਮਾਣੂ ਹਥਿਆਰਾਂ ਨਾਲ ਲੈਸ ਤਾਕਤਾਂ ਦੇ ਭੇੜ ਨਾਲ ਹੋਣ ਵਾਲੀ ਭਿਆਨਕ ਤਬਾਹੀ ਨੂੰ ਬਾਖ਼ੂਬੀ ਸਮਝਦੇ ਹਨ। ਇਹੀ ਵਜ੍ਹਾ ਹੈ ਕਿ ਜਿੱਥੇ ਦੁਨੀਆ ਭਰ ਦੇ ਅਮਨਪਸੰਦ ਲੋਕ ਇਸ ਧਾੜਵੀ ਹਮਲੇ ਦਾ ਵਿਰੋਧ ਕਰ ਰਹੇ ਹਨ, ਉੱਥੇ ਖ਼ੁਦ ਰੂਸ ਦੇ ਅਮਨਪਸੰਦ ਲੋਕ ਵੀ ਨਹੱਕੀ ਜੰਗ ਦੀ ਅਸਲੀਅਤ ਨੂੰ ਸਮਝ ਕੇ ਸੜਕਾਂ ਉੱਪਰ ਆ ਕੇ ਜੰਗ ਦਾ ਵਿਰੋਧ ਕਰ ਰਹੇ ਹਨ। ਰੂਸ ਦੀ ਤਾਨਾਸ਼ਾਹ ਹਕੂਮਤ ਆਪਣੇ ਲੋਕਾਂ ਦੀ ਜੰਗ ਵਿਰੋਧੀ ਆਵਾਜ਼ ਨੂੰ ਕੁਚਲਣ ਲਈ ਬੇਕਿਰਕੀ ਨਾਲ ਜਬਰ ਢਾਹ ਰਹੀ ਹੈ। ਆਓ ਇਸ ਧਾੜਵੀ ਜੰਗ ਵਿਰੁੱਧ ਵੱਧ ਤੋਂ ਵੱਧ ਗਿਣਤੀ 'ਚ ਸੜਕਾਂ ਉੱਪਰ ਆ ਕੇ ਇਸ ਦਾ ਵਿਰੋਧ ਕਰੀਏ ਅਤੇ ਮੰਗ ਕਰੀਏ ਕਿ ਰੂਸ ਯੂਕਰੇਨ ਉੱਪਰ ਹਮਲਾ ਤੁਰੰਤ ਬੰਦ ਕਰੇ।

ਮਿੰਨੀ ਕਹਾਣੀ

# ਚਿੱਚੜ



ਰਿਪੁਦਮਨ ਸਿੰਘ ਰੂਪ
98767 68960

ਪ੍ਰੇਮ ਸਿੰਘ ਆਪਣੇ ਵੱਡੇ ਭਰਾਵਾਂ ਵਰਗੇ ਪਰਮ ਮਿੱਤਰ ਨਿਰਮਲ ਸਿੰਘ ਦਾ ਬਹੁਤ ਸਤਿਕਾਰ ਕਰਦਾ ਸੀ ਕਿਉਂਕਿ ਨਿਰਮਲ ਸਿੰਘ ਫਿਲਮੀ ਜਗਤ ਦਾ ਵੱਡਾ ਨਾਂ ਸੀ। ਪਿਛਲੇ ਕੁਝ ਕੁ ਸਾਲਾਂ ਤੋਂ ਪ੍ਰੇਮ ਸਿੰਘ ਕੈਨੇਡਾ ਵੱਸ ਗਿਆ ਸੀ। ਇਸ ਵਾਰ ਇੰਡੀਆ ਜਾਣ ਵੇਲੇ ਉਹਨੇ ਸੋਚਿਆ ਕਿ ਜਾਂਦਾ ਹੋਇਆ ਆਪਣੇ ਪਰਮ ਮਿੱਤਰ ਲਈ ਕੋਈ ਗਿਫ਼ਟ ਲੈ ਕੇ ਜਾਵੇ।

ਇੰਡੀਆ ਪਹੁੰਚ ਕੇ ਇੱਕ ਦਿਨ ਉਹ ਆਪਣੇ ਮਿੱਤਰ ਨਿਰਮਲ ਸਿੰਘ ਨੂੰ ਮਿਲਣ ਗਿਆ। ਅਗੋਂ ਨਿਰਮਲ ਸਿੰਘ ਕੋਲ ਉਹਦਾ ਗੁਆਂਢੀ ਕਿਦਾਰ ਨਾਥ ਬੈਠਾ ਸੀ ਜੋ ਰਾਮ ਲੀਲਾ ਵਿਚ ਰੋਲ ਕਰਦਾ ਰਹਿੰਦਾ ਸੀ ਅਤੇ ਨਿਰਮਲ ਸਿੰਘ ਉਸ ਨੂੰ ਫਿਲਮਾਂ ਅਤੇ ਸੀਰੀਅਲਾਂ ਵਿਚ ਮਾੜੇ-ਮੋਟੇ ਰੋਲ ਦਿਵਾ ਦਿੰਦਾ ਸੀ। ਕਿਦਾਰ ਨਾਥ ਲੱਗਭੱਗ ਰੋਜ਼ ਹੀ ਸ਼ਾਮ ਨੂੰ ਨਿਰਮਲ ਸਿੰਘ ਕੋਲ ਆ ਬੈਠਦਾ ਸੀ। ਕਿਉਂਕਿ ਉਸ ਕੋਲ ਵੱਡੇ ਵੱਡੇ ਡਾਇਰੈਕਟਰ ਅਤੇ ਪ੍ਰੀਡਿਊਸਰ ਅਕਸਰ ਹੀ ਆਉਂਦੇ-ਜਾਂਦੇ ਰਹਿੰਦੇ ਸੀ ਅਤੇ ਕਿਦਾਰ ਨਾਥ ਜਿਤਾਉਣਾ ਚਾਹੁੰਦਾ ਸੀ ਕਿ ਉਹ ਨਿਰਮਲ ਸਿੰਘ ਦੇ ਜਿਵੇਂ ਘਰ ਦਾ ਹੀ ਬੰਦਾ ਹੋਵੇ। ਅੱਜ ਪ੍ਰੇਮ ਸਿੰਘ ਦੇ ਆਉਣ ਮਗਰੋਂ ਵੀ ਕਿਦਾਰ ਨਾਥ ਉਠਣ ਦਾ ਨਾਂਅ ਹੀ ਨਹੀਂ ਸੀ ਲੈ ਰਿਹਾ। ਪ੍ਰੇਮ ਸਿੰਘ ਗਿਫ਼ਟ ਤਾਂ ਨਿਰਮਲ ਸਿੰਘ ਇੱਕਲੇ ਹੁੰਦੇ ਨੂੰ ਹੀ ਦੇਣਾ ਚਾਹੁੰਦਾ ਸੀ। ਪਰ ਕਿਦਾਰ ਨਾਥ ਤਾਂ ਜਿਵੇਂ ਚਿੱਚੜ ਹੀ ਬਣਿਆ ਬੈਠਾ ਸੀ ਅਤੇ ਹਰ ਗੱਲ ਵਿਚ ਦਖ਼ਲ ਦੇ ਰਿਹਾ ਸੀ। ਕੁੱਝ ਸਮੇਂ ਮਗਰੋਂ ਕਿਦਾਰ ਨਾਥ ਦਾ ਪੁੱਤਰ ਉਸ ਨੂੰ ਉਠਾਲ ਕੇ ਲੈ ਗਿਆ ਕਿਉਂਕਿ ਘਰ ਉਸ ਨੂੰ ਕੋਈ ਮਿਲਣ ਆਇਆ ਸੀ।

ਉਸ ਦੇ ਜਾਣ ਮਗਰੋਂ ਪ੍ਰੇਮ ਸਿੰਘ ਨੇ ਬੜੇ ਪ੍ਰੇਮ ਨਾਲ ਆਪਣੇ ਬੈਗ ਵਿਚੋਂ ਕੈਨੇਡਾ ਤੋਂ ਲਿਆਂਦੀ ਬਰਾਂਡੀ ਕੱਢੀ ਅਤੇ ਬੜੇ ਹੀ ਅਦਬ ਨਾਲ ਨਿਰਮਲ ਸਿੰਘ ਨੂੰ ਭੇਂਟ ਕਰਦਿਆਂ ਕਿਹਾ, "ਭਾਅ ਜੀ, ਇਹ ਕੈਨੇਡਾ ਦੀ ਸੱਭ ਤੋਂ ਵਧੀਆ ਬਰਾਂਡੀ ਹੈ...। ਇਹਨੂੰ ਕਦੇ ਕਦੇ ਬਹੁਤੀ ਠੰਢ ਵਿਚ ਲੈਣਾ.. ਐਵੇਂ ਦਵਾਈ ਵਾਂਗ ਕੋਸੇ ਪਾਣੀ ਨਾਲ। ਬਹੁਤ ਗਰਮ ਹੈ, ਐਤਕੀਂ ਤੁਹਾਡਾ ਸਿਆਲ ਕਢਵਾ ਦੇਵੇਗੀ...।"

ਕੁੱਝ ਕੁ ਦਿਨਾਂ ਮਗਰੋਂ ਪ੍ਰੇਮ ਸਿੰਘ ਇਕ ਵਾਰ ਫਿਰ ਨਿਰਮਲ ਸਿੰਘ ਨੂੰ ਮਿਲਣ ਆਇਆ ਤਾਂ ਕੀ ਦੇਖਦਾ ਹੈ ਕਿ ਨਿਰਮਲ ਸਿੰਘ ਅਤੇ ਕਿਦਾਰ ਨਾਥ ਬੈਠੇ ਬਰਾਂਡੀ ਪੀ ਰਹੇ ਹਨ। ਬੋਤਲ ਵਿਚ ਸਿਰਫ ਪਊਆ ਹੀ ਬਚਿਆ ਦੇਖ ਉਹ ਅਵਾਕ ਰਹਿ ਗਿਆ "ਹੈਂ! ਐਨੀ ਗਰਮ ਬਰਾਂਡੀ ਦਿਨਾਂ ਵਿਚ ਹੀ ਨਿਪਟਾ ਦਿਤੀ।" ਕਿਦਾਰ ਨਾਥ ਚਾਂਬਲ ਚਾਂਬਲ ਤੁਤਲਾ ਰਿਹਾ ਸੀ, "ਪ੍ਰੇਮ ਸਿੰਘ...ਬਈ ਬਹੁਤ ਕਮਾਲ ਦੀ ਹੈ, ਤੁਹਾਡੀ ਆਹ ਕੈਨੇਡਾ ਵਾਲੀ ਬਰਾਂਡੀ... ਅਜਿਹੀ ਚੀਜ਼ ਲਿਆਇਆ ਕਰੋ ਕੈਨੇਡਾ ਤੋਂ। ਇਕ ਅੱਧੀ ਮੇਰੇ ਲਈ ਵੀ ਲਿਆਇਆ ਕਰੋ..।"

ਪ੍ਰੇਮ ਸਿੰਘ ਜਾਣਦਾ ਸੀ ਕਿ ਨਿਰਮਲ ਸਿੰਘ ਤਾਂ ਬਹੁਤ ਥੋੜੀ ਪੀਣ ਵਾਲਾ ਹੈ ਤੇ ਇਹ ਸਮਝਦਿਆਂ ਉਸ ਨੂੰ ਦੇਰ ਨਾ ਲੱਗੀ ਕਿ ਲਗਭਗ ਸਾਰੀ ਬਰਾਂਡੀ ਕਿਦਾਰ ਨਾਥ ਹੀ ਡੱਕਾਰ ਗਿਆ ਸੀ। ਅੱਜ ਪ੍ਰੇਮ ਸਿੰਘ ਆਪਣੇ ਨਾਲ ਇੱਕ ਵਧੀਆ ਰਮ ਦੀ ਬੋਤਲ ਨਿਰਮਲ ਸਿੰਘ ਨੂੰ ਦੇਣ ਲਈ ਲਿਆਇਆ ਸੀ। ਪਰ ਉਹਨੇ ਇਹ ਬੋਤਲ ਨਿਰਮਲ ਸਿੰਘ ਨੂੰ ਨਹੀਂ ਦਿੱਤੀ। ਕਿਉਂਕਿ ਉਹ ਜਾਣ ਗਿਆ ਸੀ ਕਿ ਚਿੱਚੜ ਨਿਰਮਲ ਸਿੰਘ ਨੂੰ ਹਰ ਸ਼ਾਮ ਹੀ ਚਿੰਬੜ ਜਾਂਦਾ ਹੈ ਅਤੇ ਇਹ ਰਮ ਵੀ ਸੜ੍ਹਾਕ ਜਾਵੇਗਾ।


www.malwatires.ca
MALWA
TIRES & SERVICES LTD
NOW OPEN AT
UNIT - G, 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
403-899-1984
MOBILE
24/7 SERVICE
services@malwatires.com

# HOMELIFE SILVERCITY
REALTY INC.,BROKERAGE
(Independently Owned and Operated)

# #7 CANADA WIDE
## BROKERAGE WITH HOMELIFE BRAND
## 2017 GROSS COMMISSION WISE

New Head Office
**905-913-8500**
50 COTTRELLE BLVD., UNIT 29, BRAMPTON

TEAM OF OVER 600 REALTORS

# HOMELIFE SILVERCITY
REALTY INC.,BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS
*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY
**905.913.8500**
www.HomelifeSilvercityTeam.com

BALJIT GARCHA
BROKER OF RECORD
647.500.6500

AJIT GARCHA
BROKER / PRESIDENT
647.204.9500

Address:
11775 Bramalea Rd. Brampton





# ਆਜ਼ਾਦੀ ਦਾ ਅੰਮ੍ਰਿਤ ਮਹਾਂਉਤਸਵ-ਇੱਕ ਅਵਲੋਕਨ



ਡਾ. ਬਲਜਿੰਦਰ
94170-79720

15 ਅਗਸਤ 1947 ਦੀ ਪਝੱਤਰਵੀਂ ਵਰ੍ਹੇਗੰਢ ਦੇ ਮੌਕੇ 'ਤੇ 'ਆਜਾਦੀ ਕਾ ਅੰਮ੍ਰਿਤ ਮਹੋਤਸਵ' ਨਾਂ ਦਾ ਇੱਕ ਸਗੂਫਾ ਛੱਡਿਆ ਗਿਆ ਹੈ। ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਚਾਰ ਮਨਿਸਟਰੀ ਨੇ ਦੇਸ ਦੇ ਹਰ ਕੋਨੇ 'ਚ ਆਜਾਦੀ ਦਾ ਸੁਨੇਹਾ ਪਹੁੰਚਾਉਣ ਲਈ ਇਸ ਮਹਾਂਉਤਸਵ ਨੂੰ ਮਨਾਉਣ ਦੀ ਮੁਹਿੰਮ ਵਿੱਢੀ ਹੈ। ਇਸ ਮੁਹਿੰਮ ਦੌਰਾਨ 'ਆਜਾਦੀ ਦੇ ਉਹਨਾਂ ਪ੍ਰਵਾਨਿਆਂ' ਨੂੰ ਮੁਲਕ ਦੇ ਲੋਕਾਂ ਸਾਹਮਣੇ ਲਿਆਂਦਾ ਜਾਵੇਗਾ ਜੋ ਕਿ ਅਜੇ ਤੱਕ ਲੋਕਾਂ ਲਈ ਅਣਜਾਨ ਬਣੇ ਹੋਏ ਹਨ।

ਇਸ ਸੰਬੰਧੀ ਜਾਰੀ ਕੀਤੇ ਗਏ ਇੱਕ ਬਿਆਨ ਮੁਤਾਬਕ "ਆਜਾਦੀ ਦੀ ਲੜਾਈ ਬਰਤਾਨਵੀ ਹਕੂਮਤ ਤੱਕ ਹੀ ਸੀਮਤ ਨਹੀਂ ਸੀ, ਇਸ ਤੋਂ ਪਹਿਲਾਂ ਵੀ ਭਾਰਤ ਗੁਲਾਮੀ ਦਾ ਦੌਰ ਹੰਢਾ ਚੁੱਕਿਆ ਸੀ।" ਇਹ ਬਿਆਨ ਖੁਦ ਬ ਖੁਦ ਹੀ ਇਹ ਦਰਸਾਉਂਦਾ ਹੈ ਕਿ ਇਸ ਅੰਮ੍ਰਿਤ ਮਹੋਤਸਵ ਨੂੰ ਲੈ ਕੇ ਮੋਦੀ ਦੀ ਅਗਵਾਈ ਹੇਠਲੀ ਭਗਵੀ ਸਰਕਾਰ ਦੇ ਮਨਸੇ ਕੀ ਹਨ।

ਵਜਾਰਤ ਦਾ ਬਿਆਨ ਇਹ ਵੀ ਦਾਅਵਾ ਕਰਦਾ ਹੈ ਕਿ ਸਵਾਮੀ ਵਿਵੇਕਾਨੰਦ ਤੇ ਮਰਨ ਮਹਾਂਰਿਸੀ 1857 ਦੀ ਭਾਰਤ ਦੀ ਪਹਿਲੀ ਜੰਗੇ-ਆਜਾਦੀ ਦੇ ਪ੍ਰੇਰਕ ਸਨ। ਜਦਕਿ ਹਕੀਕਤ ਇਹ ਹੈ ਕਿ ਸਵਾਮੀ ਵਿਵੇਕਾਨੰਦ 1863 'ਚ ਜੰਮਿਆ ਸੀ ਅਤੇ ਮਰਨ ਮਹਾਂਰਿਸੀ 1879 'ਚ। ਕੇਹਾ ਹਾਸੋਹੀਣਾ ਹੈ ਇਤਿਹਾਸ ਦਾ ਇਹ ਮੁੜ-ਦਹੁਰਾਅ! ਇਸ ਤੋਂ ਪਹਿਲਾਂ ਵੀ ਸਾਵਰਕਰ ਨੂੰ ਪਹਿਲੀ ਜੰਗੇ-ਆਜਾਦੀ ਦਾ ਪ੍ਰੇਰਕ ਅਤੇ ਨਾਇਕ ਬਣਾਉਣ ਦੇ ਨਾਕਾਮ ਯਤਨ ਕੀਤੇ ਗਏ ਸਨ।

ਸੰਘੀ ਸਰਕਾਰ ਦਾ ਇਹ ਯਤਨ ਮੁੱਢ ਤੋਂ ਹੀ ਰਿਹਾ ਹੈ ਕਿ ਉਹ ਇਤਿਹਾਸ ਨੂੰ ਆਪਣੇ ਪੱਖ 'ਚ ਦਰਸਾਉਣ ਲਈ ਇਸ ਨਾਲ ਤੋੜ-ਮਰੋੜ ਕਰੇ। ਅਤੇ ਉਹ ਹਰ ਹੀਲੇ ਕਰਦੀ ਵੀ ਰਹੀ ਹੈ। 1857 ਦੀ ਪਹਿਲੀ ਦੰਗੇ-ਆਜਾਦੀ ਦੇ ਸਬੰਧ 'ਚ ਦਿੱਤਾ ਗਿਆ ਇਹ ਬਿਆਨ ਭਾਰਤ ਦੀ ਉਸ ਧਰਮ-ਨਿਰਪੱਖ ਤਹਿਜੀਬ ਨੂੰ ਇਤਿਹਾਸ 'ਚੋਂ ਮਨਫੀ ਕਰਨ ਦਾ ਯਤਨ ਕਰਨਾ ਹੈ ਜਿਹੜੀ ਮੁਤਾਬਕ ਕਿ ਅੰਗਰੇਜ ਬਸਤੀਵਾਦੀਆਂ ਨੂੰ ਦੇਸ 'ਚੋਂ ਬਾਹਰ ਖਦੇੜਣ ਲਈ ਮੁਲਕ ਦਾ ਹਰ ਬਸ਼ਿੰਦਾ ਆਪਣੇ ਧਰਮ-ਜਾਤ ਤੋਂ ਉੱਪਰ ਉੱਠ ਕੇ ਪੂਰੇ ਤਾਣ ਨਾਲ ਜੂਝਿਆ ਸੀ। ਇਸ ਜੰਗ 'ਚ ਹਿੰਦੂ ਵੀ ਸਨ, ਮੁਸਲਮਾਨ ਵੀ ਸਨ, ਸਿੱਖ ਵੀ ਸਨ। ਝਾਂਸੀ ਦੀ ਰਾਣੀ ਲਕਸਮੀ ਬਾਈ ਦੇ ਨਾਲ ਤਾਂਤੀਆ ਟੋਪੇ ਵੀ ਸਨ। ਇੱਥੋਂ ਤੱਕ ਕਿ ਆਜਾਦੀ ਦੇ ਉਸ ਸੰਗਰਾਮ ਦੇ ਆਗੂਆਂ ਨੇ ਤਾਂ ਲਾਲ ਕਿਲੇ ਦੀ ਫਸੀਲ ਤੋਂ ਬਹਾਦੁਰ ਸਾਹ ਜਫਰ ਨੂੰ ਆਜਾਦ ਭਾਰਤ ਦਾ ਆਪਣਾ ਸਰਬਰਾਹ ਵੀ ਥਾਪ ਦਿੱਤਾ ਸੀ। ਇਹ ਉਹੀ ਬਹਾਦੁਰ ਸਾਹ ਜਫਰ ਹੈ ਜਿਸਨੂੰ ਰਸਸ ਲਾਣਾ 'ਬਾਬਰ ਦੀ ਔਲਾਦ' ਬਿਆਨਦਾ ਨਹੀਂ ਥੱਕਦਾ।



ਆਜਾਦੀ ਦੇ ਇਤਿਹਾਸ ਦੇ ਅਣਜਾਣੇ ਘੁਲਾਟੀਆ 'ਤੇ ਕੇਂਦਰਤ ਕਰਨ ਦੇ ਮਕਸਦ ਨਾਲ ਆਜਾਦੀ ਦੇ ਇਸ ਅੰਮ੍ਰਿਤ ਮਹਾਂਉਤਸਵ ਦਾ ਆਰੰਭ ਕੀਤਾ ਗਿਆ ਹੈ। ਇਹਨਾਂ ਅਣਜਾਣ ਘੁਲਾਟੀਆਂ ਨੂੰ ਮੱਲੋ-ਜੋਰੀ ਇਸ ਸੰਗਰਾਮ ਦਾ ਅੰਗ ਬਣਾਉਣ ਪਿੱਛੇ ਮਕਸਦ ਸਾਫ ਹੈ। ਅੰਗਰੇਜ ਬਸਤੀਵਾਦੀਆਂ ਦੀ ਲੁੱਟ-ਖਸੁੱਟ ਅਤੇ ਜਬਰ ਤੋਂ ਅੱਕੇ ਪਏ ਲੋਕ ਜਦੋਂ ਆਪਣੇ ਧਰਮ-ਜਾਤ-ਫ਼ਿਰਕੇ ਤੋਂ ਅੱਗੇ ਨਿਕਲਦਿਆਂ ਆਪਣੀ ਜਾਨ ਤਲੀ 'ਤੇ ਧਰ ਜੰਗੇ-ਮੈਦਾਨ 'ਚ ਡਟੇ ਹੋਏ ਸਨ ਤਾਂ ਰਸਸ ਦੇ ਇਹ 'ਯੋਧੇ' ਅੰਗਰੇਜਾਂ ਦੀ ਚਾਕਰੀ ਕਰਨ 'ਚ ਮਸਗੂਲ ਸਨ। 1987 'ਚ ਲਿਖੀ ਆਪਣੀ ਕਿਤਾਬ ਬਰਦਰਹੁਡ ਇਨ ਸੈਫਰਨ 'ਚ ਵਾਲਟਰ ਕੇ ਐਂਡਰਸਨ ਅਤੇ ਸਿਰੀਧਰ ਡੀ ਡਾਮਲੇ ਅਤੇ ਹੋਰਨਾਂ ਨੇ ਆਜਾਦੀ ਦੀ ਲੜਾਈ ਤੋਂ ਰਸਸ ਦੇ ਪਰ੍ਹੇ ਹੀ ਰਹਿਣ ਬਾਬਤ ਬਹੁਤ ਹੀ ਵਿਆਖਿਆ 'ਚ ਲਿਖਿਆ ਹੈ। ਅਤੇ ਨਾਲ ਹੀ ਇਹ ਵੀ ਕਿ ਅਜਿਹਾ ਵਰਤਾਓ ਕਰਕੇ ਰਸਸ ਨੇ ਬਰਤਾਨਵੀਆਂ ਤੋਂ ਰਿਆਇਤਾਂ ਵੀ ਹਾਸਲ ਕੀਤੀਆਂ। 1942 ਦੇ ਭਾਰਤ ਛੋੜੋ ਅੰਦੋਲਨ ਦੌਰਾਨ ਬੰਬਈ ਦੇ ਗ੍ਰਹਿ ਵਿਭਾਗ ਦਾ ਕਹਿਣਾ ਸੀ ਕਿ "ਸੰਘ ਨੇ ਆਪਣੇ ਆਪ ਨੂੰ ਬਹੁਤ ਹੀ ਆਗਿਆਕਾਰੀ ਢੰਗ ਨਾਲ ਕਾਨੂੰਨ ਦੇ ਦਾਇਰੇ ਅੰਦਰ ਸੀਮਤ ਰੱਖਿਆ ਹੈ ਅਤੇ ਵਿਸੇਸ ਕਰਕੇ ਅਗਸਤ 1942 ਦੀਆਂ ਵਾਰਦਾਤਾਂ ਤੋਂ ਇਸਨੇ ਇਹਨਾਂ 'ਚ ਕੋਈ ਸਮੂਲੀਅਤ ਨਾ ਕਰਕੇ ਆਪਣੇ ਆਪ ਨੂੰ ਪਾਸੇ ਹੀ ਰੱਖਿਆ ਹੈ" (ਹਵਾਲਾ ਉਪਰੋਕਤ, ਸਫਾ 44)। ਹਿੰਦੂ ਰਾਸਟਰ ਦੀ ਉਸਾਰੀ ਕਰਨ ਦੀ ਇਹਦੀ ਤਾਂਘ ਨੇ ਹੀ ਰਸਸ ਨੂੰ ਬਰਤਾਨਵੀ ਬਸਤਵਾਦੀਆਂ ਦੇ ਹਕੀਕੀ ਰੂਪ 'ਚ ਹਮਾਇਤੀ ਬਣਾਈ ਰੱਖਿਆ।

ਇਸਦੇ ਨਾਲ ਹੀ ਅੱਜ ਵੀ ਇਹ ਦੇਖਣ ਵਾਲੀ ਗੱਲ ਹੈ ਕਿ ਜਿਹਨਾਂ ਮਕਸਦਾਂ ਅਤੇ ਮਨਸ਼ਿਆਂ ਨੂੰ ਲੈ ਕੇ ਆਜਾਦੀ ਦੀ ਜੰਗ ਲੜੀ ਗਈ ਸੀ ਕੀ ਉਹ ਆਜਾਦੀਆਂ ਅਤੇ ਜਮਹੂਰੀ ਹੱਕ ਉਵੇਂ ਹੀ ਬਰਕਰਾਰ ਹਨ ਜਿਵੇਂ ਦੇ ਕਿ ਆਜਾਦੀ ਦੇ ਸੰਗਰਾਮੀਆਂ ਨੇ ਚਿਤਵੇ ਸਨ। ਅਜੇ ਪਿਛਲੇ ਹਫਤੇ ਦੀ ਹੀ ਗੱਲ ਹੈ ਜਦੋਂ ਦੇਸ ਦੇ 'ਪ੍ਰਧਾਨ ਸੇਵਕ' ਨੇ ਆਪਣੇ ਇੱਕ ਸੰਬੋਧਨ 'ਚ ਕਿਹਾ ਸੀ ਕਿ ਪਿਛਲੇ 70 ਸਾਲਾਂ ਤੋਂ ਅਸੀਂ ਇੱਕ ਹੀ ਰਾਗ ਅਲਾਪਿਆ ਹੈ ਉਹ ਹੈ ਆਪਣੇ ਹੱਕਾਂ ਦਾ ਨਾ ਕਿ ਆਪਣੇ ਫਰਜਾਂ ਦਾ। ਇਹਦਾ ਅਰਥ ਇਹ ਬਣਦਾ ਹੈ ਕਿ ਜੋ ਲੋਕ ਆਪਣੇ ਹੱਕਾਂ ਲਈ ਸੰਘਰਸ ਕਰਦੇ ਹਨ ਤਾਂ ਉਹਨਾਂ ਦਾ ਇਹ ਸੰਘਰਸ ਦੇਸ ਵਿਰੋਧੀ ਹੈ। ਨਾਲ ਹੀ ਇਹ ਵੀ ਚਿਤਾਰਨਾ ਜਰੂਰੀ ਹੈ ਕਿ ਲੋਕ ਆਪਣੇ ਹੱਕਾਂ ਨੂੰ ਬਹਾਲ ਕਰਾਉਣ ਲਈ ਸੰਘਰਸ ਦੇ ਰਾਹ ਪਏ ਹੀ ਕਿਓਂ? ਸਮਾਜਕ-ਆਰਥਕ ਨਾਬਰਾਬਰੀਆਂ 'ਤੇ ਨਿਗ੍ਹਾ ਮਾਰਿਆਂ ਹੀ ਇਹ ਗੱਲ ਚਿੱਟੇ ਦਿਨ ਵਾਂਗ ਸਪੱਸਟ ਹੋ ਜਾਂਦੀ ਹੈ ਕਿ ਨਾਬਰਾਬਰੀਆਂ ਦਾ ਇਹ ਗ੍ਰਾਫ ਘਟਣ ਦੀ ਬਜਾਏ ਵਧਿਆ ਹੀ ਹੈ। ਉੱਤਰਾਖੰਡ 'ਚ ਹੋਈ ਧਰਮਸੰਸਦ 'ਚ ਦਿੱਤੇ ਗਏ ਅੱਗ ਲਾਊ ਭਾਸਨਾਂ ਨੇ ਭੁਲੇਖੇ ਦੀ ਕੋਈ ਗੁੰਜਾਇਸ ਹੀ ਨਹੀਂ ਛੱਡੀ ਕਿ ਧਾਰਮਕ ਅਤੇ ਫਿਰਕੂ ਸਹਿਣਸੀਲਤਾ ਦੇ ਮਸਲੇ 'ਤੇ ਨਾਬਰਾਬਰੀਆਂ ਕਿ ਹੱਦ ਤੱਕ ਵਧੀਆਂ ਹੋਈਆਂ ਹਨ ਅਤੇ ਆਉਣ ਵਾਲੇ ਸਮੇਂ 'ਚ ਇਸ ਦਿਸਾ 'ਚ ਹਾਲਾਤ ਕਿੱਧਰ ਨੂੰ ਮੋੜਾ ਕੱਟਣਗੇ। ਅਜਿਹੀਆਂ ਬਾਹਰਮੁਖੀ ਹਾਲਤਾਂ 'ਚ ਲੋਕਾਂ ਦੇ ਗੁੱਸੇ ਨੇ ਫਟਨਾ ਹੀ ਹੈ ਅਤੇ ਲੋਕ ਆਪਣੇ ਹੱਕਾਂ ਲਈ ਅਤੇ ਫਿਰਕੂ ਅਮਨ ਬਹਾਲੀ ਲਈ ਅਤੇ ਆਪਣੇ ਜਾਨ ਅਤੇ ਮਾਲ-ਅਸਬਾਬ ਦੀ ਰਾਖੀ ਲਈ ਉੱਠ ਖੜ੍ਹੇ ਹੁੰਦੇ ਹਨ ਤਾਂ ਇਹ ਇਹਨਾਂ ਫਿਰਕੂ ਜਨੂੰਨੀਆਂ ਨੂੰ ਪ੍ਰਧਾਨ ਸੇਵਕ ਦੀ ਭਾਸਾ 'ਚ ਆਪਣੇ ਹੱਕਾਂ ਲਈ ਹੀ ਰੌਲਾ ਪਾਉਂਦੇ ਜਾਪਦੇ ਹਨ। ਅਤੇ ਇਹਨਾਂ ਦੀ ਜੁਬਾਨਬੰਦੀ ਕਰਨੀ ਭਾਵ ਆਪਣੇ ਆਕਾਵਾਂ- ਸਾਮਰਾਜਵਾਦ ਅਤੇ ਉਹਦੇ ਦਲਾਲ ਭਾਰਤੀ ਸਰਮਾਏਦਾਰਾਂ ਦੀ ਪਿੱਠ ਥਾਪੜਣੀ ਇੱਕ ਹੀ ਅਰਥ ਗ੍ਰਹਿਣ ਕਰ ਜਾਂਦੇ ਹਨ ਅਤੇ ਇਹੀ ਆਜਾਦੀ ਦਾ ਅੰਮ੍ਰਿਤ ਮਹਾਂਉਤਸਵ ਬਣ ਜਾਂਦਾ ਹੈ।

ਆਜਾਦੀ ਦਾ ਇਹ ਮਹਾਂ-ਪਰਵ ਮਨਾਉਣ ਲਈ ਅੱਡੀਆਂ ਭਾਰ ਹੋਏ ਹਾਕਮਾਂ ਦੀ ਨੀਤ ਨੂੰ ਨਵੀਂ ਵਿੱਦਿਅਕ ਨੀਤੀ ੨੦੨੦ ਦੇ ਰੂਪ 'ਚ ਵੀ ਦੇਖਿਆ ਜਾ ਸਕਦਾ ਹੈ ਜਿੱਥੇ ਇਹਨਾਂ ਭਗਵਾ ਹਾਕਮਾਂ ਨੇ ਸਮੁੱਚੇ ਵਿੱਦਿਅਕ ਸਿਲੇਬਸ ਨੂੰ ਹੀ ਭਗਵੀ ਪਾਨ੍ਹ ਚਾੜ੍ਹਣ ਦੀ ਠਾਨੀ ਹੋਈ ਹੈ। ਹਕੂਮਤ ਦੀਆਂ ਇਹਨਾਂ ਚਾਲਾਂ ਨੂੰ ਡੂੰਘਾਈ ਨਾਲ ਸਮਝਣਾ ਅਤੇ ਇਹਨਾਂ ਦੀ ਪਾਜ ਉਘੜਾਈ ਕਰਨਾ ਸਾਰੀਆਂ ਜਮਹੂਰੀ ਅਤੇ ਇਨਕਲਾਬੀ ਸਕਤੀਆਂ ਦਾ ਲਾਜਮੀ ਕਰਨ ਵਾਲਾ ਕਾਰਜ ਹੈ।




